**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST

Call Sukhi Gill:510-207-9067

CA DRE Lic.#01180969


*Jassi Gill*

CA DRE# 00966763


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ

$25 2500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ

Limited Time Offer. Restrications & Additional Fees Apply.

800-914-1013 408-659-9400

FARMERS INSURANCE

*Auto *Home *Life *Business *Work Comp


Gurcharan S. Mann
License # 0C70672

Do You Drive with
Uber - Curb – Lyft - SideCar
Need Insurance?
We have Special Coverage for You!!

Call: 510-797-7989

Duabba Insurance Agency
2450 Peralta Blvd, Suite 203
Fremont CA 94536



Sixteenth Year of Publication

ਕੈਲੀਫੋਰਨੀਆ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 30, July 25, 2015 20451 N Plum Grove Rd., Palatine, IL 60074 Ph:847-359-0746, Fax:847-705-9388


# ਅਕਾਲੀਆਂ ਨੂੰ ਮਹਿੰਗੀ ਪਈ ਅਕਸ ਸੁਧਾਰ ਮੁਹਿੰਮ

## ਸੁਖਬੀਰ ਸਿੰਘ ਬਾਦਲ ਦੇ ਵਿਦੇਸ਼ ਦੌਰੇ ਨੂੰ ਫਿਰ ਬਰੇਕਾਂ

**ਚੰਡੀਗੜ੍ਹ: (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਦੇਸ਼ਾਂ ਵਿਚ ਛੇੜੀ 'ਅਕਸ ਸੁਧਾਰ ਮੁਹਿੰਮ' ਪੁੱਠੀ ਪੈ ਗਈ ਹੈ। ਅਮਰੀਕਾ ਅਤੇ ਕੈਨੇਡਾ ਵਿਚ ਵੱਡੇ ਪੱਧਰ 'ਤੇ ਪਰਵਾਸੀਆਂ ਦੇ ਵਿਰੋਧ ਨੇ ਅਕਾਲੀ ਆਗੂਆਂ ਨੂੰ ਸੋਚੀਂ ਪਾ ਦਿੱਤਾ ਹੈ। ਅਮਰੀਕੀ ਮਹਾਂਨਗਰ ਨਿਊ ਯਾਰਕ ਦੇ ਰਿੱਚਰਡ ਹਿਲ ਖੇਤਰ ਵਿਚ ਇਕ ਬੈਠਕ ਦੌਰਾਨ ਪਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਜਥੇਦਾਰ ਤੋਤਾ ਸਿੰਘ ਵੱਲ ਜੁੱਤੀ ਸੁੱਟਣ ਤੇ ਪੱਥਰਬਾਜ਼ੀ ਦੀ ਘਟਨਾ ਪਿੱਛੋਂ ਕੈਨੇਡਾ ਵਿਚ ਮੁੱਖ ਸੰਸਦੀ ਸਕੱਤਰ ਐਨ. ਕੇ. ਸ਼ਰਮਾ ਤੇ ਹੋਰ ਅਕਾਲੀ ਆਗੂਆਂ ਖਿਲਾਫ ਹੋਈ ਨਾਅਰੇਬਾਜ਼ੀ ਕਾਰਨ ਅਕਾਲੀ ਆਗੂਆਂ ਨੂੰ ਨਮੋਸ਼ੀ ਝੱਲਣੀ ਪੈ ਰਹੀ ਹੈ। ਇਥੇ ਇੰਡੋ ਕੈਨੇਡੀਅਨ ਯੂਥ ਕਲੱਬ ਐਬਟਸਫੋਰਡ ਵੱਲੋਂ ਰੱਖੇ ਸਮਾਗਮ ਨੂੰ ਲੋਕ ਰੋਹ ਕਾਰਨ ਮੁੱਖ ਆਗੂਆਂ ਦੇ ਪਹੁੰਚਣ ਤੋਂ ਪਹਿਲਾਂ ਹੀ ਰੱਦ ਕਰ ਦਿੱਤਾ ਗਿਆ। ਸ੍ਰੀ ਐਨ.ਕੇ. ਸ਼ਰਮਾ ਹਾਲ ਵਿਚ ਮੌਜੂਦ ਥੋੜ੍ਹੇ ਜਿਹੇ ਲੋਕਾਂ ਦੇ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਵੀ ਨਾ ਦੇ ਸਕੇ।

ਅਕਾਲੀ ਦਲ ਨੂੰ ਇਥੇ ਇੰਨੇ ਵੱਡੇ ਪੱਧਰ 'ਤੇ ਵਿਰੋਧ ਦੀ ਉਮੀਦ ਨਹੀਂ ਸੀ, ਕਿਉਂਕਿ ਅਕਾਲੀ ਦਲ ਨੇ ਵਫਦ ਭੇਜਣ ਤੋਂ ਪਹਿਲਾਂ ਦਿੱਲੀ

*(ਬਾਕੀ ਸਫਾ 6 'ਤੇ)*



*ਨਿਊ ਯਾਰਕ 'ਚ ਅਕਾਲੀ ਮੰਤਰੀ ਤੋਤਾ ਸਿੰਘ ਉਤੇ ਜੁੱਤੀ ਸੁੱਟਣ ਦਾ ਯਤਨ।*

### ਕੈਨੇਡਾ ਦੇ ਹਾਲਾਤ ਪੰਜਾਬ ਨਾਲੋਂ ਮਾੜੇ?

**ਟੋਰਾਂਟੋ:** ਪੰਜਾਬ ਦੇ ਪੰਚਾਇਤ ਤੇ ਵਿਕਾਸ ਮੰਤਰੀ ਸਿਕੰਦਰ ਸਿੰਘ ਮਲੂਕਾ ਦਾ ਇਕ ਵੀਡੀਓ ਬਿਆਨ 'ਫੇਸਬੁੱਕ' ਉਤੇ ਚਰਚਾ ਵਿਚ ਹੈ ਜਿਸ ਵਿਚ ਉਹ ਅਕਾਲੀ ਕਾਨਫ਼ਰੰਸਾਂ ਦੇ ਹਸ਼ਰ ਲਈ ਕੈਨੇਡਾ ਪੁਲਿਸ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਹਿ ਰਹੇ ਹਨ ਕਿ ਇਹ ਸਭ ਪੁਲਿਸ ਦੀ ਨਾਲਾਇਕੀ ਕਾਰਨ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨਾਲੋਂ ਕੈਨੇਡਾ ਦੇ ਹਾਲਾਤ ਮਾੜੇ ਹਨ। ਪੰਜਾਬ ਪੁਲਿਸ ਕਿਸੇ ਸਮਾਗਮ ਵਿਚ ਕਿਸੇ ਨੂੰ ਦਖ਼ਲ ਨਹੀਂ ਦੇਣ ਦਿੰਦੀ ਤੇ ਪੰਜਾਬ ਵਿਚ ਹਰ ਕੋਈ ਆਜ਼ਾਦੀ ਨਾਲ ਆਪਣੀ ਗੱਲ ਕਹਿ ਸਕਦਾ ਹੈ।

### ਕੈਨੇਡਾ ਵੱਲੋਂ ਅਕਾਲੀਆਂ ਨੂੰ ਵਾਪਸ ਪਰਤਣ ਦੀ ਸਲਾਹ

**ਵੈਨਕੂਵਰ:** ਕੈਨੇਡਾ ਦੇ ਰੱਖਿਆ ਮੰਤਰੀ ਜੇਸਨ ਕੇਨੀ ਨੇ ਅਕਾਲੀ ਆਗੂਆਂ ਨੂੰ ਸਖਤ ਤਾੜਨਾ ਕੀਤੀ ਹੈ ਕਿ ਉਹ ਕੈਨੇਡਾ ਆ ਕੇ ਇਸ ਸ਼ਾਂਤਮਈ ਦੇਸ਼ ਦਾ ਮਾਹੌਲ ਖਰਾਬ ਕਰਨ ਦੀ ਥਾਂ ਪੰਜਾਬ ਦੀ ਬਿਹਤਰੀ ਵੱਲ ਧਿਆਨ ਦੇਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸੇ ਹੋਰ ਨੂੰ ਮੱਤ ਦੇਣ ਤੋਂ ਪਹਿਲਾਂ ਪੰਜਾਬ ਵਿਚੋਂ ਨਸ਼ੇ ਤੇ ਭ੍ਰਿਸ਼ਟਾਚਾਰ ਖਤਮ ਕਰੇ। ਪਿਛਲੇ ਕੁਝ ਦਿਨਾਂ ਤੋਂ ਅਕਾਲੀ ਆਗੂਆਂ ਦੀ ਆਮਦ ਨਾਲ ਕੈਨੇਡਾ ਦੇ ਸ਼ਾਂਤਮਈ ਮਾਹੌਲ ਵਿਚ ਕਾਫੀ ਤਲਖੀ ਆਈ ਹੋਈ ਹੈ।

# ਤਣ-ਪੱਤਣ ਨਹੀਂ ਲੱਗ ਰਿਹਾ ਬੰਦੀ ਸਿੱਖਾਂ ਦਾ ਮਾਮਲਾ

## ਸੂਰਤ ਸਿੰਘ ਖਾਲਸਾ ਨੂੰ ਜਬਰੀ ਹਸਪਤਾਲ ਪਹੁੰਚਾਇਆ



*ਸੂਰਤ ਸਿੰਘ ਖਾਲਸਾ ਹਸਪਤਾਲ ਵਿਚ ਆਪਣੇ ਪਰਿਵਾਰ ਦੇ ਜੀਆਂ ਨਾਲ।*

**ਚੰਡੀਗੜ੍ਹ:** ਸਿੱਖ ਕੈਦੀਆਂ ਦੀ ਰਿਹਾਈ ਦਾ ਮਸਲਾ ਉਲਝਦਾ ਜਾ ਰਿਹਾ ਹੈ। ਇਸ ਮੰਗ ਲਈ ਭੁੱਖ ਹੜਤਾਲ 'ਤੇ ਬੈਠੇ ਬਾਪੂ ਸੂਰਤ ਸਿੰਘ ਖਾਲਸਾ ਦੀ ਹਾਲਤ ਦਿਨ-ਬ-ਦਿਨ ਵਿਗੜ ਰਹੀ ਹੈ। ਉਨ੍ਹਾਂ ਨੂੰ ਜ਼ਬਰਦਸਤੀ ਲੁਧਿਆਣਾ ਦੇ ਹਸਪਤਾਲ ਵਿਚ ਦਾਖਲ ਕੀਤਾ ਗਿਆ ਹੈ। ਲੁਧਿਆਣਾ ਨੇੜੇ ਉਨ੍ਹਾਂ ਦੇ ਘਰ ਜਥੇਬੰਦੀਆਂ ਦਾ ਇਕੱਠ ਵੀ ਵਧ ਰਿਹਾ ਹੈ। ਖ਼ਾਲਸਾ ਦੀ ਹਮਾਇਤ ਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰ ਰਹੀਆਂ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਪੁਲਿਸ ਨੇ ਚੁੱਕ ਲਿਆ ਹੈ। ਖਾਲਸਾ ਨੇ ਸਰਕਾਰੀ ਧੱਕੇਸ਼ਾਹੀ ਕਾਰਨ ਪਾਣੀ ਪੀਣਾ ਵੀ ਬੰਦ ਕਰ ਦਿੱਤਾ ਹੈ। ਉਹ ਨਾ ਤਾਂ ਡਾਕਟਰਾਂ ਤੋਂ ਆਪਣਾ ਇਲਾਜ ਕਰਵਾ ਰਹੇ

*(ਬਾਕੀ ਸਫਾ 6 'ਤੇ)*

### ਸੂਬਾ ਸਰਕਾਰਾਂ ਕੋਲ ਸਜ਼ਾ ਮੁਆਫੀ ਦਾ ਹੱਕ ਨਹੀਂ: ਕੇਂਦਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਅੱਗੇ ਦੱਸਿਆ ਹੈ ਕਿ ਸੂਬਾ ਸਰਕਾਰਾਂ ਕੋਲ ਅਜਿਹਾ ਕੋਈ ਅਧਿਕਾਰ ਨਹੀਂ ਸੀ ਜਿਸ ਤਹਿਤ ਉਹ ਮੌਤ ਦੀ ਸਜ਼ਾ ਤੋਂ ਉਮਰ ਕੈਦ ਦੀ ਸਜ਼ਾ ਵਿਚ ਤਬਦੀਲ ਹੋ ਚੁੱਕੇ ਕੈਦੀ ਦੀ ਸਜ਼ਾ ਮੁਆਫ ਕਰ ਸਕਣ। ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਅੱਗੇ ਸੋਲਿਸਟਰ ਜਨਰਲ ਰਣਜੀਤ ਕੁਮਾਰ ਨੇ ਇਹ ਪ੍ਰਗਟਾਵਾ ਕੀਤਾ।


**We Do Real Estate in Bay Area & Central Valley**

We do loans anywhere in California



Cell: 408-816-0408
Tel: 209-918-6464
Fax: 866-594-4680
email:
realtoramanhundal@gmail.com

AMAN S. HUNDAL
Broker/Realtor/MBA
BRE# 01839828
NMLS# 162808

Alltime REALTY & MORTGAGE

16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)


Manpreet S. Gahra
*Attorny At Law*

Berkeley Office
2161 Shattuck Ave., 304, Berkeley
Ph:510-841-4582 Fax:510-217-6847

Sacramento Office
Call For Appointment
Ph:916-924-1617
Email: manpreet@gahralaw.com

# ਗੁਰਦੁਆਰਾ ਪੈਲਾਟਾਈਨ ਦੇ ਹੈਡ ਗ੍ਰੰਥੀ ਭਾਈ ਗੁਰਜੰਟ ਸਿੰਘ ਖਾਲਸਾ ਸੇਵਾ ਮੁਕਤ

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਪੈਲਾਟਾਈਨ ਦੇ ਹੈਡ ਗ੍ਰੰਥੀ ਭਾਈ ਗੁਰਜੰਟ ਸਿੰਘ ਖਾਲਸਾ ਨੂੰ ਸੇਵਾ ਮੁਕਤ ਕਰ ਦਿਤਾ ਗਿਆ ਹੈ। ਗੁਰਦੁਆਰਾ ਪ੍ਰਬੰਧਕਾਂ ਨੇ ਬਰਖਾਸਤਗੀ ਦਾ ਕਾਰਨ ਡਿਊਟੀ ਤੋਂ ਕੋਤਾਹੀ, ਅੜਬਪੁਣੇ, ਕ੍ਰੋਧ ਤੇ ਹਉਮੈ ਵਿਚ ਗ੍ਰਸਤ ਹੋਣਾ ਅਤੇ ਕਿਸੇ ਵੀ ਪ੍ਰਬੰਧਕੀ ਜਾਬਤੇ ਨੂੰ ਮੰਨਣ ਤੋਂ ਇਨਕਾਰੀ ਹੋਣਾ ਦਸਿਆ ਹੈ। ਜ਼ਿਕਰਯੋਗ ਹੈ ਕਿ ਭਾਈ ਖਾਲਸਾ ਸੰਨ 2009 ਤੋਂ ਗੁਰੂਘਰ ਦੇ ਹੈਡ ਗ੍ਰੰਥੀ ਦੀ ਸੇਵਾ ਨਿਭਾ ਰਹੇ ਸਨ।



*ਭਾਈ ਗੁਰਜੰਟ ਸਿੰਘ ਖਾਲਸਾ*

ਦੂਜੇ ਪਾਸੇ ਭਾਈ ਗੁਰਜੰਟ ਸਿੰਘ ਖਾਲਸਾ ਨੇ ਆਪਣੀ ਸੇਵਾਮੁਕਤੀ ਨੂੰ ਪ੍ਰਬੰਧਕੀ ਧੜੇਬਾਜੀ ਅਤੇ ਕੁਝ ਪ੍ਰਬੰਧਕਾਂ ਵਲੋਂ ਉਨ੍ਹਾਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਦਾ ਨਤੀਜਾ ਦਸਿਆ ਹੈ ਕਿਉਂਕਿ ਉਹ ਕਿਸੇ ਦੀ ਚਾਪਲੂਸੀ ਕਰਨ ਤੋਂ ਇਨਕਾਰੀ ਹੈ।

ਮਿਡਵੈਸਟ ਦੇ ਸਭ ਤੋਂ ਪੁਰਾਣੇ ਅਤੇ ਵਡੇ ਇਸ ਗੁਰੂਘਰ ਦੀ ਪ੍ਰਬੰਧਕ ਕਮੇਟੀ ਸਿੱਖ ਰਿਲੀਜੀਅਸ ਸੁਸਾਇਟੀ ਦੇ ਟਰੱਸਟੀ ਬੋਰਡ ਅਨੁਸਾਰ ਆਪਣੀ ਨਿਯੁਕਤੀ ਦੇ ਦਿਨ ਤੋਂ ਹੀ ਭਾਈ ਗੁਰਜੰਟ ਸਿੰਘ ਦੀ ਕਿਸੇ ਵੀ ਪ੍ਰਬੰਧਕ ਕਮੇਟੀ ਨਾਲ ਸੁਰ ਨਹੀਂ ਰਲੀ। ਇਸ ਦਾ ਮੁਖ ਕਾਰਨ ਪ੍ਰਬੰਧਕਾਂ ਅਤੇ ਸੰਗਤ ਪ੍ਰਤੀ ਹਲਕੀ ਸ਼ਬਦਾਵਲੀ ਦੀ ਵਰਤੋਂ, ਜੋ ਕਿਸੇ ਹੈਡ ਗ੍ਰੰਥੀ ਨੂੰ ਸ਼ੋਭਾ ਨਹੀਂ ਦਿੰਦੀ, ਜਾਬਤੇ ਪ੍ਰਤੀ ਲਾਪ੍ਰਵਾਹੀ ਹਉਮੈ ਤੇ ਕ੍ਰੋਧ ਅਤੇ ਇਸ ਤੋਂ ਵੀ ਵੱਧ ਸੁਭਾਅ ਵਿਚ 'ਮੈਂ ਨਾ ਮਾਨੂੰ' ਵਾਲੀ ਬਿਰਤੀ ਦਾ ਹੋਣਾ ਹੈ।

ਸਿੱਖ ਰਿਲੀਜੀਅਸ ਸੁਸਾਇਟੀ ਦੇ ਟਰੱਸਟੀ ਬੋਰਡ ਅਨੁਸਾਰ ਜਦੋਂ ਭਾਈ ਗੁਰਜੰਟ ਸਿੰਘ ਅਤੇ ਬੋਰਡ ਵਿਚਾਲੇ ਮਤਭੇਦ ਖਤਮ ਕਰਨ ਦੇ ਸਾਰੇ ਤਰੀਕੇ ਫੇਲ੍ਹ ਹੋ ਗਏ ਤਾਂ ਬੋਰਡ ਨੇ ਸਨਿਚਰਵਾਰ 11 ਜੁਲਾਈ ਨੂੰ ਬਾਅਦ ਦੁਪਹਿਰ 1 ਵਜੇ ਮੀਟਿੰਗ ਸੱਦੀ ਅਤੇ ਆਖਰੀ ਯਤਨ ਵਜੋਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਮੀਟਿੰਗ ਵਿਚ ਹਾਜਰ ਹੋਣ ਤਾਂ ਜੋ ਆਹਮੋ-ਸਾਹਮਣੇ ਬੈਠ ਕੇ ਸ਼ਿਕਵਿਆਂ-ਸ਼ਿਕਾਇਤਾਂ ਦਾ ਕੋਈ ਹੱਲ ਲਭਿਆ ਜਾ ਸਕੇ, ਪਰ ਉਨ੍ਹਾਂ ਨੇ ਮੀਟਿੰਗ ਵਿਚ ਆਉਣ ਤੋਂ ਇਨਕਾਰ ਕਰ ਦਿਤਾ ਅਤੇ ਆਪਣੀ ਈਮੇਲ ਵਿਚ ਲਿਖ ਭੇਜਿਆ ਕਿ ਉਸ ਨੂੰ ਟਰੱਸਟੀ ਬੋਰਡ ਉਤੇ ਕੋਈ ਭਰੋਸਾ ਨਹੀਂ ਅਤੇ ਉਹ ਚਾਹੁੰਦਾ ਹੈ ਕਿ 'ਉਸ ਦੀ ਸੰਗਤ' ਨੂੰ ਮੀਟਿੰਗ ਵਿਚ ਹਾਜਰ ਹੋਣ ਦਿਤਾ ਜਾਵੇ।

ਟਰੱਸਟੀ ਬੋਰਡ ਵਲੋਂ ਗੁਰੂਘਰ ਦੇ ਨਿਊਜ਼ ਲੈਟਰ ਵਿਚ ਵੇਰਵਾ ਦਿੰਦਿਆਂ ਕਿਹਾ ਗਿਆ ਹੈ ਕਿ ਭਾਈ ਸਾਹਿਬ ਨੂੰ ਮੀਟਿੰਗ ਵਿਚ ਹਾਜਰ ਹੋਣ ਲਈ ਦੋ ਘੰਟੇ ਦਾ ਸਮਾਂ ਦਿਤਾ ਗਿਆ ਸੀ ਅਤੇ ਫੋਨ ਉਪਰ ਵਾਰ ਵਾਰ ਬੇਨਤੀ ਕੀਤੀ ਗਈ ਕਿ ਇਹ ਮੀਟਿੰਗ ਉਨ੍ਹਾਂ ਅਤੇ ਬੋਰਡ ਵਿਚਾਲੇ ਹੈ ਅਤੇ ਕਿਸੇ ਵੀ ਤੀਜੀ ਧਿਰ ਨੂੰ ਇਸ ਵਿਚ ਆਉਣ ਦੀ ਇਜ਼ਾਜਤ ਨਹੀਂ ਦਿਤੀ ਜਾਵੇਗੀ। ਇਸ ਦੇ ਐਨ ਉਲਟ ਭਾਈ ਸਾਹਿਬ ਨੇ ਫੋਨ ਕਰਕੇ ਆਪਣੇ ਕੁਝ ਹਮਾਇਤੀਆਂ ਨੂੰ ਬੁਲਾ ਲਿਆ ਅਤੇ ਕਈ ਹੋਰ ਗਰੁਪਾਂ ਨੂੰ ਇਕੱਠੇ ਹੋਣ ਲਈ ਉਕਸਾਇਆ ਤਾਂ ਜੋ ਮੀਟਿੰਗ ਵਿਚ ਵਿਘਨ ਪਾਇਆ ਜਾ ਸਕੇ। ਬੋਰਡ ਨੇ ਅਖੀਰ ਸਖਤੀ ਨਾਲ ਇਹ ਗੱਲ ਕਹੀ ਕਿ ਮੀਟਿੰਗ ਵਿਚ ਕੋਈ ਵੀ ਬਾਹਰਲਾ ਬੰਦਾ ਨਹੀਂ ਸ਼ਾਮਲ ਹੋ ਸਕੇਗਾ।

ਅਖੀਰ ਭਾਈ ਸਾਹਿਬ ਮੀਟਿੰਗ ਵਿਚ ਆਉਣ ਲਈ ਸਹਿਮਤ ਹੋ ਗਏ ਅਤੇ ਕਰੀਬ ਦੋ ਘੰਟੇ ਵਿਚਾਰ-ਵਟਾਂਦਰਾ ਹੋਇਆ ਜਿਸ ਉਪਰੰਤ ਕਾਰਜਕਾਰੀ ਬੋਰਡ ਨੇ ਵਿਚਾਰ ਕੀਤੀ ਕਿ ਭਾਈ ਸਾਹਿਬ ਦੀ ਸੇਵਾਮੁਕਤੀ ਤੋਂ ਬਿਨਾ ਕੋਈ ਚਾਰਾ ਨਹੀਂ। ਇਸ ਸਬੰਧੀ ਮਤਾ ਹਾਜਰ ਸਾਰੇ ਸੱਤ ਮੈਂਬਰਾਂ ਨੇ ਸਰਬਸੰਮਤੀ ਨਾਲ ਪਾਸ ਕਰ ਦਿਤਾ। ਨਤੀਜਨ ਭਾਈ ਗੁਰਜੰਟ ਸਿੰਘ ਨੂੰ ਹੈਡ ਗ੍ਰੰਥੀ ਦੇ ਅਹੁਦੇ ਤੋਂ ਬਰਖਾਸਤ ਕਰ ਦਿਤਾ ਗਿਆ। ਉਨ੍ਹਾਂ ਨੂੰ ਕਾਇਦੇ ਅਨੁਸਾਰ 30 ਦਿਨ ਦੀ ਤਨਖਾਹ ਅਤੇ ਸਭ ਬਕਾਏ ਉਨ੍ਹਾਂ ਵਲੋਂ ਰਿਹਾਇਸ਼ੀ ਜਗ੍ਹਾ ਖਾਲੀ ਕਰਨ ਅਤੇ ਚਾਬੀਆਂ ਹਵਾਲੇ ਕਰਨ ਪਿਛੋਂ ਤੁਰਤ ਅਦਾ ਕੀਤੇ ਜਾਣ ਦਾ ਨਿਰਣਾ ਲਿਆ ਗਿਆ।

ਫੈਸਲੇ ਅਨੁਸਾਰ ਸੇਵਾ ਮੁਕਤੀ 14 ਜੁਲਾਈ 2015 ਨੂੰ ਸਵੇਰੇ 9 ਵਜੇ ਤੋਂ ਲਾਗੂ ਕਰਕੇ ਉਨ੍ਹਾਂ ਨੂੰ ਹੈਡ ਗ੍ਰੰਥੀ ਵਜੋਂ ਸਭ ਡਿਊਟੀਆਂ ਅਤੇ ਜਿੰਮੇਵਾਰੀਆਂ ਤੋਂ ਮੁਕਤ ਕਰ ਦਿਤਾ ਗਿਆ। ਉਨ੍ਹਾਂ ਨੂੰ ਆਪਣੀ ਰਿਹਾਇਸ਼ੀ ਜਗ੍ਹਾ ਸੇਵਾ ਮੁਕਤੀ ਦੇ 24 ਘੰਟਿਆਂ ਅੰਦਰ ਖਾਲੀ ਕਰਨ ਲਈ ਕਿਹਾ ਗਿਆ। ਬੋਰਡ ਅਨੁਸਾਰ ਭਾਈ ਸਾਹਿਬ ਦੀ ਸੇਵਾ ਮੁਕਤੀ ਦਾ ਫੈਸਲਾ ਖੁਸ਼ੀ ਨਾਲ ਨਹੀਂ, ਮਜਬੂਰਨ ਲੈਣਾ ਪਿਆ ਹੈ ਕਿਉਂਕਿ ਹੋਰ ਕੋਈ ਚਾਰਾ ਹੀ ਨਹੀਂ ਸੀ ਬਚਿਆ।

ਇਥੇ ਦਸਣਾ ਬਣਦਾ ਹੈ ਕਿ ਭਾਈ ਗੁਰਜੰਟ ਸਿੰਘ ਨੂੰ ਪ੍ਰਬੰਧਕਾਂ ਵਲੋਂ ਨਿਰਧਾਰਤ ਜ਼ਾਬਤਾ ਨਾ ਮੰਨਣ ਕਰਕੇ ਮਈ 2015 ਵਿਚ ਇਕ ਮਹੀਨੇ ਲਈ ਮੁਅਤਲ ਕੀਤਾ ਗਿਆ ਸੀ।

ਇਹ ਵੀ ਜ਼ਿਕਰਯੋਗ ਹੈ ਕਿ ਭਾਈ ਗੁਰਜੰਟ ਸਿੰਘ ਅਤੇ ਉਨ੍ਹਾਂ ਦੇ ਹਮਾਇਤੀਆਂ ਵਲੋਂ ਅਕਸਰ ਇਹ ਗੱਲ ਬੜੇ ਜੋਰ ਨਾਲ ਕਹੀ ਜਾਂਦੀ ਰਹੀ ਹੈ ਕਿ 2013 ਵਿਚ ਪ੍ਰਬੰਧਕਾਂ ਵਲੋਂ ਕੀਤੇ ਗਏ ਇਕਰਾਰਨਾਮੇ ਤਹਿਤ ਉਨ੍ਹਾਂ ਦੀ ਹੈਡ ਗ੍ਰੰਥੀ ਵਜੋਂ ਨਿਯੁਕਤੀ ਅਣਮਿਥੇ ਸਮੇਂ ਲਈ ਕੀਤੀ ਗਈ ਸੀ ਅਤੇ ਇਸ ਵਿਚ 'ਟਰਮ' ਨਹੀਂ ਮਿਥੀ ਗਈ। ਇਸ ਬਾਰੇ ਮੌਜੂਦਾ ਟਰੱਸਟੀ ਬੋਰਡ ਨੇ ਸਪਸ਼ਟ ਕੀਤਾ ਹੈ ਕਿ 2013 ਵਿਚ ਤਤਕਾਲੀ ਪ੍ਰਧਾਨ ਅਤੇ ਕਾਰਜਕਾਰੀ ਸਕੱਤਰ ਵਲੋਂ ਭਾਈ ਗੁਰਜੰਟ ਸਿੰਘ ਨਾਲ ਕੀਤਾ ਗਿਆ ਕੰਟਰੈਕਟ ਰੁਜ਼ਗਾਰ ਅਤੇ ਬਿਜਨਸ ਕਾਇਦੇ-ਕਾਨੂੰਨ ਦੀ ਉਲੰਘਣਾ ਹੈ ਅਤੇ ਸਿਰਫ ਇਕ 'ਪੇਸ਼ਕਸ਼' ਹੈ, ਨਾ ਕਿ ਕੋਈ ਕਾਨੂੰਨੀ ਕੰਟਰੈਕਟ। ਇਹ ਕਥਿਤ ਕੰਟਰੈਕਟ ਪਿਛਲੇ ਟਰੱਸਟੀ ਬੋਰਡ ਵਲੋਂ ਰੱਦ ਕਰ ਦਿਤਾ ਗਿਆ ਸੀ ਅਤੇ ਨਵਾਂ ਬੋਰਡ ਇਸ ਨਜਾਇਜ਼ ਕੰਟਰੈਕਟ ਨੂੰ ਮੰਨਣ ਦਾ ਪਾਬੰਦ ਨਹੀਂ ਹੈ।

ਸਿੱਖ ਰਿਲੀਜੀਅਸ ਸੁਸਾਇਟੀ ਦੇ ਸੰਵਿਧਾਨ ਅਨੁਸਾਰ ਕਿਸੇ ਪ੍ਰਧਾਨ ਜਾਂ ਕਾਰਜਕਾਰੀ ਸਕੱਤਰ ਨੂੰ ਅਜਿਹਾ ਕੰਟਰੈਕਟ ਸਹੀਬੰਦ ਕਰਨ ਦਾ ਕੋਈ ਹੱਕ ਨਹੀਂ ਹੈ ਜਿਸ ਨਾਲ ਸੁਸਾਇਟੀ ਨੂੰ ਕੋਈ ਅਣਕਿਆਸਿਆ ਮਾਲੀ ਬੋਝ ਜਾਂ ਕੋਈ ਹੋਰ ਨੁਕਸਾਨ ਸਹਿਣਾ ਪਵੇ। 2013 ਦੇ 'ਕਥਿਤ' ਕੰਟਰੈਕਟ ਦੀ ਇਲੀਨਾਏ ਵਿਚ ਲਾਗੂ ਰੁਜਗਾਰ ਕਾਇਦੇ-ਕਾਨੂੰਨਾਂ ਅਨੁਸਾਰ ਕੋਈ ਵੁਕਤ ਨਹੀਂ। ਕਾਨੂੰਨੀ ਮਾਹਿਰਾਂ ਦੀ ਰਾਏ ਅਨੁਸਾਰ ਗ੍ਰੰਥੀ ਆਮ ਮੁਲਾਜ਼ਮ ਨਹੀਂ ਅਤੇ ਉਸ ਬਾਰੇ ਰੁਜਗਾਰ ਦੇ ਆਮ ਕਾਇਦੇ-ਕਾਨੂੰਨਾਂ ਲਾਗੂ ਨਹੀਂ ਹੁੰਦੇ।

ਪ੍ਰਬੰਧਕਾਂ ਅਨੁਸਾਰ ਮੌਜੂਦਾ ਕਾਇਦੇ-ਕਾਨੂੰਨਾਂ ਅਧੀਨ ਭਾਈ ਗੁਰਜੰਟ ਸਿੰਘ ਖਾਲਸਾ ਆਪਣੀ ਮਰਜੀ ਨਾਲ ਮੁਲਾਜ਼ਮ ਹੈ। ਦੋਹਾਂ ਧਿਰਾਂ (ਭਾਈ ਗੁਰਜੰਟ ਸਿੰਘ ਅਤੇ ਸਿੱਖ ਰਿਲੀਜੀਅਸ ਸੁਸਾਇਟੀ) ਵਿਚੋਂ ਕੋਈ ਵੀ ਇਕ ਮਹੀਨੇ ਦਾ ਲਿਖਤੀ ਨੋਟਿਸ ਦੇ ਕੇ ਰੁਜ਼ਗਾਰ ਦਾ ਸਬੰਧ ਤੋੜ ਸਕਦੀ ਹੈ। ਬੇਸ਼ਕ ਰੁਜਗਾਰ ਲੰਬੇ ਸਮੇਂ ਲਈ ਵੀ ਹੋਵੇ ਤਦ ਵੀ ਦੋਹਾਂ ਵਿਚੋਂ ਕੋਈ ਵੀ ਧਿਰ ਇਸ ਛੋਟ ਦਾ ਸਹਾਰਾ ਲੈ ਕੇ ਰੁਜ਼ਗਾਰ ਦੇ ਬੰਧਨ ਤੋਂ ਮੁਕਤ ਹੋ ਸਕਦੀ ਹੈ। ਰੁਜ਼ਗਾਰਦਾਤਾ ਮੁਲਾਜ਼ਮ ਦੇ ਸਹੀ ਢੰਗ ਨਾਲ ਡਿਊਟੀ ਨਾ ਕਰਨ 'ਤੇ ਕੰਮ ਤੋਂ ਜਵਾਬ ਦੇ ਸਕਦਾ ਹੈ।

ਭਾਈ ਗੁਰਜੰਟ ਸਿੰਘ ਨਾਲ ਸੰਪਰਕ ਕਰਨ ਦਾ ਯਤਨ ਸਫਲ ਨਹੀਂ ਹੋ ਸਕਿਆ। ਉਂਜ ਉਨ੍ਹਾਂ ਆਪਣੀ ਸੇਵਾ ਮੁਕਤੀ ਉਤੇ ਪ੍ਰਤੀਕ੍ਰਮ ਕਰਦਿਆਂ ਸਿੱਖ ਰਿਲੀਜੀਅਸ ਸੁਸਾਇਟੀ ਦੀ ਪ੍ਰਧਾਨ ਬੀਬੀ ਜਸਬੀਰ ਕੌਰ ਸਲੂਜਾ ਨੂੰ ਭੇਜੀ ਇਕ ਈਮੇਲ ਵਿਚ ਲਿਖਿਆ ਹੈ, "ਪਰਧਾਨ ਸਲੂਜਾ ਜੀ, ਆਪਦਾ ਅਤੇ ਬੋਰਡ ਦਾ ਇਹ ਫੈਸਲਾ ਅਤੇ ਇਸ ਨੂੰ ਮੇਰੇ ਤਕ ਅਧੀ ਰਾਤ ਨੂ ਪਹੁਚਾਉਣ ਦਾ ਤਰੀਕਾ ਬਹੁਤ ਗਲਤ ਅਤੇ ਮਕਰਅੰਦਾਜੀ ਦਾ ਪ੍ਰਤੀਕ ਹੈ। ਅਫਸੋਸ ਹੈ ਕਿ ਆਪ ਇਕ ਆਖਰੀ ਕਦਮ ਵੀ ਸਹੀ ਤਰੀਕੇ ਨਾਲ ਲੈਣ ਦੀ ਕਾਬਲੀਅਤ ਨਹੀ ਰਖਦੇ। ਸ਼ਰਮ ਦੀ ਗਲ ਹੈ ਕਿ ਜਾਣਦੇ ਹੋਏ ਕਿ ਗੁਰੂਘਰ 2009 ਤੋ ਮੇਰੀ ਰਿਹਾਇਸ਼ ਹੈ ਅਤੇ ਮੇਰੇ ਕੋਲ ਕੋਈ ਹੋਰ ਠਿਕਾਣਾ ਨਹੀ ਹੈ, ਆਪ ਨੇ ਮੈਨੂ ਜਲੀਲ ਕਰਨ ਲਈ ਈਮੇਲ ਰਾਹੀ ਟਰਮੀਨੇਸ਼ਨ ਨੋਟਸ ਰਾਤ ਨੂੰ 10:23 ਤੇ ਭੇਜ ਮੈਨੂ ਤੁਰੰਤ ਪੈਲਾਟਾਈਨ ਗੁਰੂਘਰ ਤੋ ਜਾਣ ਲਈ ਕਿਹਾ ਹੈ। ਸ਼ਾਇਦ ਆਪਣੇ ਆਪ ਵਿਚ ਇਹ ਇਕ ਗਿਰਾਵਟ ਦੀ ਮਿਸਾਲ ਹੈ।"

ਗੁਰੂਘਰ ਦੀ ਸੰਗਤ ਦੇ ਇਕ ਹਿੱਸੇ ਵਲੋਂ ਉਨ੍ਹਾਂ ਦੀ ਸੇਵਾ ਮੁਕਤੀ ਵਿਰੁਧ ਰੋਸ ਪ੍ਰਗਟਾਇਆ ਜਾ ਰਿਹਾ ਹੈ ਅਤੇ ਲੰਘੇ ਐਤਵਾਰ ਉਨ੍ਹਾਂ ਪ੍ਰਬੰਧਕਾਂ ਨਾਲ ਬਹਿਸ ਕਰਨ ਦੀ ਵੀ ਕੋਸ਼ਿਸ਼ ਕੀਤੀ। ਆਮ ਸੰਗਤ ਵਿਚ ਭਾਈ ਸਾਹਿਬ ਪ੍ਰਤੀ ਹਮਦਰਦੀ ਹੈ ਪ੍ਰੰਤੂ ਉਨ੍ਹਾਂ ਦੇ ਕੁਰੱਖਤ ਸੁਭਾਅ ਅਤੇ ਆਪਣੀਆਂ ਈਮੇਲਾਂ ਵਿਚ ਪ੍ਰਬੰਧਕਾਂ ਪ੍ਰਤੀ ਵਰਤੀ ਗਈ ਸ਼ਬਦਾਵਲੀ ਬਾਰੇ ਆਮ ਰਾਏ ਹੈ ਕਿ ਗੁਰੂਘਰ ਦੇ ਹੈਡ ਗ੍ਰੰਥੀ ਵਲੋਂ ਅਜਿਹੀ ਸ਼ਬਦਾਵਲੀ ਦੀ ਵਰਤੋਂ ਸ਼ੋਭਾ ਨਹੀਂ ਦਿੰਦੀ।




# ਪੰਜਾਬ ’ਚ ਛੇ ਮਹੀਨਿਆਂ ਵਿਚ 358 ਕਤਲ

**ਚੰਡੀਗੜ੍ਹ:** ਪੰਜਾਬ ਵਿਚ ਜਿਥੇ ਰੋਜ਼ਾਨਾ ਚੋਰੀ ਤੇ ਲੁੱਟਾਂ-ਖੋਹਾਂ ਦੀਆਂ 23 ਘਟਨਾਵਾਂ ਵਾਪਰ ਰਹੀਆਂ ਹਨ, ਉਥੇ ਹਰ ਦੋ ਦਿਨਾਂ ਵਿਚ ਜਬਰ ਜਨਾਹ ਦੇ ਪੰਜ ਕੇਸ ਦਰਜ ਹੋ ਰਹੇ ਹਨ। ਇਸ ਵਰ੍ਹੇ ਦੇ ਅੱਧ ਤੱਕ ਰਾਜ ਵਿਚ 358 ਕਤਲ ਹੋਏ ਹਨ। ਪੰਜਾਬ ਪੁਲਿਸ ਹੈੱਡਕੁਆਰਟਰ ਤੋਂ ਹਾਸਲ ਅੰਕੜਿਆਂ ਮੁਤਾਬਕ ਅਗਵਾ, ਜਬਰ ਜਨਾਹ, ਚੋਰੀਆਂ, ਲੁੱਟਾਂ ਤੇ ਠੱਗੀਆਂ ਦੇ ਕੇਸਾਂ ਵਿਚ ਵਾਧਾ ਹੋਇਆ ਹੈ। ਪੁਲਿਸ ਵੱਲੋਂ ਹੁਣ ਪਹਿਲਾਂ ਵਾਂਗ ਐਨ.ਡੀ.ਪੀ.ਐਸ. ਐਕਟ ਤਹਿਤ ਧੜਾਧੜ ਕੇਸ ਦਰਜ ਕਰਨ ਦੀ ਥਾਂ ਰਫ਼ਤਾਰ ਘਟਾਈ ਜਾਪਦੀ ਹੈ। ਇਸ ਸਾਲ ਦੇ ਪਹਿਲੇ ਅੱਧ ਦੇ ਅੰਕੜਿਆਂ ਮੁਤਾਬਕ ਰਾਜ ਵਿਚ ਅਗਵਾ ਕਰਨ ਅਤੇ ਉਧਾਲਣ ਦੇ ਮਾਮਲਿਆਂ ਵਿਚ 27 ਫ਼ੀਸਦ ਵਾਧਾ ਹੋਇਆ ਹੈ। ਰੋਜ਼ਾਨਾ ਔਸਤਨ ਅਗਵਾ ਦੀਆਂ ਪੰਜ ਘਟਨਾਵਾਂ ਵਾਪਰ ਰਹੀਆਂ ਹਨ ਅਤੇ ਰਾਜ ਦੇ ਸਮੂਹ ਥਾਣਿਆਂ ਵਿਚ ਇਸ ਸਬੰਧੀ 908 ਕੇਸ ਦਰਜ ਕੀਤੇ ਗਏ ਹਨ।

ਪਿਛਲੇ ਸਾਲ ਦੇ ਪਹਿਲੇ ਅੱਧ ਦੌਰਾਨ ਅਗਵਾ ਕਰਨ ਦੀਆਂ 717 ਘਟਨਾਵਾਂ ਵਾਪਰੀਆਂ ਸਨ। ਰਾਜ ਵਿਚ ਰੋਜ਼ਾਨਾ ਔਸਤਨ ਧੋਖਾਧੜੀ ਦੇ 11 ਮਾਮਲੇ ਸਾਹਮਣੇ ਆ ਰਹੇ ਹਨ। ਇਸ ਵਰ੍ਹੇ ਦੇ ਪਹਿਲੇ ਅੱਧ ਦੌਰਾਨ ਠੱਗੀਆਂ ਦੇ 13 ਫ਼ੀਸਦ ਮਾਮਲੇ ਵਧੇ ਹਨ। 30 ਜੂਨ ਤੱਕ ਧੋਖਾਧੜੀ ਦੇ 1948 ਕੇਸ ਦਰਜ ਕੀਤੇ ਗਏ ਹਨ। ਪਿਛਲੇ ਵਰ੍ਹੇ ਇਸ ਦੌਰਾਨ ਠੱਗੀਆਂ ਦੇ 1723 ਕੇਸ ਦਰਜ ਕੀਤੇ ਗਏ ਸਨ। ਰੋਜ਼ਾਨਾ ਸੰਨ੍ਹ ਲੱਗਣ ਦੀਆਂ ਅੱਠ ਘਟਨਾਵਾਂ ਵਾਪਰ ਰਹੀਆਂ ਹਨ ਤੇ 30 ਜੂਨ ਤੱਕ ਸੰਨ੍ਹ ਲੱਗਣ ਦੀਆਂ 1355 ਘਟਨਾਵਾਂ ਵਾਪਰੀਆਂ ਹਨ। ਚੋਰੀਆਂ ਦੀਆਂ ਔਸਤਨ 11 ਘਟਨਾਵਾਂ ਵਾਪਰ ਰਹੀਆਂ ਹਨ ਜੋ ਪਿਛਲੇ ਸਾਲ ਤੋਂ ਤਿੰਨ ਵੱਧ ਹਨ। ਪੰਜਾਬ ਵਿਚ ਖਾਸ ਕਰ ਕੇ ਮਹਿਲਾਵਾਂ ਲਈ ਦਹਿਸ਼ਤ ਦਾ ਸਬੱਬ ਬਣੀਆਂ ਲੁੱਟਾਂ ਖੋਹਾਂ/ਝਪਟਮਾਰੀ ਦੀਆਂ ਘਟਨਾਵਾਂ ਇਸ ਵਰ੍ਹੇ ਵੀ ਬੇਰੋਕ ਜਾਰੀ ਹਨ। ਸੂਬੇ ਵਿਚ ਰੋਜ਼ਾਨਾ ਖੋਹਾਂ ਦੀਆਂ ਔਸਤਨ ਚਾਰ ਘਟਨਾਵਾਂ ਵਾਪਰ ਰਹੀਆਂ ਹਨ ਤੇ 30 ਜੂਨ ਤੱਕ ਅਜਿਹੀਆਂ 605 ਘਟਨਾਵਾਂ ਵਾਪਰੀਆਂ ਹਨ।

# ਸ਼੍ਰੋਮਣੀ ਕਮੇਟੀ ਦੀ ਧਾਰਮਿਕ ਪ੍ਰੀਖਿਆ ਵਿਚ ਈਸਾਈ ਲੜਕੀ ਅੱਵਲ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਪੂਰੇ ਭਾਰਤ ਵਿਚੋਂ ਵੱਖ ਵੱਖ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਦੀ ਲਈ ਜਾਂਦੀ ਧਾਰਮਿਕ ਪ੍ਰੀਖਿਆ ਵਿਚ ਈਸਾਈ ਧਰਮ ਨਾਲ ਸਬੰਧਤ ਕੁੜੀ ਸਤਨਰਾਇਣ ਧਰਮਾਣੀ ਨੇ ਪਹਿਲਾ ਸਥਾਨ ਹਾਦਲ ਕੀਤਾ ਹੈ। ਪ੍ਰੀਖਿਆ ਵਿਚ ਕੁੱਲ 53401 ਵਿਦਿਆਰਥੀਆਂ ਬੈਠੇ ਸਨ ਅਤੇ ਇਨ੍ਹਾਂ ਵਿਚੋਂ ਵਜ਼ੀਫੇ ਲਈ 1666 ਵਿਦਿਆਰਥੀ ਚੁਣੇ ਗਏ। ਪੱਤਰ-ਵਿਹਾਰ ਕੋਰਸ ‘ਚ ਹਿੰਦੂ ਕੁੜੀ ਰਜਨੀ ਬਾਲਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

ਜਾਣਕਾਰੀ ਅਨੁਸਾਰ ਸਤਨਰਾਇਣ ਧਰਮਾਣੀ ਐਸ.ਕੇ.ਡੀ. ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ, ਤੁਗਲਵਾੜਾ (ਗੁਰਦਾਸਪੁਰ) ‘ਚ 8ਵੀਂ ਦੀ ਵਿਦਿਆਰਥਣ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ।

# ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਪੰਜਾਬ ਦੇ ਅਧਿਆਪਕ ਵਾਪਸ ਤੋਰਨੇ ਸ਼ੁਰੂ

**ਚੰਡੀਗੜ੍ਹ:** ਚੰਡੀਗੜ੍ਹ ਪ੍ਰਸ਼ਾਸਨ ਨੇ ਰਾਜਧਾਨੀ ‘ਚ ਪੰਜਾਬ ਦੇ ਬਣਦੇ ਕੋਟੇ ‘ਤੇ ਲੀਕ ਮਾਰਦਿਆਂ ਪੰਜਾਬ ਦੇ ਅਧਿਆਪਕਾਂ ਨੂੰ ਵਾਪਿਸ ਭੇਜਣ ਦਾ ਅਮਲ ਆਰੰਭ ਦਿੱਤਾ ਹੈ। ਪ੍ਰਸ਼ਾਸਨ ਨੇ ਪੰਜਾਬ ਕੋਟੇ ਦੇ ਕੁਝ ਅਧਿਆਪਕਾਂ ਦੀ ਚੰਡੀਗੜ੍ਹ ਵਿਚਲੀ ਡੈਪੂਟੇਸ਼ਨ ਰੱਦ ਕਰ ਕੇ ਉਨ੍ਹਾਂ ਨੂੰ ਵਾਪਸ ਪੰਜਾਬ ਭੇਜ ਦਿੱਤਾ ਹੈ ਅਤੇ ਇਸੇ ਤਰ੍ਹਾਂ ਪੰਜਾਬ ਦੇ ਬਾਕੀ ਅਧਿਆਪਕਾਂ ਦੀ ਡੈਪੂਟੇਸ਼ਨ ਰੱਦ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਹੈ।

ਡੈਪੂਟੇਸ਼ਨਾਂ ਰੱਦ ਕਰਨ ਦੀ ਇਸ ਪ੍ਰਕਿਰਿਆ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ ਪੰਜਾਬ ਸਰਕਾਰ ਨੇ ਇਸ ਪ੍ਰਤੀ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਇਸ ਬਾਰੇ ਚੰਡੀਗੜ੍ਹ ਪ੍ਰਸ਼ਾਸਕ ਦੇ ਸਲਾਹਕਾਰ ਵਿਜੈ ਦੇਵ ਨੂੰ ਖ਼ਤ ਲਿਖਦਿਆਂ ਡੈਪੂਟੇਸ਼ਨਾਂ ਰੱਦ ਕਰਨ ਦਾ ਅਮਲ ਤੁਰੰਤ ਰੋਕਣ ਲਈ ਕਿਹਾ ਹੈ ਅਤੇ ਚਿਤਾਵਨੀ ਦਿੱਤੀ ਹੈ ਕਿ ਚੰਡੀਗੜ੍ਹ ‘ਤੇ ਪੰਜਾਬ ਦੇ ਹੱਕਾਂ ਨੂੰ ਖ਼ਤਮ ਕਰਨ ਦੀਆਂ ਕਾਰਵਾਈਆਂ ਨੂੰ ਕਿਸੇ ਵੀ ਕੀਮਤ ‘ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਜਾਣਕਾਰੀ ਅਨੁਸਾਰ ਪੰਜਾਬ ਦੇ ਕੋਟੇ ਨੂੰ ਰੱਦ ਕਰਨ ਦੀ ਇਹ ਪ੍ਰਕਿਰਿਆ ਸ਼ੁਰੂ ਕਰਨ ਦੀ ਤਿਆਰੀ ਤਾਂ ਚੰਡੀਗੜ੍ਹ ਪ੍ਰਸ਼ਾਸਨ ਨੇ ਕੁਝ ਮਹੀਨੇ ਪਹਿਲਾਂ ਹੀ ਕਰ ਲਈ ਸੀ, ਉਸ ਵੇਲੇ ਪ੍ਰਸ਼ਾਸਨ ਨੇ ਇੱਕੋ ਵਾਰ ‘ਚ ਹੀ ਪੰਜਾਬ ਦੇ ਸਾਰੇ ਅਧਿਆਪਕਾਂ ਨੂੰ ਵਾਪਸ ਭੇਜਣ ਦਾ ਫੈਸਲਾ ਕਰ ਕੀਤਾ ਸੀ, ਪਰ ਪ੍ਰਸ਼ਾਸਨ ਦੇ ਇਹ ਇਰਾਦੇ ਨਸ਼ਰ ਹੋ ਜਾਣ ‘ਤੇ ਉਸ ਵੇਲੇ ਪੰਜਾਬ ਦੇ 3 ਸੰਸਦ ਮੈਂਬਰਾਂ- ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ ਅਤੇ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਨੇ ਚੰਡੀਗੜ੍ਹ ਦੇ ਪ੍ਰਸ਼ਾਸਕ ਕਪਤਾਨ ਸਿੰਘ ਸੋਲੰਕੀ ਨਾਲ ਮੁਲਾਕਾਤ ਕੀਤੀ ਸੀ। ਮੁਲਾਕਾਤ ਦੌਰਾਨ ਸ੍ਰੀ ਸੋਲੰਕੀ ਨੇ ਪੰਜਾਬ ਦਾ ਡੈਪੂਟੇਸ਼ਨ ਕੋਟਾ ਬਹਾਲ ਰੱਖਣ ਦਾ ਭਰੋਸਾ ਦਿੱਤਾ ਸੀ। ਡਾ. ਚੀਮਾ ਨੇ ਦੱਸਿਆ ਕਿ ਪੰਜਾਬ ਪੁਨਰਗਠਨ ਕਾਨੂੰਨ ਤਹਿਤ ਪੰਜਾਬ ਤੇ ਹਰਿਆਣਾ ਨੂੰ 60 ਤੇ 40 ਫੀਸਦੀ ਅਨੁਪਾਤ ‘ਚ ਮਿਲਿਆ ਸੰਵਿਧਾਨਕ ਹੱਕ ਹੈ ਜਿਸ ਨੂੰ ਮੰਨਣ ਤੋਂ ਯੂ.ਟੀ. ਪ੍ਰਸ਼ਾਸਨ ਇਨਕਾਰੀ ਨਹੀਂ ਹੋ ਸਕਦਾ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



The Anu Attorney Immigration Law Firm

Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*

*Attorney at Law*

*Licensed to practice Immigration & Bankruptcy in all 50 states.*

More than 20 year experience in US immigration & Indian law

US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW

*Divorce *Annulment
*International Custody

INCORPORATIONS

*International Contracts, Mergers
*Attorney Supreme Court of India

*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ



ਜਗਦੇਵ ਸਿੰਘ

ਫੋਨ: 510-689-4625

JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR® EQUAL HOUSING OPPORTUNITY

# ਸਿਆਸੀ ਧਿਰਾਂ ਵੋਟਾਂ ਖਾਤਰ ਪਰਵਾਸੀਆਂ ਵੱਲ ਉਲਰੀਆਂ

**ਚੰਡੀਗੜ੍ਹ:** ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਰਵਾਸੀ ਪੰਜਾਬੀਆਂ ਦੀ ਹਮਾਇਤ ਹਾਸਲ ਕਰਨ ਲਈ ਸਰਗਰਮੀ ਫੜ ਲਈ ਹੈ। ਇਸ ਕੰਮ ਵਿਚ ਸਭ ਤੋਂ ਅੱਗੇ ਸ਼੍ਰੋਮਣੀ ਅਕਾਲੀ ਦਲ ਹੈ। ਅਕਾਲੀ ਦਲ ਦੇ ਲੀਡਰ ਕੈਨੇਡਾ ਤੇ ਅਮਰੀਕਾ ਦੇ ਦੌਰਿਆਂ ਉਤੇ ਹਨ ਹਾਲਾਂਕਿ ਅਕਾਲੀ ਆਗੂਆਂ ਦਾ ਕਈ ਥਾਈਂ ਵਿਰੋਧ ਵੀ ਹੋਇਆ ਹੈ ਪਰ ਇਸ ਦੇ ਬਾਵਜੂਦ ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਕੈਨੇਡਾ-ਅਮਰੀਕਾ ਦੇ ਦੌਰੇ ਜਾਣਗੇ। ਇਸੇ ਤਰ੍ਹਾਂ ਸਤੰਬਰ ਮਹੀਨੇ ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਤੇ ਕੈਪਟਨ ਅਮਰਿੰਦਰ ਸਿੰਘ ਵੀ ਕੈਨੇਡਾ-ਅਮਰੀਕਾ ਦੇ ਦੌਰੇ ਉਤੇ ਜਾ ਰਹੇ ਹਨ। ਕੈਪਟਨ ਵੀ ਉਥੇ ਵੱਡੀਆਂ ਸਭਾਵਾਂ ਕਰਨਗੇ ਤੇ ਪਰਵਾਸੀ ਪੰਜਾਬੀਆਂ ਨੂੰ ਸੂਬੇ ਵਿਚ ਕਾਂਗਰਸ ਦੀ ਸਰਕਾਰ ਬਣਵਾਉਣ ਦੀ ਅਪੀਲ ਕਰਨਗੇ। ਆਮ ਆਦਮੀ ਪਾਰਟੀ ਤਾਂ ਪਹਿਲਾਂ ਹੀ ਪਰਵਾਸੀ ਪੰਜਾਬੀਆਂ ਨੂੰ ਭਾਅ ਚੁੱਕੀ ਹੈ ਤੇ 'ਆਪ' ਦੇ ਲੀਡਰ ਲਗਾਤਾਰ ਵਿਦੇਸ਼ੀ ਦੌਰੇ ਕਰ ਰਹੇ ਹਨ। ਇਹ ਪਹਿਲੀ ਵਾਰ ਹੈ ਜਦੋਂ ਵਿਧਾਨ ਸਭਾ ਚੋਣਾਂ ਵਿਚ ਪਰਵਾਸੀ ਪੰਜਾਬੀਆਂ ਦੀ ਅਹਿਮੀਅਤ ਵਧੀ ਹੈ ਤੇ ਹਰ ਸਿਆਸੀ ਪਾਰਟੀ ਉਨ੍ਹਾਂ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ।

ਸੂਤਰਾਂ ਮੁਤਾਬਕ ਸੁਖਬੀਰ ਸਿੰਘ ਬਾਦਲ ਪਰਵਾਸੀ ਪੰਜਾਬੀਆਂ ਦੀ ਨਰਾਜ਼ਗੀ ਤੋਂ ਕਾਫੀ ਫ਼ਿਕਰਮੰਦ ਹਨ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੇ ਜੋ ਨਤੀਜੇ ਆਏ, ਉਨ੍ਹਾਂ ਵਿਚ ਪਰਵਾਸੀ ਪੰਜਾਬੀਆਂ ਦਾ ਕਾਫ਼ੀ ਅਹਿਮ ਹਿੱਸਾ ਸੀ। ਸੋਸ਼ਲ ਮੀਡੀਆ ਤੇ ਹੋਰ ਸਾਧਨਾਂ ਰਾਹੀਂ ਪ੍ਰਚਾਰ ਕਰਨ ਤੇ ਮਾਇਆ ਪੱਖੋਂ ਮਦਦ ਕਰਨ ਤੋਂ ਇਲਾਵਾ ਆਪਣੇ ਰਿਸ਼ਤੇਦਾਰਾਂ ਤੇ ਸਕੇ-ਸਬੰਧੀਆਂ ਨੂੰ ਆਮ ਆਦਮੀ ਪਾਰਟੀ ਦੇ ਹੱਕ ਵਿਚ ਪ੍ਰੇਰਨ ਪੱਖੋਂ



## 'ਆਪ' ਵੱਲ ਪਰਵਾਸੀਆਂ ਦੀ ਖਿੱਚ ਤੋਂ ਅਕਾਲੀ ਫਿਕਰਮੰਦ

ਪਰਵਾਸੀ ਪੰਜਾਬੀਆਂ ਦੇ ਇਕ ਵੱਡੇ ਹਿੱਸੇ ਵੱਲੋਂ ਆਮ ਆਦਮੀ ਪਾਰਟੀ ਨੂੰ ਮਿਲ ਰਹੇ ਸਮਰਥਨ ਤੋਂ ਵੀ ਅਕਾਲੀ ਦਲ ਫਿਕਰਮੰਦ ਹੈ। ਪਰਵਾਸੀਆਂ ਨੇ 2014 ਦੀ ਲੋਕ ਸਭਾ ਚੋਣ ਵਿਚ ਪੰਜਾਬ ਦਾ ਸਿਆਸੀ ਦ੍ਰਿਸ਼ ਬਦਲਣ ਤੇ ਚੋਣ ਨਤੀਜਿਆਂ ਨੂੰ ਨਵਾਂ ਰੁਖ਼ ਦੇਣ ਵਿਚ ਬਹੁਤ ਅਹਿਮ ਭੂਮਿਕਾ ਨਿਭਾਈ। ਇਸ ਤੋਂ ਬਾਅਦ ਹਰ ਪਾਰਟੀ ਪਰਦੇਸੀ ਭਾਰਤੀਆਂ ਦੇ ਮਨ ਜਿੱਤਣ ਵੱਲ ਲੱਗੀ ਹੋਈ ਹੈ। ਪੰਜਾਬ ਦੀਆਂ 2017 ਦੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਆਮ ਆਦਮੀ ਪਾਰਟੀ ਦੇ ਨੇਤਾ ਭਗਵੰਤ ਮਾਨ ਵਿਦੇਸ਼ ਦਾ ਚੱਕਰ ਲਾ ਆਏ ਹਨ।

ਪਰਵਾਸੀ ਪੰਜਾਬੀਆਂ ਨੇ ਅਹਿਮ ਯੋਗਦਾਨ ਪਾਇਆ ਸੀ। ਵੋਟ-ਗਿਣਤੀ ਪੱਖੋਂ ਭਾਵੇਂ ਉਹ ਖ਼ੁਦ ਨਾਂ-ਮਾਤਰ ਹੀ ਹੋਣ ਪਰ ਡਾਇਸਪੋਰਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਔਸਤਨ, ਪੰਜਾਬ ਦੇ ਹਰ ਤੀਜੇ ਟੱਬਰ ਵਿਚੋਂ ਕੋਈ ਨਾ ਕੋਈ ਮੈਂਬਰ ਪਰਵਾਸ ਕਰ ਚੁੱਕਾ ਨਜ਼ਰ ਆਉਂਦਾ ਹੈ। ਬੇਸ਼ੱਕ ਪਰਦੇਸੀਆਂ ਨੇ ਕੋਈ ਵੱਡਾ ਜਾਂ ਸਿੱਧਾ ਨਿਵੇਸ਼ ਪੰਜਾਬ ਵਿਚ ਘੱਟ ਹੀ ਕੀਤਾ ਹੈ ਪਰ ਫਿਰ ਵੀ ਪੰਜਾਬ ਦੇ ਅਰਥਚਾਰੇ ਨੂੰ ਠੁੰਮਣਾ ਦੇਣ ਵਿਚ ਪਰਵਾਸੀਆਂ ਦੀ ਬਹੁਤ ਵੱਡੀ ਭੂਮਿਕਾ ਹੈ। ਦੁਨੀਆਂ ਦੀ ਹਰ ਨੁੱਕਰ ਵਿਚ ਬੈਠੇ ਪਰਦੇਸੀ ਭਾਰਤੀਆਂ ਦਾ ਪੰਜਾਬ ਤੇ ਬਾਕੀ ਭਾਰਤ ਵਿਚ ਬੈਠੇ ਆਪਣੇ ਸਕੇ-ਸਬੰਧੀਆਂ ਤੇ ਦੋਸਤਾਂ-ਮਿੱਤਰਾਂ ਨਾਲ ਤਕਰੀਬਨ 24 ਘੰਟੇ ਰਾਬਤਾ ਬਣਿਆ ਰਹਿੰਦਾ ਹੈ। ਇਸੇ ਕਾਰਨ ਹੀ ਪੰਜਾਬ ਦੀ ਰਾਜਨੀਤੀ ਵਿਚ ਇਨ੍ਹਾਂ ਪਰਦੇਸੀਆਂ ਦੀ ਭੂਮਿਕਾ ਇਕ ਅਹਿਮ ਪਹਿਲੂ ਬਣ ਗਈ ਹੈ। ਪੰਜਾਬ ਦੀਆਂ ਸਾਰੀਆਂ ਮੁੱਖ ਸਿਆਸੀ ਪਾਰਟੀਆਂ ਪੰਜਾਬੀ ਡਾਇਸਪੋਰਾ ਵਿਚ ਆਪਣੇ ਸੈੱਲ ਤੇ ਆਪਣੇ ਹਮਾਇਤੀ ਬਣਾਉਣ ਦੇ ਯਤਨ ਕਰਦੀਆਂ ਰਹੀਆਂ ਹਨ। ਇਕ ਵੇਲਾ ਸੀ ਜਦੋਂ ਖ਼ਾਲਿਸਤਾਨ-ਪੱਖੀ ਖਾੜਕੂਆਂ ਨੂੰ ਵਿਦੇਸ਼ੀ ਸਿੱਖਾਂ ਦਾ ਭਰਵਾਂ ਸਾਥ ਮਿਲਿਆ ਸੀ। ਇਸ ਤੋਂ ਬਾਅਦ ਸਿਮਰਨਜੀਤ ਸਿੰਘ ਮਾਨ ਅਤੇ ਉਨ੍ਹਾਂ ਦੀ ਪਾਰਟੀ ਦੀ ਗਰਮ-ਖ਼ਿਆਲੀ ਸਿੱਖ ਸਿਆਸਤ ਪਰਵਾਸੀ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਦੇ ਇੱਕ ਵੱਡੇ ਹਿੱਸੇ ਨੂੰ ਪ੍ਰਭਾਵਿਤ ਕਰਨ ਵਿਚ ਸਫ਼ਲ ਰਹੀ। ਫਿਰ ਕੈਪਟਨ ਅਮਰਿੰਦਰ ਸਿੰਘ ਪਰਦੇਸੀ ਪੰਜਾਬੀਆਂ ਦੇ ਨਾਇਕ ਬਣ ਕੇ ਉੱਭਰੇ। ਇਸ ਤੋਂ ਬਾਅਦ ਪਿਛਲੀ ਬਾਦਲ ਸਰਕਾਰ ਦੌਰਾਨ ਮਨਪ੍ਰੀਤ ਸਿੰਘ ਬਾਦਲ ਤੇ ਉਨ੍ਹਾਂ ਦੀ ਪੀਪਲਜ਼ ਪਾਰਟੀ ਵਿਚੋਂ ਪਰਦੇਸੀਆਂ ਨੂੰ ਪੰਜਾਬ ਦਾ ਉੱਜਲ ਭਵਿੱਖ ਦਿਖਣ ਲੱਗਾ। ਅੰਨਾ ਹਜ਼ਾਰੇ ਦੇ ਅੰਦੋਲਨ ਤੋਂ ਬਾਅਦ ਪਰਵਾਸੀ ਭਾਰਤੀਆਂ ਦਾ ਇਕ ਵੱਡਾ ਹਿੱਸਾ ਅਰਵਿੰਦ ਕੇਜਰੀਵਾਲ ਦੀ ਪਾਰਟੀ ਵੱਲ ਖਿੱਚਿਆ ਗਿਆ।

ਬਾਦਲ ਸਰਕਾਰ ਨੇ ਪਰਵਾਸੀ ਪੰਜਾਬੀਆਂ ਦੀਆਂ ਨਿੱਜੀ ਤੇ ਸਮੂਹਿਕ ਮੁਸ਼ਕਲਾਂ ਦੇ ਹੱਲ ਲਈ ਮਾਲ ਮਹਿਕਮੇ, ਪੁਲਿਸ ਤੇ ਕੁਝ ਹੋਰ ਮਹਿਕਮਿਆਂ ਵਿਚ ਕਈ ਨਿੱਗਰ ਕਦਮ ਚੁੱਕੇ ਹਨ। ਉਨ੍ਹਾਂ ਦੀਆਂ ਜਾਇਦਾਦਾਂ ਖ਼ਾਲੀ ਕਰਾਉਣ ਲਈ ਖ਼ਾਸ ਕਾਨੂੰਨ ਤੇ ਖ਼ਾਸ ਅਦਾਲਤਾਂ ਵੀ ਬਣਾਈਆਂ ਹਨ ਤੇ ਵੱਖਰੇ ਥਾਣੇ ਵੀ ਬਣਾ ਦਿੱਤੇ ਹਨ। ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਪੁਲਿਸ ਵਿਚ ਵੱਖਰਾ ਵਿੰਗ ਵੀ ਬਣਾਇਆ ਹੈ। ਉਨ੍ਹਾਂ ਦੇ ਨਿੱਜੀ ਮਸਲੇ ਹੱਲ ਕਰਨ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ 'ਐਨ.ਆਰ.ਆਈ. ਸੰਗਤ ਦਰਸ਼ਨ' ਵੀ ਕੀਤੇ ਗਏ। ਇਸ ਸਭ ਕੁਝ ਦੇ ਬਾਵਜੂਦ ਪੰਜਾਬ ਨੂੰ ਦਰਪੇਸ਼ ਵੱਖ ਵੱਖ ਮਸਲਿਆਂ, ਅਕਾਲੀ ਲੀਡਰਸ਼ਿਪ, ਬਾਦਲ ਸਰਕਾਰ ਤੇ ਖ਼ਾਸ ਕਰਕੇ ਬਾਦਲ ਪਰਿਵਾਰ ਬਾਰੇ ਪਰਵਾਸੀ ਪੰਜਾਬੀਆਂ ਦੇ ਵੱਡੇ ਹਿੱਸੇ ਦੇ ਮਨ ਵਿਚ ਸਰਕਾਰ ਦਾ ਅਕਸ ਚੰਗਾ ਨਹੀਂ ਬਣ ਸਕਿਆ। ਇਸ ਵਿਗੜੇ ਅਕਸ ਨੂੰ ਸੁਧਾਰਨ ਲਈ ਅਕਾਲੀ ਵਜ਼ੀਰ ਤੇ ਲੀਡਰ ਸਰਗਰਮ ਹੋ ਗਏ ਹਨ।

ਅਕਾਲੀ ਨੇਤਾਵਾਂ ਦੇ ਦੌਰੇ ਸਾਰਾ ਜੁਲਾਈ ਮਹੀਨਾ ਚੱਲਣੇ ਹਨ। ਕੈਪਟਨ ਅਮਰਿੰਦਰ ਸਿੰਘ ਵੀ ਛੇਤੀ ਹੀ ਅਮਰੀਕਾ, ਕੈਨੇਡਾ ਅਤੇ ਯੂਰਪੀ ਮੁਲਕਾਂ ਦੇ ਸਿਆਸੀ ਦੌਰੇ 'ਤੇ ਜਾਣਗੇ ਜਿਸ ਤਰ੍ਹਾਂ ਪੰਜਾਬ ਦੀ ਰਾਜਨੀਤੀ ਵਿਚ ਭੰਬਲਭੂਸਾ ਬਰਕਰਾਰ ਹੈ, ਉਸੇ ਤਰ੍ਹਾਂ ਇਸ ਵਾਰ ਪਰਦੇਸੀ ਪੰਜਾਬੀਆਂ ਵਿਚ ਵੀ ਇਹੋ ਹੀ ਸਥਿਤੀ ਹੈ।

ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਸਰਕਾਰ ਦੀ ਕਾਰਗੁਜ਼ਾਰੀ ਬਹੁਤ ਗੰਭੀਰ ਸਵਾਲਾਂ ਦੇ ਘੇਰੇ ਵਿਚ ਹੈ। ਸਰਸਰੀ ਨਜ਼ਰ ਦੇਖਿਆਂ ਸੱਤਾ-ਵਿਰੋਧੀ ਹਵਾ ਭਾਰੂ ਦਿਸਦੀ ਹੈ। ਖ਼ੁਦ ਅਕਾਲੀ-ਭਾਜਪਾ ਗੱਠਜੋੜ ਵਿਚ ਵੀ ਤਰੇੜਾਂ ਨਜ਼ਰ ਆ ਰਹੀਆਂ ਹਨ। ਬਾਦਲ ਤੇ ਜੇਤਲੀ ਵਰਗੇ ਨੇਤਾਵਾਂ ਦੇ ਦਾਅਵਿਆਂ ਦੇ ਬਾਵਜੂਦ ਅਜੇ ਇਹ ਸਵਾਲ ਖੜ੍ਹੇ ਹਨ ਕਿ ਕੀ ਇਹ ਗੱਠਜੋੜ 2017 ਵਿਚ ਮੌਜੂਦਾ ਸਰੂਪ ਵਿਚ ਰਹੇਗਾ ਵੀ ਜਾਂ ਨਹੀਂ? ਦੂਜੇ ਪਾਸੇ ਪੰਜਾਬ ਕਾਂਗਰਸ ਵੀ ਸਿਰੇ ਦੀ ਧੜੇਬੰਦੀ ਤੇ ਫੁੱਟ ਦਾ ਸ਼ਿਕਾਰ ਹੈ। ਲੋਕ ਸਭਾ ਚੋਣਾ ਦੌਰਾਨ ਪੰਜਾਬ ਵਿਚ ਤੀਜੀ ਸਿਆਸੀ ਧਿਰ ਵਜੋਂ ਉਭਰੀ ਆਮ ਆਦਮੀ ਪਾਰਟੀ ਦੇ ਕਾਰ-ਵਿਹਾਰ ਕਾਰਨ ਇਸ ਦੇ ਮਗਰ ਲੱਗੇ ਲੋਕਾਂ ਅੰਦਰ ਮਾਯੂਸੀ ਹੈ। ਇਹ ਪਾਰਟੀ ਕਈ ਧੜਿਆਂ ਵਿਚ ਵੰਡੀ ਗਈ ਹੈ ਤੇ ਸਿਧਾਂਤਕ ਪੱਖੋਂ ਵੀ ਦਿਸ਼ਾ-ਹੀਣ ਨਜ਼ਰ ਆਉਣ ਲੱਗੀ ਹੈ। ਪੰਜਾਬ ਦੇ ਇਸ ਧੁੰਦਲੇ ਸਿਆਸੀ ਦ੍ਰਿਸ਼ ਕਾਰਨ ਇਸ ਵੇਲੇ ਇਹ ਹਿਸਾਬ ਲਾਉਣਾ ਸੌਖਾ ਨਹੀਂ ਕਿ 2017 ਵਿਚ ਕਿਹੋ-ਜਿਹੇ ਤੇ ਕਿੰਨੇ ਸਿਆਸੀ ਗੱਠਜੋੜ ਮੈਦਾਨ ਵਿਚ ਹੋਣਗੇ। ਇਸੇ ਦਾ ਪਰਛਾਵਾਂ ਪਰਦੇਸੀ ਪੰਜਾਬੀਆਂ ਉਤੇ ਵੀ ਹੈ। ਇਸ ਲਈ ਪੰਜਾਬ ਵਿਚਲੀ ਹਰੇਕ ਪਾਰਟੀ ਉਨ੍ਹਾਂ ਵਿਚ ਆਪਣੀ ਹਾਜ਼ਰੀ ਲੁਆਉਣ ਲਈ ਕਾਹਲੀ ਹੈ।

# ਅਮਰੀਕਾ ਵਿਚ ਤੋਤਾ ਸਿੰਘ ਵੱਲ ਸੁੱਟੀ ਜੁੱਤੀ

**ਨਿਊ ਯਾਰਕ:** ਸ਼੍ਰੋਮਣੀ ਅਕਾਲੀ ਦਲ ਖ਼ਿਲਾਫ਼ ਪਰਵਾਸੀ ਪੰਜਾਬੀਆਂ ਦਾ ਰੋਹ ਲਗਾਤਾਰ ਵਧਦਾ ਜਾ ਰਿਹਾ ਹੈ। ਪੰਜਾਬ ਦੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਤੋਤਾ ਸਿੰਘ ਤੇ ਉਨ੍ਹਾਂ ਨਾਲ ਗਏ ਅਕਾਲੀ ਆਗੂਆਂ ਉਤੇ ਇਥੋਂ ਦੇ ਸਿੱਖਾਂ ਦੇ ਇਕ ਵਰਗ ਨੇ ਪਥਰਾਅ ਕੀਤਾ ਤੇ ਜੁੱਤਾ ਸੁੱਟਿਆ। ਪੁਲਿਸ ਨੇ ਇਸ ਮਾਮਲੇ ਵਿਚ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ।



ਸ. ਤੋਤਾ ਸਿੰਘ ਤੇ ਹੋਰ ਅਕਾਲੀ ਆਗੂਆਂ ਨੇ ਸ਼ਨਿਚਰਵਾਰ ਨੂੰ ਕੁਈਨਜ਼ ਬਰੋਅ ਦੇ ਰਿਚਮੰਡ ਹਿਲ ਵਿਖੇ ਬੈਠਕ ਨੂੰ ਸੰਬੋਧਨ ਕਰਨਾ ਸੀ। 'ਸਿੱਖਸ ਫਾਰ ਜਸਟਿਸ' (ਐਸ.ਐਫ.ਜੇ.) ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਇਸ ਮੌਕੇ ਸੈਂਕੜੇ ਸਿੱਖ ਨਾਅਰੇ ਲਾਉਂਦੇ ਪੰਜਾਬ ਦੇ ਆਗੂਆਂ ਦਾ ਵਿਰੋਧ ਕਰਨ ਲਗ ਪਏ ਤੇ ਉਨ੍ਹਾਂ ਨੂੰ ਘੇਰ ਲਿਆ। ਤਕਰੀਬਨ ਤਿੰਨ ਘੰਟਿਆਂ ਦੇ ਵਿਰੋਧ ਤੋਂ ਬਾਅਦ ਪੁਲਿਸ ਮੌਕੇ ਉਤੇ ਪਹੁੰਚੀ ਤੇ ਤੋਤਾ ਸਿੰਘ ਸਮੇਤ ਹੋਰ ਆਗੂਆਂ ਨੂੰ ਇਥੋਂ ਸੁਰੱਖਿਅਤ ਕੱਢਿਆ ਗਿਆ। ਐਸ.ਐਫ.ਜੇ. ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਦਾ ਕਹਿਣਾ ਹੈ ਕਿ ਕਿਹਾ ਕਿ ਉਤਰੀ ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਅਕਾਲੀ ਦਲ (ਬਾਦਲ) ਦਾ ਇਸ ਲਈ ਵਿਰੋਧ ਕਰ ਰਹੀਆਂ ਹਨ ਕਿਉਂਕਿ ਉਹ 1990 ਦੇ ਦਹਾਕੇ ਵਿਚ ਅਤਿਵਾਦ ਵਿਰੋਧੀ ਮੁਹਿੰਮ ਦੌਰਾਨ ਹਜ਼ਾਰਾਂ ਸਿੱਖਾਂ ਦੀ ਹੱਤਿਆ ਵਿਚ ਸ਼ਾਮਲ ਪੁਲਿਸ ਅਧਿਕਾਰੀਆਂ ਨੂੰ ਸਜ਼ਾਵਾਂ ਦਿਵਾਉਣ ਵਿਚ ਨਾਕਾਮ ਰਹੇ। ਅਕਾਲੀ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਹਮਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਹੈ ਕਿ ਕੁਝ ਤਾਕਤਾਂ ਸੌੜੇ ਹਿੱਤਾਂ ਖ਼ਾਤਰ ਅਕਾਲੀ ਦਲ ਖ਼ਿਲਾਫ਼ ਪਰਵਾਸੀ ਪੰਜਾਬੀਆਂ ਨੂੰ ਭੜਕਾ ਰਹੀਆਂ ਹਨ। ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਵਾਅਦੇ ਵਫ਼ਾ ਨਾ ਕਰਨ ਕਰਕੇ ਪੰਜਾਬ ਦੇ ਹੀ ਨਹੀਂ ਬਾਹਰ ਬੈਠੇ ਸਿੱਖਾਂ ਵਿਚ ਵੀ ਸਰਕਾਰ ਵਿਰੁੱਧ ਰੋਸ ਵਧਦਾ ਜਾ ਰਿਹਾ ਹੈ।

## ਅਕਾਲੀ ਦਲ ਨੂੰ ਵਿਦੇਸ਼ਾਂ 'ਚ ਅਕਸ ਸੁਧਰਨ ਦੀ ਆਸ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੂੰ ਯੂਰਪੀ ਮੁਲਕਾਂ ਵਿਚ ਰਹਿੰਦੇ ਪਰਵਾਸੀਆਂ ਵਿਚ ਮੁੜ ਭਰੋਸੇਯੋਗਤਾ ਬਹਾਲ ਹੋਣ ਦੀ ਉਮੀਦ ਜਾਗੀ ਹੈ। ਕੈਨੇਡਾ ਤੇ ਅਮਰੀਕਾ ਦਾ ਦੌਰਾ ਕਰਕੇ ਪਰਤੇ ਪਾਰਟੀ ਦੇ ਜਨਰਲ ਸਕੱਤਰ ਤੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦਾ ਕਹਿਣਾ ਹੈ ਕਿ ਪਰਵਾਸੀ ਪੰਜਾਬੀ ਭਾਰਤੀਆਂ ਵਿਚ ਅਕਾਲੀ ਦਲ, ਪੰਜਾਬ ਤੇ ਸਰਕਾਰ ਪ੍ਰਤੀ ਕਈ ਤਰ੍ਹਾਂ ਦੀਆਂ ਗਲਤਫਹਿਮੀਆਂ ਸਨ ਜਿਨ੍ਹਾਂ ਨੂੰ ਦੂਰ ਕਰਨ ਵਿਚ ਕਾਮਯਾਬੀ ਮਿਲੀ ਹੈ। ਵਿਦੇਸ਼ਾਂ ਵਿਚ ਸਰਕਾਰ ਵਿਰੁੱਧ ਜ਼ਿਆਦਾ ਪ੍ਰਚਾਰ ਹੋਣ ਕਾਰਨ ਪਰਵਾਸੀਆਂ ਵਿਚ ਸਰਕਾਰ ਤੇ ਪਾਰਟੀ ਪ੍ਰਤੀ ਭਰੋਸੇਯੋਗਤਾ ਦੀ ਘਾਟ ਸੀ। ਉਨ੍ਹਾਂ ਨੇ ਅਮਰੀਕਾ ਅਤੇ ਕੈਨੇਡਾ ਦੇ ਦੌਰੇ ਦੌਰਾਨ ਸ਼ਿਕਾਗੋ, ਮਿਲਵਾਕੀ, ਨਿਊ ਯਾਰਕ, ਵਾਸ਼ਿੰਗਟਨ, ਵੈਨਕੂਵਰ, ਲਾਸ ਏਂਜਲਸ, ਫਰਿਜ਼ਨੋ ਅਤੇ ਹੋਰ ਕਈ ਵੱਡੇ ਸ਼ਹਿਰਾਂ ਵਿਚ ਪਰਵਾਸੀ ਪੰਜਾਬੀਆਂ ਨਾਲ ਮੀਟਿੰਗਾਂ ਕੀਤੀਆਂ ਸਨ।

# ਪਰਵਾਸੀ ਪੰਜਾਬੀਆਂ ਨੇ ਅਕਾਲੀਆਂ ਨੂੰ ਦਿਖਾਇਆ ਟ੍ਰੇਲਰ: ਭਗਵੰਤ ਮਾਨ

**ਸੰਗਰੂਰ:** ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ ਵਿਦੇਸ਼ਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮਾੜੇ ਅਕਸ ਨੂੰ ਸੁਧਾਰਨ ਗਏ ਅਕਾਲੀ ਆਗੂਆਂ ਨੂੰ ਮੂੰਹ ਦੀ ਖਾਣੀ ਪਈ ਹੈ। ਟੋਰਾਂਟੋ ਵਿਚ ਪੰਜਾਬੀਆਂ ਦੇ ਗੁੱਸੇ ਦਾ ਸ਼ਿਕਾਰ ਹੋਏ ਅਕਾਲੀ ਮੰਤਰੀਆਂ ਨੂੰ ਪੁਲਿਸ ਦੀ ਮਦਦ ਨਾਲ ਚੋਰ ਮੋਰੀਆਂ ਰਾਹੀਂ ਖਿਸਕਣਾ ਪਿਆ ਹੈ। ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੇ ਸੁਖਬੀਰ ਬਾਦਲ ਦੇ ਚਹੇਤਿਆਂ ਨੂੰ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਟ੍ਰੇਲਰ ਵਿਖਾਇਆ ਹੈ।



ਸ. ਮਾਨ ਨੇ ਕਿਹਾ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੀ ਵਿਦੇਸ਼ ਫੇਰੀ ਤੋਂ ਪਹਿਲਾਂ ਅਕਾਲੀ ਦਲ ਦੀ ਇਕ ਟੀਮ ਨੂੰ ਜਾਇਜ਼ਾ ਲੈਣ ਲਈ ਅਮਰੀਕਾ ਤੇ ਕੈਨੇਡਾ ਭੇਜਿਆ ਹੈ ਜਿਸ ਵਿਚ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ, ਤੋਤਾ ਸਿੰਘ, ਸੋਹਣ ਸਿੰਘ ਠੰਡਲ, ਸੁਰਜੀਤ ਸਿੰਘ ਰੱਖੜਾ, ਬਲਵਿੰਦਰ ਸਿੰਘ ਭੂੰਦੜ ਆਦਿ ਸ਼ਾਮਲ ਹਨ। ਵਿਦੇਸ਼ ਜਾਣ ਤੋਂ ਪਹਿਲਾਂ ਸਿਕੰਦਰ ਸਿੰਘ ਮਲੂਕਾ ਨੇ ਦਾਅਵਾ ਕੀਤਾ ਸੀ ਕਿ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਅਕਾਲੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਵਧੇਰੇ ਸੰਤੁਸ਼ਟ ਹਨ, ਪਰ ਟੋਰਾਂਟੋ ਵਿਚ ਰੱਖੀ ਅਕਾਲੀ ਕਾਨਫਰੰਸ ਦੌਰਾਨ ਪੰਜਾਬੀਆਂ ਨੇ ਅਕਾਲੀ ਮੰਤਰੀਆਂ ਦਾ ਜ਼ਬਰਦਸਤ ਵਿਰੋਧ ਕੀਤਾ ਤੇ ਕਿਸੇ ਨੂੰ ਵੀ ਸਟੇਜ ਤੋਂ ਬੋਲਣ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਵਿਦੇਸ਼ ਗਏ ਅਕਾਲੀਆਂ ਕੋਲੋਂ ਪੰਜਾਬ ਵਿਚ ਨਸ਼ਿਆਂ ਵਿਚ ਗਰਕ ਰਹੀ ਜਵਾਨੀ, ਪਰਵਾਸੀਆਂ ਦੀਆਂ ਜਾਇਦਾਦਾਂ ਉਤੇ ਹੋ ਰਹੇ ਨਾਜਾਇਜ਼ ਕਬਜ਼ੇ ਤੇ ਉਨ੍ਹਾਂ 'ਤੇ ਝੂਠੇ ਕੇਸ ਦਰਜ ਕਰਨ ਵਰਗੇ ਸਵਾਲ ਪੁੱਛੇ ਜਾ ਰਹੇ ਹਨ, ਜਿਨ੍ਹਾਂ ਦਾ ਅਕਾਲੀਆਂ ਕੋਲ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਹੈ। ਉਨ੍ਹਾਂ ਪਰਵਾਸੀ ਪੰਜਾਬੀਆਂ ਵੱਲੋਂ ਵਿਖਾਈ ਦਲੇਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਅਕਾਲੀਆਂ ਨੂੰ ਪੰਜਾਬ ਵਿਚ ਵੀ ਸਟੇਜਾਂ ਛੱਡ ਕੇ ਭੱਜਣਾ ਪਵੇਗਾ।

# ਸੜਕ ਆਵਾਜਾਈ ਲਈ ਘਾਤਕ ਰਿਹਾ 2014: ਹਰ ਘੰਟੇ 16 ਮੌਤਾਂ

**ਨਵੀਂ ਦਿੱਲੀ:** ਸੜਕ ਹਾਦਸਿਆਂ ਦੇ ਲਿਹਾਜ਼ ਨਾਲ ਸਾਲ 2014 ਬੇਹੱਦ ਘਾਤਕ ਸਾਬਿਤ ਹੋਇਆ। ਇਸ ਸਾਲ ਔਸਤਨ ਹਰ ਘੰਟੇ 16 ਮੌਤਾਂ ਹੋਈਆਂ। ਸੜਕ ਹਾਦਸਿਆਂ ਵਿਚ ਇਕ ਲੱਖ 41 ਹਜ਼ਾਰ ਤੋ ਜ਼ਿਆਦਾ ਲੋਕਾਂ ਦੀ ਮੌਤ ਹੋਈ ਜੋ 2013 ਦੇ ਮੁਕਾਬਲੇ ਤਿੰਨ ਫੀਸਦੀ ਜ਼ਿਆਦਾ ਹੈ। ਸੜਕ ਹਾਦਸਿਆਂ ਵਿਚ ਕੁਚਲੇ ਗਏ ਅਤੇ ਜ਼ਖ਼ਮੀ ਹੋਏ ਲੋਕਾਂ ਦੀ ਗਿਣਤੀ ਵੀ ਇਸ ਸਾਲ ਸਭ ਤੋਂ ਵੱਧ ਰਹੀ। ਇਹ ਅੰਕੜਾ ਕ੍ਰਮਵਾਰ 4.5 ਲੱਖ ਅਤੇ 4.8 ਲੱਖ ਰਿਹਾ। ਹਾਲ ਵਿਚ ਹੀ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਸਪੀਡਿੰਗ ਤੇ ਖਤਰਨਾਕ ਡਰਾਈਵਿੰਗ ਜਾਨਲੇਵਾ ਸੜਕ ਹਾਦਸਿਆਂ ਦੀ ਸਭ ਤੋਂ ਵੱਡੀ ਵਜ੍ਹਾ ਰਹੀ। ਸੜਕ ਹਾਦਸਿਆਂ ਵਿਚ ਮਰਨ ਵਾਲਿਆਂ ਵਿਚੋਂ ਅੱਧੇ ਲੋਕ ਦੋ ਪਹੀਆ ਅਤੇ ਟਰੱਕ ਨਾਲ ਜੁੜੀਆਂ ਘਟਨਾਵਾਂ ਵਿਚ ਮਰੇ।ਜਦਕਿ ਦੁਰਘਟਨਾ ਵਿਚ 13,787 ਦੋ ਪਹੀਆ ਚਾਲਕਾਂ ਦੀ ਮੌਤ ਹੋਈ। ਹਾਦਸਿਆਂ ਵਿਚ 1.4 ਲੱਖ ਲੋਕ ਜ਼ਖ਼ਮੀ ਹੋਏ।

ਰਿਪੋਰਟ ਅਨੁਸਾਰ ਪੰਜਾਬ ਸਮੇਤ ਸਮੁੱਚੇ ਦੇਸ਼ ਵਿਚ ਸੜਕ ਹਾਦਸਿਆਂ ਦੀ ਤਾਕਾਦ ਤੇ ਇਨ੍ਹਾਂ ਵਿਚ ਮਰਨ ਵਾਲਿਆਂ ਤੇ ਜ਼ਖ਼ਮੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਪਿਛਲੇ ਸਾਲ ਦੌਰਾਨ ਭਾਵੇਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਸੜਕ ਹਾਦਸਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ।

ਸਰਕਾਰ ਵੱਲੋਂ ਟ੍ਰੈਫਿਕ ਪ੍ਰਬੰਧ ਸੁਧਾਰਨ ਤੇ ਸੜਕਾਂ ਨੂੰ ਚੌੜਾ ਅਤੇ ਮਜ਼ਬੂਤ ਕਰਨ ਲਈ ਹਰ ਸਾਲ ਬਜਟ ਦਾ ਕਾਫ਼ੀ ਹਿੱਸਾ ਰੱਖਿਆ ਜਾਂਦਾ ਹੈ ਪਰ ਅਸਲੀਅਤ ਇਹ ਹੈ ਕਿ ਇਹ ਸਭ ਕੁਝ ਫਾਈਲਾਂ ਵਿਚ ਹੀ ਰਹਿ ਜਾਂਦਾ ਹੈ। ਲਿੰਕ ਸੜਕਾਂ ਤੇ ਰਾਜ ਮਾਰਗਾਂ ਦੀ ਤਾਂ ਗੱਲ ਹੀ ਕੀ ਹੈ; ਕੌਮੀ ਸ਼ਾਹਰਾਹ ਮਾਰਗ ਨੰਬਰ ਇਕ ਵੀ ਪਿਛਲੇ ਇਕ ਦਹਾਕੇ ਤੋਂ ਲੋਕਾਂ ਦੇ ਹੱਡਾਂ ਦਾ ਖੌਅ ਬਣਿਆ ਹੋਇਆ ਹੈ। ਸੂਬੇ ਵਿਚ ਉਨ੍ਹਾਂ ਸੜਕਾਂ ਦੀ ਥੋੜ੍ਹੀ ਬਹੁਤੀ ਮੁਰੰਮਤ ਉਦੋਂ ਹੋ ਜਾਂਦੀ ਹੈ ਜਦੋਂ ਕਿਸੇ ਮਹੱਤਵਪੂਰਨ ਵਿਅਕਤੀ ਨੇ ਉਸ ਪਾਸਿਉਂ ਲੰਘਣਾ ਹੋਵੇ, ਨਹੀਂ ਤਾਂ ਇਨ੍ਹਾਂ ਦੀ ਕੋਈ ਸਾਰ ਹੀ ਨਹੀਂ ਲੈਂਦਾ। ਹੁਣ ਰਾਜਪਾਲ, ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਸਮੇਤ ਕਈ ਹੋਰ ਮੰਤਰੀ ਵੀ ਜਹਾਜ਼ ਤੋਂ ਪੈਰ ਹੇਠਾਂ ਨਹੀਂ ਲਾਹੁੰਦੇ, ਜਿਸ ਕਰਕੇ ਸੜਕਾਂ ਦੀ ਮੁਰੰਮਤ ਵੀ ਪ੍ਰਭਾਵਿਤ ਹੋ ਗਈ ਹੈ। ਲਿੰਕ ਸੜਕਾਂ ਦਾ ਪੈਸਾ ਸੰਗਤ ਦਰਸ਼ਨ ਹਜ਼ਮ ਕਰ ਰਹੇ ਹਨ। ਰਾਜ ਮਾਰਗਾਂ ਦੀ ਮਜ਼ਬੂਤੀ ਤੇ ਮੁਰੰਮਤ ਦਾ ਬਜਟ ਹੇਠਾਂ ਤੋਂ ਲੈ ਕੇ ਉਪਰ ਤੱਕ ਠੇਕੇਦਾਰਾਂ, ਕਰਮਚਾਰੀਆਂ ਅਤੇ ਅਧਿਕਾਰੀਆਂ ਦੇ ਲੇਖੇ ਲੱਗ ਜਾਂਦਾ ਹੈ। ਇਹੀ ਕਾਰਨ ਹੈ ਕਿ ਮਹੀਨਿਆਂ ਬੱਧੀ ਸੜਕਾਂ ਵਿਚਲੇ ਟੋਇਆਂ ਅਤੇ ਨੁਕਸਦਾਰ ਬਰਮਾਂ ਨੂੰ ਵੀ ਠੀਕ ਨਹੀਂ ਕੀਤਾ ਜਾਂਦਾ। ਸੜਕ ਹਾਦਸਿਆਂ ਲਈ ਨੁਕਸਦਾਰ ਸੜਕੀ ਢਾਂਚੇ ਦੇ ਨਾਲ-ਨਾਲ ਟ੍ਰੈਫਿਕ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਨਾ ਕੀਤੇ ਜਾਣਾ ਵੀ ਜ਼ਿੰਮੇਵਾਰ ਹੈ। ਟ੍ਰੈਫਿਕ ਕੰਟਰੋਲ ਕਰਨ ਵਾਲੀ ਅਥਾਰਟੀ ਹੇਠਾਂ ਤੋਂ ਉੱਪਰ ਤਕ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋ ਚੁੱਕੀ ਹੈ। ਲੋਕਾਂ ਨੂੰ ਟ੍ਰੈਫਿਕ ਪੁਲਿਸ ਦਾ ਕੋਈ ਡਰ ਨਹੀਂ ਰਿਹਾ ਤੇ ਉਹ ਸ਼ਰ੍ਹੇਆਮ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹਨ।

## ਲੁਧਿਆਣਾ ਮੁਲਕ ਭਰ ਵਿਚੋਂ ਤੀਜੇ ਨੰਬਰ ਉਤੇ

**ਲੁਧਿਆਣਾ:** ਪੰਜਾਬ ਦਾ ਸਨਅਤੀ ਸ਼ਹਿਰ ਲੁਧਿਆਣਾ ਦੇਸ਼ ਦਾ ਤੀਜਾ ਅਜਿਹਾ ਸ਼ਹਿਰ ਹੈ ਜਿਥੇ ਸਭ ਤੋਂ ਵੱਧ ਸੜਕ ਹਾਦਸੇ ਹੁੰਦੇ ਹਨ। ਸੜਕ ਸੁਰੱਖਿਆ ਸਲਾਹਕਾਰ ਡਾ. ਕਮਲਜੀਤ ਸਿੰਘ ਸੋਈ ਨੇ ਨੈਸ਼ਨਲ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਦੇਸ਼ ਵਿਚ ਸਭ ਤੋਂ ਵੱਧ ਸੜਕ ਹਾਦਸੇ ਭੁਪਾਲ ਵਿਚ ਹੁੰਦੇ ਹਨ ਜਦਕਿ ਦੂਜੇ ਨੰਬਰ ਉਤੇ ਇਲਾਹਾਬਾਦ ਹੈ ਤੇ ਉਸ ਤੋਂ ਬਾਅਦ ਪੰਜਾਬ ਦੇ ਸਨਅਤੀ ਸ਼ਹਿਰ ਲੁਧਿਆਣਾ ਦਾ ਨੰਬਰ ਆਉਂਦਾ ਹੈ। ਇਥੇ ਸੜਕ ਹਾਦਸਿਆਂ ਵਿਚ ਮੌਤਾਂ ਦੀ ਗਿਣਤੀ ਵੀ ਵੱਧ ਰਹੀ ਹੈ। ਅੰਕੜਿਆਂ ਮੁਤਾਬਕ ਲੁਧਿਆਣਾ ਵਿਚ ਸਾਲ 2013 ਤੋਂ ਸੜਕ ਹਾਦਸਿਆਂ ਵਿਚ 75 ਫ਼ੀਸਦੀ ਦਾ ਵਾਧਾ ਹੋ ਰਿਹਾ ਹੈ। ਅੰਮ੍ਰਿਤਸਰ ਵਿਚ ਇਹ ਵਾਧਾ ਮਾਮੂਲੀ ਹੈ ਜਦਕਿ ਚੰਡੀਗੜ੍ਹ ਸ਼ਹਿਰ ਵਿਚ ਹਾਦਸਿਆਂ ਵਿਚ ਕਮੀ ਰਿਕਾਰਡ ਕੀਤੀ ਗਈ ਹੈ।

**SUPER TRAVEL**

**847-676-9090, 773-465-5566**

*E-mail: supertravel2003@yahoo.com*

***Lowest Fares With Excellent Service***

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250

*To Advertise with Punjab Times Call: 847-359-0746*

# Motel For Sale

**103 Room Motel For Sale in Texarkana, Arkansas located on interstate I-30.**

**900 Realtor Ave., Texarkana, AR 71854**

***About 2.5 hours east of Dallas, Texas.***

**Motel has 4 bedroom manager apartment and is estimated to do 550k in revenue this year.**

**Asking Price: $1.4 Millon**

**Can view listing on loopnet.com and the property id#19249997**

**Call listing broker:**

**Jerry Brewer 903-793-2666 or**

**Call: Harvinder Sandhu 870-648-5489**

**or email: Gurmail2300@yahoo.com**

29-32

## ਪੀ ਸੀ ਏ ਫਰਿਜ਼ਨੋ ਵੱਲੋਂ ਸਰਤਾਜ ਦਾ ਸ਼ੋਅ 8 ਨੂੰ

**ਫਰਿਜ਼ਨੋ (ਬਿਊਰੋ):** ਸਥਾਨਕ ਜੈਕਾਰਾ ਮੂਵਮੈਂਟ ਦੇ ਨੌਜਵਾਨ ਬੱਚਿਆਂ ਵੱਲੋਂ ਆਪਣੀ ਸੰਸਥਾ ਲਈ ਧਨ ਜੁਟਾਉਣ ਦੇ ਮਨੋਰਥ ਨਾਲ ਇੱਕ ਫੰਡਰੇਜ਼ਰ ਪ੍ਰੋਗਰਾਮ 8 ਅਗਸਤ ਨੂੰ ਵੁਡਵਰਡ ਪਾਰਕ ਵਿਚ ਕੀਤਾ ਜਾ ਰਿਹਾ ਹੈ ਜਿਸ ਵਿਚ ਆਏ ਲੋਕਾਂ ਦਾ ਮਨੋਰੰਜਨ ਸੂਫ ਤਰਜ ਦਾ ਗਾਇਕ ਸਤਿੰਦਰ ਸਰਤਾਜ ਕਰੇਗਾ।

ਇਹ ਜਾਣਕਾਰੀ ਦਿੰਦਿਆਂ ਪੀ ਸੀ ਏ ਮੈਂਬਰ ਮਿੱਕੀ ਸਰਾਂ ਨੇ ਕਿਹਾ ਕਿ ਪ੍ਰੋਗਰਾਮ ਦੌਰਾਨ ਇਕੱਤਰ ਹੋਈ ਪਾਈ ਪਾਈ ਜੈਕਾਰਾ ਮੂਵਮੈਂਟ ਦੇ ਕਾਰਕੁਨਾਂ ਦੇ ਹਵਾਲੇ ਕੀਤੀ ਜਾਵੇਗੀ ਕਿਉਂਕਿ ਇਸ ਸੰਸਥਾ ਵਲੋਂ ਆਪਣੀ ਨਵੀਂ ਪਨੀਰੀ ਨੂੰ ਧਰਮ ਅਤੇ ਵਿਰਸੇ ਨਾਲ ਜੋੜਨ ਲਈ ਜੋ ਉਪਰਾਲੇ ਕੀਤੇ ਜਾ ਰਹੇ ਹਨ, ਉਹ ਸਲਾਹੁਣਯੋਗ ਹਨ। ਉਨ੍ਹਾਂ ਦੱਸਿਆ ਕਿ ਪ੍ਰੋਗਰਾਮ ਦੌਰਾਨ ਸਕਿਉਰਿਟੀ ਦੇ ਪੁਖਤਾ ਪ੍ਰਬੰਧ ਹੋਣਗੇ। ਹੋਰ ਜਾਣਕਾਰੀ ਲਈ ਫੋਨ (408) 966-7019 ਜਾਂ (510) 709-8000 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਖਹਿਰਾ ਵੱਲੋਂ ਏਮਜ਼ ਤਬਾਦਲੇ ਬਾਰੇ ਹਾਈਕੋਰਟ ਨੂੰ ਪੱਤਰ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਬੁਲਾਰੇ ਤੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਕੋਲੋਂ ਮੰਗ ਕੀਤੀ ਹੈ ਕਿ ਉਹ ਏਮਜ਼ ਨੂੰ ਦੋਆਬਾ ਤੋਂ ਬਦਲ ਕੇ ਬਠਿੰਡਾ ਲਿਜਾਣ ਦਾ ਨੋਟਿਸ ਲੈਣ ਤੇ ਦੋਆਬੇ ਤੇ ਮਾਝੇ ਦੇ ਲੋਕਾਂ ਦੀ ਬਿਹਤਰੀ ਲਈ ਇਸ ਕੇਂਦਰ ਨੂੰ ਦੋਆਬਾ ਵਿਚ ਰੱਖਣ। ਚੀਫ ਜਸਟਿਸ ਨੂੰ ਲਿਖੇ ਪੱਤਰ ਵਿਚ ਕਿਹਾ ਹੈ ਕਿ ਉਨ੍ਹਾਂ ਦੇ ਪੱਤਰ ਨੂੰ ਜਨਹਿਤ ਪਟੀਸ਼ਨ ਸਮਝ ਕੇ ਕਾਰਵਾਈ ਕੀਤੀ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਅਹੁਦੇ ਦੀ ਦੁਰਵਰਤੋਂ ਕਰਕੇ ਆਪਣੇ ਲੋਕ ਸਭਾ ਹਲਕੇ ਬਠਿੰਡਾ ਵਿਚ ਏਮਜ਼ ਲਗਵਾਉਣ ਦਾ ਫੈਸਲਾ ਕਰਵਾ ਲਿਆ ਹੈ। ਬਠਿੰਡਾ ਸੂਬੇ ਦੇ ਇਕ ਕੋਨੇ ਤੇ ਪੈਂਦਾ ਹੈ ਤੇ ਇਸ ਦੀਆਂ ਹੱਦਾਂ ਰਾਜਸਥਾਨ ਤੇ ਹਰਿਆਣਾ ਨਾਲ ਲੱਗਦੀਆਂ ਹਨ।

## Matrimonial

### ਵਰ ਦੀ ਲੋੜ ਹੈ

ਜੱਟ ਸਿੱਖ ਗਰੇਵਾਲ, ਇੰਡੀਆ ਰਹਿੰਦੀ M.Sc., MCA, ਕਾਲਜ ਲੈਕਚਰਾਰ ਲੱਗੀ ਸੋਹਣੀ-ਸੁਨੱਖੀ 26 ਸਾਲਾ, 5'-7" ਲੜਕੀ ਲਈ ਨਸ਼ਾ ਰਹਿਤ ਯੋਗ ਲੜਕੇ ਦੀ ਲੋੜ ਹੈ। ਵੈਜੀਟੇਰੀਅਨ ਪਰਿਵਾਰ ਹੀ ਸੰਪਰਕ ਕਰਨ। ਫੋਨ (ਇੰਡੀਆ) 91-94785-68011 ਜਾਂ ਈਮੇਲ: san_deol@yahoo.com

---

Wanted well educated US born clean shave boy for Jatt Sikh girl, 30, 5'-5", slim & beautiful, to be pharmacist graduate next year, working part time. Parents well settled in US since long time. Contact: 916-710-1891 or hnurpuri@gmail.com

27-

### ਕੰਨਿਆ ਦੀ ਲੋੜ ਹੈ

Wanted suitable US citizen girl for a Jatt Sikh Gill electro-mechanical engineer boy, 28, 6', PR in Canada. Contact: 216-543-5210 or ds.gill@hotmail.com

27-30

---

ਬੇਅ ਏਰੀਏ ਵਿਚ ਇਕ ਵੱਡੀ ਕੰਪਨੀ 'ਚ ਅਕਾਊਂਟ ਮੈਨੇਜਰ ਵਜੋਂ ਕੰਮ ਕਰਦੇ 32 ਸਾਲਾ ਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 301-292-1494, E-mail: amriknagi@yahoo.com

29-

### ਕੰਨਿਆ ਦੀ ਲੋੜ ਹੈ

Wanted suitable girl for Jatt Sikh Gill boy, 28, 6'-2", computer engineer, US citizen. Family settled in America from past 30 years. Contact 330-968-8191 or pkg89@yahoo.com

30-33

---

Wanted US citizen/green card holder beautiful girl from Nai family for a handsome boy from Nai family, US Visa holder (Family visa), 27, 5'-9'', B.B.A (convent educated), industrialist high status family. Contact: Advjatinderpalsingh@gmail.com

29-

---

Suitable match for Kamboj Sikh boy 25, 6', masters in Business Administration from USA, working in banking profession on work visa in USA. Contacts: 1-503-580-2001, +91-85618-53000 or ssukhvinder1965@gmail.com

27-30

---

ਰਵੀਦਾਸੀਆ ਸਿੱਖ 27 ਸਾਲ, 5'9", ਬੀ ਕਾਮ (ਅਕਾਉਂਟਿੰਗ), ਐਲ ਐਲ ਬੀ ਇੰਡੀਆ ਰਹਿੰਦੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਪਾਸ 15 ਕਿਲੇ ਜ਼ਮੀਨ ਹੈ। ਸੰਪਰਕ ਕਰੋ, ਫੋਨ: 347-445-3381

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*

ੴ ਸਤਿਗੁਰ ਪ੍ਰਸਾਦਿ॥

**American Sikh Council (ASC), previously known as World Sikh Council – America Region (WSC-AR) is a national body consisting of membership of Gurdwaras and Sikh Institutions. It is the 'Voice of the Sikhs' in America formed through institutional representation.**

**The representatives of American Sikh Council are nominated by the members and each year, the Board is selected by these representatives (General Body) and the Executive Committee is selected by the Board.**

**The American Sikh Council continues to serve the Sangat nationally by providing Panthic services some of which are:**

- **Informational material like brochures on the Sikh Faith for distribution.**
- **Conflict Resolution Services (for Gurdwara related matters.)**
- **Gurbani Retreats (weekends) for adults.**
- **Sikh Religious Awards through Boy/Girl Scouts of America – Grades 1-12.**
- **Training Sikh Speakers on art of speaking and basics of the Sikh Faith.**
- **Train the trainer in teaching Gurmukhi classes (weekends).**
- **Organize and hold Sikh youth camps at various locations**
- **Help locate 'qualified'Pracharaks, Granthis, and Kirtaniasetc.**
- **Material on Sikh human rights www.thirdsikhgenocide.org**

**Since all these services are provided by volunteers, ASC is actively recruiting volunteers so it can provide a wider range of services and to larger audience.**

***Please visit our website and find out other services provided by the American Sikh Council (ASC)***
**www.ameriocansikhcouncil.org**

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹੁਣ ਆਮ ਨਾ ਰਹੀ ਆਮ ਆਦਮੀ ਪਾਰਟੀ

**ਚੰਡੀਗੜ੍ਹ:** ਆਮ ਲੋਕਾਂ ਦੀ ਪਾਰਟੀ ਹੋਣ ਦਾ ਦਮ ਭਰਦੀ ਆਮ ਆਦਮੀ ਪਾਰਟੀ (ਆਪ) ਹੁਣ ਆਪਣੇ ਦਾਅਵੇ ਤੋਂ ਥਿੜਕ ਗਈ ਜਾਪਦੀ ਹੈ। 'ਆਪ' ਦੀ ਕੌਮੀ ਅਨੁਸ਼ਾਸਨੀ ਕਮੇਟੀ ਵੱਲੋਂ ਪੰਜਾਬ ਇਕਾਈ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਡਾ. ਦਲਜੀਤ ਸਿੰਘ ਨੂੰ ਪਾਰਟੀ ਵਿਚੋਂ ਕੱਢਣ ਦੇ ਫੈਸਲੇ ਉਤੇ ਸਵਾਲ ਉੱਠਣ ਲੱਗੇ ਹਨ। ਡਾ. ਦਲਜੀਤ ਸਿੰਘ ਨੂੰ ਪਾਰਟੀ ਵਿਰੋਧੀ ਸਰਗਰਮੀਆਂ ਚਲਾਉਣ ਅਤੇ ਅਨੁਸ਼ਾਸਨ ਭੰਗ ਕਰਨ ਦੇ ਦੋਸ਼ਾਂ ਹੇਠ ਪਾਰਟੀ ਵਿਚੋਂ ਬਰਖਾਸਤ ਕੀਤਾ ਹੈ। ਇਸ ਫੈਸਲੇ ਖਿਲਾਫ 'ਆਪ' ਦੇ ਵਲੰਟੀਅਰਾਂ ਨੇ 31 ਮੈਂਬਰੀ ਐਕਸ਼ਨ ਕਮੇਟੀ ਬਣਾ ਕੇ ਡਾ. ਦਲਜੀਤ ਸਿੰਘ ਦੇ ਹੱਕ ਵਿਚ ਫੈਸਲਾਕੁਨ ਲੜਾਈ ਦਾ ਐਲਾਨ ਕਰ ਦਿੱਤਾ ਹੈ।

ਹਾਈਕਮਾਨ ਦੀ ਇਸ ਕਾਰਵਾਈ ਨੇ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਆਮ ਲੋਕਾਂ ਦੀ ਪਾਰਟੀ ਕੁਝ ਚੋਣਵੇਂ ਆਗੂਆਂ ਤੱਕ ਸੀਮਤ ਹੋ ਗਈ ਹੈ। ਖਾਸਕਰ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਇਤਿਹਾਸਕ ਜਿੱਤ ਪਿੱਛੋਂ ਆਮ ਆਦਮੀ ਪਾਰਟੀ 'ਖਾਸ' ਬਣਦੀ ਜਾ ਰਹੀ ਹੈ। ਪਾਰਟੀ ਨੇ ਵੱਖਰੀ ਰਾਇ ਰੱਖਣ ਵਾਲੇ ਯੋਗੇਂਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਣ ਸਮੇਤ ਕਈ ਮੁੱਖ ਆਗੂਆਂ ਨੂੰ ਬਾਹਰ ਦਾ ਰਾਹ ਦਿਖਾ ਦਿੱਤਾ। ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੂੰ ਕੇਜਰੀਵਾਲ ਖਿਲਾਫ਼ ਬੋਲਣ ਦਾ ਖਮਿਆਜ਼ਾ ਲੋਕ ਸਭਾ ਵਿਚ 'ਆਪ' ਦੇ ਪਾਰਲੀਮਾਨੀ ਗਰੁੱਪ ਦੇ ਆਗੂ ਦਾ ਅਹੁਦਾ ਗੁਆ ਕੇ ਭੁਗਤਣਾ ਪਿਆ। ਇਹੀ 'ਗੁਸਤਾਖੀ' ਡਾ. ਦਲਜੀਤ ਸਿੰਘ ਨੇ ਕਰ ਦਿੱਤੀ। ਡਾ. ਦਲਜੀਤ ਸਿੰਘ ਨੇ ਪੰਜਾਬ ਵਿਚ ਨਵੇਂ ਜਥੇਬੰਧਕ ਢਾਂਚੇ ਵਿਰੁੱਧ ਆਵਾਜ਼ ਬੁਲੰਦ ਕਰਦੇ ਹੋਏ ਕੇਂਦਰੀ ਅਗੂਆਂ ਨੂੰ ਵੰਗਾਰਿਆ ਸੀ। ਉਨ੍ਹਾਂ ਨੇ ਕੇਂਦਰੀ ਆਗੂ ਸੰਜੇ ਸਿੰਘ ਤੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਉਤੇ ਪਾਰਟੀ ਨੂੰ ਤਬਾਹ ਕਰਨ ਦਾ ਦੋਸ਼ ਲਾਇਆ ਸੀ।

ਦੱਸਣਯੋਗ ਹੈ ਕਿ ਕੇਂਦਰੀ ਆਗੂਆਂ ਵੱਲੋਂ ਜ਼ਿਲ੍ਹਾ ਪੱਧਰੀ ਪੁਰਾਣਾ ਜਥੇਬੰਦਕ ਢਾਂਚਾ ਭੰਗ ਕਰ ਕੇ ਵਿਧਾਨ ਸਭਾ ਹਲਕਾ ਵਾਰ ਕੋਆਰੀਡੇਨੇਟਰ ਨਿਯੁਕਤ ਕੀਤੇ ਸਨ। ਤੇਰ੍ਹਾਂ ਲੋਕ ਸਭਾ ਸੀਟਾਂ ਦੇ ਇਨ੍ਹਾਂ ਕੋਆਰਡੀਨੇਟਰਾਂ ਉਤੇ ਗਿਆਰਾਂ ਦਿੱਲੀ ਦੇ ਇੰਚਾਰਜ ਥਾਪ ਦਿੱਤੇ ਹਨ ਤੇ ਸੁੱਚਾ ਸਿੰਘ ਛੋਟੇਪੁਰ ਦੇ ਸੂਬਾਈ ਕਨਵੀਨਰ ਬਣੇ ਰਹਿਣ ਉੱਤੇ ਮੋਹਰ ਲਗਾ ਦਿੱਤੀ ਗਈ। ਡਾ. ਦਲਜੀਤ ਸਿੰਘ ਨੇ ਇਸ ਨਵੇਂ ਢਾਂਚੇ ਨੂੰ ਗ਼ੈਰ ਸੰਵਿਧਾਨਕ ਕਰਾਰ ਦਿੱਤਾ ਸੀ। ਡਾ. ਦਲਜੀਤ ਸਿੰਘ ਖਿਲਾਫ ਕਾਰਵਾਈ ਪਿੱਛੋਂ ਅਰਵਿੰਦ ਕੇਜਰੀਵਾਲ ਸੂਬੇ ਦੇ ਆਪਣੇ ਹੀ ਆਗੂਆਂ ਦੇ ਨਿਸ਼ਾਨੇ ਉਤੇ ਹਨ। 'ਆਪ' ਦੇ ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ ਅਤੇ ਧਰਮਵੀਰ ਗਾਂਧੀ ਸਿੱਧੇ ਤੌਰ ਉਤੇ ਸ੍ਰੀ ਕੇਜਰੀਵਾਲ ਨੂੰ ਚੁਣੌਤੀ ਦੇ ਰਹੇ ਹਨ।

ਪੰਜਾਬ ਦੀ ਨਿਗਰਾਨੀ ਕਰ ਰਹੇ ਪਾਰਟੀ ਦੇ ਕੌਮੀ ਆਗੂ ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਉਪਰ ਪਹਿਲਾਂ ਹੀ ਬਾਗੀ ਆਗੂਆਂ ਵੱਲੋਂ ਉਂਗਲੀਆਂ ਉਠਾਈਆਂ ਜਾ ਚੁੱਕੀਆਂ ਹਨ। ਨਾਰਾਜ਼ ਆਗੂਆਂ ਦੇ ਨਿਸ਼ਾਨੇ ਉਪਰ ਮੁੱਖ ਤੌਰ ਉਤੇ ਪੰਜਾਬ ਇਕਾਈ ਦੇ ਮੁਖੀ ਸੁੱਚਾ ਸਿੰਘ ਛੋਟੇਪੁਰ ਹੋਣ ਕਾਰਨ ਇਸ ਵੇਲੇ ਬਗ਼ਾਵਤੀ ਸੁਰਾਂ ਨੂੰ ਦੱਬਣ ਵਾਲੇ ਰਾਜ ਵਿਚ ਕੋਈ ਲੀਡਰ ਨਜ਼ਰ ਨਹੀਂ ਆ ਰਿਹਾ। ਪੰਜਾਬ ਵਿਚ 'ਆਪ' ਦੀ ਸਥਿਤੀ ਪੇਚੀਦਾ ਬਣ ਗਈ ਹੈ। ਜਦੋਂ ਕੋਈ ਆਗੂ ਬਗਾਵਤ ਉੱਪਰ ਉਤਰਦਾ ਹੈ ਤਾਂ ਬਹੁਤੇ ਆਗੂ ਪਾਰਟੀ ਹਿੱਤਾਂ ਦੀ ਖਾਤਰ ਉਸ ਨੂੰ ਰੋਕਣ ਦੀ ਥਾਂ ਉਲਟਾ ਨਿੱਜੀ ਹਿੱਤਾਂ ਲਈ ਉਸ ਦੇ ਪਾਰਟੀ ਵਿਚੋਂ ਬਾਹਰ ਜਾਣ ਦੀ ਉਡੀਕ ਕਰਦੇ ਹਨ ਤਾਂ ਜੋ ਉਨ੍ਹਾਂ ਦਾ ਅੱਗੇ ਵਧਣ ਦਾ ਰਸਤਾ ਸਾਫ ਹੋ ਸਕੇ।

## ਮਮਤਾ ਸਰਕਾਰ ਨੇ ਮਾਰਿਆ ਮਾਓਵਾਦੀ ਆਗ ਕਿਸ਼ਨਜੀ: ਅਭਿਸ਼ੇਕ

**ਕੋਲਕਾਤਾ:** ਤ੍ਰਿਣਮੂਲ ਕਾਂਗਰਸ ਦੇ ਵਿਧਾਇਕ ਅਭਿਸ਼ੇਕ ਬੈਨਰਜੀ ਨੇ ਇਹ ਬਿਆਨ ਦੇ ਕੇ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ ਕਿ 2011 ਵਿਚ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਸਰਕਾਰ ਨੇ ਖਤਰਨਾਕ ਮਾਓਵਾਦੀ ਆਗੂ ਕਿਸ਼ਨਜੀ ਨੂੰ ਮਾਰ ਸੁੱਟਿਆ ਸੀ। ਅਭਿਸ਼ੇਕ ਨੇ ਬੀਤੇ ਦਿਨੀਂ ਪੱਛਮੀ ਮਿਦਨਾਪੁਰ ਜ਼ਿਲ੍ਹੇ ਦੇ ਬੇਲਪਹਾੜੀ ਵਿਚ ਰੈਲੀ ਦੌਰਾਨ ਕਿਹਾ ਸੀ ਕਿ ਕਿਸ਼ਨਜੀ ਨੂੰ ਖ਼ਤਮ ਕਰਕੇ ਮਮਤਾ ਸਰਕਾਰ ਨੇ ਸਾਬਿਤ ਕਰ ਦਿੱਤਾ ਕਿ ਭਵਿੱਖ ਵਿਚ ਜੰਗਲਮਹਿਲ ਬਾਰੇ ਆਖਰੀ ਫੈਸਲਾ ਆਮ ਜਨਤਾ ਕਰੇਗੀ।

ਉਨ੍ਹਾਂ ਕਿਹਾ ਕਿ ਮਾਓਵਾਦੀ ਆਗੂ ਕਿਸ਼ਨਜੀ ਤੇ ਹੋਰਨਾਂ ਮਾਓਵਾਦੀਆਂ ਦੇ ਦਿਨ ਹੁਣ ਪੁਗ ਗਏ ਹਨ ਤੇ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਸਰਕਾਰ ਨੇ ਇਹ ਪੱਕਾ ਕਰ ਦਿੱਤਾ ਹੈ ਮਾਓਵਾਦੀਆਂ ਦਾ ਆਖਰੀ ਫੈਸਲਾ ਲੋਕ ਕਰਨਗੇ। ਉਨ੍ਹਾਂ ਕਿਹਾ ਪਹਿਲਾਂ ਲੋਕ ਘਰਾਂ ਤੋਂ ਬਾਹਰ ਨਿਕਲਣ ਤੋਂ ਡਰਦੇ ਸਨ। ਆਏ ਦਿਨ ਅਖ਼ਬਾਰਾਂ ਵਿਚ ਕਤਲਾਂ ਦੀਆਂ ਖ਼ਬਰਾਂ ਛਪਦੀਆਂ ਰਹਿੰਦੀਆਂ ਸਨ। ਅਭਿਸ਼ੇਕ ਵੱਲੋਂ ਕੀਤੀ ਗਈ ਟਿੱਪਣੀ ਮੁੱਖ ਮੰਤਰੀ ਦੇ ਪਹਿਲਾਂ ਕੀਤੇ ਗਏ ਉਸ ਦਾਅਵੇ ਤੋਂ ਬਿਲਕੁੱਲ ਉਲਟ ਹੈ ਜਿਸ ਵਿਚ ਮਮਤਾ ਬੈਨਰਜੀ ਨੇ ਕਿਹਾ ਸੀ ਕਿ ਕਿਸ਼ਨਜੀ ਨੂੰ ਪਹਿਲਾਂ ਬਣਾਈ ਯੋਜਨਾ ਤਹਿਤ ਨਹੀਂ ਮਾਰਿਆ ਗਿਆ ਸੀ।

# ਤਣ-ਪੱਤਣ ਨਹੀਂ ਲੱਗ ਰਿਹਾ ਬੰਦੀ ਸਿੱਖਾਂ ਦਾ ਮਾਮਲਾ

*(ਸਫਾ ਇਕ ਦੀ ਬਾਕੀ)*

ਹਨ ਤੇ ਨਾ ਹੀ ਦਵਾਈ ਲੈ ਰਹੇ ਹਨ। ਉਨ੍ਹਾਂ ਦੀ ਇਸ ਨਾਰਾਜ਼ਗੀ ਕਾਰਨ ਪ੍ਰਸ਼ਾਸਨ ਦੀ ਸਿਰਦਰਦੀ ਕਾਫ਼ੀ ਵਧ ਗਈ ਹੈ।

ਖਾਲਸਾ ਨੇ ਕਿਹਾ ਕਿ ਉਨ੍ਹਾਂ ਦੀ ਬਿਮਾਰੀ ਦਾ ਇਲਾਜ ਸਿਰਫ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਹੈ। ਸ਼੍ਰੋਮਣੀ ਅਕਾਲੀ ਦਲ (ਅ), ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ, ਯੂਨਾਈਟਿਡ ਅਕਾਲੀ ਦਲ, ਦਲ ਖਾਲਸਾ, ਸਤਿਕਾਰ ਸਭਾ, ਏਕਨੂਰ ਖਾਲਸਾ, ਦਮਦਮੀ ਟਕਸਾਲ ਅਜਨਾਲਾ ਤੋਂ ਇਲਾਵਾ ਬਹੁਤ ਸਾਰੀਆਂ ਧਾਰਮਿਕ ਤੇ ਰਾਜਨੀਤਿਕ ਜਥੇਬੰਦੀਆਂ ਇਸ ਸੰਘਰਸ਼ ਦੀ ਹਮਾਇਤ ਲਈ ਨਿੱਤਰ ਆਈਆਂ ਹਨ।

ਜਥੇਬੰਦੀਆਂ ਵੱਲੋਂ ਸਿੰਘਾਂ ਦੀ ਰਿਹਾਈ ਦੇ ਹੱਕ ਵਿਚ 10 ਜੁਲਾਈ ਨੂੰ ਲੁਧਿਆਣਾ ਬੰਦ ਕੀਤਾ ਗਿਆ ਸੀ ਤੇ 14 ਜੁਲਾਈ ਨੂੰ ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਤੋਂ ਬਾਪੂ ਸੂਰਤ ਸਿੰਘ ਖਾਲਸਾ ਦੇ ਪਿੰਡ ਹਸਨਪੁਰ ਤੱਕ ਰੋਸ ਮਾਰਚ ਕੀਤਾ ਗਿਆ ਸੀ। 19 ਜੁਲਾਈ ਨੂੰ ਚੰਡੀਗੜ੍ਹ ਦੇ ਲਾਅ ਭਵਨ ਵਿਚ 'ਹਿੰਦੁਸਤਾਨ ਵਿਚ ਘੱਟ ਗਿਣਤੀਆਂ ਤੇ ਹਿੰਦੁਸਤਾਨ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਜਾਣਾ ਸੀ ਜਿਸ ਦੀ ਤਰੀਕ ਹੁਣ 26 ਜੁਲਾਈ ਰੱਖੀ ਗਈ ਹੈ। ਇਸ ਲਾਮਬੰਦੀ ਨੂੰ ਵੇਖਦੇ ਹੋਏ ਪੰਜਾਬ ਵਿਚ ਚੌਕਸੀ ਵਧਾ ਦਿੱਤੀ ਗਈ ਹੈ। ਉਧਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਬਾਪੂ ਸੂਰਤ ਸਿੰਘ ਖ਼ਾਲਸਾ ਵੱਲੋਂ ਭੁੱਖ ਹੜਤਾਲ ਉਤੇ ਬੈਠਣ ਦਾ ਫ਼ੈਸਲਾ ਮਜਬੂਰੀ ਵੱਸ ਕੀਤਾ ਗਿਆ ਹੈ। ਉਨ੍ਹਾਂ ਨੇ ਸਰਕਾਰ ਵੱਲੋਂ ਬਾਪੂ ਖ਼ਾਲਸਾ ਦੀ ਜਾਨ ਬਚਾਉਣ ਲਈ ਕੀਤੀ ਕਾਰਵਾਈ ਨੂੰ ਇਕ ਪਾਸੇ ਜਾਇਜ਼ ਠਹਿਰਾਇਆ, ਦੂਜੇ ਪਾਸੇ ਸਿੱਖ ਕਾਰਕੁਨਾਂ ਨਾਲ ਕੀਤੀ ਧੱਕੇਸ਼ਾਹੀ ਨੂੰ ਨਿੰਦਣਯੋਗ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਬਾਪੂ ਸੂਰਤ ਸਿੰਘ ਖ਼ਾਲਸਾ ਦੀ ਜਾਨ ਬਚਾਉਣੀ ਜ਼ਰੂਰੀ ਸੀ। ਇਹ ਇਕ ਕਾਨੂੰਨੀ ਮਸਲਾ ਹੈ ਤੇ ਮੁੱਖ ਮੰਤਰੀ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਲਈ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਜਦੋਂ ਭਾਈ ਗੁਰਬਖ਼ਸ਼ ਸਿੰਘ ਵੱਲੋਂ ਇਸੇ ਮੰਗ ਨੂੰ ਲੈ ਕੇ ਮੁਹਾਲੀ ਸਥਿਤ ਗੁਰਦੁਆਰਾ ਅੰਬ ਸਾਹਿਬ ਵਿਖੇ ਭੁੱਖ ਹੜਤਾਲ ਰੱਖੀ ਗਈ ਸੀ ਤਾਂ ਜਥੇਦਾਰ ਨੇ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਵੱਲੋਂ ਦਿੱਤੇ ਭਰੋਸੇ ਤੋਂ ਬਾਅਦ ਗੁਰਬਖ਼ਸ਼ ਸਿੰਘ ਨੇ ਭੁੱਖ ਹੜਤਾਲ ਖ਼ਤਮ ਕਰ ਦਿੱਤੀ ਸੀ ਪਰ ਬਾਪੂ ਸੂਰਤ ਸਿੰਘ ਖ਼ਾਲਸਾ ਵੱਲੋਂ ਰੱਖੀ ਭੁੱਖ ਹੜਤਾਲ ਸਮੇਂ ਇਨ੍ਹਾਂ ਸਾਰੇ ਆਗੂਆਂ ਨੇ ਦੂਰੀ ਬਣਾ ਕੇ ਰੱਖੀ।

ਦਲ ਖ਼ਾਲਸਾ ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਦਾ ਕਹਿਣਾ ਹੈ ਕਿ ਧਾਰਮਿਕ ਆਗੂਆਂ ਨੇ ਇਸ ਵਾਰ ਭੇਤਭਰੀ ਚੁੱਪ ਧਾਰੀ ਹੋਈ ਹੈ ਤੇ ਅਜਿਹਾ ਸਿਆਸੀ ਦਬਾਅ ਕਾਰਨ ਹੈ।

### ਸਰਕਾਰ ਇਸ਼ਤਿਹਾਰ ਰਾਹੀਂ ਸਫ਼ਾਈ ਦੇਣ ਵਿਚ ਜੁਟੀ

**ਲੁਧਿਆਣਾ:** ਆਪਣੀ ਸਾਖ ਬਚਾਉਣ ਖ਼ਾਤਰ ਪੰਜਾਬ ਸਰਕਾਰ ਨੇ ਇਸ਼ਤਿਹਾਰ ਰਾਹੀਂ ਬਾਪੂ ਦੇ ਸਮਰਥਕਾਂ ਤੇ ਸਰਕਾਰ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਲੋਕਾਂ ਨੂੰ ਜਵਾਬ ਦਿੱਤਾ ਹੈ। ਇਸ ਇਸ਼ਤਿਹਾਰ ਵਿਚ ਬੰਦੀ ਸਿੱਖਾਂ ਦੀ ਰਿਹਾਈ ਤੋਂ ਲੈ ਕੇ ਹੋਰ ਸਾਰੇ ਹੀ ਪ੍ਰਸ਼ਨਾਂ ਦੇ ਸਰਕਾਰ ਵੱਲੋਂ ਉੱਤਰ ਦਿੱਤੇ ਗਏ ਹਨ। ਸਰਕਾਰ ਨੇ ਇਸ਼ਤਿਹਾਰ ਵਿਚ ਦੱਸਿਆ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਸਜ਼ਾ ਪੂਰੀ ਕਰ ਚੁੱਕਾ ਇਕ ਵੀ ਸਿੰਘ ਬੰਦ ਨਹੀਂ ਹੈ। 82 ਕੈਦੀਆਂ ਬਾਰੇ ਵੀ ਸਰਕਾਰ ਵੱਲੋਂ ਸਪਸ਼ਟੀਕਰਨ ਦਿੱਤਾ ਗਿਆ ਹੈ।

# ਅਕਾਲੀਆਂ ਨੂੰ ਮਹਿੰਗੀ ਪਈ ਅਕਸ ਸੁਧਾਰ ਮੁਹਿੰਮ

*(ਸਫਾ ਇਕ ਦੀ ਬਾਕੀ)*

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੂੰ ਪਰਵਾਸੀ ਪੰਜਾਬੀਆਂ ਦੇ ਮਨ ਟੋਹਣ ਲਈ ਭੇਜਿਆ ਸੀ ਤੇ ਇਹ ਆਗੂ ਤਕਰੀਬਨ ਡੇਢ ਮਹੀਨੇ ਤੋਂ ਪਰਵਾਸੀਆਂ ਦੀ ਬਾਦਲ ਸਰਕਾਰ ਪ੍ਰਤੀ ਨਾਰਾਜ਼ਗੀ ਮਾਪ ਰਹੇ ਸਨ। ਅਕਾਲੀ ਦਲ ਨੇ ਆਪਣੀ ਵਿਦੇਸ਼ ਮੁਹਿੰਮ ਨੂੰ ਤਿੰਨ ਪੜਾਵਾਂ ਵਿਚ ਵੰਡਿਆ ਸੀ।

ਪਹਿਲੇ ਪੜਾਅ ਵਿਚ ਸ. ਜੀ.ਕੇ ਤੇ ਸ. ਸਿਰਸਾ ਨੂੰ ਭੇਜਿਆ ਗਿਆ ਸੀ ਜਿਨ੍ਹਾਂ ਦੀ 'ਰਿਪੋਰਟ' ਦੇ ਆਧਾਰ 'ਤੇ ਅਕਾਲੀ ਦਲ ਦਾ ਵਫਦ ਅਮਰੀਕਾ ਪੁੱਜਾ ਸੀ। ਤੀਜੇ ਪੜਾਅ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਦੇਸ਼ ਦੌਰੇ ਲਈ ਤਿਆਰ ਬੈਠੇ ਸਨ ਪਰ ਅਕਾਲੀ ਆਗੂਆਂ ਨਾਲ ਹੋਏ ਵਿਹਾਰ ਪਿੱਛੋਂ ਬਾਦਲ ਦੇ ਦੌਰੇ ਬਾਰੇ ਕੱਚ-ਪੱਕ ਬਣ ਗਈ ਹੈ। ਸੁਖਬੀਰ ਸਿੰਘ ਬਾਦਲ ਨੇ ਕੁਝ ਵਰ੍ਹੇ ਪਹਿਲਾਂ ਵੀ ਪੰਜਾਬੀਆਂ ਦੀ ਬਹੁ-ਵੱਸੋਂ ਵਾਲੇ ਦੇਸ਼ਾਂ ਦਾ ਦੌਰਾ ਕਰਨ ਦੀ ਤਿਆਰੀ ਕੀਤੀ ਸੀ, ਪਰ ਐਨ ਮੌਕੇ 'ਤੇ ਇਹ ਰੱਦ ਕਰ ਦਿੱਤਾ ਗਿਆ। ਕਾਰਨ ਇਹ ਦੱਸਿਆ ਗਿਆ ਸੀ ਕਿ ਸੁਰੱਖਿਆ ਕਾਰਨਾਂ ਕਰ ਕੇ ਉਹ ਵਿਦੇਸ਼ ਨਹੀਂ ਗਏ ਪਰ ਬਾਅਦ ਵਿਚ ਖੁਲਾਸਾ ਹੋਇਆ ਸੀ ਕਿ ਵੱਡੀ ਗਿਣਤੀ ਪਰਵਾਸੀਆਂ ਨੇ ਉਨ੍ਹਾਂ ਦੇ ਵਿਰੋਧ ਦੀ ਤਿਆਰੀ ਕੀਤੀ ਹੋਈ ਸੀ ਜਿਸ ਦੀ ਸੂਹ ਮਿਲਣ ਪਿੱਛੋਂ ਸ. ਬਾਦਲ ਦੜ ਵੱਟ ਗਏ। ਉਸ ਪਿੱਛੋਂ ਅਕਾਲੀ ਦਲ ਪਰਵਾਸੀਆਂ ਵਿਚ ਲਗਾਤਾਰ ਆਪਣਾ ਅਕਸ ਸੁਧਾਰਨ ਦੀਆਂ ਕੋਸ਼ਿਸ਼ਾਂ ਵਿਚ ਲੱਗਾ ਹੋਇਆ ਸੀ।

ਪੰਜਾਬ ਵਿਚ ਪਰਵਾਸੀਆਂ ਲਈ ਵੱਖਰੇ ਥਾਣੇ ਤੇ ਉਨ੍ਹਾਂ ਦੀਆਂ ਜ਼ਮੀਨਾਂ ਸਬੰਧੀ ਝਗੜਿਆਂ ਦਾ ਪਹਿਲ ਦੇ ਆਧਾਰ 'ਤੇ ਹੱਲ ਸਣੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਰਵਾਸੀ ਸੰਗਤ ਦਰਸ਼ਨ ਸ਼ੁਰੂ ਕੀਤੇ ਸਨ, ਪਰ ਇਨ੍ਹਾਂ ਕੋਸ਼ਿਸ਼ਾਂ ਨੂੰ ਬੂਰ ਨਾ ਪੈ ਸਕਿਆ। ਪਰਵਾਸੀ ਪੰਜਾਬੀਆਂ ਅੰਦਰ ਬਾਦਲ ਸਰਕਾਰ ਖਿਲਾਫ ਸਖ਼ਤ ਰੋਸ ਹੈ। ਉਹ ਪੰਜਾਬ ਵਿਚਲੇ ਪ੍ਰਬੰਧਕੀ ਢਾਂਚੇ ਤੋਂ ਨਾਖੁਸ਼ ਹਨ। ਸਰਕਾਰੀ ਮਸ਼ੀਨਰੀ ਦੇ ਦਬਦਬੇ ਹੇਠ ਨਾ ਸਿਰਫ ਪਰਵਾਸੀ ਭਾਰਤੀਆਂ ਦੀਆਂ ਜ਼ਮੀਨਾਂ-ਜਾਇਦਾਦਾਂ ਦੱਬਣ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ, ਬਲਕਿ ਕਈਆਂ ਦੇ ਕਤਲ ਵੀ ਹੋਏ ਹਨ। ਪਰਵਾਸੀ ਭਾਰਤੀਆਂ ਵੱਲੋਂ ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੇ ਸਿਆਸੀ ਦ੍ਰਿਸ਼ ਉਤੇ ਨਿਭਾਈ ਭੂਮਿਕਾ ਨੇ ਅਕਾਲੀ ਦਲ ਸਮੇਤ ਸਾਰੇ ਸਿਆਸੀ ਦਲਾਂ ਨੂੰ ਚੌਂਕਾ ਦਿੱਤਾ ਸੀ। ਮੁਲਕ ਭਰ ਵਿਚ ਵੱਡੀ ਹਾਰ ਦੇ ਬਾਵਜੂਦ ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਦੇ ਪੱਖ ਵਿਚ ਬਣੇ ਮਾਹੌਲ ਲਈ ਪਰਵਾਸੀ ਭਾਰਤੀਆਂ ਦਾ ਵੱਡਾ ਹੱਥ ਸੀ। ਵਿੱਤੀ ਮੱਦਦ ਦੇ ਨਾਲ ਨਾਲ ਪਰਵਾਸੀ ਭਾਰਤੀਆਂ ਨੇ ਚੋਣਾਂ ਦੌਰਾਨ 'ਆਪ' ਦੀ ਜਿੱਤ ਲਈ ਨਿੱਜੀ ਤੌਰ ਉਤੇ ਸਰਗਰਮ ਭੂਮਿਕਾ ਨਿਭਾਈ।

ਪੰਜਾਬ ਦੀਆਂ ਤਕਰੀਬਨ ਸਾਰੀਆਂ ਪਾਰਟੀਆਂ ਦੀ ਨਜ਼ਰ ਹੁਣ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਉਤੇ ਹੈ। ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਵਿਦੇਸ਼ ਦਾ ਦੌਰਾ ਕਰ ਚੁੱਕੇ ਹਨ।

ਕੈਪਟਨ ਅਮਰਿੰਦਰ ਸਿੰਘ ਦੇ ਵੀ ਵਿਦੇਸ਼ ਜਾਣ ਦੇ ਪ੍ਰੋਗਰਾਮ ਦੀਆਂ ਖ਼ਬਰਾਂ ਆ ਰਹੀਆਂ ਹਨ। ਇਸ ਲਈ ਪਰਵਾਸੀ ਪੰਜਾਬੀਆਂ ਦੀ ਨਾਰਾਜ਼ਗੀ ਘਟਾਉਣ ਦੀ ਰਣਨੀਤੀ ਤਹਿਤ ਹੀ ਅਕਾਲੀ ਦਲ ਨੇ ਵੀ ਆਪਣੇ ਸੀਨੀਅਰ ਆਗੂਆਂ ਨੂੰ ਵੱਖ ਵੱਖ ਦੇਸ਼ਾਂ ਦੇ ਦੌਰੇ ਉਤੇ ਭੇਜਣ ਦਾ ਫ਼ੈਸਲਾ ਕੀਤਾ ਸੀ। ਹਾਲਾਤ ਦੇ ਮੱਦੇਨਜ਼ਰ ਕੁਝ ਸੂਝਵਾਨ ਅਕਾਲੀ ਆਗੂਆਂ ਨੇ ਅਮਰੀਕਾ ਤੇ ਕੈਨੇਡਾ ਜਾ ਕੇ ਜਨਤਕ ਸਮਾਗਮਾਂ ਤੋਂ ਗੁਰੇਜ਼ ਕਰਨ ਦੀ ਸਲਾਹ ਵੀ ਦਿੱਤੀ ਸੀ ਜਿਸ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਬੋਨਫੇਅਰ ਮਾਰਕਿਟਸ ਚੈਰੀਟੇਬਲ ਫਾਊਂਡੇਸ਼ਨ ਦਾ ਗੌਲਫ ਟੂਰਨਾਮੈਂਟ 23 ਨੂੰ

**ਸੈਨ ਹੋਜ਼ੇ (ਬਿਊਰੋ):** ਬੋਨਫੇਅਰ ਮਾਰਕਿਟਸ ਚੈਰੀਟੇਬਲ ਫਾਊਂਡੇਸ਼ਨ ਵਲੋਂ ਆਪਣੀ ਲੰਮੀ ਰਵਾਇਤ ਨੂੰ ਕਾਇਮ ਰੱਖਦਿਆਂ ਆਉਂਦੀ 23 ਜੁਲਾਈ ਨੂੰ ਆਪਣਾ 27ਵਾਂ ਬੋਨਫੇਅਰ ਗੌਲਫ ਟੂਰਨਾਮੈਂਟ ਇਥੇ ਸਿਲਵਰ ਕਰੀਕ ਵੈਲੀ ਕੰਟਰੀ ਕਲੱਬ ਵਿਚ ਕਰਵਾਇਆ ਜਾਵੇਗਾ। ਇਸ ਸਾਲ ਦੇ ਟੂਰਨਾਮੈਂਟ ਦੀ ਖਾਸ ਗੱਲ ਇਹ ਹੋਵੇਗੀ ਕਿ ਆਪਣੇ ਸਮੇਂ ਦਾ ਉਘਾ ਭਾਰਤੀ ਕ੍ਰਿਕਟ ਖਿਡਾਰੀ ਕਪਿਲ ਦੇਵ, ਜੋ ਕਿ ਇਕ ਚੰਗਾ ਗੌਲਫਰ ਵੀ ਹੈ, ਇਸ ਟੂਰਨਾਮੈਂਟ 'ਚ ਮੁੱਖ ਮਹਿਮਾਨ ਹੋਵੇਗਾ।

ਜ਼ਿਕਰਯੋਗ ਹੈ ਕਿ ਬੋਨਫੇਅਰ ਵਲੋਂ ਪਿਛਲੇ 30 ਸਾਲ ਤੋਂ ਬੇ ਏਰੀਆ ਵਿਚ ਆਪਣੇ ਰਸੂਖ ਦੀ ਵਰਤੋਂ ਭਾਈਚਾਰੇ ਦੀ ਵੱਖ ਵੱਖ ਤਰੀਕੇ ਨਾਲ ਮਦਦ ਕਰਨ ਲਈ ਕੀਤੀ ਜਾ ਰਹੀ ਹੈ। ਬੋਨਫੇਅਰ, ਇਸ ਦੀਆਂ ਸਹਾਇਕ ਕੰਪਨੀਆਂ ਅਤੇ ਬਿਜਨਸ ਭਾਈਵਾਲਾਂ ਨੇ ਹਜ਼ਾਰਾਂ ਡਾਲਰ ਇਸ ਮਿਸ਼ਨ ਲਈ ਖਰਚਿਆ ਹੈ। ਆਪਣੇ ਇਨ੍ਹਾਂ ਯਤਨਾਂ ਰਾਹੀਂ ਬੋਨਫੇਅਰ ਵਲੋਂ ਲੋੜਵੰਦ ਬੱਚਿਆਂ ਦੀ ਸਥਾਨਕ ਪੱਧਰ ਉਤੇ ਅਤੇ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵਿਚ ਮਦਦ ਕੀਤੀ ਜਾ ਰਹੀ ਹੈ।

ਬੋਨਫੇਅਰ ਵਲੋਂ ਇਕੱਤਰ ਕੀਤਾ ਗਿਆ ਪੈਸਾ ਵਿਕਾਸ ਦੀਆਂ ਵੱਖ ਵੱਖ ਤਰ੍ਹਾਂ ਦੀਆਂ ਲੋੜਾਂ ਵਾਸਤੇ ਲਾਭਪਾਤਰੀ ਸੰਸਥਾਵਾਂ ਰਾਹੀਂ ਵਰਤਿਆ ਜਾਂਦਾ ਹੈ। ਕੁਝ ਜਥੇਬੰਦੀਆਂ ਵਲੋਂ ਇਹ ਪੈਸਾ ਅਜਿਹਾ ਬੁਨਿਆਦੀ ਢਾਂਚਾ ਖੜ੍ਹਾ ਕਰਨ ਲਈ ਖਰਚ ਕੀਤਾ ਜਾਂਦਾ ਹੈ ਜਿਸ ਰਾਹੀਂ ਬੱਚੇ ਸਕੂਲ ਜਾ ਸਕਣ। ਕਈ ਹੋਰ ਜਥੇਬੰਦੀਆਂ ਨੇ ਇਸ ਪੈਸੇ ਦੀ ਵਰਤੋਂ ਬੱਚਿਆਂ ਦੇ ਕਲਾਸ ਰੂਮਾਂ ਵਿਚ ਲੋੜੀਂਦੀ ਤਕਨਾਲੋਜੀ ਨੂੰ ਅਪਗਰੇਡ ਕਰਨ ਲਈ ਕੀਤੀ ਹੈ। ਨਿਸ਼ਚਾ ਹਮੇਸ਼ਾ ਇਹ ਰਿਹਾ ਹੈ ਕਿ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਚੰਗੇਰਾ ਜੀਵਨ ਜਿਉਣ ਲਈ ਢੁਕਵਾਂ ਵਾਤਾਵਰਣ ਬਣਾ ਕੇ ਦਿੱਤਾ ਜਾਵੇ।

ਸ਼ੁਰੂ ਦੇ ਸਾਲਾਂ ਵਿਚ ਬੋਨਫੇਅਰ ਬੇ ਏਰੀਏ ਦੀ ਇਕ ਜਥੇਬੰਦੀ ਈਸਟਰ ਸੀਲਜ਼ ਨਾਲ ਜੁੜੀ ਰਹੀ ਜੋ ਕਿ ਅੰਗਹੀਣ ਅਤੇ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਦੀ ਮਦਦ ਕਰਦੀ ਹੈ ਪ੍ਰੰਤੂ ਪਿਛਲੇ ਕੁਝ ਸਾਲਾਂ ਤੋਂ ਬੋਨਫੇਅਰ ਵਲੋਂ ਆਪਣੇ ਫੰਡਰੇਜ਼ਿੰਗ ਯਤਨਾਂ ਰਾਹੀਂ ਇਕੱਠਾ ਹੋਇਆ ਪੈਸਾ ਸਿੱਧਾ ਚੋਣਵੀਆਂ ਲਾਭਪਾਤਰੀ ਜਥੇਬੰਦੀਆਂ ਨੂੰ ਦਿੱਤਾ ਜਾਂਦਾ ਹੈ। ਬੋਨਫੇਅਰ ਵਲੋਂ ਅਜਿਹੀਆਂ ਜਥੇਬੰਦੀਆਂ ਦੀ ਚੋਣ ਵੇਲੇ ਜਾਗਦੀ ਜਮੀਰ ਦਾ ਸਹਾਰਾ ਲਿਆ ਜਾਂਦਾ ਹੈ। ਇਸ ਵਰ੍ਹੇ ਦੇ ਗੌਲਫ ਟੂਰਨਾਮੈਂਟ ਅਤੇ ਫੰਡਰੇਜ਼ਿੰਗ ਯਤਨਾਂ ਦੇ ਲਾਭਪਾਤਰੀ ਫਾਊਂਡੇਸ਼ਨ ਫਾਰ ਐਕਸੇਲੈਂਸ ਇਨ ਐਜੂਕੇਸ਼ਨ (ਐਫ ਐਫ ਈ) ਅਤੇ ਪਾਰਟਨਰਜ਼ ਇਨ ਪ੍ਰੀਵੈਂਸ਼ਨ ਹੋਣਗੇ।

ਐਫ ਐਫ ਈ ਦਾ ਮਕਸਦ ਗੰਭੀਰ ਮਾਲੀ ਦਿੱਕਤਾਂ ਦਾ ਸਾਹਮਣਾ ਕਰ ਰਹੇ ਬੇਹਦ ਹੁਸ਼ਿਆਰ ਬੱਚਿਆਂ ਨੂੰ ਮਾਲੀ ਮਦਦ ਦੇਣਾ ਹੈ ਤਾਂ ਜੋ ਉਹ ਇੰਜੀਨੀਅਰ ਅਤੇ ਡਾਕਟਰ ਵਗੈਰਾ ਬਣਨ ਦੇ ਆਪਣੇ ਮਕਸਦ ਵਿਚ ਕਾਮਯਾਬ ਹੋ ਸਕਣ। ਪਾਰਟਨਰਜ਼ ਇਨ ਪ੍ਰੀਵੈਂਸ਼ਨ (ਰੋਕਥਾਮ ਵਿਚ ਭਾਈਵਾਲੀ) ਦੀ ਪਹਿਲਕਦਮੀ 2010 ਵਿਚ ਬੱਚਿਆਂ ਨੂੰ ਸੋਸ਼ਣ ਅਤੇ ਲਾਪ੍ਰਵਾਹੀ ਤੋਂ ਬਚਾਉਣ ਲਈ ਕੀਤੀ ਗਈ ਸੀ। ਮਕਸਦ ਇਹ ਵੀ ਸੀ ਕਿ ਆਪਣੇ ਭਾਈਚਾਰੇ ਨੂੰ ਅਜਿਹੇ ਸੋਸ਼ਣ ਨੂੰ ਰੋਕਣ ਲਈ ਲੋੜੀਂਦੀਆਂ ਸੇਵਾਵਾਂ ਜੁਟਾਈਆਂ ਜਾਣ। ਪਿਛਲੇ ਕੁਝ ਸਾਲਾਂ ਅੰਦਰ ਜਿਨ੍ਹਾਂ ਸੰਸਥਾਵਾਂ ਅਤੇ ਸਕੂਲਾਂ ਦੀ ਮਦਦ ਕੀਤੀ ਗਈ ਹੈ, ਉਨ੍ਹਾਂ ਵਿਚ ਈਸਟ ਪਾਲੋ ਆਲਟੋ ਚਾਰਟਰ ਸਕੂਲ (ਕੈਲੀਫੋਰਨੀਆ); ਵਰਨਨ ਡੇਵਿਸ ਫਾਊਂਡੇਸ਼ਨ ਆਫ ਆਰਟਸ; ਸੈਨ ਪਾਬਲੋ ਹਾਈ ਸਕੂਲ, ਸੈਨ ਪਾਬਲੋ, ਕੈਲੀਫਰਨੀਆ; ਟਰੇਸੀ ਹਾਈ ਸਕੂਲ, ਟਰੇਸੀ; ਸਿਲਵਰ ਕਰੀਕ ਹਾਈ ਸਕੂਲ, ਸੈਨ ਹੋਜ਼ੇ; ਰਿਚਮੰਡ ਹਾਈ ਸਕੂਲ, ਰਿਚਮੰਡ; ਰਿਓਲਿੰਡਾ ਸੀਨੀਅਰ ਹਾਈ ਸਕੂਲ, ਸੈਕਰਾਮੈਂਟੋ; ਇੰਡੀਆ ਰੂਰਲ ਡਿਵੈਲਪਮੈਂਟ ਫਾਊਂਡੇਸ਼ਨ, ਫਰੀਮਾਂਟ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸੰਸਥਾਵਾਂ ਸ਼ਾਮਲ ਹਨ।

1969 ਵਿਚ ਸਥਾਪਤ ਕੀਤੀ ਗਈ ਬੋਨਫੇਅਰ ਮਾਰਕਿਟਸ ਇੱਕ ਪੂਰੇ ਉਤਰੀ ਕੈਲੀਫੋਰਨੀਆ ਵਿਚ ਰਿਟੇਲ ਗਰਾਸਰੀ ਸਟੋਰਾਂ ਦੇ ਫਰੈਂਚਾਈਜ਼ ਵੇਚਦੀ ਹੈ। ਆਪਣੀਆਂ 38 ਲੋਕੇਸ਼ਨਾਂ ਰਾਹੀਂ ਇਹ ਕੰਪਨੀ ਗਾਹਕਾਂ ਨੂੰ ਖਰੀਦਦਾਰੀ ਕਰਨ ਵਾਸਤੇ ਢੁਕਵਾਂ ਵਾਤਾਵਰਣ ਮੁਹੱਈਆ ਕਰਦੀ ਹੈ।


**Punjab Times**
**Our New E-mail**
*Punjabtimes1@gmail.com*



## ਲੋੜ ਹੈ
ਇੰਡੀਅਨ ਰੈਸਟੋਰੈਂਟ ਵਿੱਚ
ਕਿਚਨ ਹੈਲਪਰ
ਲੇਡੀਜ਼ ਅਤੇ ਪੁਰਸ਼
ਦੀ ਤੁਰੰਤ ਲੋੜ ਹੈ
ਵੇਟਰਸ ਦੀ ਵੀ ਜਰੂਰਤ ਹੈ
ਸੰਪਰਕ ਕਰੋ
661-364-0341



## Prince's Barber Shop
37477 Fremont Blvd, suite C, Fremont, CA 94536
**Men & Children's Hair Cut**
*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

**Cell: (510)-677-9942**
**Shop: (510)-505-9605**
*www.princebarbershop.com*



## ਚੱਕ ਲਓ, ਚੱਕ ਲਓ!!
ਐਚ ਡੀ ਅਤੇ ਆਈ ਪੀ
ਕੈਮਰਿਆਂ ਦੀਆਂ
ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ
ਲਈ ਇੰਟਰਫੇਸ ਉਪਲਬਧ ਹੈ

**Upgrade your Security Cameras to High Definition at very reasonable prices**


*For a Free Demo of our new HD Cameras*
*Please Contact us*: Balbir S Sidhu
209-495-3905 (Cell)
www.dvrunlimited.com
Toll Free (888) 233-4566
**DVRunlimited Inc.**
Installation Available



*"Ask us about the...*
**AARP® Auto Insurance Program from The Hartford."**
***NOW AVAILABLE IN YOUR AREA!***
**Find out more about the Special Benefits of The Hartford's Program for AARP members and our Competitive Rates!**

*Satwant Singh*
**You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.**
***-Satwant Singh!***
**Call today for your FREE, no-obligation quote:**
**+1-408-771-2438**
Satwant Singh: 2774 Aborn Rd,
San Jose, CA 95121
satwant@satwantins.com
www.satwantins.com
CA License# 0H11256
AARP® | Auto Insurance Program from THE HARTFORD
The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.
*107792 2nd Rev*

# ਸਰਕਾਰ ਦੇ ਸੋਹਲੇ ਗਾਉਣ ਲਈ ਪਾਬੰਦ ਹੋਏ ਵਿਭਾਗ

**ਚੰਡੀਗੜ੍ਹ:** ਸਮੇਂ ਦੀ ਨਬਜ਼ ਨੂੰ ਪਛਾਣਦੇ ਹੋਏ ਹੁਣ ਅਕਾਲੀ ਦਲ ਨੇ ਆਪਣੀਆਂ ਪ੍ਰਾਪਤੀਆਂ ਤੇ ਸਰਗਰਮੀਆਂ ਦੇ ਪ੍ਰਚਾਰ ਲਈ ਸੋਸ਼ਲ ਮੀਡੀਆ 'ਤੇ ਟੇਕ ਲਾ ਲਈ ਹੈ। ਜਿਸ ਦੇ ਚੱਲਦਿਆਂ ਇਕ ਪ੍ਰਾਈਵੇਟ ਕੰਪਨੀ ਨਾਲ ਸਮਝੌਤਾ ਕਰਨ ਤੋਂ ਇਲਾਵਾ ਪੰਜਾਬ ਦੇ ਲੋਕ ਸੰਪਰਕ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦੇ ਨੁਮਾਇੰਦਿਆਂ ਨੂੰ ਸੋਸ਼ਲ ਮੀਡੀਆ ਉਤੇ ਸਰਕਾਰ ਦੇ 'ਸੋਹਲੇ' ਗਾਉਣ ਲਈ ਪਾਬੰਦ ਕਰ ਦਿੱਤਾ ਗਿਆ ਹੈ। ਪਿਛਲੇ ਸਮੇਂ ਦੌਰਾਨ ਸੋਸ਼ਲ ਮੀਡੀਆ ਉਤੇ ਨੁਕਤਾਚੀਨੀ ਦਾ ਸ਼ਿਕਾਰ ਹੋਣ ਪਿੱਛੋਂ ਪੰਜਾਬ ਸਰਕਾਰ ਨੇ ਇਹ ਕਦਮ ਚੁੱਕਿਆ ਹੈ।

ਸਰਕਾਰ ਦੀਆਂ ਪ੍ਰਾਪਤੀਆਂ ਦੇ ਪ੍ਰਚਾਰ ਲਈ ਪੰਜਾਬ ਸਰਕਾਰ ਨੇ ਦਿੱਲੀ ਨਾਲ ਸਬੰਧਿਤ 'ਓਮ ਲੋਜਿਕ' ਨਾਂ ਦੀ ਕੰਪਨੀ ਨਾਲ ਵੀ ਸਮਝੌਤਾ ਕੀਤਾ ਹੈ, ਜਿਸ ਨੂੰ ਦੋ ਸਾਲਾਂ ਵਿਚ ਤਕਰੀਬਨ ਡੇਢ ਕਰੋੜ ਰੁਪਏ ਦਿੱਤੇ ਜਾਣੇ ਹਨ। ਇਸ ਕੰਪਨੀ ਨੇ ਮਾਰਚ-2015 ਤੋਂ ਕੰਮ ਸ਼ੁਰੂ ਕੀਤਾ ਹੈ, ਜਿਸ ਨੇ ਫੇਸਬੁੱਕ, ਟਵਿੱਟਰ, ਯੂ-ਟਿਊਬ ਵਰਗੀਆਂ ਸੋਸ਼ਲ ਸਾਈਟਾਂ ਉਤੇ ਪੰਜਾਬ ਸਰਕਾਰ ਦੇ ਅਧਿਕਾਰਤ ਪੇਜ ਬਣਾਏ ਹਨ। ਇਸ ਕੰਪਨੀ ਨੇ ਹਰੇਕ ਹਫਤੇ ਤਕਰੀਬਨ 35 ਟਵੀਟ, 14 ਫੇਸਬੁੱਕ ਪੋਸਟ, 9 ਬਲਾਗਪੋਸਟ, 7 ਵੀਡੀਓਜ਼ ਆਦਿ ਸੋਸ਼ਲ ਮੀਡੀਆ ਉਤੇ ਪੋਸਟ ਕਰਨੇ ਹੁੰਦੇ ਹਨ। ਇਨ੍ਹਾਂ ਸਾਰੀਆਂ ਪ੍ਰਾਪਤੀਆਂ ਸਬੰਧੀ ਜਾਣਕਾਰੀ ਨੂੰ ਚੈਕ ਕਰਨ ਲਈ ਲੋਕ ਸੰਪਰਕ ਵਿਭਾਗ ਨੂੰ ਵੀ ਚੁਸਤ ਦਰੁਸਤ ਕੀਤਾ ਗਿਆ ਹੈ। ਇਸ ਵਿਭਾਗ ਨੇ ਪੰਜਾਬ ਵਿਚ ਸਮੂਹ ਲੋਕ ਸੰਪਰਕ ਅਫ਼ਸਰਾਂ ਤੇ ਸਹਾਇਕ ਲੋਕ ਸੰਪਰਕ ਅਫ਼ਸਰਾਂ ਨੂੰ ਵੀ ਸੋਸ਼ਲ ਮੀਡੀਆ 'ਤੇ ਸਰਕਾਰ ਦੀਆਂ ਪ੍ਰਾਪਤੀਆਂ ਦਾ ਪਸਾਰ ਕਰਨ ਲਈ ਨਿਰਦੇਸ਼ ਜਾਰੀ ਕੀਤੇ ਹਨ।

ਭਾਰਤ ਸਮੇਤ ਪੰਜਾਬ ਵਿਚ ਸੂਚਨਾ ਤਕਨਾਲੋਜੀ ਵਿਚ ਆਈ ਕ੍ਰਾਂਤੀ ਦੇ ਚੱਲਦਿਆਂ ਸੋਸ਼ਲ ਮੀਡੀਆ ਦੀ ਮਹੱਤਤਾ ਵੀ ਵਧੀ ਹੈ। ਦੇਸ਼ ਵਿਚ ਤਕਰੀਬਨ 118 ਮਿਲੀਅਨ ਸੋਸ਼ਲ ਮੀਡੀਆ ਅਕਾਊਂਟਸ ਚੱਲ ਰਹੇ ਹਨ, ਜਿਨ੍ਹਾਂ ਵਿਚੋਂ 100 ਮਿਲੀਅਨ ਦੇ ਕਰੀਬ ਮੋਬਾਈਲ ਫੋਨਾਂ ਉਤੇ ਚੱਲਦੇ ਹਨ। ਇਕ ਮੋਬਾਈਲ ਕੰਪਨੀ ਵੱਲੋਂ ਕੀਤੇ ਗਏ ਸਰਵੇ ਮੁਤਾਬਕ ਸਮਾਰਟਫੋਨ ਦੀ ਵਰਤੋਂ ਕਰਨ ਵਾਲੇ ਭਾਰਤੀ 47 ਫੀਸਦੀ ਸਮਾਂ ਸੋਸ਼ਲ ਮੀਡੀਆ ਉਤੇ ਹੀ ਗੁਜ਼ਾਰਦੇ ਹਨ। ਇਸ ਤਰ੍ਹਾਂ ਇਨ੍ਹਾਂ ਲੋਕਾਂ ਤੱਕ ਆਸਾਨ ਪਹੁੰਚ ਅਪਣਾਉਣ ਲਈ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੀ ਈ-ਮੇਲ ਆਈ.ਡੀ. ਬਣਾ ਕੇ ਪੰਜਾਬ ਵਾਸੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ/ਸਮੱਸਿਆ ਉਨ੍ਹਾਂ ਨੂੰ ਸਿੱਧੇ ਤੌਰ ਉਤੇ ਭੇਜਣ ਦੀ ਸਹੂਲਤ ਦਿੱਤੀ ਹੈ ਤੇ ਨਾਲ ਹੀ ਸ. ਬਾਦਲ ਨੇ ਫ਼ੇਸਬੁੱਕ ਉਤੇ ਪੇਜ ਬਣਾਉਣ ਦੇ ਇਲਾਵਾ ਵੱਖ-ਵੱਖ ਵਿਭਾਗਾਂ ਦੀਆਂ ਵੈੱਬਸਾਈਟਾਂ ਵੀ ਬਣਵਾਈਆਂ ਹਨ। ਇਸੇ ਤਰ੍ਹਾਂ ਲੋਕਾਂ ਵਿਚ ਚੰਗੀ ਛਾਪ ਛੱਡਣ ਤੇ ਉਨ੍ਹਾਂ ਦੇ ਕੰਮਕਾਜ ਆਸਾਨ ਬਣਾਉਣ ਲਈ ਵਿਭਾਗਾਂ ਨਾਲ ਸਬੰਧਤ ਮੁਫ਼ਤ ਹੈਲਪ ਲਾਈਨਾਂ ਵੀ ਸ਼ੁਰੂ ਕਰਵਾਈਆਂ ਹਨ। ਖਾਸ ਤੌਰ 'ਤੇ ਪੁਲਿਸ ਦੀ ਕਾਰਗੁਜ਼ਾਰੀ ਵਿਚ ਸੁਧਾਰ ਲਿਆਉਣ ਲਈ 181, ਲੜਕੀਆਂ ਦੀ ਸੁਰੱਖਿਆ ਲਈ 1091, ਬਾਲ ਸੁਰੱਖਿਆ ਬਾਰੇ ਸ਼ਿਕਾਇਤਾਂ ਲਈ 1098 ਹੈਲਪ ਲਾਈਨ ਦੇ ਇਲਾਵਾ ਹੋਰ ਕਈ ਵਿਭਾਗਾਂ ਦੀਆਂ ਹੈਲਪ ਲਾਈਨਾਂ ਸ਼ੁਰੂ ਕਰਵਾਈਆਂ ਗਈਆਂ ਹਨ।

ਲੋਕ ਸੰਪਰਕ ਵਿਭਾਗ ਵੱਲੋਂ ਪ੍ਰਕਾਸ਼ਿਤ ਕੀਤੇ ਜਾਣ ਵਾਲੇ ਪੁਰਾਣੇ ਮੈਗਜ਼ੀਨ ਵਿਚ ਸਿਰਫ਼ ਸਰਕਾਰ ਦੀਆਂ ਪ੍ਰਾਪਤੀਆਂ ਨਾਲ ਸਬੰਧਤ ਅੰਕੜੇ ਹੋਣ ਕਾਰਨ ਇਹ ਮੈਗਜ਼ੀਨ ਜ਼ਿਆਦਾ ਪ੍ਰਭਾਵੀ ਸਿੱਧ ਨਹੀਂ ਹੋ ਸਕਿਆ ਸੀ, ਜਿਸ ਕਾਰਨ ਪੰਜਾਬ ਸਰਕਾਰ ਨੇ ਇਸ ਨੂੰ ਹੋਰ ਰੌਚਕ ਬਣਾਉਣ ਲਈ ਵੱਡੇ ਪੱਧਰ ਉਤੇ ਤਬਦੀਲੀਆਂ ਕੀਤੀਆਂ ਹਨ। ਪਿਛਲੇ ਸਮੇਂ ਤੋਂ ਇਸ ਮੈਗਜ਼ੀਨ ਵਿਚ ਸਰਕਾਰ ਦੀਆਂ ਪ੍ਰਾਪਤੀਆਂ ਨਾਲ ਸਬੰਧਤ ਰੌਚਕ ਲੇਖ ਛਾਪਣ ਦੇ ਇਲਾਵਾ ਇਸ ਵਿਚ ਕੈਰੀਅਰ/ਖੇਤੀਬਾੜੀ ਅਤੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਅਹਿਮ ਲੇਖ ਵੀ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਰਾਹੁਲ ਤਿਵਾੜੀ ਨੇ ਦੱਸਿਆ ਕਿ ਇਸ ਮੌਕੇ ਪੰਜਾਬ ਅੰਦਰ ਇਹ ਮੈਗਜ਼ੀਨ ਤਿੰਨ ਭਾਸ਼ਾਵਾਂ ਵਿਚ ਛਪ ਰਿਹਾ ਹੈ।




## ਪੇਂਡੂਆਂ ਨੂੰ ਬਾਦਲ ਸਰਕਾਰ ਦਾ ਵੱਡਾ ਝਟਕਾ

ਚੰਡੀਗੜ੍ਹ: ਪੰਜਾਬ ਸਰਕਾਰ ਅਧੀਨ ਨੌਕਰੀ ਲੈਣ ਲਈ ਹੁਣ ਪੇਂਡੂ ਖੇਤਰ ਨਾਲ ਸਬੰਧਤ ਉਮੀਦਵਾਰਾਂ ਨੂੰ ਵਾਧੂ ਅੰਕ ਨਹੀਂ ਮਿਲਣਗੇ। ਸਰਕਾਰ ਨੇ ਇਕ ਅਧਿਸੂਚਨਾ ਜਾਰੀ ਕਰਦਿਆਂ ਉਸ ਨੀਤੀ ਨੂੰ ਵਾਪਸ ਲੈ ਲਿਆ ਹੈ ਜਿਸ ਤਹਿਤ ਸਰਕਾਰ ਨੌਕਰੀਆਂ ਵਿਚ ਸਿੱਧੀ ਭਰਤੀ ਲਈ ਪੇਂਡੂ ਖੇਤਰਾਂ ਦੇ ਉਮੀਦਵਾਰਾਂ ਨੂੰ ਪੰਜ ਵਾਧੂ ਅੰਕ ਦਿੱਤੇ ਜਾਂਦੇ ਸਨ। ਪ੍ਰਸੋਨਲ ਵਿਭਾਗ ਦੇ ਬੁਲਾਰੇ ਮੁਤਾਬਕ ਇਸ ਅਧਿਸੂਚਨਾ ਦੇ ਜਾਰੀ ਹੋਣ ਨਾਲ ਸਰਕਾਰੀ ਨੌਕਰੀਆਂ ਵਿਚ ਸਿੱਧੀ ਭਰਤੀ ਲਈ ਪੇਂਡੂ ਖੇਤਰਾਂ ਦੇ ਉਮੀਦਵਾਰਾਂ ਨੂੰ ਪੰਜ ਵਾਧੂ ਅੰਕ ਦੇਣ ਸਬੰਧੀ ਪੰਜਾਬ ਸਰਕਾਰ ਦਾ ਨੋਟੀਫਿਕੇਸ਼ਨ ਰੱਦ ਕਰ ਦਿੱਤਾ ਗਿਆ ਹੈ। ਪੰਜਾਬ ਸਰਕਾਰ ਨੇ 18 ਮਾਰਚ, 2011, 4 ਅਪਰੈਲ, 2011 ਤੇ 6 ਜਨਵਰੀ, 2012 ਨੂੰ ਪੇਂਡੂ ਖੇਤਰ ਨੂੰ ਸਰਕਾਰੀ ਨੌਕਰੀ ਵਿਚ ਰਿਆਇਤ ਦੇਣ ਲਈ ਪੰਜ ਅੰਕ ਦੇਣ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ।

# ਸਿੰਘਲ ਦੇ ਹਿੰਦੂ ਰਾਸ਼ਟਰ ਬਾਰੇ ਦਾਅਵੇ 'ਤੇ ਵਿਵਾਦ ਭਖਿਆ

**ਨਵੀਂ ਦਿੱਲੀ:** 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਗਠਜੋੜ ਦੀ ਜਿੱਤ ਨੂੰ ਦੇਸ਼ ਵਿਚ ਇਕ ਕ੍ਰਾਂਤੀ ਦੀ ਸ਼ੁਰੂਆਤ ਕਰਾਰ ਦਿੰਦਿਆਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਰਪ੍ਰਸਤ ਅਸ਼ੋਕ ਸਿੰਘਲ ਨੇ ਕਿਹਾ ਹੈ ਕਿ 2020 ਤੱਕ ਭਾਰਤ ਹਿੰਦੂ ਦੇਸ਼ ਬਣ ਜਾਵੇਗਾ। ਸਿੰਘਲ ਦੇ ਇਸ ਦਾਅਵੇ ਪਿੱਛੋਂ ਘੱਟ ਗਿਣਤੀਆਂ ਨਾਲ ਸਬੰਧਤ ਕਈ ਜਥੇਬੰਦੀਆਂ ਨੇ ਇਤਰਾਜ਼ ਕੀਤਾ ਹੈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੇ ਆਰ.ਐਸ.ਐਸ. ਅਹੁਦੇਦਾਰਾਂ ਦੀ ਹਾਜ਼ਰੀ ਵਿਚ ਇਕ ਸਮਾਗਮ ਵਿਚ ਸਿੰਘਲ ਨੇ ਕਿਹਾ, "ਮੈਂ ਸਾਈ ਬਾਬਾ ਦੇ ਆਸ਼ਰਮ ਵਿਚ ਸੀ ਜਿਥੇ ਮੈਨੂੰ ਸਾਈ ਬਾਬਾ ਨੇ ਕਿਹਾ ਕਿ 2020 ਤੱਕ ਪੂਰਾ ਦੇਸ਼ ਹਿੰਦੂ ਹੋ ਜਾਵੇਗਾ ਤੇ 2030 ਤੱਕ ਪੂਰੀ ਦੁਨੀਆਂ ਹਿੰਦੂ ਹੋ ਜਾਵੇਗੀ। ਮੈਂ ਮਹਿਸੂਸ ਕਰਦਾ ਹਾਂ ਕਿ ਇਸ ਕ੍ਰਾਂਤੀ ਦੀ ਸ਼ੁਰੂਆਤ ਹੋ ਚੁੱਕੀ ਹੈ।



ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਸੱਤਾ ਵਿਚ ਆਉਣ ਦੀ ਤਾਰੀਫ਼ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਜਿੱਤ ਨਾਲ 800 ਸਾਲਾਂ ਦੀ ਗੁਲਾਮੀ ਖ਼ਤਮ ਹੋ ਗਈ। ਉਨ੍ਹਾਂ ਕਿਹਾ ਕਿ ਇਹ ਕੋਈ ਛੋਟੀ ਕ੍ਰਾਂਤੀ ਨਹੀਂ ਹੈ।

ਇਹ ਭਾਰਤ ਤੱਕ ਹੀ ਸੀਮਤ ਨਹੀਂ ਰਹੇਗੀ ਸਗੋਂ ਦੁਨੀਆਂ ਸਾਹਮਣੇ ਇਕ ਨਵੀਂ ਵਿਚਾਰਧਾਰਾ ਪੇਸ਼ ਕਰੇਗੀ। ਸਿੰਘਲ ਇਥੇ ਆਰ.ਐਸ.ਐਸ. ਦੇ ਸਾਬਕਾ ਮੁਖੀ ਕੇ.ਐਸ. ਸੁਦਰਸ਼ਨ ਦੇ ਜੀਵਨ ਅਤੇ ਕੰਮਾਂ ਸਬੰਧੀ ਇਕ ਪੁਸਤਕ ਦੇ ਰੀਲੀਜ਼ ਸਮਾਗਮ ਦੌਰਾਨ ਬੋਲ ਰਹੇ ਸਨ। ਸੁਦਰਸ਼ਨ ਦੀ ਪਿਛਲੇ ਸਾਲ ਮੌਤ ਹੋ ਗਈ ਸੀ।

## ਸਿੰਘਲ ਮੁਲਕ ਦੀ ਏਕਤਾ ਨੂੰ ਭੰਗ ਨਾ ਕਰੇ: ਅਵਤਾਰ ਸਿੰਘ

**ਅੰਮ੍ਰਿਤਸਰ:** ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਅਸ਼ੋਕ ਸਿੰਘਲ ਵੱਲੋਂ 2020 ਤੱਕ ਭਾਰਤ, ਹਿੰਦੂ ਰਾਸ਼ਟਰ ਤੇ 2030 ਤੱਕ ਪੂਰੀ ਦੁਨੀਆਂ ਹਿੰਦੂ ਰਾਸ਼ਟਰ ਹੋ ਜਾਣ ਬਾਰੇ ਬਿਆਨ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ 2014 ਦੀਆਂ ਚੋਣਾਂ ਵਿਚ ਸਿਰਫ ਹਿੰਦੂਆਂ ਨੇ ਵੋਟ ਨਹੀਂ ਦਿੱਤੀ ਸਗੋਂ ਇਸ ਵਿਚ ਦੂਸਰੇ ਧਰਮਾਂ ਦੇ ਲੋਕ ਵੀ ਸ਼ਾਮਲ ਸਨ। ਸਿੰਘਲ ਜਿਹੇ ਫਿਰਕੂ ਲੋਕਾਂ ਨੂੰ ਕਿਸੇ ਘੱਟ ਗਿਣਤੀ ਕੌਮ ਨੂੰ ਦਬਾਉਣ ਵਾਲੀ ਗੱਲ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਭਾਰਤ ਨੂੰ ਆਜ਼ਾਦ ਕਰਾਉਣ ਵਿਚ ਸਿਰਫ ਹਿੰਦੂਆਂ ਦਾ ਹੀ ਨਹੀਂ ਬਲਕਿ ਮੁਸਲਿਮ, ਈਸਾਈ ਤੇ ਸਿੱਖ ਭਾਈਚਾਰੇ ਦਾ ਵੀ ਯੋਗਦਾਨ ਰਿਹਾ ਹੈ, ਜਿਸ ਵਿਚੋਂ 80 ਫ਼ੀਸਦੀ ਸਿੱਖਾਂ ਨੇ ਕੁਰਬਾਨੀ ਦਿੱਤੀ ਹੈ।

# ਚੌਹਾਨ ਦੀ ਹਵਾਲਗੀ 'ਚ ਨਾਕਾਮ ਰਹੀ ਸੀ ਥੈਚਰ ਸਰਕਾਰ

**ਲੰਡਨ:** ਬਰਤਾਨੀਆ ਦੀ ਸਾਬਕਾ ਪ੍ਰਧਾਨ ਮੰਤਰੀ ਮਾਰਗ੍ਰੇਟ ਥੈਚਰ, ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਲਈ ਉਕਸਾਉਣ ਦੇ ਦੋਸ਼ ਵਿਚ ਵੱਖਵਾਦੀ ਸਿੱਖ ਆਗੂ ਜਗਜੀਤ ਸਿੰਘ ਚੌਹਾਨ ਵਿਰੁੱਧ ਕਾਰਵਾਈ ਕਰਨਾ ਚਾਹੁੰਦੀ ਸੀ। ਭਾਰਤ ਨੇ ਚੌਹਾਨ ਦੀ ਹਵਾਲਗੀ ਮੰਗੀ ਸੀ ਪਰ ਮਾਰਗ੍ਰੇਟ ਥੈਚਰ ਬਰਤਾਨਵੀ ਕਾਨੂੰਨਾਂ ਕਾਰਨ ਉਸ ਨੂੰ ਭਾਰਤ ਭੇਜਣ ਵਿਚ ਨਾਕਾਮ ਰਹੀ।

ਇਹ ਪ੍ਰਗਟਾਵਾ ਜਾਰੀ ਹੋਏ ਸਰਕਾਰੀ ਦਸਤਾਵੇਜ਼ਾਂ ਵਿਚ ਹੋਇਆ ਹੈ ਜਿਹੜੇ 30 ਸਾਲਾਂ ਬਾਅਦ ਖੋਲ੍ਹੇ ਗਏ ਹਨ। ਮੰਨਿਆ ਜਾਂਦਾ ਹੈ ਕਿ ਜਗਜੀਤ ਸਿੰਘ ਚੌਹਾਨ, ਇੰਦਰਾ ਗਾਂਧੀ ਦੀ ਹੱਤਿਆ ਲਈ ਉਕਸਾਉਣ ਵਾਲੇ ਵਿਅਕਤੀਆਂ ਵਿਚੋਂ ਪ੍ਰਮੁੱਖ ਸੀ। ਉਹ 1971 ਵਿਚ ਬਰਤਾਨੀਆ ਆ ਗਿਆ ਸੀ। ਚੌਹਾਨ ਨੇ 31 ਅਕਤੂਬਰ 1984 ਨੂੰ ਇੰਦਰਾ ਦੀ ਹੱਤਿਆ ਤੋਂ ਕੁਝ ਮਹੀਨੇ ਪਹਿਲਾਂ ਹੀ ਬੀ.ਬੀ.ਸੀ. ਨੂੰ ਦਿੱਤੀ ਇੰਟਰਵਿਊ ਵਿਚ ਭਵਿੱਖਬਾਣੀ ਕਰ ਦਿੱਤੀ ਸੀ ਕਿ ਦਰਬਾਰ ਸਾਹਿਬ ਉਤੇ ਹਮਲਾ ਕਰਨ ਲਈ ਉਸ ਨੂੰ (ਇੰਦਰਾ) ਤੇ ਉਸ ਦੇ ਪਰਿਵਾਰ ਨੂੰ ਖ਼ਤਮ ਕਰ ਦਿੱਤਾ ਜਾਵੇਗਾ। ਇਹ ਕੰਮ ਉਸ ਦਾ ਅੰਗ ਰੱਖਿਅਕ ਹੀ ਕਰੇਗਾ। ਇਸ ਤੋਂ ਬਾਅਦ ਥੈਚਰ ਸਰਕਾਰ ਨੇ ਬੀ.ਬੀ.ਸੀ. ਨੂੰ ਕਹਿ ਦਿੱਤਾ ਸੀ ਕਿ ਉਹ ਟੀ.ਵੀ. ਉਤੇ ਚੌਹਾਨ ਨੂੰ ਸੋਚ-ਸਮਝ ਕੇ ਸਮਾਂ ਦੇਵੇ।

ਦਸਤਾਵੇਜ਼ਾਂ ਮੁਤਾਬਕ ਥੈਚਰ ਸਰਕਾਰ ਚਾਹੁੰਦੇ ਹੋਏ ਵੀ ਚੌਹਾਨ ਦੀਆਂ ਸਰਗਰਮੀਆਂ ਰੋਕ ਨਾ ਸਕੀ। ਭਾਰਤ ਨੇ ਚੌਹਾਨ ਦੀ ਹਵਾਲਗੀ ਮੰਗਦਿਆਂ ਕਿਹਾ ਸੀ ਕਿ ਉਸ ਦੀਆਂ ਸਰਗਰਮੀਆਂ ਭਾਰਤ-ਵਿਰੋਧੀ ਹਨ ਪਰ ਬਰਤਾਨੀਆ ਨੇ ਕਿਹਾ ਕਿ ਉਹ ਆਪਣੇ ਕਾਨੂੰਨਾਂ ਦੀਆਂ ਬੰਦਿਸ਼ਾਂ ਕਾਰਨ ਉਸ ਨੂੰ ਭਾਰਤ ਨਹੀਂ ਭੇਜ ਸਕਦਾ। ਪੰਜਾਬ ਦੇ ਟਾਂਡਾ ਉੜਮੁੜ ਦੇ ਜੰਮਪਲ ਜਗਜੀਤ ਸਿੰਘ ਚੌਹਾਨ ਦੀ ਇਥੇ ਹੀ 2007 ਵਿਚ ਮੌਤ ਹੋ ਗਈ ਸੀ।





## ਐਲਿਜ਼ਾਬੈੱਥ ਦੀਆਂ ਤਸਵੀਰਾਂ ਛਾਪਣ 'ਤੇ ਵਿਵਾਦ

**ਲੰਡਨ:** ਬਕਿੰਘਮ ਪੈਲੇਸ, ਇਥੋਂ ਦੇ ਇਕ ਟੈਬਲਾਇਡ ਨਾਲ ਮਹਾਰਾਣੀ ਐਲਿਜ਼ਾਬੈਥ 2 ਦੀਆਂ ਪੁਰਾਣੀਆਂ ਤਸਵੀਰਾਂ ਛਾਪਣ ਤੋਂ ਨਾਰਾਜ਼ ਹੈ। 'ਦਿ ਸੰਨ' ਦੇ ਪਹਿਲੇ ਪੰਨੇ ਉਤੇ ਛਪੀਆਂ ਬਚਪਨ ਦੀਆਂ ਤਸਵੀਰਾਂ ਵਿਚ ਮਹਾਰਾਣੀ ਨਾਜ਼ੀ ਸੈਲਿਊਟ ਮਾਰਦੀ ਦਿਖ ਰਹੀ ਹੈ। 'ਦਿ ਸੰਨ' ਵੱਲੋਂ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਗਿਆ ਕਿ ਇਹ ਤਸਵੀਰਾਂ ਕਿਥੋਂ ਆਈਆਂ। ਬਕਿੰਘਮ ਪੈਲੇਸ ਦੇ ਬੁਲਾਰੇ ਨੇ ਕਿਹਾ ਕਿ ਇਹ ਨਿਰਾਸ਼ਾਜਨਕ ਹੈ ਕਿ ਤਕਰੀਬਨ ਅੱਠ ਦਹਾਕੇ ਪਹਿਲਾਂ ਬਣੀ ਫਿਲਮ ਹਾਸਲ ਕਰਕੇ, ਉਸ ਦੀ ਇਸ ਤਰੀਕੇ ਨਾਲ ਗਲਤ ਵਰਤੋਂ ਕੀਤੀ ਗਈ ਹੈ। ਉਸ ਵਿਚ ਸੱਤ ਸਾਲ ਦੀ ਐਲਿਜ਼ਾਬੈਥ ਘਰ ਵਿਚ ਕੈਮਰੇ ਕੋਲ ਖੇਡਦੀ ਨਜ਼ਰ ਆ ਰਹੀ ਹੈ। ਉਸ ਮੌਕੇ ਮਹਾਰਾਣੀ, ਉਸ ਦੀ ਭੈਣ ਪ੍ਰਿੰਸਜ਼ ਮਾਰਗਰੇਟ, ਮਾਂ ਮਹਾਰਾਣੀ ਐਲਿਜ਼ਾਬੈਥ ਤੇ ਵੇਲਜ਼ ਦਾ ਪ੍ਰਿੰਸ, ਹਿਟਲਰ ਦਾ ਮਜ਼ਾਕ ਉਡਾਉਣ ਲਈ ਨਾਜ਼ੀ ਸੈਲਿਊਟ ਮਾਰਦੇ ਹਨ। 'ਦਿ ਸੰਨ' ਦੇ ਮੈਨੇਜਿੰਗ ਐਡੀਟਰ ਨੇ ਸਟਿਗ ਅਬੈਲ ਨੇ ਬਕਿੰਘਮ ਪੈਲੇਸ ਵੱਲੋਂ ਲਾਏ ਦੋਸ਼ਾਂ ਨੂੰ ਨਕਾਰਿਆ।

# ਸੜਕ ਆਵਾਜਾਈ ਲਈ ਘਾਤਕ ਰਿਹਾ 2014: ਹਰ ਘੰਟੇ 16 ਮੌਤਾਂ

**ਨਵੀਂ ਦਿੱਲੀ:** ਸੜਕ ਹਾਦਸਿਆਂ ਦੇ ਲਿਹਾਜ਼ ਨਾਲ ਸਾਲ 2014 ਬੇਹੱਦ ਘਾਤਕ ਸਾਬਿਤ ਹੋਇਆ। ਇਸ ਸਾਲ ਔਸਤਨ ਹਰ ਘੰਟੇ 16 ਮੌਤਾਂ ਹੋਈਆਂ। ਸੜਕ ਹਾਦਸਿਆਂ ਵਿਚ ਇਕ ਲੱਖ 41 ਹਜ਼ਾਰ ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋਈ ਜੋ 2013 ਦੇ ਮੁਕਾਬਲੇ ਤਿੰਨ ਫੀਸਦੀ ਜ਼ਿਆਦਾ ਹੈ। ਸੜਕ ਹਾਦਸਿਆਂ ਵਿਚ ਕੁਚਲੇ ਗਏ ਅਤੇ ਜ਼ਖ਼ਮੀ ਹੋਏ ਲੋਕਾਂ ਦੀ ਗਿਣਤੀ ਵੀ ਇਸ ਸਾਲ ਸਭ ਤੋਂ ਵੱਧ ਰਹੀ। ਇਹ ਅੰਕੜਾ ਕ੍ਰਮਵਾਰ 4.5 ਲੱਖ ਅਤੇ 4.8 ਲੱਖ ਰਿਹਾ। ਹਾਲ ਵਿਚ ਹੀ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਸਪੀਡਿੰਗ ਤੇ ਖ਼ਤਰਨਾਕ ਡਰਾਈਵਿੰਗ ਜਾਨਲੇਵਾ ਸੜਕ ਹਾਦਸਿਆਂ ਦੀ ਸਭ ਤੋਂ ਵੱਡੀ ਵਜ੍ਹਾ ਰਹੀ। ਸੜਕ ਹਾਦਸਿਆਂ ਵਿਚ ਮਰਨ ਵਾਲਿਆਂ ਵਿਚੋਂ ਅੱਧੇ ਲੋਕ ਦੋ ਪਹੀਆ ਅਤੇ ਟਰੱਕ ਨਾਲ ਜੁੜੀਆਂ ਘਟਨਾਵਾਂ ਵਿਚ ਮਰੇ।ਜਦਕਿ ਦੁਰਘਟਨਾ ਵਿਚ 13,787 ਦੋ ਪਹੀਆ ਚਾਲਕਾਂ ਦੀ ਮੌਤ ਹੋਈ। ਹਾਦਸਿਆਂ ਵਿਚ 1.4 ਲੱਖ ਲੋਕ ਜ਼ਖ਼ਮੀ ਹੋਏ।



ਰਿਪੋਰਟ ਅਨੁਸਾਰ ਪੰਜਾਬ ਸਮੇਤ ਸਮੁੱਚੇ ਦੇਸ਼ ਵਿਚ ਸੜਕ ਹਾਦਸਿਆਂ ਦੀ ਤਾਦਾਦ ਤੇ ਇਨ੍ਹਾਂ ਵਿਚ ਮਰਨ ਵਾਲਿਆਂ ਤੇ ਜ਼ਖ਼ਮੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਪਿਛਲੇ ਸਾਲ ਦੌਰਾਨ ਭਾਵੇਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਸੜਕ ਹਾਦਸਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ।

ਸਰਕਾਰ ਵੱਲੋਂ ਟ੍ਰੈਫਿਕ ਪ੍ਰਬੰਧ ਸੁਧਾਰਨ ਤੇ ਸੜਕਾਂ ਨੂੰ ਚੌੜਾ ਅਤੇ ਮਜ਼ਬੂਤ ਕਰਨ ਲਈ ਹਰ ਸਾਲ ਬਜਟ ਦਾ ਕਾਫ਼ੀ ਹਿੱਸਾ ਰੱਖਿਆ ਜਾਂਦਾ ਹੈ ਪਰ ਅਸਲੀਅਤ ਇਹ ਹੈ ਕਿ ਇਹ ਸਭ ਕੁਝ ਫਾਈਲਾਂ ਵਿਚ ਹੀ ਰਹਿ ਜਾਂਦਾ ਹੈ। ਲਿੰਕ ਸੜਕਾਂ ਤੇ ਰਾਜ ਮਾਰਗਾਂ ਦੀ ਤਾਂ ਗੱਲ ਹੀ ਕੀ ਹੈ; ਕੌਮੀ ਸ਼ਾਹਰਾਹ ਮਾਰਗ ਨੰਬਰ ਇਕ ਵੀ ਪਿਛਲੇ ਇਕ ਦਹਾਕੇ ਤੋਂ ਲੋਕਾਂ ਦੇ ਹੱਡਾਂ ਦਾ ਖੌਅ ਬਣਿਆ ਹੋਇਆ ਹੈ। ਸੂਬੇ ਵਿਚ ਉਨ੍ਹਾਂ ਸੜਕਾਂ ਦੀ ਥੋੜ੍ਹੀ ਬਹੁਤੀ ਮੁਰੰਮਤ ਉਦੋਂ ਹੋ ਜਾਂਦੀ ਹੈ ਜਦੋਂ ਕਿਸੇ ਮਹੱਤਵਪੂਰਨ ਵਿਅਕਤੀ ਨੇ ਉਸ ਪਾਸਿਉਂ ਲੰਘਣਾ ਹੋਵੇ, ਨਹੀਂ ਤਾਂ ਇਨ੍ਹਾਂ ਦੀ ਕੋਈ ਸਾਰ ਹੀ ਨਹੀਂ ਲੈਂਦਾ। ਹੁਣ ਰਾਜਪਾਲ, ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਸਮੇਤ ਕਈ ਹੋਰ ਮੰਤਰੀ ਵੀ ਜਹਾਜ਼ ਤੋਂ ਪੈਰ ਹੇਠਾਂ ਨਹੀਂ ਲਾਹੁੰਦੇ, ਜਿਸ ਕਰਕੇ ਸੜਕਾਂ ਦੀ ਮੁਰੰਮਤ ਵੀ ਪ੍ਰਭਾਵਿਤ ਹੋ ਗਈ ਹੈ। ਲਿੰਕ ਸੜਕਾਂ ਦਾ ਪੈਸਾ ਸੰਗਤ ਦਰਸ਼ਨ ਹਜ਼ਮ ਕਰ ਰਹੇ ਹਨ। ਰਾਜ ਮਾਰਗਾਂ ਦੀ ਮਜ਼ਬੂਤੀ ਤੇ ਮੁਰੰਮਤ ਦਾ ਬਜਟ ਹੇਠਾਂ ਤੋਂ ਲੈ ਕੇ ਉਪਰ ਤੱਕ ਠੇਕੇਦਾਰਾਂ, ਕਰਮਚਾਰੀਆਂ ਅਤੇ ਅਧਿਕਾਰੀਆਂ ਦੇ ਲੇਖੇ ਲੱਗ ਜਾਂਦਾ ਹੈ। ਇਹੀ ਕਾਰਨ ਹੈ ਕਿ ਮਹੀਨਿਆਂ ਬੱਧੀ ਸੜਕਾਂ ਵਿਚਲੇ ਟੋਇਆਂ ਅਤੇ ਨੁਕਸਦਾਰ ਬਰਮਾਂ ਨੂੰ ਵੀ ਠੀਕ ਨਹੀਂ ਕੀਤਾ ਜਾਂਦਾ। ਸੜਕ ਹਾਦਸਿਆਂ ਲਈ ਨੁਕਸਦਾਰ ਸੜਕੀ ਢਾਂਚੇ ਦੇ ਨਾਲ-ਨਾਲ ਟ੍ਰੈਫਿਕ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਨਾ ਕੀਤੇ ਜਾਣਾ ਵੀ ਜ਼ਿੰਮੇਵਾਰ ਹੈ। ਟ੍ਰੈਫਿਕ ਕੰਟਰੋਲ ਕਰਨ ਵਾਲੀ ਅਥਾਰਟੀ ਹੇਠਾਂ ਤੋਂ ਉੱਪਰ ਤਕ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋ ਚੁੱਕੀ ਹੈ। ਲੋਕਾਂ ਨੂੰ ਟ੍ਰੈਫਿਕ ਪੁਲਿਸ ਦਾ ਕੋਈ ਡਰ ਨਹੀਂ ਰਿਹਾ ਤੇ ਉਹ ਸ਼ਰ੍ਹੇਆਮ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹਨ।

## ਲੁਧਿਆਣਾ ਮੁਲਕ ਭਰ ਵਿਚੋਂ ਤੀਜੇ ਨੰਬਰ ਉਤੇ

**ਲੁਧਿਆਣਾ:** ਪੰਜਾਬ ਦਾ ਸਨਅਤੀ ਸ਼ਹਿਰ ਲੁਧਿਆਣਾ ਦੇਸ਼ ਦਾ ਤੀਜਾ ਅਜਿਹਾ ਸ਼ਹਿਰ ਹੈ ਜਿਥੇ ਸਭ ਤੋਂ ਵੱਧ ਸੜਕ ਹਾਦਸੇ ਹੁੰਦੇ ਹਨ। ਸੜਕ ਸੁਰੱਖਿਆ ਸਲਾਹਕਾਰ ਡਾ. ਕਮਲਜੀਤ ਸਿੰਘ ਸੋਈ ਨੇ ਨੈਸ਼ਨਲ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਦੇਸ਼ ਵਿਚ ਸਭ ਤੋਂ ਵੱਧ ਸੜਕ ਹਾਦਸੇ ਭੁਪਾਲ ਵਿਚ ਹੁੰਦੇ ਹਨ ਜਦਕਿ ਦੂਜੇ ਨੰਬਰ ਉਤੇ ਇਲਾਹਾਬਾਦ ਹੈ ਤੇ ਉਸ ਤੋਂ ਬਾਅਦ ਪੰਜਾਬ ਦੇ ਸਨਅਤੀ ਸ਼ਹਿਰ ਲੁਧਿਆਣਾ ਦਾ ਨੰਬਰ ਆਉਂਦਾ ਹੈ। ਇਥੇ ਸੜਕ ਹਾਦਸਿਆਂ ਵਿਚ ਮੌਤਾਂ ਦੀ ਗਿਣਤੀ ਵੀ ਵੱਧ ਰਹੀ ਹੈ। ਅੰਕੜਿਆਂ ਮੁਤਾਬਕ ਲੁਧਿਆਣਾ ਵਿਚ ਸਾਲ 2013 ਤੋਂ ਸੜਕ ਹਾਦਸਿਆਂ ਵਿਚ 75 ਫ਼ੀਸਦੀ ਦਾ ਵਾਧਾ ਹੋ ਰਿਹਾ ਹੈ। ਅੰਮ੍ਰਿਤਸਰ ਵਿਚ ਇਹ ਵਾਧਾ ਮਾਮੂਲੀ ਹੈ ਜਦਕਿ ਚੰਡੀਗੜ੍ਹ ਸ਼ਹਿਰ ਵਿਚ ਹਾਦਸਿਆਂ ਵਿਚ ਕਮੀ ਰਿਕਾਰਡ ਕੀਤੀ ਗਈ ਹੈ।

# ਬਾਪੂ ਦਰਸ਼ਨ ਸਿੰਘ ਸੰਧੂ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਦੇ ਸਾਬਕਾ ਪ੍ਰਧਾਨ ਲਖਬੀਰ ਸਿੰਘ ਸੰਧੂ ਨੂੰ ਉਸ ਸਮੇਂ ਡੂੰਘਾ ਸਦਮਾ ਪੁਜਾ ਜਦੋਂ ਉਨ੍ਹਾਂ ਦੇ ਪਿਤਾ ਸ. ਦਰਸ਼ਨ ਸਿੰਘ ਸੰਧੂ ਸਨਿਚਰਵਾਰ ਸਵੇਰੇ ਅਚਾਨਕ ਚਲਾਣਾ ਕਰ ਗਏ। ਉਨ੍ਹਾਂ ਦਾ ਸਸਕਾਰ ਮੰਗਲਵਾਰ, 21 ਜੁਲਾਈ ਨੂੰ ਇਥੇ ਬਾਰਟਲੈਟ ਦੇ ਫਿਊਨਰਲ ਹੋਮ ਵਿਚ ਕਰ ਦਿੱਤਾ ਗਿਆ।



ਬਾਪੂ ਦਰਸ਼ਨ ਸਿੰਘ ਆਪਣੇ ਪਿਛੇ ਤਿੰਨ ਪੁੱਤਰ-ਲਖਬੀਰ ਸਿੰਘ ਸੰਧੂ (ਨੂੰਹ ਕੁਲਦੀਪ ਕੌਰ), ਜਗਦੀਸ਼ ਸਿੰਘ ਸੰਧੂ (ਨੂੰਹ ਸਲਵਿੰਦਰ ਕੌਰ) ਤੇ ਬਲਜਿੰਦਰ ਸਿੰਘ ਸੰਧੂ (ਨੂੰਹ ਮਨਦੀਪ ਕੌਰ) ਅਤੇ ਚਾਰ ਧੀਆਂ-ਹਰਭਜਨ ਕੌਰ ਢਿੱਲੋਂ (ਸੁਪਤਨੀ ਓਂਕਾਰ ਸਿੰਘ ਢਿੱਲੋਂ), ਨਿਰਮਲ ਕੌਰ ਸੰਧੂ (ਸੁਪਤਨੀ ਹਰਕੀਰਤ ਸਿੰਘ ਸੰਧੂ, ਸਾਬਕਾ ਪ੍ਰਧਾਨ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ), ਸੁਖਰਾਜ ਕੌਰ (ਸੁਪਤਨੀ ਸੁਰਜੀਤ ਸਿੰਘ) ਤੇ ਕੁਲਵਿੰਦਰ ਕੌਰ (ਸੁਪਤਨੀ ਬਲਜੀਤ ਸਿੰਘ) ਤੋਂ ਇਲਾਵਾ 19 ਦੋਹਤਰਿਆਂ, ਪੋਤਰਿਆਂ, ਪੜਦੋਹਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੀ ਇਕ ਧੀ ਸੁਖਰਾਜ ਕੌਰ ਜੋ ਅੰਮ੍ਰਿਤਸਰ ਜਿਲੇ ਵਿਚ ਵਿਆਹੀ ਹੋਈ ਤੋਂ ਇਲਾਵਾ ਬਾਕੀ ਸਾਰਾ ਪਰਿਵਾਰ ਸ਼ਿਕਾਗੋ ਏਰੀਏ ਵਿਚ ਹੀ ਵਸਦਾ ਹੈ। ਬਾਪੂ ਦਰਸ਼ਨ ਸਿੰਘ ਸੰਧੂ ਜਿਲਾ ਅੰਮ੍ਰਿਤਸਰ ਦੇ ਪਿੰਡ ਕੋਟਲੀ, ਨਜਦੀਕ ਗੁਰੂ ਕਾ ਬਾਗ (ਤਹਸੀਲ ਅਜਨਾਲਾ) ਤੋਂ ਸਨ ਅਤੇ ਸੰਨ 1998 ਤੋਂ ਇਥੇ ਆਪਣੇ ਪੁੱਤਰਾਂ ਪਾਸ ਰਹਿ ਰਹੇ ਸਨ। ਉਨ੍ਹਾਂ ਦੀ ਧਰਮ ਪਤਨੀ ਬੀਬੀ ਸੁਰਜੀਤ ਕੌਰ 1989 ਵਿਚ ਹੀ ਵਿਛੋੜਾ ਦੇ ਗਏ ਸਨ।

ਵਿਛੜੀ ਰੂਹ ਨਮਿਤ ਅੰਤਿਮ ਅਰਦਾਸ ਐਤਵਾਰ 26 ਜੁਲਾਈ ਨੂੰ ਬਾਅਦ ਦੁਪਹਿਰ 3ਵਜੇ ਹੋਵੇਗੀ। ਪਰਿਵਾਰ ਨਾਲ ਸੰਪਰਕ ਲਖਬੀਰ ਸਿੰਘ ਸੰਧੂ ਫੋਨ 847-975-3877, ਓਂਕਾਰ ਸਿੰਘ ਢਿੱਲੋਂ ਫੋਨ 847-917-2747, ਜਗਦੀਸ਼ ਸਿੰਘ ਸੰਧੂ ਫੋਨ 847-975-2095, ਬਲਜਿੰਦਰ ਸਿੰਘ ਸੰਧੂ 847-894-7997 ਜਾਂ ਹਰਕੀਰਤ ਸਿੰਘ ਸੰਧੂ ਫੋਨ 630-870-9319 ਰਾਹੀਂ ਕੀਤਾ ਜਾ ਸਕਦਾ ਹੈ।

# ਓ.ਸੀ.ਆਈ. ਕਾਰਡ ਲਈ ਔਨਲਾਈਨ ਅਰਜ਼ੀਆਂ 31 ਜੁਲਾਈ ਤੱਕ ਹੋ ਜਾਣਗੀਆਂ

**ਸ਼ਿਕਾਗੋ (ਬਿਊਰੋ):** ਭਾਰਤ ਸਰਕਾਰ ਵੱਲੋਂ ਓ.ਸੀ.ਆਈ. ਅਰਜ਼ੀਆਂ ਲੈਣ ਅਤੇ ਇਸ ਨਾਲ ਸਬੰਧਤ ਸਾਰਾ ਸਿਸਟਮ ਜਿਸ ਵਿਚ ਅਰਜ਼ੀ, ਲੋੜੀਂਦੇ ਦਸਤਾਵੇਜ਼ ਤੇ ਫੀਸ ਜਮ੍ਹਾਂ ਕਰਵਾਉਣਾ ਸ਼ਾਮਲ ਹੈ, 31 ਜੁਲਾਈ ਤੱਕ ਔਨਲਾਈਨ ਕਰ ਦਿੱਤਾ ਜਾਵੇਗਾ।

ਹੁਣ ਸਾਬਕਾ ਪੀ.ਆਈ.ਓ. ਕਾਰਡਹੋਲਡਰਾਂ ਦੇ ਓ.ਸੀ.ਆਈ. ਕਾਰਡ ਬਣਾਉਣ ਲਈ ਔਨਲਾਈਨ ਅਰਜ਼ੀਆਂ ਦੀ ਰਜਿਸਟ੍ਰੇਸ਼ਨ 31 ਜੁਲਾਈ ਤੱਕ ਵਧਾ ਦਿੱਤੀ ਗਈ ਹੈ। ਪੀ.ਆਈ.ਓ. ਕਾਰਡਹੋਲਡਰ ਹੁਣ 31 ਮਾਰਚ 2016 ਤੱਕ ਆਪਣੀਆਂ ਅਰਜ਼ੀਆਂ ਦੇ ਸਕਣਗੇ। ਇਹ ਸਮਾਂ ਸੀਮਾ ਸਿਰਫ ਔਨਲਾਈਨ ਅਰਜ਼ੀਆਂ ਲਈ ਹੈ।

ਯਾਦ ਰਹੇ, ਸਰਕਾਰ ਨੇ 9 ਜਨਵਰੀ 2015 ਨੂੰ ਓ.ਸੀ.ਆਈ. ਕਾਰਡਹੋਲਡਰਾਂ ਦੀ ਰਜਿਸਟ੍ਰੇਸ਼ਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਜਿਨ੍ਹਾਂ ਪਰਵਾਸੀਆਂ ਕੋਲ 9 ਜਨਵਰੀ 2015 ਤੱਕ ਯੋਗ ਪੀ.ਆਈ.ਓ. ਕਾਰਡ ਹੈ, ਉਹ ਓ.ਸੀ.ਆਈ. ਕਾਰਡ ਲਈ ਔਨਲਾਈਨ ਅਪਲਾਈ ਕਰ ਸਕਦੇ ਹਨ।

ਅਰਜ਼ੀ ਦੇਣ ਵਾਲੇ ਨੂੰ ਆਪਣੀ ਅਰਜ਼ੀ ਨਾਲ ਪਾਸਪੋਰਟ ਅਤੇ ਪੀ.ਆਈ.ਓ. ਕਾਰਡ ਦੀ ਕਾਪੀ ਅੱਪਲੋਡ ਕਰਨੀ ਪਵੇਗੀ। ਇਹ ਅਰਜ਼ੀ ਇੰਟਰਨੈਟ ਰਾਹੀਂ ਕਿਸੇ ਵੀ ਥਾਂ ਤੋਂ ਦਿੱਤੀ ਜਾ ਸਕਦੀ ਹੈ ਅਤੇ ਇਸ ਕਾਰਡ ਲਈ ਕੋਈ ਫੀਸ ਨਹੀਂ ਲਈ ਜਾ ਰਹੀ। ਬਾਅਦ ਵਿਚ ਅਰਜ਼ੀ ਦੇਣ ਵਾਲੇ ਨੂੰ ਓ.ਸੀ.ਆਈ. ਕਾਰਡ ਲੈਣ ਲਈ ਆਪਣੀ ਰਿਹਾਇਸ਼ ਮੁਤਾਬਕ, ਨੇੜਲੇ ਸਬੰਧਤ ਇੰਡੀਅਨ ਮਿਸ਼ਨ/ਪੋਸਟ/ਐਫ.ਆਰ.ਆਰ.ਓ. (ਫੌਰਨ ਰੀਜ਼ਨਲ ਰਜਿਸਟ੍ਰੇਸ਼ਨ ਆਫਿਸ) ਤੱਕ ਪਹੁੰਚ ਕਰਨੀ ਪਵੇਗੀ। ਇਸ ਮੌਕੇ ਸਬੰਧਤ ਪਰਵਾਸੀ ਤੋਂ ਪੁਰਾਣਾ ਪੀ.ਆਈ.ਓ. ਕਾਰਡ ਜਮ੍ਹਾਂ ਕਰਵਾ ਲਿਆ ਜਾਵੇਗਾ।

# ਜੀ ਐਚ ਜੀ ਦਾ ਯੁਵਕ ਮੇਲਾ 25 ਨੂੰ

**ਫਰਿਜ਼ਨੋ (ਬਿਊਰੋ):** ਸਥਾਨਕ ਜੀ ਐਚ ਜੀ ਅਕੈਡਮੀ ਦਾ ਸੱਤਵਾਂ ਕੌਮਾਂਤਰੀ ਯੁਵਕ ਮੇਲਾ 25 ਜੁਲਾਈ ਨੂੰ ਰੋਇਡਿੰਗ ਪਾਰਕ ਵਿਚ ਹੋਵੇਗਾ। ਅਕੈਡਮੀ ਦੇ ਕੈਂਪ ਵਿਚ ਹਿੱਸਾ ਲੈ ਰਹੇ ਬੱਚੇ ਇਸ ਮੁਕਾਬਲੇ ਵਿਚ ਆਪਣੀ ਕਲਾ ਦੇ ਜੌਹਰ ਵਿਖਾਉਣਗੇ। ਭੰਗੜਾ ਮੁਕਾਬਲੇ ਦੌਰਾਨ ਅਮਰੀਕਾ ਤੇ ਕੈਨੇਡਾ ਦੀਆਂ ਟੀਮਾਂ ਵਿਚ ਮੁਕਾਬਲਾ ਹੋਵੇਗਾ।

ਪ੍ਰਬੰਧਕਾਂ ਅਨੁਸਾਰ ਮੇਲੇ ਦੀ ਕੋਈ ਟਿਕਟ ਨਹੀਂ ਹੈ। ਹੋਰ ਜਾਣਕਾਰੀ ਫੋਨ 559-351-9465 ਜਾਂ 559-349-1481 ਰਾਹੀਂ ਲਈ ਜਾ ਸਕਦੀ ਹੈ।


## ਇੰਡੀਅਨ ਰੈਸਟੋਰੈਂਟ ਲਈ ਲੋੜ ਹੈ

ਫਲੋਰਿਡਾ ਵਿਚ ਇੰਡੀਅਨ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕਿਚਨ ਹੈਲਪਰ ਅਤੇ ਸਰਵਰ ਦੀ ਲੋੜ ਹੈ

ਸੰਪਰਕ ਕਰੋ

ਫੋਨ: 850-510-3046

**Wanted Dishwasher, Kitchen helper and Server for Indian restaurant in Florida.**

**Please call: 850-510-3046**

30-31


# ਪੰਜਾਬ ਕਾਂਗਰਸ ਦੇ ਲੀਡਰ ਬਾਰੇ ਫੈਸਲਾ ਸੰਸਦੀ ਸੈਸ਼ਨ ਤੋਂ ਬਾਅਦ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਦਾ ਫੈਸਲਾ ਸੰਸਦ ਦੇ ਮੌਨਸੂਨ ਸੈਸ਼ਨ ਤੋਂ ਬਾਅਦ ਹੋਣ ਦੇ ਸੰਕੇਤ ਹਨ। ਕਾਂਗਰਸ ਆਗੂਆਂ ਦਾ ਕਹਿਣਾ ਹੈ ਕਿ ਫੈਸਲਾ ਕਾਂਗਰਸ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਕਰਨਾ ਹੈ ਤੇ ਉਨ੍ਹਾਂ ਤੋਂ ਬਿਨਾਂ ਕਿਸੇ ਨੂੰ ਕੋਈ ਪਤਾ ਨਹੀਂ ਹੈ ਕਿ ਫੈਸਲਾ ਕਦੋਂ ਹੋਣਾ ਹੈ। ਇਸ ਕਰ ਕੇ ਸਾਰੇ ਕਾਂਗਰਸ ਆਗੂ ਦਿੱਲੀ ਵੱਲ ਅਤੇ ਖਾਸ ਤੌਰ 'ਤੇ ਰਾਹੁਲ ਗਾਂਧੀ ਉਤੇ ਨਜ਼ਰਾਂ ਲਾਈ ਬੈਠੇ ਹਨ। ਇਸੇ ਦੌਰਾਨ ਪਾਰਟੀ ਦੀ ਹਾਈ ਕਮਾਂਡ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਅਤੇ ਕੈਪਟਨ ਅਮਰਿੰਦਰ ਸਿੰਘ ਵਿਚਕਾਰ ਸੁਲ੍ਹਾ-ਸਫ਼ਾਈ ਦੀ ਮੁਹਿੰਮ ਆਰੰਭ ਕਰ ਦਿੱਤੀ ਹੈ। ਇਸ ਕੰਮ ਲਈ ਦੋ ਵੱਡੇ ਆਗੂਆਂ ਦਿਗਵਿਜੈ ਸਿੰਘ ਅਤੇ ਆਸਕਰ ਫਰਨਾਡਿਜ਼ ਦੀ ਡਿਊਟੀ ਲਾ ਦਿੱਤੀ ਗਈ ਹੈ।

ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦੇ ਤਕੜੇ ਦਾਅਵੇਦਾਰ ਤੇ ਲੋਕ ਸਭਾ ਵਿਚ ਪਾਰਟੀ ਦੇ ਡਿਪਟੀ ਆਗੂ ਕੈਪਟਨ ਅਮਰਿੰਦਰ ਸਿੰਘ ਦਰਜਨ ਦੇ ਕਰੀਬ ਰੈਲੀਆਂ ਕਰਨ ਤੋਂ ਬਾਅਦ ਪਹਾੜੀਂ ਚੜ੍ਹ ਗਏ ਹਨ ਤੇ ਉਨ੍ਹਾਂ ਦੇ ਕਰੀਬੀ ਹਲਕਿਆਂ ਕੋਲੋਂ ਮਿਲੀ ਜਾਣਕਾਰੀ ਅਨੁਸਾਰ ਉਹ ਆਪਣੀ ਪੁਸਤਕ ਨੂੰ ਅੰਤਿਮ ਛੋਹਾਂ ਦੇਣ ਵਿਚ ਡਟ ਗਏ ਹਨ। ਇਹ ਪੁਸਤਕ 29 ਜੁਲਾਈ ਨੂੰ ਦਿੱਲੀ ਵਿਚ ਰਿਲੀਜ਼ ਕੀਤੀ ਜਾਣੀ ਹੈ।


## Golden State Realty

**9912 Kapalua Ln., Elk Grove, CA 95624**



**Sohanpreet (Sam) Chahal**
**CA Lic. 01504071**
**Realtor/CEO**
**CRE Group Inc.**
**Multi Million Dollar Producers**
**2009 to 2014**

*Please Contact For*

**Commercial or Residential Needs**

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*

**Ph: 916-612-5773**

**email:** samchahal@hotmail.com

***Serving all over California***



## Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਊਂਟਨਹਾਊਸ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ

**For Sale & Purchase of Residential, Commercial Property and AG-Land**

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ

COLDWELL BANKER VALLEY CENTRAL

EQUAL HOUSING OPPORTUNITY

REALTOR®



**Gurbans Singh Gill**
Realtor
DRE#01227109

17 Years Experiance in Real Estate

e-mail: gurbans@gotracy.com

Fax: 209-836-0706

www.gotracy.com

**Gurbans Gill**

**Office 209-835-4545**

**Direct 209-815-1869**

1486 W 11th Street, Tracy, CA 95376

## ਜਗੀਰ ਕੌਰ ਨੂੰ ਵਿਦੇਸ਼ ਦੌਰੇ ਦੀ ਆਗਿਆ

**ਪਟਿਆਲਾ:** ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਵਿਦੇਸ਼ ਜਾਣ ਦੀ ਆਗਿਆ ਦੇ ਦਿੱਤੀ ਹੈ। ਅਦਾਲਤ ਨੇ ਉਨ੍ਹਾਂ ਤੋਂ ਇਕ ਕਰੋੜ ਰੁਪਏ ਦਾ ਜਾਤੀ ਮੁਚੱਲਕਾ ਤੇ ਇਕ ਕਰੋੜ ਰੁਪਏ ਦੀ ਜ਼ਮਾਨਤ ਲਈ। ਉਨ੍ਹਾਂ ਨੂੰ ਪਾਰਟੀ ਗਤੀਵਿਧੀਆਂ ਲਈ 27 ਜੁਲਾਈ ਤੋਂ ਤਿੰਨ ਹਫ਼ਤਿਆਂ ਲਈ ਅਮਰੀਕਾ ਅਤੇ ਕੈਨੇਡਾ ਜਾਣ ਦੀ ਆਗਿਆ ਦਿੱਤੀ ਗਈ। ਆਪਣੀ ਧੀ ਦੇ ਕਤਲ ਕੇਸ ਵਿਚ ਹੋਈ ਸਜ਼ਾ ਕਾਰਨ ਉਨ੍ਹਾਂ ਨੂੰ ਇਸ ਕਾਨੂੰਨੀ ਪ੍ਰਕਿਰਿਆ ਵਿਚੋਂ ਲੰਘਣਾ ਪਿਆ। ਉਹ ਇਸ ਸਮੇਂ ਜ਼ਮਾਨਤ ਉਤੇ ਹਨ। ਬੀਬੀ ਜਗੀਰ ਕੌਰ ਵੱਲੋਂ ਦਿੱਤੀ ਅਰਜ਼ੀ ਉਤੇ ਹਾਈਕੋਰਟ ਨੇ 13 ਜੁਲਾਈ ਨੂੰ ਸੀ.ਬੀ.ਆਈ. ਕੋਰਟ ਵਿਚ ਇਹ ਕਾਨੂੰਨੀ ਪ੍ਰਕਿਰਿਆ ਪੂਰੀ ਕਰਨ ਤੇ ਦੋ ਕਰੋੜ ਦੇ ਬਾਂਡ ਭਰਵਾਉਣ ਦੇ ਹੁਕਮ ਦਿੱਤੇ ਸਨ।



# ਮਿਸਾਲ ਬਣੀ ਆਕਲੀਆਂ ਕਲਾਂ ਦੀ 'ਪੇਂਡੂ ਅਦਾਲਤ'

**ਬਠਿੰਡਾ:** ਬਠਿੰਡਾ ਜ਼ਿਲ੍ਹੇ ਦੇ ਪਿੰਡ ਆਕਲੀਆਂ ਕਲਾਂ ਦੀ ਪੰਚਾਇਤ ਆਪਣੇ ਤਰੀਕੇ ਦੀ 'ਪੇਂਡੂ ਅਦਾਲਤ' ਲਾਉਂਦੀ ਹੈ, ਜਿਸ ਵਿਚ ਪਿੰਡ ਦੇ ਝਗੜੇ ਨਿਪਟਾਏ ਜਾਂਦੇ ਹਨ। ਪਿੰਡ ਦੀ ਸਰਪੰਚ ਅਮਰਦੀਪ ਕੌਰ ਦੋ ਵਰ੍ਹਿਆਂ ਤੋਂ ਪਿੰਡ ਵਿਚੋਂ ਕੁੜੱਤਣ ਘਟਾਉਣ ਦੇ ਮਿਸ਼ਨ ਵਿਚ ਲੱਗੀ ਹੋਈ ਹੈ। ਉਸ ਨੇ ਦੋ ਸਾਲ ਵਿਚ 315 ਸਮਝੌਤੇ ਕਰਵਾ ਦਿੱਤੇ ਹਨ। ਇਸ ਦੌਰਾਨ ਜੋ ਪੰਜ ਸੱਤ ਕੇਸ ਥਾਣੇ ਪੁੱਜੇ ਵੀ ਹਨ, ਉਨ੍ਹਾਂ ਦਾ ਸਮਝੌਤਾ ਵੀ ਪੰਚਾਇਤ ਨੇ ਹੀ ਕਰਾਇਆ ਹੈ। ਪਿੰਡ ਆਕਲੀਆਂ ਕਲਾਂ ਦੀ 'ਪੇਂਡੂ ਅਦਾਲਤ' ਵਿਚ ਕੋਈ ਕੰਮ ਬਿਨਾਂ ਰਿਕਾਰਡ ਤੋਂ ਨਹੀਂ ਹੁੰਦਾ। ਹਰ ਕੇਸ ਵਿਚ ਦੋਹਾਂ ਧਿਰਾਂ ਦੇ ਬਿਆਨ ਦਰਜ ਹੁੰਦੇ ਹਨ। ਇਸ ਤੋਂ ਬਾਅਦ 'ਪੇਂਡੂ ਅਦਾਲਤ' ਦੇ ਫ਼ੈਸਲੇ ਨੂੰ ਮੰਨਣ ਲਈ ਸਾਰੇ ਪਾਬੰਦ ਹੁੰਦੇ ਹਨ।

ਪੰਚਾਇਤ ਨੇ ਦੱਸਿਆ ਕਿ ਜਦੋਂ ਤੋਂ ਇਹ ਪੇਂਡੂ ਅਦਾਲਤ ਸ਼ੁਰੂ ਹੋਈ ਹੈ, ਉਦੋਂ ਤੋਂ ਪਿੰਡ ਦਾ ਕੋਈ ਬਹੁਤਾ ਮਸਲਾ ਥਾਣੇ ਜਾਂ ਕਚਹਿਰੀ ਨਹੀਂ ਗਿਆ। 'ਬੇ ਔਲਾਦ' ਮਹਿਲਾ ਸਰਪੰਚ ਨੇ ਲੜਕੀ ਗੋਦ ਲੈ ਕੇ ਧੀਆਂ ਦੇ ਸਤਿਕਾਰ ਦਾ ਸੁਨੇਹਾ ਵੀ ਦਿੱਤਾ ਹੈ। ਨਸ਼ਾ ਮੁਕਤ ਪਿੰਡ ਬਣਾਉਣ ਦਾ ਹੋਕਾ ਦੇਣ ਤੋਂ ਪਹਿਲਾਂ ਪੂਰੀ ਪੰਚਾਇਤ ਖੁਦ ਨਸ਼ਾ ਮੁਕਤ ਹੋਈ ਹੈ। ਪੰਚਾਇਤ ਨੇ ਸਭ ਤੋਂ ਪਹਿਲਾਂ ਪਿੰਡ ਵਿਚੋਂ ਸ਼ਰਾਬ ਦਾ ਠੇਕਾ ਚੁਕਵਾ ਕੇ ਪਿੰਡ ਤੋਂ ਇਕ ਕਿਲੋਮੀਟਰ ਦੂਰ ਕਰਾਇਆ ਹੈ। ਸਰਪੰਚ ਅਕਾਲੀ ਦਲ ਨਾਲ ਸਬੰਧਤ ਹੈ ਪਰ ਉਸ ਨੇ ਕਦੇ ਸਿਆਸੀ ਰੰਗ ਦਾ ਪੰਚਾਇਤ ਉਤੇ ਪਰਛਾਵਾਂ ਨਹੀਂ ਪੈਣ ਦਿੱਤਾ। ਕਾਂਗਰਸੀ ਪੰਚਾਇਤ ਮੈਂਬਰ ਗੁਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਪੰਚਾਇਤ ਕਿਸੇ ਨੂੰ ਥਾਣੇ ਜਾਂ ਕਚਹਿਰੀ ਜਾਣ ਦੀ ਸਲਾਹ ਨਹੀਂ ਦਿੰਦੀ। ਪੰਚਾਇਤੀ ਪ੍ਰਬੰਧ ਇੰਨਾ ਤਰਤੀਬ ਵਾਲਾ ਹੈ ਕਿ ਹਰੇਕ ਵਿਅਕਤੀ ਨੂੰ ਆਪਣੇ ਕੰਮ ਧੰਦੇ ਵਾਸਤੇ ਬਾਕਾਇਦਾ ਲਿਖਤੀ ਦਰਖ਼ਾਸਤ ਦੇਣੀ ਪੈਂਦੀ ਹੈ। ਪਿੰਡ ਦੀ ਹਦੂਦ ਅੰਦਰ ਟਰੈਕਟਰ ਤੇ ਹੋਰ ਵਾਹਨ ਮਾਲਕਾਂ ਨੂੰ ਸਪੀਕਰ ਵਜਾਉਣ ਉਤੇ ਪਾਬੰਦੀ ਹੈ ਤੇ ਵਿਆਹ ਮੌਕੇ ਵੀ ਰਾਤ ਨੂੰ 12 ਵਜੇ ਤੋਂ ਬਾਅਦ ਡੀ.ਜੇ. ਉਤੇ ਪਾਬੰਦੀ ਹੈ। ਹਲਕਾ ਭੁੱਚੋ ਦੇ ਡੀ.ਐਸ.ਪੀ. ਗੁਰਮੀਤ ਸਿੰਘ ਕਿੰਗਰਾ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਹਲਕੇ ਵਿਚ ਇਕ ਇਹੀ ਪਿੰਡ ਹੈ ਜਿਥੋਂ ਦਾ ਕਦੇ ਕੋਈ ਝਗੜਾ ਉਨ੍ਹਾਂ ਤੱਕ ਨਹੀਂ ਪੁੱਜਾ।

### ਮਹਿਲਾ ਸਰਪੰਚ ਨੇ ਦੋ ਸਾਲਾਂ 'ਚ 315 ਸਮਝੌਤੇ ਕਰਵਾਏ



### ਸਿਆਸੀ ਧਿਰਾਂ ਵੀ ਨਾ ਖਿੱਚ ਸਕੀਆਂ ਲਕੀਰ

ਪਿੰਡ ਵਿਚ ਭਾਵੇਂ ਸਭ ਸਿਆਸੀ ਧਿਰਾਂ ਹਨ ਪਰ ਸਿਆਸੀ ਲਕੀਰ ਨਜ਼ਰ ਨਹੀਂ ਆਉਂਦੀ। ਨੌਂ ਮੈਂਬਰੀ ਪੰਚਾਇਤ ਦੀ ਸਰਪੰਚ ਅਕਾਲੀ ਦਲ ਨਾਲ ਸਬੰਧਤ ਹੈ ਪਰ ਉਸ ਨੇ ਕਦੇ ਸਿਆਸੀ ਰੰਗ ਦਾ ਪੰਚਾਇਤ ਉਤੇ ਪਰਛਾਵਾਂ ਨਹੀਂ ਪੈਣ ਦਿੱਤਾ। ਬਲਾਕ ਵਿਕਾਸ ਤੇ ਪੰਚਾਇਤ ਅਫਸਰ ਬਠਿੰਡਾ ਲੈਨਿਨ ਗਰਗ ਦਾ ਕਹਿਣਾ ਹੈ ਕਿ ਆਕਲੀਆ ਕਲਾਂ ਦੀ ਪੰਚਾਇਤ ਦੀ ਕਦੇ ਕੋਈ ਸ਼ਿਕਾਇਤ ਉਨ੍ਹਾਂ ਤੱਕ ਨਹੀਂ ਪੁੱਜੀ ਹੈ ਤੇ ਪੰਚਾਇਤ ਵੱਲੋਂ ਵਿਕਾਸ ਤੇ ਭਾਈਚਾਰੇ ਦੀ ਮਜ਼ਬੂਤੀ ਲਈ ਚੰਗੀ ਭੂਮਿਕਾ ਨਿਭਾਈ ਜਾ ਰਹੀ ਹੈ।

# ਕੌਮਾਂਤਰੀ ਸਚਿੱਤਰ ਮੈਗਜ਼ੀਨ 'ਇੱਕੀ' 25 ਤੇ 26 ਨੂੰ 10 ਦੇਸ਼ਾਂ ਵਿਚ ਹੋਵੇਗਾ ਰਿਲੀਜ਼

**ਸੈਨ ਫਰਾਂਸਿਸਕੋ (ਬਿਊਰੋ):** ਪੰਜਾਬੀ ਸਾਹਿਤ, ਭਾਸ਼ਾ ਅਤੇ ਸੱਭਿਆਚਾਰ ਲਈ ਸ਼ੁਭ ਸ਼ਗਨ ਹੋਵੇਗਾ ਜਦੋਂ 'ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ' ਅਤੇ ਐਸ. ਅਸ਼ੋਕ ਭੌਰਾ ਵਲੋਂ 148 ਰੰਗਦਾਰ ਸਫਿਆਂ ਦਾ ਗਲੌਸੀ ਪੇਪਰ 'ਤੇ ਛਪਿਆ ਤਿਮਾਹੀ 'ਇੱਕੀ ਮੈਗਜ਼ੀਨ' 25 ਅਤੇ 26 ਜੁਲਾਈ ਨੂੰ ਦੋ ਦਿਨਾਂ ਵਿਚ ਦੁਨੀਆਂ ਦੇ ਦਸ ਦੇਸ਼ਾਂ ਵਿਚ ਰਿਲੀਜ਼ ਕੀਤਾ ਜਾਵੇਗਾ।

ਮੁੱਖ ਸੰਪਾਦਕ ਐਸ ਅਸ਼ੋਕ ਭੌਰਾ ਅਨੁਸਾਰ ਜਲੰਧਰ, ਦਿੱਲੀ, ਕੈਲੀਫੋਰਨੀਆ ਵਿਚ ਇਸ ਦੇ ਦਫਤਰ ਹੋਣਗੇ ਅਤੇ ਜਲੰਧਰ ਵਿਚਲਾ ਮੁੱਖ ਸਮਾਗਮ 26 ਜੁਲਾਈ, ਐਤਵਾਰ ਨੂੰ ਦੁਪਹਿਰ 11 ਵਜੇ ਪ੍ਰੈਸ ਕਲੱਬ ਵਿਚ ਹੋਵੇਗਾ।

'ਇੱਕੀ' ਨੂੰ ਲੋਕ ਅਰਪਿਤ ਕਰਨ ਦੀ ਰਸਮ ਪਦਮ ਸ੍ਰੀ ਸ਼ਾਇਰ ਸੁਰਜੀਤ ਪਾਤਰ, ਗਲਪ ਦੇ ਬਾਬਾ ਬੋਹੜ ਨਾਵਲਕਾਰ ਜਸਵੰਤ ਸਿੰਘ ਕੰਵਲ ਅਦਾ ਕਰਨਗੇ ਜਦਕਿ ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਜਲੰਧਰ ਦੂਰਦਰਸ਼ਨ ਦੇ ਡਾਇਰੈਕਟਰ ਸ੍ਰੀ ਓਮ ਗੌਰੀ ਦੱਤ ਸ਼ਰਮਾ, ਰੋਜ਼ਾਨਾ ਅਜੀਤ ਦੇ ਸਹਾਇਕ ਸੰਪਾਦਕ ਸਤਨਾਮ ਸਿੰਘ ਮਾਣਕ, ਪੱਤਰਕਾਰ ਜਤਿੰਦਰ ਪੰਨੂ, ਡਾ. ਲਖਵਿੰਦਰ ਜੌਹਲ, ਪ੍ਰੋ. ਗੁਰਲਾਲ ਸਿੰਘ ਅਤੇ ਹੋਰ ਉਘੀਆਂ ਸ਼ਖਸੀਅਤਾਂ ਸ਼ਾਮਿਲ ਹੋਣਗੀਆਂ। ਮੰਚ ਸੰਚਾਲਨ ਜਾਗ੍ਰਿਤੀ ਮੰਚ ਦੇ ਦੀਪਕ ਬਾਲੀ ਕਰਨਗੇ। ਇਹ ਸਮਾਗਮ ਮੈਗਜ਼ੀਨ ਦੇ ਸੰਪਾਦਕ ਜੋਗਿੰਦਰ ਸੰਧੂ ਦੀ ਦੇਖ-ਰੇਖ ਹੇਠ ਕੀਤਾ ਜਾ ਰਿਹਾ ਹੈ।

ਕੈਲੀਫੋਰਨੀਆ ਦੇ ਸ਼ਹਿਰ ਮਿਲਪੀਟਸ ਦੇ ਸਵਾਗਤ ਰੈਸਟੋਰੈਂਟ ਵਿਚ 25 ਜੁਲਾਈ ਨੂੰ ਲੋਕ ਅਰਪਿਤ ਕਰਨ ਵਾਲਾ ਸਮਾਗਮ ਹੋਵਗਾ ਜਿਸ ਵਿਚ ਕੈਲੀਫੋਰਨੀਆ ਦੀਆਂ ਸਮੂਹ ਸਾਹਿਤ ਸਭਾਵਾਂ ਅਤੇ ਸਾਹਿਤਕਾਰਾਂ ਤੋਂ ਇਲਾਵਾ ਫਿਲਮ 'ਸੈਕੰਡ ਹੈਂਡ ਹਸਬੈਂਡ' ਦੇ ਨਿਰਮਾਤਾ ਅਮੋਲਕ ਸਿੰਘ ਗਾਖਲ, ਰਾਜ ਭਨੋਟ ਵੀ ਹਾਜ਼ਰ ਹੋਣਗੇ।




ਜਿਨ੍ਹਾਂ ਹੋਰਨਾਂ ਥਾਂਵਾਂ 'ਤੇ 'ਇੱਕੀ' ਨੂੰ ਲੋਕ ਅਰਪਿਤ ਕਰਨ ਦੇ ਸਮਾਗਮ ਹੋਣਗੇ, ਉਨ੍ਹਾਂ ਵਿਚ 26 ਜੁਲਾਈ ਨੂੰ ਰੇਸ਼ਮ ਭਰੋਲੀ ਵਲੋਂ ਹੈਮਬਰਗ (ਜਰਮਨੀ), ਦਲਵੀਰ ਕੈਂਥ ਵਲੋਂ ਰੋਮ (ਇਟਲੀ), ਜੱਗੀ ਕੁੱਸਾ ਵਲੋਂ ਸਾਊਥਾਲ (ਲੰਡਨ), ਹਰਜਿੰਦਰ ਬਸਿਆਲਾ ਵਲੋਂ ਓਕਲੈਂਡ (ਨਿਊਜ਼ੀਲੈਂਡ), ਕੁਲਵੰਤ ਭਾਨਾ ਵਲੋਂ ਸ਼ਾਰਜਾਹ (ਯੂ ਏ ਈ), ਮਨਰਾਜ ਭੌਰਾ ਵਲੋਂ ਵਿਆਨਾ (ਆਸਟ੍ਰੀਆ), ਸਰਵਣ ਸੰਧੂ ਵਲੋਂ ਸਿਡਨੀ (ਆਸਟ੍ਰੇਲੀਆ), ਸੁਰਜੀਤ ਮਾਧੋਪੁਰੀ ਅਤੇ ਪ੍ਰਿਤਪਾਲ ਗਿੱਲ ਵਲੋਂ ਵੈਨਕੂਵਰ (ਕੈਨੇਡਾ) ਅਤੇ 25 ਜੁਲਾਈ ਨੂੰ ਕਲਮਾਂ ਦੇ ਕਾਫਲੇ ਵਲੋਂ ਵਰਿਆਮ ਸੰਧੂ, ਪ੍ਰਿੰਸੀਪਲ ਸਰਵਣ ਸਿੰਘ ਅਤੇ ਹਰਿੰਦਰ ਬੀਸਲਾ ਟੋਰਾਂਟੋ ਦੀ ਅਗਵਾਈ ਵਿਚ ਸਾਹਿਤਕਾਰਾਂ ਅਤੇ ਪੰਜਾਬੀ ਪਾਠਕਾਂ ਦੇ ਹੱਥਾਂ ਤੱਕ ਪੁੱਜਦਾ ਕੀਤਾ ਜਾਵੇਗਾ।

'ਇੱਕੀ' ਦੇ ਸੰਪਾਦਕ ਜੋਗਿੰਦਰ ਸੰਧੂ ਨੇ ਕਿਹਾ ਕਿ ਪਾਠਕ ਇਸ ਮੈਗਜ਼ੀਨ ਨੂੰ ਇਸ ਕਰਕੇ ਵੀ ਵਧੇਰੇ ਪਸੰਦ ਕਰਨਗੇ ਕਿਉਂਕਿ ਇਸ ਵਿਚ ਨਿਰੋਲ ਸਾਹਿਤਕ ਪੱਖ ਨੂੰ ਉਭਾਰਦਿਆਂ ਕਹਾਣੀ, ਕਵਿਤਾ, ਲੇਖ, ਵਿਅੰਗ, ਇਤਿਹਾਸ, ਰੰਗ-ਮੰਚ, ਰਾਜਨੀਤੀ ਆਦਿ ਵਿਸ਼ਿਆਂ ਉਤੇ ਨਿੱਗਰ ਸਮੱਗਰੀ ਮੁਹੱਈਆ ਕੀਤੀ ਜਾਵੇਗੀ।

ਮੈਗਜ਼ੀਨ ਦੇ ਪ੍ਰਬੰਧਕੀ ਨਿਰਦੇਸ਼ਕ ਮਨਵੀਰ ਨੇ ਆਸ ਪ੍ਰਗਟਾਈ ਹੈ ਕਿ ਪੰਜਾਬੀ ਸਾਹਿਤ ਵਿਚ 'ਇੱਕੀ' ਇਕ ਨਵੀਂ ਪੈੜ ਹੋਵੇਗਾ ਅਤੇ ਪਾਠਕ ਵਰਗ ਇਸ ਨੂੰ ਆਪਣੀਆਂ ਬੈਠਕਾਂ ਦਾ ਸ਼ਿੰਗਾਰ ਬਣਾਉਣ ਵਿਚ ਧੰਨਭਾਗ ਸਮਝੇਗਾ।

ਵਰਣਨਯੋਗ ਹੈ ਕਿ ਮੈਗਜ਼ੀਨ ਦਾ ਸਮੁੱਚਾ ਆਰਟ ਵਰਕ ਸੁਖਵੰਤ ਅਤੇ ਸੁਰਜੀਤ ਕੁਮਾਰ ਨੇ ਤਿਆਰ ਕੀਤਾ ਹੈ। ਹਾਲ ਦੀ ਘੜੀ ਭਾਵੇਂ ਇਸ ਦਾ ਪ੍ਰਕਾਸ਼ਨ ਤ੍ਰੈ-ਮਾਸਿਕ ਹੋਵੇਗਾ ਪਰ ਛੇਤੀ ਹੀ ਇਸ ਮੈਗਜ਼ੀਨ ਨੂੰ ਮਹੀਨਾਵਾਰ ਕਰਨ ਦਾ ਵੀ ਫੈਸਲਾ ਲੈ ਲਿਆ ਗਿਆ ਹੈ।

ਮੈਗਜ਼ੀਨ ਸਬੰਧੀ ਹੋਰ ਜਾਣਕਾਰੀ ਫੋਨ ਨੰਬਰ +91-94174-02327 (ਇੰਡੀਆ) ਜਾਂ 510-695-4836 (ਅਮਰੀਕਾ) ਰਾਹੀਂ ਲਈ ਜਾ ਸਕਦੀ ਹੈ।

# ਧਾਰਾ 370 ਬਾਰੇ ਵਾਅਦਾ ਪੂਰਾ ਨਹੀਂ ਕਰ ਸਕੇਗੀ ਭਾਜਪਾ

**ਸ੍ਰੀਨਗਰ:** ਕੇਂਦਰ ਉਤੇ ਕਾਬਜ਼ ਭਾਰਤੀ ਜਨਤਾ ਪਾਰਟੀ (ਭਾਜਪਾ) ਲਈ ਬਹੁਤ ਅਫ਼ਸੋਸ ਵਾਲੀ ਗੱਲ ਹੈ ਕਿ ਉਨ੍ਹਾਂ ਵੱਲੋਂ ਜੰਮੂ ਕਸ਼ਮੀਰ ਦੇ ਸੰਦਰਭ ਵਿਚ ਧਾਰਾ 370 ਨੂੰ ਬਦਲਣ ਦੀ ਤਜਵੀਜ਼ ਨੂੰ ਜੰਮੂ-ਕਸ਼ਮੀਰ ਦੀ ਹਾਈਕੋਰਟ ਨੇ ਆਪਣੇ ਨਵੇਂ ਫ਼ੈਸਲੇ ਵਿਚ ਸਿਰੇ ਤੋਂ ਨਕਾਰ ਦਿੱਤਾ ਹੈ। ਜੰਮੂ-ਕਸ਼ਮੀਰ ਹਾਈਕੋਰਟ ਨੇ ਮਹੱਤਵਪੂਰਨ ਫ਼ੈਸਲਾ ਦਿੰਦਿਆਂ ਕਿਹਾ ਹੈ ਕਿ ਸੂਬੇ ਦੀ ਖ਼ੁਦਮੁਖਤਿਆਰੀ ਕਾਨੂੰਨੀ ਤੇ ਸੰਵਿਧਾਨਕ ਤੌਰ ਉਤੇ ਅਛੋਹ ਹੈ ਅਤੇ ਇਸ ਨੂੰ ਨਾ ਤਾਂ ਚੁਨੌਤੀ ਦਿੱਤੀ ਜਾ ਸਕਦੀ ਹੈ ਤੇ ਨਾ ਹੀ ਇਸ ਵਿਚ ਕੋਈ ਤਬਦੀਲੀ ਕੀਤੀ ਜਾ ਸਕਦੀ ਹੈ।

ਅਦਾਲਤ ਨੇ ਕਿਹਾ ਕਿ ਜੰਮੂ-ਕਸ਼ਮੀਰ ਸੂਬੇ ਦੇ ਸੰਦਰਭ ਵਿਚ ਕਾਨੂੰਨ ਬਣਾਉਣ ਦੀ ਸੰਸਦ ਦੀ ਤਾਕਤ ਸੀਮਤ ਹੈ ਤੇ ਉਹ ਸੂਬੇ ਵੱਲੋਂ ਮਨਜ਼ੂਰ ਵਿਵਸਥਾ ਅਨੁਸਾਰ ਹੀ ਕਾਨੂੰਨ ਬਣਾ ਸਕਦੀ ਹੈ ਅਤੇ ਉਹ ਵੀ ਭਾਰਤ ਦੇ ਸੰਵਿਧਾਨ ਦੀ ਧਾਰਾ 370 ਅਨੁਸਾਰ। ਜ਼ਿਕਰਯੋਗ ਹੈ ਕਿ ਭਾਜਪਾ ਵੱਲੋਂ ਚੋਣਾਂ ਤੋਂ ਪਹਿਲਾਂ ਇਹ ਐਲਾਨ ਕੀਤਾ ਗਿਆ ਸੀ ਕਿ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਧਾਰਾ 370 ਨੂੰ ਖ਼ਾਰਜ ਕਰ ਕੇ ਇਸ ਨੂੰ ਪੂਰਨ ਤੌਰ ਉਤੇ ਭਾਰਤੀ ਕਾਨੂੰਨ ਨਾਲ ਜੋੜ ਲਿਆ ਜਾਵੇਗਾ।

ਅਦਾਲਤ ਨੇ ਕਿਹਾ ਕਿ ਸੰਵਿਧਾਨਕ ਸ਼ਰਤ ਤੇ ਕਾਨੂੰਨ ਸਪੱਸ਼ਟ ਹੈ ਜੋ ਧਾਰਾ 370 ਵੱਲੋਂ ਪ੍ਰਸਤਾਵਤ ਤੰਤਰ ਤੇ ਪ੍ਰਕਿਰਿਆ ਅਨੁਸਾਰ ਜੰਮੂ-ਕਸ਼ਮੀਰ ਸੂਬੇ ਤੱਕ ਹਨ ਤੇ ਜਿਸ ਦੀਆਂ ਸੰਵਿਧਾਨਕ ਸ਼ਰਤਾਂ ਅਤੇ ਕਾਨੂੰਨ ਸੂਬੇ ਦੀ ਵੱਖਰੀ, ਅਨੋਖੀ ਅਤੇ ਵਿਸ਼ੇਸ਼ ਸਥਿਤੀ ਨੂੰ ਹੋਰ ਸਪੱਸ਼ਟ ਕਰਦਿਆਂ ਜੰਮੂ-ਕਸ਼ਮੀਰ 'ਤੇ ਲਾਗੂ ਹੋਣ ਯੋਗ ਬਣਾਇਆ ਗਿਆ ਹੈ।

ਹਾਈਕੋਰਟ ਨੇ ਸੁਪਰੀਮ ਕੋਰਟ ਵੱਲੋਂ ਕੁਝ ਹੋਰ ਮਾਮਲਿਆਂ ਵਿਚ ਦਿੱਤੇ ਫ਼ੈਸਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਜੰਮੂ ਤੇ ਕਸ਼ਮੀਰ ਸੂਬੇ ਕੋਲ ਵਿਲੱਖਣ ਤੇ ਵਿਸ਼ੇਸ਼ ਦਰਜਾ ਹੈ। ਇਸ ਤਰ੍ਹਾਂ ਕਾਨੂੰਨ ਦੀ ਨਜ਼ਰ ਵਿਚ ਜੰਮੂ ਤੇ ਕਸ਼ਮੀਰ ਕੋਲ ਆਪਣਾ ਵਿਸ਼ੇਸ਼ ਰੁਤਬਾ ਹੈ ਤੇ ਇਸ ਦੀ ਦੇਸ਼ ਦੇ ਦੂਸਰੇ ਸੂਬਿਆਂ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਸੰਵਿਧਾਨਕ ਵਿਵਸਥਾਵਾਂ ਅਤੇ ਕਾਨੂੰਨ ਜਿਹੜੇ ਧਾਰਾ 370 ਦੁਆਰਾ ਨਿਰਧਾਰਤ ਢਾਂਚੇ ਮੁਤਾਬਕ ਲਾਗੂ ਕੀਤੇ ਗਏ ਹਨ ਅਤੇ ਜਿਹੜੀਆਂ ਸੰਵਿਧਾਨਕ ਵਿਵਸਥਾਵਾਂ ਤੇ ਕਾਨੂੰਨ ਸੋਧਾਂ ਵਗੈਰਾ ਨਾਲ ਜੰਮੂ ਤੇ ਕਸ਼ਮੀਰ ਵਿਚ ਲਾਗੂ ਹੋਣ ਯੋਗ ਬਣਾਏ ਗਏ ਹਨ, ਸੂਬੇ ਦੇ ਵਿਲੱਖਣ ਅਤੇ ਵਿਸ਼ੇਸ਼ ਦਰਜੇ ਨੂੰ ਜ਼ਿਆਦਾ ਸਪਸ਼ਟ ਕਰਦੇ ਹਨ।

# ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਭਾਰਤ ਭੇਜਣ ਦੀ ਮੰਗ ਮੁੜ ਉਠੀ

**ਲੰਡਨ:** ਬਰਤਾਨੀਆ ਤੇ ਭਾਰਤ ਵਿਚ ਸਿੱਖਾਂ ਦੇ ਕਈ ਹਲਕਿਆਂ ਵਿਚ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਭਾਰਤ ਭੇਜਣ ਦੀ ਮੰਗ ਉੱਠੀ ਹੈ। 17 ਜੁਲਾਈ ਸ਼ੁੱਕਰਵਾਰ ਨੂੰ ਸਿੱਖਾਂ ਤੇ ਸਥਾਨਕ ਪ੍ਰਮੁੱਖ ਸ਼ਖ਼ਸੀਅਤਾਂ ਦਾ ਇਕੱਠ ਸੁਫੋਲਕ-ਨੌਰਫੋਲਕ ਸਰਹੱਦ ਨੇੜੇ ਉੱਤਰੀ ਲੰਡਨ ਦੇ ਇਕ ਚਰਚ ਵਿੱਚ ਹੋਈਆ।

ਇਥੇ ਹੀ ਮਹਾਰਾਜਾ ਦਲੀਪ ਸਿੰਘ, ਉਨ੍ਹਾਂ ਦੀ ਪਤਨੀ ਮਹਾਰਾਣੀ ਬਾਂਬਾ ਤੇ ਛੋਟੇ ਪੁੱਤਰ ਰਾਜਕੁਮਾਰ ਐਲਬਰਟ ਨੂੰ ਸੌ ਸਾਲ ਤੋਂ ਵੱਧ ਸਮਾਂ ਪਹਿਲਾਂ ਦਫਨਾਇਆ ਗਿਆ ਸੀ। ਇਹ ਮੌਤਾਂ ਤੇ ਅੰਤਮ ਰਸਮਾਂ, ਐਂਗਲੋ-ਸਿੱਖ ਇਤਿਹਾਸ ਵਿਚ ਉਸ ਕਾਲੇ ਦੌਰ ਵਜੋਂ ਦਰਜ ਹਨ, ਜੋ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੇ ਪੜਾਅਵਾਰ ਸਿੱਖ ਰਾਜ ਦੇ ਖ਼ਾਤਮੇ ਮਗਰੋਂ ਸ਼ੁਰੂ ਹੋਇਆ। ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਤੇ ਜਾਨਸ਼ੀਨ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਜਲਾਵਤਨੀ ਤੋਂ ਪਹਿਲਾਂ ਅੱਲੜ ਉਮਰ ਵਿਚ ਹੀ ਈਸਾਈ ਧਰਮ ਵਿਚ ਤਬਦੀਲ ਕਰ ਦਿੱਤਾ ਗਿਆ ਸੀ। 17 ਸਾਲਾਂ ਦੀ ਉਮਰ ਤੋਂ ਉਨ੍ਹਾਂ ਨੂੰ ਬਰਤਾਨੀਆ ਸਰਕਾਰ ਦੀ ਪੈਨਸ਼ਨ ਮਿਲਣ ਲੱਗੀ ਸੀ, ਜਿਸ ਨਾਲ ਉਨ੍ਹਾਂ 17 ਹਜ਼ਾਰ ਕਿੱਲਿਆਂ ਵਿਚ ਬਣਿਆ ਘਰ ਐਲਵੇਡਨ ਹਾਲ ਖਰੀਦਿਆ।

ਭਾਰਤ ਵਾਪਸੀ ਲਈ ਅਸਫ਼ਲ ਕੋਸ਼ਿਸ਼ ਕਰਨ ਤੋਂ ਪਹਿਲਾਂ ਤੱਕ ਉਹ 11 ਸਾਲ ਇਸੇ ਘਰ ਵਿਚ ਪਰਿਵਾਰ ਨਾਲ ਰਹੇ। ਸਾਲ 2015 ਵਿਚ ਹੀ ਮਹਾਰਾਜਾ ਦਲੀਪ ਸਿੰਘ ਵੱਲੋਂ ਐਲਵੇਡਨ ਹਾਲ ਘਰ ਖਰੀਦਣ ਦੀ 150ਵੀਂ ਵਰ੍ਹੇਗੰਢ ਹੈ। ਇਨ੍ਹਾਂ ਦੋਵਾਂ ਸਮਾਰੋਹਾਂ ਵਿਚ ਸ਼ਾਮਲ ਹੋਣ ਵਾਲੇ ਲੰਡਨ ਦੇ ਮੁੱਖ ਸਨਅਤਕਾਰ ਗੁਰਦੀਪ ਸਿੰਘ ਸੰਧੂ ਨੇ ਦੱਸਿਆ ਕਿ ਮਹਾਰਾਜਾ ਦਲੀਪ ਸਿੰਘ ਦੀ ਯਾਦ ਵਿਚ ਵਿਸ਼ੇਸ਼ ਸਮਾਰੋਹ ਲਈ ਪੂਰਬੀ ਲੰਡਨ ਵਿਚ ਸਿੱਖ ਵੈਲਫੇਅਰ ਸੁਸਾਇਟੀ ਦੇ ਮੈਂਬਰ ਇਕੱਠੇ ਹੋਏ। ਲੰਡਨ ਆਧਾਰਤ ਸਿੱਖ ਟਰੱਸਟ ਦੇ ਮੈਂਬਰਾਂ ਨੇ ਮਹਾਰਾਜਾ ਦੀ ਕਬਰ ਪੁੱਟਣ ਦੀ ਵਕਾਲਤ ਕੀਤੀ ਹੈ। ਸਿੱਖ ਇਤਿਹਾਸਕਾਰ ਤੇ ਮਹਾਰਾਜਾ ਦਲੀਪ ਸਿੰਘ ਦੀ ਜੀਵਨ ਲਿਖਣ ਵਾਲੇ ਪੀਟਰ ਬਾਂਸ ਨੇ ਕਿਹਾ ਕਿ ਉਹ ਬਰਮਿੰਘਮ ਨੇੜੇ ਰਹਿੰਦੇ ਕਈ ਅਜਿਹੇ ਸਿੱਖਾਂ ਨੂੰ ਜਾਣਦਾ ਹੈ, ਜੋ ਮਹਾਰਾਜਾ ਦੀਆਂ ਅਸਥੀਆਂ ਭਾਰਤ ਲਿਜਾ ਕੇ ਇਨ੍ਹਾਂ ਨੂੰ ਪੰਜਾਬ ਦੇ ਦਰਿਆਵਾਂ ਵਿਚ ਜਲ ਪ੍ਰਵਾਹ ਕਰਨਾ ਚਾਹੁੰਦੇ ਹਨ।

**Metropolis Curry & Kabob**

**ਹੈਲਪਰ ਚਾਹੀਦੇ ਹਨ**

ਰੈਸਟੋਰੈਂਟ ਲਈ ਦੋ ਹੈਲਪਰ ਚਾਹੀਦੇ ਹਨ
ਮੇਕਨ, ਜਾਰਜੀਆ ਵਿਚ ਭਾਰਤੀ ਰੈਸਟੋਰੈਂਟ ਲਈ
ਦੋ ਹੈਲਪਰ ਚਾਹੀਦੇ ਹਨ
ਸਿੰਗਲ ਬੰਦੇ ਨੂੰ ਪਹਿਲ
ਰਿਹਾਇਸ਼ ਅਤੇ ਖਾਣਾ-ਪੀਣਾ ਮੁਫਤ
ਵਧੀਆ ਤਨਖਾਹ

ਸੰਪਰਕ ਕਰੋ
(ਰਾਮ) 478-390-2234
(ਅਮਿਤ) 478-719-3837

30-31

# ਵਿਭਾਗੀ ਮਨਜ਼ੂਰੀਆਂ ਨੇ ਘੇਰੀ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੀ ਰਾਹਤ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਕਰਜ਼ੇ ਤੋਂ ਦੁਖੀ ਹੋ ਕੇ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਤੇ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਵਿੱਤੀ ਰਾਹਤ ਬਾਰੇ ਨੀਤੀ ਵਿਭਾਗੀ ਮਨਜ਼ੂਰੀਆਂ ਵਿਚ ਫਸ ਗਈ ਹੈ। ਜਿਸ ਕਾਰਨ ਸੂਬਾ ਸਰਕਾਰ ਸਾਲ ਪਿੱਛੋਂ ਵੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਸਾਹਮਣੇ ਕੀਤੇ ਵਾਅਦੇ ਨੂੰ ਸਮੇਂ ਸਿਰ ਨਿਭਾਉਣ ਵਿਚ ਅਸਫ਼ਲ ਰਹੀ ਹੈ। ਹੁਣ ਫਿਰ ਵਿੱਤ ਵਿਭਾਗ ਨੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ ਦੇ



ਤਰੀਕੇ ਵਿਚ ਤਬਦੀਲੀ ਦੀ ਸਿਫ਼ਾਰਸ਼ ਕੀਤੀ ਹੈ। ਵਿਭਾਗ ਨੇ ਪੰਜਾਹ ਹਜ਼ਾਰ ਰੁਪਏ ਨਕਦ ਤੇ ਢਾਈ ਲੱਖ ਰੁਪਏ ਬੈਂਕ ਵਿਚ ਰੱਖ ਕੇ ਪੀੜਤ ਪਰਿਵਾਰ ਨੂੰ ਵਿਆਜ ਦੇਣ ਦੀ ਬਜਾਏ ਤਿੰਨ ਲੱਖ ਰੁਪਏ ਇਕੋ ਵਾਰ ਦੇਣ ਦੀ ਸਿਫ਼ਾਰਸ਼ ਕੀਤੀ ਹੈ। ਇਸ ਦੀ ਪੁਸ਼ਟੀ ਵਿੱਤ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਕੀਤੀ ਹੈ।

ਬੀਤੇ ਸੀਜ਼ਨ ਦੌਰਾਨ ਬੇਮੌਸਮੀ ਬਰਸਾਤ ਕਾਰਨ ਹੋਏ ਖ਼ਰਾਬੇ ਕਰਕੇ ਪੰਜਾਬ ਵਿਚ ਕਿਸਾਨ ਖ਼ੁਦਕੁਸ਼ੀਆਂ ਵਧਣ ਦੇ ਬਾਵਜੂਦ ਸਰਕਾਰ ਪੀੜਤ ਪਰਿਵਾਰਾਂ ਨੂੰ ਫੌਰੀ ਰਾਹਤ ਨਹੀਂ ਦੇ ਰਹੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੀੜਤ ਪਰਿਵਾਰਾਂ ਨੂੰ ਤਿੰਨ ਲੱਖ ਰੁਪਏ ਰਾਹਤ ਦੇਣ ਦਾ ਐਲਾਨ ਤਾਂ ਕਰ ਦਿੱਤਾ ਸੀ ਪਰ ਅਜੇ ਤੱਕ ਇਸ ਰਾਹਤ ਸਕੀਮ ਦਾ ਨੋਟੀਫਿਕੇਸ਼ਨ ਹੀ ਜਾਰੀ ਨਹੀਂ ਹੋਇਆ। ਹੁਣ ਵਿਤ ਵਿਭਾਗ ਨੇ ਪ੍ਰਸਤਾਵਿਤ ਨੀਤੀ ਤਹਿਤ ਰਾਹਤ ਰਕਮ ਦੇਣ ਦੇ ਤਰੀਕੇ ਉੱਤੇ ਰੋਕ ਲਗਾ ਦਿੱਤੀ ਹੈ। ਵਿੱਤ ਵਿਭਾਗ ਦੀ ਰਾਇ ਮੁਤਾਬਕ ਇਸ ਨੀਤੀ ਨੂੰ ਖੇਤੀ ਮੰਤਰੀ ਜਥੇਦਾਰ ਤੋਤਾ ਸਿੰਘ ਦੀ ਮਨਜ਼ੂਰੀ ਦੀ ਉਡੀਕ ਹੈ। ਉਹ ਐਨ.ਆਰ.ਆਈਜ਼. ਨੂੰ ਅਕਾਲੀ ਦਲ ਦੇ ਪੱਖ ਵਿਚ ਪ੍ਰੇਰਿਤ ਕਰਨ ਲਈ ਵਿਦੇਸ਼ ਦੇ ਦੌਰੇ ਉੱਤੇ ਹਨ। ਜਾਣਕਾਰੀ ਅਨੁਸਾਰ ਹਾਈਕੋਰਟ ਵੱਲੋਂ ਪੀੜਤ ਪਰਿਵਾਰਾਂ ਨੂੰ ਰਾਹਤ ਬਾਰੇ ਇਕ ਜਨਹਿੱਤ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੂੰ ਨੀਤੀ ਬਣਾਉਣ ਦਾ ਹੁਕਮ ਦਿੱਤਾ ਸੀ। ਅਦਾਲਤ ਦੇ ਹੁਕਮ ਉੱਤੇ ਸਰਕਾਰ ਵੱਲੋਂ ਪੰਜਾਬ ਰਾਜ ਕਿਸਾਨ ਕਮਿਸ਼ਨ ਦੇ ਚੇਅਰਮੈਨ ਡਾ. ਜੀ.ਐਸ. ਕਾਲਕਟ ਦੀ ਅਗਵਾਈ ਵਿਚ ਬਣਾਈ ਕਮੇਟੀ ਨੇ ਜੁਲਾਈ 2014 ਵਿਚ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਸੀ।

## ਸਾਲ ਪਿੱਛੋਂ ਵੀ ਨੀਤੀ ਬਣਾਉਣ ਵਿਚ ਨਾਕਾਮ

ਹਾਈਕੋਰਟ ਨੇ ਅੱਠ ਅਗਸਤ 2014 ਨੂੰ ਰਿਪੋਰਟ ਦੇ ਆਧਾਰ ਉੱਤੇ ਚਾਰ ਮਹੀਨਿਆਂ ਅੰਦਰ ਮੁਆਵਜ਼ਾ ਨੀਤੀ ਬਣਾਉਣ ਦੇ ਆਦੇਸ਼ ਦਿੱਤੇ ਸਨ। ਸਰਕਾਰ ਨੂੰ ਚਾਰ ਮਹੀਨਿਆਂ ਦੇ ਬਜਾਏ ਤਕਰੀਬਨ ਇਕ ਸਾਲ ਹੋਣ ਵਾਲਾ ਹੈ ਪਰ ਨੀਤੀ ਸਿਰੇ ਨਹੀਂ ਚੜ੍ਹ ਸਕੀ। ਪੀੜਤ ਪਰਿਵਾਰਾਂ ਨੂੰ ਰਾਹਤ ਦੇਣ ਦੀ ਪ੍ਰਸਤਾਵਿਤ ਨੀਤੀ ਅਨੁਸਾਰ ਡੀ.ਸੀ. ਦੀ ਅਗਵਾਈ ਵਿਚ ਪੰਜ ਮੈਂਬਰੀ ਕਮੇਟੀ ਵਿਚ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤੋਂ ਇਲਾਵਾ ਸੀ.ਐਮ.ਓ., ਐਸ.ਐਸ.ਪੀ., ਮੁੱਖ ਖੇਤੀਬਾੜੀ ਅਫ਼ਸਰ ਅਤੇ ਖ਼ੁਦਕੁਸ਼ੀ ਪੀੜਤ ਪਰਿਵਾਰ ਦੇ ਪਿੰਡ ਦਾ ਸਰਪੰਚ ਹੋਵੇਗਾ। ਖ਼ੁਦਕੁਸ਼ੀ ਤੋਂ ਤਿੰਨ ਮਹੀਨਿਆਂ ਅੰਦਰ ਪੀੜਤ ਪਰਿਵਾਰ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਜਾਂ ਸਬੰਧਤ ਐਸ.ਡੀ.ਐਮ. ਕੋਲ ਅਰਜ਼ੀ ਦੇਵੇਗਾ ਅਤੇ ਕਮੇਟੀ ਇਕ ਮਹੀਨੇ ਅੰਦਰ ਇਸ ਅਰਜ਼ੀ ਉੱਤੇ ਫ਼ੈਸਲਾ ਲਵੇਗੀ।

ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਰਾਹੀਂ ਖ਼ੁਦਕੁਸ਼ੀ ਪੀੜਤਾਂ ਦੇ ਕਰਵਾਏ ਸਰਵੇਖਣ ਦੌਰਾਨ ਤਕਰੀਬਨ ਸੱਤਰ ਹਜ਼ਾਰ ਪੀੜਤ ਪਰਿਵਾਰ ਸਾਹਮਣੇ ਆਏ ਸਨ। ਇਨ੍ਹਾਂ ਵਿਚੋਂ ਸਾਰਿਆਂ ਨੂੰ ਮੁਆਵਜ਼ਾ ਨਹੀਂ ਮਿਲਿਆ। ਇਹ ਸਰਵੇਖਣ 2010 ਤੱਕ ਦੇ ਕੇਸਾਂ ਦਾ ਸੀ। ਇਸ ਤੋਂ ਬਾਅਦ ਸਰਕਾਰ ਨੇ ਸਰਵੇਖਣ ਕਰਵਾਉਣ ਦਾ ਕੀਤਾ ਵਾਅਦਾ ਅਜੇ ਤੱਕ ਨਹੀਂ ਨਿਭਾਇਆ।

# ਭਾਰਤ ਵਿਚ ਹਰ ਘੰਟੇ 15 ਖ਼ੁਦਕੁਸ਼ੀਆਂ...

**ਨਵੀਂ ਦਿੱਲੀ:** ਭਾਰਤ ਵਿਚ ਪਿਛਲੇ ਸਾਲ ਹਰ ਘੰਟੇ 15 ਖ਼ੁਦਕਸ਼ੀ ਹੋਈਆਂ ਤੇ ਪੂਰੇ ਸਾਲ ਵਿਚ ਇਹ ਅੰਕੜਾ 1.31 ਲੱਖ ਤੋਂ ਉਪਰ ਚਲਾ ਗਿਆ। ਸਰਕਾਰੀ ਅੰਕੜਿਆਂ ਮੁਤਾਬਕ ਖ਼ੁਦਕੁਸ਼ੀ ਦੇ ਸਭ ਤੋਂ ਜ਼ਿਆਦਾ ਮਾਮਲੇ ਮਹਾਰਾਸ਼ਟਰ ਵਿਚ ਦਰਜ ਕੀਤੇ ਗਏ ਜਦਕਿ ਸ਼ਹਿਰਾਂ ਵਿਚੋਂ ਚੇਨੱਈ ਵਿਚ ਸਭ ਤੋਂ ਜ਼ਿਆਦਾ ਖ਼ੁਦਕੁਸ਼ੀਆਂ ਹੋਈਆਂ। ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ (ਐਨ.ਸੀ.ਆਰ.ਬੀ.) ਵੱਲੋਂ ਜਾਰੀ ਅੰਕੜਿਆਂ ਮੁਤਾਬਕ ਖ਼ੁਦਕੁਸ਼ੀ ਕਰਨ ਵਾਲਿਆਂ ਵਿਚੋਂ 69.7 ਫ਼ੀਸਦੀ ਉਹ ਸਨ, ਜਿਨ੍ਹਾਂ ਦੀ ਸਾਲਾਨਾ ਆਮਦਨ ਇਕ ਲੱਖ ਰੁਪਏ ਤੋਂ ਘੱਟ ਸੀ। ਮਹਾਰਾਸ਼ਟਰ ਵਿਚ ਖ਼ੁਦਕੁਸ਼ੀ ਦੇ 16,307 ਮਾਮਲੇ ਸਾਹਮਣੇ ਆਏ ਤੇ ਇਸ ਤੋਂ ਬਾਅਦ ਤਾਮਿਲਨਾਡੂ ਵਿਚ 16,122 ਅਤੇ ਪੱਛਮੀ ਬੰਗਾਲ ਵਿਚ 14,310 ਮਾਮਲੇ ਸਾਹਮਣੇ ਆਏ ਜੋ ਕਿ ਕ੍ਰਮਵਾਰ 12.4, 12.2 ਤੇ 10.9 ਫ਼ੀਸਦੀ ਬਣਦੇ ਹਨ। ਵੱਡੇ ਸ਼ਹਿਰਾਂ, ਜਿਨ੍ਹਾਂ ਦੀ ਆਬਾਦੀ 10 ਲੱਖ ਤੋਂ ਜ਼ਿਆਦਾ ਹੈ, ਵਿਚੋਂ ਚੇਨੱਈ ਵਿਚ ਸਭ ਤੋਂ ਜ਼ਿਆਦਾ 2214 ਖ਼ੁਦਕੁਸ਼ੀਆਂ ਹੋਈਆਂ। ਜਾਣਕਾਰੀ ਮੁਤਾਬਕ ਵਿਆਹ ਸਬੰਧੀ ਮਾਮਲਿਆਂ ਤੋਂ ਇਲਾਵਾ ਘਰੇਲੂ ਮਸਲਿਆਂ ਕਾਰਨ 21.7 ਫ਼ੀਸਦੀ ਲੋਕਾਂ ਨੇ ਆਤਮ ਹੱਤਿਆ ਕੀਤੀ ਤੇ ਬਿਮਾਰੀ ਨਾਲ ਸਬੰਧਤ ਮਾਮਲਿਆਂ ਕਾਰਨ 18 ਫ਼ੀਸਦੀ ਲੋਕਾਂ ਨੇ ਇਹ ਰਾਹ ਚੁਣਿਆ।


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)








ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 25 ਜੁਲਾਈ 2015*

## *ਸਿਆਸਤ ਦਾ ਪਰਦੇਸੀ ਮੋੜ*

ਪੰਜਾਬ ਦੀ ਸਿਆਸਤ ਬਾਬਤ ਪਰਦੇਸਾਂ ਵਿਚ ਹੋਈਆਂ ਉਪਰੋਥਲੀ ਘਟਨਾਵਾਂ ਨੇ ਸਿਆਸੀ ਸਫਾਂ ਵਿਚ ਗਰਮੀ ਲੈ ਆਂਦੀ ਹੈ। ਉਂਜ ਵੀ ਐਤਕੀਂ ਪੰਜਾਬ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਬਹੁਤ ਪਹਿਲਾਂ ਚੋਣ ਸਰਗਰਮੀਆਂ ਵਧ ਰਹੀਆਂ ਹਨ ਅਤੇ ਹਰ ਪਾਰਟੀ ਪਰਵਾਸੀਆਂ ਨਾਲ ਤਾਲਮੇਲ ਬਿਠਾਉਣ ਲਈ ਓਹੜ-ਪੁਹੜ ਕਰ ਰਹੀ ਹੈ। ਚੋਣਾਂ ਨੂੰ ਅਜੇ ਤਕਰੀਬਨ ਡੇਢ ਸਾਲ ਪਿਆ ਹੈ, ਪਰ ਸਿਆਸੀ ਸਰਗਰਮੀਆਂ ਇਉਂ ਹੋ ਰਹੀਆਂ ਹਨ ਜਿਵੇਂ ਵੋਟਾਂ ਹੁਣੇ ਹੀ ਪੈ ਜਾਣੀਆਂ ਹਨ। ਅਸਲ ਵਿਚ ਭਾਰਤੀ ਜਨਤਾ ਪਾਰਟੀ ਨੂੰ ਛੱਡ ਕੇ ਪੰਜਾਬ ਦੀਆਂ ਤਿੰਨ ਮੁੱਖ ਪਾਰਟੀਆਂ-ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ), ਆਪੋ-ਆਪਣੇ ਕਲੇਸ਼ਾਂ ਕਾਰਨ ਤਰਲੋ-ਮੱਛੀ ਹੋ ਰਹੀਆਂ ਹਨ। ਕਾਂਗਰਸ ਅਤੇ 'ਆਪ' ਨੂੰ ਧੜੇਬੰਦੀ ਦੀ ਮਾਰ ਪੈ ਰਹੀ ਹੈ ਤੇ ਸ਼੍ਰੋਮਣੀ ਅਕਾਲੀ ਦਲ ਦੇ ਪੈਰਾਂ ਥੱਲਿਉਂ ਉਂਜ ਹੀ ਜ਼ਮੀਨ ਖਿਸਕੀ ਹੋਈ ਹੈ। ਉਪਰੋਥਲੀ ਸਾਹਮਣੇ ਆਏ ਕਈ ਮਸਲਿਆਂ ਕਾਰਨ ਲੋਕਾਂ ਦਾ ਅਕਾਲੀਆਂ ਪ੍ਰਤੀ ਰੋਹ ਅਤੇ ਰੋਸ, ਸੀਮਾ ਪਾਰ ਕਰ ਰਿਹਾ ਹੈ। ਇਸ ਰੋਹ ਤੇ ਰੋਸ ਦਾ ਪਿਛੋਕੜ ਬਹੁਤ ਲੰਮਾ ਹੈ। ਇਸ ਰੋਹ ਤੇ ਰੋਸ ਖਿਲਾਫ ਲਾਵਾ ਪਹਿਲਾਂ ਕਿਤੇ ਕਿਤੇ ਪੰਜਾਬ ਵਿਚ ਦੇਖਣ ਨੂੰ ਮਿਲਿਆ ਅਤੇ ਹੁਣ ਪਰਦੇਸੀ ਧਰਤੀ ਉਤੇ ਇਹ ਰੋਹ ਤੇ ਰੋਸ, ਖਬਰਾਂ ਬਣ ਰਿਹਾ ਹੈ। ਪਰਦੇਸੀ ਧਰਤੀ ਉਤੇ ਵੱਖ ਵੱਖ ਧਿਰਾਂ ਵੱਲੋਂ ਸਿਆਸੀ ਸਰਗਰਮੀ ਪਹਿਲਾਂ ਵੀ ਹੁੰਦੀ ਰਹੀ ਹੈ, ਪਰ ਉਦੋਂ ਅਤੇ ਹੁਣ ਵਾਲੀ ਸਰਗਰਮੀ ਵਿਚ ਇਕ ਵੱਡਾ ਫਰਕ ਨਜ਼ਰ ਆ ਰਿਹਾ ਹੈ। ਪਹਿਲਾਂ ਪਰਦੇਸੀ ਲੋਕ ਕਿਸੇ ਪਾਰਟੀ ਜਾਂ ਲੀਡਰ ਦੀ ਹਮਾਇਤ ਕਰਦੇ ਸਨ, ਹੁਣ ਵਿਰੋਧ ਵਾਲੀ ਸਿਆਸਤ ਇਸ ਪ੍ਰਸੰਗ ਦਾ ਨਵਾਂ ਵਾਧਾ ਹੈ। ਜਦੋਂ ਕੁਝ ਸਾਲ ਪਹਿਲਾਂ ਬਾਦਲਾਂ ਤੋਂ ਵੱਖ ਹੋਏ ਮਨਪ੍ਰੀਤ ਸਿੰਘ ਬਾਦਲ ਨੇ ਸਿਆਸਤ ਦੀ ਨਵੀਂ ਲੀਹ ਪਾੜਨ ਲਈ ਹੰਭਲਾ ਮਾਰਿਆ ਸੀ ਤਾਂ ਪਰਵਾਸੀਆਂ ਨੇ ਪੁੱਜ ਕੇ ਉਸ ਦੀ ਹਰ ਇਮਦਾਦ ਕੀਤੀ ਸੀ। ਇਸ ਤੋਂ ਬਾਅਦ ਜਦੋਂ 'ਆਪ' ਨੇ ਮੋਰਚਾ ਸੰਭਾਲਿਆ ਤਾਂ ਪਰਵਾਸੀਆਂ ਨੇ ਫਿਰ ਹਮਾਇਤ ਦੀ ਝੜੀ ਲਾ ਦਿੱਤੀ। ਅਜਿਹਾ ਦਰਅਸਲ ਪਰਵਾਸੀਆਂ ਅੰਦਰ ਤਬਦੀਲੀ ਦੀ ਤਾਂਘ ਕਾਰਨ ਲਗਾਤਾਰ ਵਾਪਰ ਰਿਹਾ ਸੀ। ਤਬਦੀਲੀ ਦੀ ਇਸੇ ਤਾਂਘ ਕਰ ਕੇ ਹੀ ਹੁਣ ਹਮਾਇਤ ਜਾਂ ਇਮਦਾਦ ਤੋਂ ਅੱਗੇ ਵਧ ਕੇ ਵਿਰੋਧ ਵਾਲੀ ਸਿਆਸਤ ਦਾ ਆਗਾਜ਼ ਹੋਇਆ ਹੈ। ਇਕ ਕੈਨੇਡੀਅਨ ਮੰਤਰੀ ਦੇ ਬਿਆਨ ਨੇ ਇਸ ਪ੍ਰਸੰਗ ਵਿਚ ਨਵਾਂ ਵਰਕਾ ਜੋੜ ਦਿੱਤਾ ਹੈ। ਉਨ੍ਹਾਂ ਸਿੱਧਾ ਹੀ ਪੰਜਾਬ ਦੇ ਸ਼ਾਸਕਾਂ ਨੂੰ ਘੇਰਾ ਪਾਉਣ ਦਾ ਹੀਲਾ ਕੀਤਾ ਹੈ। ਕਿਸੇ ਵਿਦੇਸ਼ੀ ਮੰਤਰੀ ਨੇ ਇੰਨੀ ਤਿੱਖੀ ਨੁਕਤਾਚੀਨੀ ਸ਼ਾਇਦ ਹੀ ਕਿਤੇ ਕੀਤੀ ਹੋਵੇ। ਜਾਪ ਇਸ ਤਰ੍ਹਾਂ ਰਿਹਾ ਹੈ ਕਿ ਕੈਨੇਡੀਅਨ ਮੰਤਰੀ ਵੀ ਕੈਨੇਡਾ ਵਿਚ ਆ ਰਹੀਆਂ ਚੋਣਾਂ ਦੇ ਮੱਦੇਨਜ਼ਰ ਆਪਣੀਆਂ ਵੋਟਾਂ ਪੱਕੀਆਂ ਕਰਨ ਦਾ ਆਹਰ ਕਰ ਰਿਹਾ ਹੈ। ਇਹ ਸ਼ਾਇਦ ਚੋਣਾਂ ਵਾਲੀ ਸਿਆਸਤ ਦੀ ਸੀਮਾ ਹੈ। ਕੀ ਪੰਜਾਬ ਤੇ ਕੀ ਕੈਨੇਡਾ, ਵੋਟਰ ਪਾਤਸ਼ਾਹ ਨੂੰ ਪਤਿਆਉਣ ਵਾਲੀ ਸਿਆਸਤ ਦੇ ਵਾਰੇ-ਨਿਆਰੇ ਹਨ। ਹੁਣ ਇਸ ਤੋਂ ਘੱਟ ਚੋਣ ਸਿਆਸਤ ਸ਼ਾਇਦ ਕਦੀ ਵੀ ਨਾ ਹੋ ਸਕੇ।

ਇਸ ਪੱਖੋਂ ਸੱਤਾਧਾਰੀ ਅਕਾਲੀ ਦਲ ਦਾ ਵੱਕਾਰ ਦਾਅ 'ਤੇ ਲੱਗਾ ਹੋਇਆ ਹੈ। ਸਭ ਤੋਂ ਪਹਿਲਾਂ ਤਾਂ ਇਸ ਦੀ ਲਾਡਲੀ ਭਾਈਵਾਲ-ਭਾਰਤੀ ਜਨਤਾ ਪਾਰਟੀ, ਪਿਛਲੇ ਕੁਝ ਸਮੇਂ ਤੋਂ ਇਸ ਨੂੰ ਅੱਖਾਂ ਦਿਖਾ ਰਹੀ ਹੈ। ਦੂਜੇ, ਆਮ ਲੋਕਾਂ ਦੀਆਂ ਆਸਾਂ ਪਿਛਲੇ 7-8 ਸਾਲਾਂ ਦੌਰਾਨ ਬੇ-ਆਸਾਂ ਵਿਚ ਵਟ ਗਈਆਂ ਹਨ। ਤੀਜੇ, ਸਿੱਖ ਸੰਸਥਾਵਾਂ ਉਤੇ ਸੱਤਾਧਾਰੀਆਂ ਦੇ ਕਥਿਤ ਕਬਜ਼ੇ ਨੇ ਖਾਸ ਲੋਕਾਂ ਨੂੰ ਔਖੇ ਕੀਤਾ ਹੋਇਆ ਹੈ। ਚੌਥੇ, ਅਕਾਲੀ ਦਲ ਵਿਚ ਲੀਡਰਸ਼ਿਪ ਵਾਲਾ ਮਸਲਾ ਫਿਲਹਾਲ ਕੋਈ ਮਸਲਾ ਨਹੀਂ ਦਿਸਦਾ, ਪਰ ਆਉਣ ਵਾਲੇ ਸਮੇਂ ਦੌਰਾਨ ਇਸ ਖੇਤਰ ਵਿਚ ਵੀ ਤਲਵਾਰਾਂ ਸੂਤਣ ਵਾਲੇ ਹਾਲਾਤ ਬਣਨ ਦੇ ਸੰਕੇਤ ਮਿਲ ਰਹੇ ਹਨ। ਕੁਲ ਮਿਲਾ ਕੇ ਸੱਤਾਧਾਰੀਆਂ ਲਈ ਹਾਲਾਤ ਲਗਾਤਾਰ ਵਿਸਫੋਟਕ ਬਣ ਰਹੇ ਹਨ। ਇਨ੍ਹਾਂ ਹਾਲਾਤ ਕਰ ਕੇ ਹੀ ਅਕਾਲੀ ਲੀਡਰਸ਼ਿਪ ਨੇ ਪਰਦੇਸੀਂ ਗੇੜਾ ਮਾਰਨ ਦੀ ਸਕੀਮ ਘੜੀ ਹੋਵੇਗੀ। ਲੀਡਰਸ਼ਿਪ ਦੇ ਇਹ ਤਾਂ ਚਿੱਤ-ਚੇਤੇ ਵੀ ਨਹੀਂ ਸੀ ਕਿ ਹਾਲਾਤ ਤਾਂ ਹੋਰ ਵੀ ਵਿਸਫੋਟਕ ਬਣਨ ਵਾਲੇ ਹਨ। ਅਸਲ ਵਿਚ ਪਿਛਲੇ ਕੁਝ ਸਮੇਂ ਦੌਰਾਨ ਸੱਤਾਧਾਰੀ ਅਕਾਲੀ ਦਲ ਨੇ ਜਿਸ ਤਰ੍ਹਾਂ ਸਿੱਖ ਕੈਦੀਆਂ ਦੀ ਰਿਹਾਈ ਦੇ ਮਸਲੇ ਨੂੰ ਨਜਿੱਠਣ ਦੀ ਥਾਂ, ਮਾਮਲਾ ਰਫਾ-ਦਫਾ ਕਰਨ-ਕਰਾਉਣ ਦਾ ਯਤਨ ਕੀਤਾ, ਉਸ ਨਾਲ ਸਿੱਖਾਂ ਖਾਸ ਕਰ ਕੇ ਪਰਵਾਸੀ ਸਿੱਖਾਂ ਦੇ ਇਕ ਹਿੱਸੇ ਵਿਚ ਇਕ ਉਲਟ ਸੁਨੇਹਾ ਪੁੱਜ ਗਿਆ। ਪਹਿਲਾਂ ਗੁਰਬਖਸ਼ ਸਿੰਘ ਖਾਲਸਾ ਤੇ ਹੁਣ ਸੂਰਤ ਸਿੰਘ ਖਾਲਸਾ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਲਈ ਕੀਤੇ ਜਾ ਰਹੇ ਘੋਲ ਨੂੰ ਕਿਸੇ ਤਣ-ਪੱਤਣ ਲਾਉਣ ਦੀ ਥਾਂ, ਮਾਮਲਾ ਮੌਕੇ ਮੁਤਾਬਕ ਮੁਕਾਉਣ ਦੀ ਰੁਚੀ ਨੇ ਰੋਹ ਦਾ ਹੋਰ ਬਣਾ ਦਿੱਤੇ। ਇਸ ਸਿਲਸਿਲੇ ਵਿਚ ਸਿੱਖ ਸੰਸਥਾਵਾਂ ਨੂੰ ਵੀ ਰੱਜ ਕੇ ਵਰਤਿਆ ਗਿਆ। ਉਦੋਂ ਅਕਾਲ ਤਖਤ ਦੇ ਜਥੇਦਾਰ ਦੇ ਰੋਲ ਬਾਰੇ ਵੀ ਕਈ ਪਾਸਿਉਂ ਕਿੰਤੂ-ਪ੍ਰੰਤੂ ਹੋਏ ਸਨ, ਪਰ ਤਾਕਤ ਦੀ ਲੋਰ ਵਿਚ ਸੱਤਾਧਾਰੀ ਇਸ ਰੋਹ ਤੇ ਰੋਸ ਦਾ ਅੰਦਾਜ਼ਾ ਲਾਉਣ ਵਿਚ ਨਾਕਾਮ ਰਹੇ। ਇਸ ਲਈ ਚਿਰਾਂ ਤੋਂ ਪਲ ਰਿਹਾ ਇਹ ਰੋਹ ਤੇ ਰੋਸ ਹੁਣ ਪਰਦੇਸੀ ਧਰਤੀ ਉਤੇ ਲਾਵਾ ਬਣ ਕੇ ਫੁੱਟਿਆ ਹੈ। ਆਮ ਕਰ ਕੇ ਅਜਿਹੇ ਵਿਰੋਧ ਦੀ ਲੜੀ ਬਹੁਤੀ ਲੰਮੀ ਨਹੀਂ ਹੁੰਦੀ, ਪਰ ਜੇ ਇਹ ਵਿਰੋਧ ਹੌਲੀ ਹੌਲੀ ਸਿਆਸਤ ਵਿਚ ਤਬਦੀਲ ਹੋ ਜਾਂਦਾ ਹੈ ਤਾਂ ਪੰਜਾਬ ਦੀ ਸਿਆਸਤ ਵਿਚ ਬਿਨਾਂ ਸ਼ੱਕ, ਨਵੀਆਂ ਸਫਬੰਦੀਆਂ ਲਈ ਰਾਹ ਮੋਕਲਾ ਹੋਵੇਗਾ। ਇਨ੍ਹਾਂ ਸਫਬੰਦੀਆਂ ਦੀਆਂ ਸੰਭਾਵਨਾਵਾਂ ਪਹਿਲਾਂ ਹੀ ਮੌਜੂਦ ਹਨ। ਦੇਖਣ-ਵਿਚਾਰਨ ਵਾਲੀ ਗੱਲ ਇਹ ਹੋਵੇਗੀ ਕਿ ਕਿਹੜੀ ਧਿਰ ਜਾਂ ਧੜਾ ਇਨ੍ਹਾਂ ਸਫਬੰਦੀਆਂ ਨੂੰ ਸੰਜੀਦਾ ਤੇ ਸੁੱਚੀ ਸਿਆਸਤ ਨਾਲ ਜੋੜੇਗਾ। ਸਿਆਸੀ ਧੜੇਬੰਦੀਆਂ ਤੇ ਸਿਆਸੀ ਨਿਘਾਰ ਦੇ ਇਸ ਦੌਰ ਵਿਚ ਪੰਜਾਬ ਵਿਚ ਕੋਈ ਨਵੀਂ ਸਿਆਸੀ ਸਫਬੰਦੀ ਕੀ ਰੂਪ ਵਟਾਉਂਦੀ ਹੈ, ਇਹ ਵੱਖ ਵੱਖ ਲੀਡਰਾਂ ਤੇ ਪਾਰਟੀਆਂ ਦੀ ਦੂਰ-ਦ੍ਰਿਸ਼ਟੀ ਉਤੇ ਨਿਰਭਰ ਕਰੇਗਾ। ਪੰਜਾਬ ਹੁਣ ਇਕ ਵਾਰ ਫਿਰ ਇਕ ਹੋਰ ਨਵੇਂ ਤੇ ਨਰੋਏ ਕਦਮ ਲਈ ਆਪਣਾ ਤਾਣ ਲਾ ਰਿਹਾ ਜਾਪਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

*ਪਰਵਾਸੀ ਨਾਦ!*

ਭਾਵੇਂ ਸੱਤ ਸਮੁੰਦਰ ਪਾਰ ਵੱਸੀਏ, ਦੇਸ਼ ਕੌਮ ਨੂੰ ਦਿਲੋਂ ਵਿਸਾਰੀਏ ਨਾ।
ਰਹੀਏ ਚੁੱਪ ਕਿਉਂ ਮਾਰ ਜ਼ਮੀਰ ਤਾਈਂ, ਕੌਮ ਦਰਦੀ ਹਾਂ, ਕੋਈ 'ਸਰਕਾਰੀਏ' ਨਾ।
ਹੋਸ਼ ਚਾਹੀਦੀ ਦੇਸ਼ ਦੇ ਹਾਕਮਾਂ ਨੂੰ, 'ਬਾਹਰ' ਆਣ ਕੇ ਝੱਲ ਖਿਲਾਰੀਏ ਨਾ।
ਗੱਪਾਂ ਮਾਰ ਕੇ ਸਾਨੂੰ ਰਿਝਾਉਣ ਆਏ, ਝੂਠ ਉਨ੍ਹਾਂ ਦਾ ਕਦੇ ਸਹਾਰੀਏ ਨਾ।
ਹਾਂ ਆਜ਼ਾਦ ਫਿਜ਼ਾਵਾਂ ਵਿਚ ਰਹਿਣ ਵਾਲੇ, ਸਾਨੂੰ ਖੌਫ ਨਾ ਧੌਂਸ ਤੇ ਦਾਬਿਆਂ ਦਾ।
ਖੂਨ ਸਾਡੀਆਂ ਰਗਾਂ ਵਿਚ ਦੌੜਦਾ ਐ, ਯੋਧੇ ਅਣਖੀਆਂ ਗਦਰੀ ਬਾਬਿਆਂ ਦਾ।

# ਨਸ਼ਿਆਂ ਦੀ ਮੰਡੀ ਵਿਚ ਪੁਲਿਸ ਰਾਜ ਹੱਥ ਆਏ ਮਰੀਜ਼

***ਪੰਜਾਬ ਮੈਡੀਕਲ ਕੌਂਸਲ ਦੇ ਪ੍ਰਧਾਨ ਡਾਕਟਰ ਗੁਰਿੰਦਰ ਸਿੰਘ ਗਰੇਵਾਲ ਦਾ ਬਿਆਨ ਅਖ਼ਬਾਰਾਂ ਵਿਚ ਛਪਿਆ ਹੈ ਕਿ ਮਨੋਰੋਗੀ ਮਾਹਰ ਆਪਣੇ ਮਰੀਜ਼ਾਂ ਦੀ ਤਫ਼ਸੀਲ ਸਰਕਾਰੀ ਏਜੰਸੀਆਂ ਨਾਲ ਸਾਂਝੀ ਕਰਨ। ਦਲੀਲ ਹੈ ਕਿ ਇਹ ਨਸ਼ਿਆਂ ਖ਼ਿਲਾਫ਼ ਮੁਹਿੰਮ ਨੂੰ ਕਾਮਯਾਬ ਕਰਨ ਲਈ ਜ਼ਰੂਰੀ ਹੈ।... ਸੁਆਲ ਹੈ ਕਿ ਇਹ ਬਿਆਨ ਕਿਉਂ ਦਿੱਤਾ ਗਿਆ ਹੈ? ਡਾਕਟਰ ਗਰੇਵਾਲ ਦੀ ਪਛਾਣ ਦਾ ਅਹਿਮ ਪੱਖ ਉਨ੍ਹਾਂ ਦਾ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਮਹੇਸ਼ਇੰਦਰ ਸਿੰਘ ਗਰੇਵਾਲ ਦਾ ਭਰਾ ਹੋਣਾ ਹੈ। ਸੋ, ਵਫ਼ਾਦਾਰੀਆਂ ਸਾਬਤ ਕਰਨ ਦਾ ਇਹ ਮੰਚ ਉਨ੍ਹਾਂ ਦੇ ਬਿਆਨ ਦੇ ਸਿਆਸੀ ਮਾਅਨੇ ਅਤੇ ਨਿਜ਼ਾਮ ਦਾ ਖ਼ਾਸਾ ਸਮਝਣ ਵਿਚ ਸਹਾਈ ਹੁੰਦਾ ਹੈ।***

ਮੌਜੂਦਾ ਦੌਰ ਵਿਚ ਨਸ਼ਿਆਂ ਦਾ ਵਪਾਰ ਅਤੇ ਮਾਰ ਮਨੁੱਖੀ ਹਸਤੀ ਦੇ ਹਰ ਪੱਖ ਉਤੇ ਕਿਸੇ ਨਾ ਕਿਸੇ ਰੂਪ ਵਿਚ ਅਸਰਅੰਦਾਜ਼ ਹੈ। ਇਹ ਅਦਾਰਿਆਂ ਤੋਂ ਲੈ ਕੇ ਨਿਜ਼ਾਮ ਦੇ ਹਰ ਪੱਧਰ ਉਤੇ ਖ਼ਦਸ਼ਿਆਂ ਤੋਂ ਲੈ ਕੇ ਬਿਮਾਰੀ ਜਾਂ ਇਲਾਜ ਵਜੋਂ ਹਾਜ਼ਰ ਹੈ। ਕੌਮਾਂਤਰੀ ਵਪਾਰ ਵਿਚ ਹਥਿਆਰਾਂ ਦੇ ਨਾਲ ਨਸ਼ੇ ਮਿਕਦਾਰੀ ਪੱਖੋਂ ਬਹੁਤ ਵੱਡਾ ਗ਼ੈਰ-ਕਾਨੂੰਨੀ ਧੰਦਾ ਹਨ। ਇਸ ਧੰਦੇ ਵਿਚ ਖੇਤੀ ਤੋਂ ਲੈ ਕੇ ਸਨਅਤੀ ਪੈਦਾਵਾਰ ਤੋਂ ਬਾਅਦ ਥੋਕ ਅਤੇ ਪਰਚੂਨ ਕਾਰੋਬਾਰੀਆਂ ਤੋਂ ਬਾਅਦ ਦਲਾਲਾਂ, ਵਰਤਾਵਿਆਂ ਅਤੇ ਪਾਂਡੀਆਂ ਦਾ ਵੱਡਾ ਤਾਣਾ-ਬਾਣਾ ਹੈ। ਸੰਯੁਕਤ ਰਾਸ਼ਟਰ ਦੀ ਨਸ਼ਿਆਂ ਅਤੇ ਅਪਰਾਧ ਨਾਲ ਜੁੜੀ ਰਪਟ ਮੁਤਾਬਕ 2009 ਵਿਚ ਅਫ਼ਗਾਨਿਸਤਾਨ ਵਿਚ ਤਕਰੀਬਨ 7000 ਟਨ ਅਫ਼ੀਮ ਪੈਦਾ ਹੋਈ ਜੋ ਕੌਮਾਂਤਰੀ ਵਪਾਰ ਦਾ ਨੱਬੇ ਫ਼ੀਸਦੀ ਬਣਦੀ ਹੈ। ਇਸੇ ਅਦਾਰੇ ਦੀ ਦੂਜੀ ਰਪਟ ਮੁਤਾਬਕ ਅਫ਼ੀਮ ਦੀ ਪੈਦਾਵਾਰ ਤਕਰੀਬਨ 675 ਕਿਲੋ ਪ੍ਰਤੀ ਹੈਕਟੇਅਰ ਹੁੰਦੀ ਹੈ। ਇਨ੍ਹਾਂ ਦੋ ਅੰਕੜਿਆਂ ਮੁਤਾਬਕ ਅਫ਼ਗਾਨਿਸਤਾਨ ਵਿਚ ਤਕਰੀਬਨ 25000 ਏਕੜ ਰਕਬੇ ਵਿਚ ਭਰਵੀਂ ਫ਼ਸਲ ਹੋਣੀ ਚਾਹੀਦੀ ਹੈ। ਇਸੇ ਹੀ ਅਦਾਰੇ ਦੀ ਇੱਕ ਹੋਰ ਰਪਟ ਮੁਤਾਬਕ ਅਫ਼ਗਾਨਿਸਤਾਨ ਆਪਣੀ ਪੈਦਾਵਾਰ ਦਾ ਤਕਰੀਬਨ ਪੰਜ ਫ਼ੀਸਦੀ ਹਿੱਸਾ ਖਪਤ ਕਰਦਾ ਹੈ।



ਦਲਜੀਤ ਅਮੀ
ਫੋਨ: +91-97811-21873

ਮੋਟੇ ਅੰਦਾਜ਼ੇ ਨਾਲ ਅਫ਼ੀਮ ਦੇ ਤਕਰੀਬਨ 700 ਟਰੱਕਾਂ ਨੇ ਹਰ ਸਾਲ ਅਫ਼ਗਾਨਿਸਤਾਨ ਦੀਆਂ ਸਰਹੱਦਾਂ ਪਾਰ ਕਰਨੀਆਂ ਹਨ। ਇਸੇ ਦੌਰਾਨ ਨਾਟੋ ਫ਼ੌਜਾਂ ਅਫ਼ਗਾਨਿਸਤਾਨ ਵਿਚ ਫ਼ੌਜੀ ਕਾਰਵਾਈਆਂ ਕਰ ਰਹੀਆਂ ਹਨ ਅਤੇ ਤਾਲਿਬਾਨ ਤੱਕ ਹਥਿਆਰਾਂ ਦੀ ਪਹੁੰਚ ਰੋਕਣ ਦਾ ਹਰ ਉਪਰਾਲਾ ਕਰ ਰਹੀਆਂ ਹਨ। ਉਨ੍ਹਾਂ ਦੇ ਸੈਟੇਲਾਈਟ, ਡਰੋਨ, ਖ਼ੁਫ਼ੀਆ ਅਤੇ ਸੀ.ਸੀ.ਟੀ.ਵੀ. ਕੈਮਰੇ ਚੱਪੇ ਚੱਪੇ ਉਤੇ ਨਜ਼ਰ ਰੱਖਣ ਦਾ ਦਾਅਵਾ ਕਰਦੇ ਹਨ। ਇਸ ਤੋਂ ਇਲਾਵਾ ਰਾਤ ਦੇ ਹਨੇਰੇ ਵਿਚ ਦੇਖਣ ਵਾਲੀਆਂ ਦੂਰਬੀਨਾਂ ਅਤੇ ਮਨੁੱਖੀ ਸਰਗਰਮੀ ਦੀ ਪੈੜ ਨੱਪਣ ਵਾਲੀ ਬਹੁਤ ਸਾਰੀ ਮਸ਼ੀਨਰੀ ਲੱਗੀ ਹੋਈ ਹੈ। ਜੇ ਇਸ ਘੇਰਾਬੰਦੀ ਵਿਚੋਂ ਅਫ਼ੀਮ ਦੇ 700 ਟਰੱਕ ਨਿਕਲ ਜਾਂਦੇ ਹਨ ਤਾਂ ਇਸੇ ਰਾਹ ਤੋਂ ਹਥਿਆਰ ਵੀ ਆ ਸਕਦੇ ਹਨ। ਅਫ਼ੀਮ ਬਦਲੇ ਹਥਿਆਰਾਂ ਦੀ ਕੌਮਾਂਤਰੀ ਮੰਡੀ ਵਿਚ ਕੋਈ ਘਾਟ ਨਹੀਂ ਹੈ। ਇਹ ਸਭ ਜਾਣਦੇ ਹਨ ਕਿ ਅਫ਼ਗਾਨਿਸਤਾਨ ਦੇ ਅੰਦਰ ਜਾਣ ਵਾਲੇ ਹਥਿਆਰਾਂ ਦੇ ਲਾਂਘੇ ਤੰਗ ਅਤੇ ਬਾਹਰ ਜਾਣ ਵਾਲੇ ਨਸ਼ਿਆਂ ਦੇ ਲਾਂਘੇ ਮੋਕਲੇ ਹੋਏ ਹਨ। ਇਹ ਨਾਟੋ ਫ਼ੌਜਾਂ ਦੀ ਸ਼ਮੂਲੀਅਤ ਤੋਂ ਬਿਨਾਂ ਨਹੀਂ ਹੋ ਸਕਦਾ ਅਤੇ ਇਸ ਮਿਕਦਾਰ ਦਾ ਵਪਾਰ ਕੁਝ ਬੇਈਮਾਨ ਜਾਂ ਲਾਲਚੀ ਅਫ਼ਸਰਾਂ ਜਾਂ ਮੁਲਾਜ਼ਮਾਂ ਰਾਹੀਂ ਨਹੀਂ ਹੋ ਸਕਦਾ। ਇਹ ਢੋਆ-ਢੁਆਈ ਸਮੁੱਚੇ ਢਾਂਚੇ ਦੀ ਪ੍ਰਵਾਨਗੀ ਨਾਲ ਹੀ ਹੋ ਸਕਦੀ ਹੈ। ਦੁਨੀਆਂ ਭਰ ਦੇ ਸਿਆਸਤਦਾਨਾਂ ਅਤੇ ਸਾਬਕਾ ਜਰਨੈਲਾਂ ਦੀ ਨਸ਼ਿਆਂ ਦੇ ਕਾਰੋਬਾਰ ਨਾਲ ਸਾਂਝ ਚਰਚਾ ਵਿਚ ਰਹਿੰਦੀ ਹੈ। ਇਸ ਚਰਚਾ ਦਾ ਨਿਗੂਣਾ ਜਿਹਾ ਹਿੱਸਾ ਇਲਜ਼ਾਮਾਂ ਤੋਂ ਲੈ ਕੇ ਅਦਾਲਤੀ ਕਾਰਵਾਈਆਂ ਦਾ ਹਿੱਸਾ ਬਣਦਾ ਰਹਿੰਦਾ ਹੈ। ਛੇ ਜੂਨ (2015) ਨੂੰ 'ਨਿਊ ਯਾਰਕ ਟਾਈਮਜ਼' ਵਿਚ ਛਪਿਆ ਹੈ ਖੋਜੀ ਪੱਤਰਕਾਰਾਂ ਦਾ ਲੇਖ ਦਰਸਾਉਂਦਾ ਹੈ ਕਿ ਅਮਰੀਕਾ ਦੀ ਸਭ ਤੋਂ ਘਾਤਕ ਫ਼ੌਜੀ ਟੁਕੜੀ (ਸੀਲ ਟੀਮ 6) ਅੰਦਰ ਨਸ਼ਿਆਂ ਦੀ ਵਰਤੋਂ ਅਣਸਰਦੀ ਲੋੜ ਹੈ। ਲੇਖ ਸਾਬਤ ਕਰਦਾ ਹੈ ਕਿ ਇਸ ਟੁਕੜੀ ਦਾ 'ਆਦਮਖ਼ੋਰ ਖ਼ਾਸਾ' ਕਿਸੇ ਕਾਨੂੰਨੀ ਘੇਰੇ ਵਿਚ ਨਹੀਂ ਆਉਂਦਾ ਅਤੇ ਇਸ ਦਾ ਭੇਤ ਕਾਇਮ ਰੱਖਣ ਲਈ ਕੋਈ ਵੀ ਕੀਮਤ (ਮਨੁੱਖੀ ਜਾਨ ਸਮੇਤ) 'ਜਾਇਜ਼' ਹੈ। ਇਸੇ ਟੁਕੜੀ ਦੇ ਸਾਬਕਾ ਮੁਲਾਜ਼ਮਾਂ ਖ਼ਿਲਾਫ਼ ਕਈ ਤਰ੍ਹਾਂ ਦੇ ਗ਼ੈਰ-ਕਾਨੂੰਨੀ ਕਾਰੋਬਾਰ ਵਿਚ ਸ਼ਾਮਿਲ ਹੋਣ ਕਾਰਨ ਕਾਰਵਾਈਆਂ ਹੁੰਦੀਆਂ ਰਹਿੰਦੀਆਂ ਹਨ ਜਿਨ੍ਹਾਂ ਵਿਚ ਨਸ਼ਿਆਂ ਅਤੇ ਹਥਿਆਰਾਂ ਦੇ ਵਪਾਰ ਸ਼ਾਮਿਲ ਹਨ। ਇਨ੍ਹਾਂ ਤੱਥਾਂ ਤੋਂ ਬਾਅਦ ਇਹ ਦਲੀਲ ਠੋਸ ਜਾਪਦੀ ਹੈ ਕਿ ਨਸ਼ਿਆਂ ਦਾ ਕਾਰੋਬਾਰ ਅਤੇ ਵਪਾਰ ਦੁਨੀਆਂ ਭਰ ਦੀਆਂ ਖ਼ੁਫ਼ੀਆ ਅਤੇ ਹਥਿਆਰਬੰਦ ਫ਼ੌਜਾਂ ਦੀ ਭਾਈਵਾਲੀ ਨਾਲ ਚੱਲਦਾ ਹੈ। ਸਿਆਸਤਦਾਨ ਇਸ ਵਪਾਰ ਦੀ ਅਹਿਮ ਕੜੀ ਹਨ।

ਇਨ੍ਹਾਂ ਹਾਲਾਤ ਵਿਚ ਪੰਜਾਬ ਦੀ ਆਪਣੀ ਅਹਿਮੀਅਤ ਹੈ। ਪੰਜਾਬ ਕੌਮਾਂਤਰੀ ਵਪਾਰ ਦਾ ਲਾਂਘਾ ਹੈ ਅਤੇ ਖਪਤਕਾਰ ਹੈ। ਪੰਜਾਬ ਵਿਚੋਂ ਰਸਾਇਣਕ ਨਸ਼ਿਆਂ ਦਾ ਕਾਰੋਬਾਰ ਬੇਪਰਦ ਹੋਇਆ ਹੈ। ਨਸ਼ਿਆਂ ਅਤੇ ਚੋਣਾਂ ਦਾ ਰਿਸ਼ਤਾ ਸਮਝਣ ਲਈ ਸਰਕਾਰੀ ਚਿੱਠੀਆਂ ਤੋਂ ਲੈ ਕੇ ਸਿਆਸੀ ਆਗੂਆਂ, ਤਸਕਰਾਂ, ਪਾਂਡੀਆਂ ਅਤੇ ਅਫ਼ਸਰਸ਼ਾਹੀ ਦਾ ਤਜਰਬਾ ਹੈ। ਇਸ ਨੂੰ ਸਮਝਣ ਲਈ ਖੋਜੀ ਹੁਨਰ ਦੀ ਲੋੜ ਨਹੀਂ ਹੈ। ਗ਼ਰੀਬ ਸ਼ਰਾਬੀ ਤੋਂ ਲੈ ਕੇ ਨਸ਼ੇੜੀ ਮਰਦਾਂ ਤੋਂ ਦੁਖੀ ਅਤੇ ਅੱਕੀਆਂ-ਥੱਕੀਆਂ ਬੀਬੀਆਂ ਦੀ ਗਵਾਹੀ ਸੁਣਨ ਲਈ ਹਮਦਰਦੀ ਭਰਿਆ ਕੰਨ ਬਹੁਤ ਹੈ। ਇਹ ਰੁਝਾਨ ਲੋਕ ਸਭਾ, ਵਿਧਾਨ ਸਭਾ, ਜ਼ਿਲ੍ਹਾ ਪ੍ਰੀਸ਼ਦ, ਬਲਾਕ ਸਮਿਤੀ ਜਾਂ ਪੰਚਾਇਤੀ ਚੋਣਾਂ ਤੱਕ ਮਹਿਦੂਦ ਨਹੀਂ ਹੈ। ਇਹ ਸਰਕਾਰੀ ਅਤੇ ਨੀਮ-ਸਰਕਾਰੀ ਅਦਾਰਿਆਂ ਤੋਂ ਲੈ ਕੇ ਉਨ੍ਹਾਂ ਧਾਰਮਿਕ ਅਦਾਰਿਆਂ ਦੀਆਂ ਚੋਣਾਂ ਤੱਕ ਫੈਲਿਆ ਹੋਇਆ ਹੈ ਜਿਨ੍ਹਾਂ ਦੀ ਹੋਂਦ ਨਸ਼ਿਆਂ ਖ਼ਿਲਾਫ਼ ਪ੍ਰਚਾਰ ਉਤੇ ਟਿਕੀ ਹੋਈ ਹੈ। ਇਸੇ ਮਾਹੌਲ ਵਿਚ ਜ਼ਿੰਦਗੀ ਤੋਂ ਅਵਾਜ਼ਾਰ ਅਤੇ ਦੁਸ਼ਵਾਰੀਆਂ ਦਾ ਝੰਬਿਆ ਮਨੁੱਖ ਆਪਣੀਆਂ ਨਿਆਣ-ਮੱਤੀਆਂ ਤੋਂ ਲੈ ਕੇ ਬਹੁਤਾਤ, ਥੁੜਾਂ, ਅਹਿਸਾਸਿ-ਕਮਤਰੀ, ਅਹਿਸਾਸਿ-ਬਿਹਤਰੀ, ਕਾਮਯਾਬੀਆਂ-ਨਾਕਾਮਯਾਬੀਆਂ ਅਤੇ ਪਹੁੰਚ-ਅਪਹੁੰਚ ਨੂੰ ਮੁਖ਼ਾਤਬ ਹੈ। ਇਨ੍ਹਾਂ ਹਾਲਾਤ ਵਿਚ ਜੇ ਮਨੁੱਖੀ ਉੱਦਮ ਹੁਲਾਰ ਦਿੰਦਾ ਹੈ ਤਾਂ ਹਾਲਾਤ ਡੋਬੂ ਪਾਉਂਦੇ ਹਨ। ਇਮਾਨਦਾਰੀ ਅਤੇ ਸਬਰ-ਸੰਤੋਖ ਨਾਲ ਜਿਉਣ ਦੀ ਤਮੰਨਾ ਦੀ ਫੂਕ ਘਰ ਤੋਂ ਨਿਕਲਣੀ ਸ਼ੁਰੂ ਹੋ ਜਾਂਦੀ ਹੈ ਅਤੇ ਅਦਾਰਿਆਂ ਵਿਚ ਦਮ ਤੋੜ ਜਾਂਦੀ ਹੈ। ਜਮਹੂਰੀਅਤ ਦੇ ਸਾਰੇ ਦਾਅਵੇ ਹਲਕਾ ਇੰਚਾਰਜਾਂ ਜਾਂ ਵਿਧਾਇਕਾਂ ਦੀਆਂ ਸਿਫ਼ਾਰਿਸ਼ਾਂ ਸਾਹਮਣੇ ਬੇਮਾਅਨਾ ਸਾਬਤ ਹੁੰਦੇ ਹਨ। ਫਸੇ ਮਨੁੱਖ ਨੂੰ ਕਾਨੂੰਨ ਦੀ ਸੂਈ ਦਾ ਹਰ ਨੱਕੇ ਵਿਚੋਂ ਲੰਘਣਾ ਪੈਂਦਾ ਹੈ ਪਰ ਦੂਜੇ ਪਾਸੇ ਸਿਆਸੀ ਘਰਾਣਿਆਂ ਅਤੇ ਵਫ਼ਾਦਾਰੀਆਂ ਦੀ ਮੂੰਹਜ਼ੋਰੀ ਆਪਣੀਆਂ ਕਦਰਾਂ-ਕੀਮਤਾਂ ਆਪ ਤੈਅ ਕਰਦੀ ਹੈ।

ਬੀਤੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਮੌਜੂਦਾ ਪੰਜਾਬ ਸਰਕਾਰ ਲਈ ਨਸ਼ਿਆਂ ਦਾ ਮੁੱਦਾ ਨਵੇਂ ਰੂਪ ਵਿਚ ਸਾਹਮਣੇ ਆਇਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਭਾਜਪਾ ਨੇ ਇਸ ਸੁਆਲ ਨੂੰ ਸਿਆਸੀ ਆਗੂਆਂ ਨਾਲ ਜੋੜ ਕੇ ਪੁੱਛਣਾ ਸ਼ੁਰੂ ਕੀਤਾ ਹੈ ਅਤੇ ਕੇਂਦਰੀ ਮੰਤਰੀਆਂ ਨੇ ਹਰ ਮੌਕੇ ਉਤੇ ਇਹ ਮੁੱਦਾ ਉਭਾਰਿਆ ਹੈ। ਇਸ ਨਾਲ ਕਦੇ ਖ਼ੁਫ਼ੀਆ-ਤੰਤਰ ਰਾਹੀਂ ਚੋਣਾਂ ਵਿਚ ਅਸਰਅੰਦਾਜ਼ ਹੋਣ ਵਾਲੇ ਤਸਕਰਾਂ ਅਤੇ ਨਸ਼ੇੜੀਆਂ ਦੀ ਫਹਿਰਿਸਤ ਬਣਾਉਣ ਵਾਲਾ ਸ਼੍ਰੋਮਣੀ ਅਕਾਲੀ ਦਲ ਆਪਣੀਆਂ ਪ੍ਰਾਪਤੀਆਂ ਨੂੰ ਨਸ਼ਾ ਰੋਕੂ ਮੁਹਿੰਮ ਨਾਲ ਜੋੜਨਾ ਚਾਹੁੰਦਾ ਹੈ। ਇਕ ਪਾਸੇ ਸ਼੍ਰੋਮਣੀ ਅਕਾਲੀ ਦਲ ਦੂਜੀਆਂ ਪਾਰਟੀਆਂ ਦੇ ਨਸ਼ਿਆਂ ਦੀ ਮਾਰ ਵਾਲੇ ਦਾਅਵਿਆਂ ਨੂੰ ਝੂਠੇ ਕਰਾਰ ਦਿੰਦਾ ਹੈ ਅਤੇ ਦੂਜੇ ਪਾਸੇ ਨਸ਼ਿਆਂ ਨੂੰ ਰੋਕਣ ਲਈ ਬਰਾਮਦਗੀਆਂ ਤੇ ਗ੍ਰਿਫ਼ਤਾਰੀਆਂ ਦੇ ਅੰਕੜੇ ਪੇਸ਼ ਕਰਦਾ ਹੈ। ਲੋਕ ਸਭਾ ਚੋਣਾਂ ਤੋਂ ਬਾਅਦ ਨਸ਼ਾ ਰੋਕੂ ਦਵਾਈਆਂ ਅਤੇ ਕੇਂਦਰਾਂ ਉਤੇ ਜ਼ੋਰ ਦੇਣ ਦੇ ਨਾਲ ਨਾਲ ਬਹੁਤ ਸਾਰੀਆਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਇਕ ਪਾਸੇ ਨਵੇਂ ਡਾਕਟਰਾਂ ਦੀ ਭਰਤੀ ਤੋਂ ਬਿਨਾਂ ਪੁਰਾਣੇ ਅਮਲੇ ਨੂੰ ਨਵੀਆਂ ਯੋਜਨਾਵਾਂ ਦੇ ਖ਼ਾਤੇ ਪਾ ਕੇ ਪ੍ਰਾਪਤੀਆਂ ਦਰਸਾਈਆਂ ਗਈਆਂ, ਦੂਜੇ ਪਾਸੇ ਨਸ਼ਿਆਂ ਦੀ ਮਾਰ ਵਿਚ ਆਏ ਲੋਕਾਂ ਨੂੰ ਗ੍ਰਿਫ਼ਤਾਰ ਕਰ ਕੇ ਕਾਰੋਬਾਰ ਉਤੇ ਕਾਬੂ ਕਰਨ ਦੇ ਦਾਅਵੇ ਕੀਤੇ ਗਏ। ਦੋ ਮਨੋਰੋਗੀ ਮਾਹਰ ਡਾਕਟਰਾਂ ਨੂੰ 'ਨਸ਼ਾ ਰੋਕਣ ਲਈ ਵਰਤੀਆਂ ਜਾਂਦੀਆਂ' ਨਸ਼ੀਲੀਆਂ ਦਵਾਈਆਂ ਰੱਖਣ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕੀਤਾ ਗਿਆ।

ਇਸੇ ਰੁਝਾਨ ਦੀ ਮੌਜੂਦਾ ਕੜੀ ਨਸ਼ਾ ਛੁਡਾਊ ਕੇਂਦਰਾਂ ਤੋਂ ਪੁਲਿਸ ਵੱਲੋਂ ਜ਼ਬਰਦਸਤੀ ਮਰੀਜ਼ਾਂ ਦੀ ਤਫ਼ਸੀਲ ਮੰਗਣਾ ਹੈ। ਡਾਕਟਰਾਂ ਨੇ ਇਨ੍ਹਾਂ ਮਰੀਜ਼ਾਂ ਦੀ ਤਫ਼ਸੀਲ ਦੇਣ ਤੋਂ ਇਨਕਾਰ ਕੀਤਾ ਹੈ। ਡਾਕਟਰਾਂ ਦੀਆਂ ਦਲੀਲਾਂ ਪੇਸ਼ੇ ਦੀਆਂ ਕਦਰਾਂ-ਕੀਮਤਾਂ ਅਤੇ ਮਰੀਜ਼ਾਂ ਦੇ ਭਲੇ ਨਾਲ ਜੁੜੀਆਂ ਹੋਈਆਂ ਹਨ। ਨਸ਼ਿਆਂ ਵਿਚੋਂ ਨਿਕਲਣ ਦੇ ਫ਼ੈਸਲੇ ਨਾਲ ਮਰੀਜ਼ਾਂ ਨੂੰ ਡਾਕਟਰ ਤੱਕ ਪਹੁੰਚਣ ਲਈ ਚੋਖੀ ਮਾਨਸਿਕ-ਭਾਵਨਾਤਮਕ ਅਤੇ ਸਮਾਜਕ ਜੱਦੋਜਹਿਦ ਵਿਚੋਂ ਨਿਕਲਣਾ ਪੈਂਦਾ ਹੈ। ਨਸ਼ੇ ਕਰਨ ਅਤੇ ਛੁਡਾਉਣ ਦਾ ਮਾਮਲਾ ਸਦਾ ਸਮਾਜਕ ਪਰਦਾਦਾਰੀ ਦਾ ਮਸਲਾ ਰਹਿੰਦਾ ਹੈ। ਕਈ ਵਾਰ ਇਸ ਬਿਮਾਰੀ ਅਤੇ ਇਲਾਜ ਦੀ ਕਨਸੋਅ ਘਰਦਿਆਂ ਤੱਕ ਨੂੰ ਨਹੀਂ ਹੁੰਦੀ। ਤੋਤ ਮਾਰੇ ਸਰੀਰ ਨੂੰ ਸਾਂਭਣ ਅਤੇ ਸਮਾਜਕ ਪ੍ਰਵਾਨਗੀ ਦੀ ਇਹ ਲੜਾਈ ਬੰਦੇ ਨੇ ਆਪਣੇ ਪਿੰਡੇ ਉਤੇ ਲੜਨੀ ਹੁੰਦੀ ਹੈ। ਇਹ ਮਨੁੱਖ ਦੀ ਆਪਣੇ ਪਿੰਡੇ ਉਤੋਂ ਖ਼ੁਦਮੁਖ਼ਤਾਰੀ ਦੀ ਲੜਾਈ ਬਣਦੀ ਹੈ। ਇਸ ਲੜਾਈ ਵਿਚ ਮਨੁੱਖ ਦੀ ਸਿਦਕਦਿਲੀ ਲਿੱਸੇ ਮਾਹੌਲ, ਦਰਦਮੰਦਾਂ, ਢੁਕਵੀਆਂ ਦਵਾਈਆਂ ਅਤੇ ਚੰਗੀ ਖ਼ੁਰਾਕ ਨਾਲ ਨਿਭਦੀ ਹੈ। ਨਸ਼ੇ ਦੇ ਸਾਥੀਆਂ ਦੀ ਖਿੱਚ ਨੂੰ ਮਨਫ਼ੀ ਕਰਨਾ ਅਤੇ ਆਪਣੀ ਦ੍ਰਿੜਤਾ ਉਤੇ ਕਾਇਮ ਰਹਿਣਾ ਬਹੁਤ ਮੁਸ਼ਕਲ ਕੰਮ ਹੁੰਦਾ ਹੈ। ਜੇ ਇਸ ਹਾਲਤ ਵਿਚ ਪੁਲਿਸ ਵਰਗੇ ਅਦਾਰੇ ਪੁੱਛ-ਗਿੱਛ ਲਈ ਪਹੁੰਚ ਜਾਂਦੇ ਹਨ ਤਾਂ ਨਸ਼ਾ-ਛੁਡਾਊ ਤਰਦੱਦ ਦੇ ਮਨਫ਼ੀ ਹੋ ਜਾਣ ਦਾਹਰ ਖ਼ਦਸ਼ਾ ਠੋਸ ਰੂਪ ਅਖ਼ਤਿਆਰ ਕਰਨ ਦੀ ਹਾਲਤ ਵਿਚ ਆ ਜਾਂਦਾ ਹੈ।

ਇਸ ਮਾਮਲੇ ਵਿਚ ਮੈਂਟਲ ਹੈਲਥ ਐਕਟ-1987 ਤਹਿਤ ਮਰੀਜ਼ ਦਾ ਭੇਤ ਗੁਪਤ ਰੱਖਣਾ ਡਾਕਟਰ ਦੀ ਜ਼ਿੰਮੇਵਾਰੀ ਹੈ ਜਿਸ ਨੂੰ ਮਨੁੱਖੀ ਹਕੂਕ ਅਧਿਕਾਰ-1993 ਹੋਰ ਮਜ਼ਬੂਤ ਕਰਦਾ ਹੈ। ਮਰੀਜ਼ ਦੀ ਜਾਣਕਾਰੀ ਉਸ ਦੇ ਪਰਿਵਾਰ ਦੇ ਜੀਆਂ ਅਤੇ ਦੋਸਤਾਂ-ਮਿੱਤਰਾਂ ਤੋਂ ਵੀ ਗੁਪਤ ਰੱਖੀ ਜਾਣਾ ਜ਼ਰੂਰੀ ਹੈ। ਰੂਲਜ਼ ਫਾਰ ਮੈਂਟਲ ਇਲਨੈੱਸ-2011 ਤਹਿਤ ਹਰ ਮਨੋਰੋਗ ਮਾਹਰ ਲਈ ਸਮੁੱਚੀ ਜਾਣਕਾਰੀ ਰੱਖਣਾ ਜ਼ਰੂਰੀ ਹੈ। ਇਹ ਜਾਣਕਾਰੀ ਸਿਰਫ਼ ਢੁਕਵੇਂ ਅਦਾਰੇ ਜਾਂ ਅਹੁਦੇ (ਕੰਪੀਟੈਂਟ) ਨੂੰ ਦਿੱਤੀ ਜਾ ਸਕਦੀ ਹੈ ਪਰ ਇਸ ਮਾਮਲੇ ਦਾ ਅੰਤਿਮ ਫ਼ੈਸਲਾ ਪੇਸ਼ੇਵਰ ਮਨੋਰੋਗੀ ਮਾਹਰ ਨੇ ਕਰਨਾ ਹੈ। ਕਾਨੂੰਨ ਤਹਿਤ ਇਲਾਜ ਦੀ ਹਰ ਜਾਣਕਾਰੀ ਮਰੀਜ਼ ਨੂੰ ਹੋਣੀ ਚਾਹੀਦੀ ਹੈ ਅਤੇ ਉਸ ਦੀ ਮਰਜ਼ੀ ਤੋਂ ਬਿਨਾਂ ਇਲਾਜ ਨਹੀਂ ਕੀਤਾ ਜਾ ਸਕਦਾ। ਜੇ ਮਰੀਜ਼ ਸਮਾਜ ਲਈ ਖ਼ਤਰਾ ਹੋਵੇ ਤਾਂ ਉਸ ਨੂੰ ਜਬਰੀ ਹਸਪਤਾਲ ਵਿਚ ਦਾਖ਼ਲ ਕੀਤਾ ਜਾ ਸਕਦਾ ਹੈ। ਆਲਮੀ ਸਿਹਤ ਸੰਸਥਾ ਦੀਆਂ ਹਦਾਇਤਾਂ ਅਤੇ ਕਾਨੂੰਨ ਇਸ ਮਾਮਲੇ ਵਿਚ ਇੱਕਸੁਰ ਹਨ। ਮਨੁੱਖੀ, ਸ਼ਹਿਰੀ ਅਤੇ ਜਮਹੂਰੀ ਹਕੂਕ ਦੇ ਬਿਰਤਾਂਤ ਵਿਚ ਮਰੀਜ਼ ਦੀ ਜਾਣਕਾਰੀ ਗੁਪਤਾ ਰੱਖਣਾ ਪੇਸ਼ੇਵਰ ਮਾਹਰ ਦੀ ਜ਼ਿੰਮੇਵਾਰੀ ਅਤੇ ਮਰੀਜ਼ ਦੀ ਸ਼ਖ਼ਸੀ ਆਜ਼ਾਦੀ ਦਾ ਹਿੱਸਾ ਹੈ।

ਪੰਜਾਬ ਮੈਡੀਕਲ ਕੌਂਸਲ ਦੇ ਪ੍ਰਧਾਨ ਡਾਕਟਰ ਗੁਰਿੰਦਰ ਸਿੰਘ ਗਰੇਵਾਲ ਦਾ ਬਿਆਨ ਅਖ਼ਬਾਰਾਂ ਵਿਚ ਛਪਿਆ ਹੈ ਕਿ ਮਨੋਰੋਗੀ ਮਾਹਰ ਆਪਣੇ ਮਰੀਜ਼ਾਂ ਦੀ ਤਫ਼ਸੀਲ ਸਰਕਾਰੀ ਏਜੰਸੀਆਂ ਨਾਲ ਸਾਂਝੀ ਕਰਨ। ਉਨ੍ਹਾਂ ਦੀ ਦਲੀਲ ਹੈ ਕਿ ਇਹ ਨਸ਼ਿਆਂ ਖ਼ਿਲਾਫ਼ ਮੁਹਿੰਮ ਨੂੰ ਕਾਮਯਾਬ ਕਰਨ ਲਈ ਜ਼ਰੂਰੀ ਹੈ। ਡਾਕਟਰ ਗਰੇਵਾਲ ਨੇ ਸਾਫ਼ ਕਿਹਾ ਹੈ ਕਿ ਨਸ਼ੇ ਛੱਡਣ ਦਾ ਇਲਾਜ ਕਰਵਾਉਣ ਵਾਲੇ ਮਰੀਜ਼ ਇਲਾਜ ਵਾਲੀਆਂ ਦਵਾਈਆਂ ਦੇ ਆਦੀ ਹੋ ਰਹੇ ਹਨ। ਇਸ ਬਿਆਨ ਨੂੰ ਦੋ ਪੱਖਾਂ ਤੋਂ ਸਮਝਣਾ ਜ਼ਰੂਰੀ ਹੈ। ਕੀ ਇਹ ਜਾਣਕਾਰੀ ਬਾਰੇ ਹਦਾਇਤਾਂ ਜਾਰੀ ਕਰਨਾ ਮੈਡੀਕਲ ਕੌਂਸਲ ਦੇ ਘੇਰੇ ਵਿਚ ਆਉਂਦਾ ਹੈ? ਇਹ ਬਿਆਨ ਕਿਉਂ ਦਿੱਤਾ ਗਿਆ ਹੈ? ਪੰਜਾਬ ਮੈਡੀਕਲ ਕੌਂਸਲ ਡਾਕਟਰਾਂ ਦੀ ਰਜਿਸਟਰੇਸ਼ਨ ਕਰਨ

*(ਬਾਕੀ ਅਗਲੇ ਸਫੇ 'ਤੇ)*

# ਇਨਸਾਫ ਦੀ ਆਵਾਜ਼ ਨੂੰ ਦਬਾਉਣ ਲਈ ਦਮਨ

ਹਾਲ ਹੀ ਵਿਚ ਸੀ.ਬੀ.ਆਈ. ਨੇ ਤੀਸਤਾ ਸੀਤਲਵਾੜ ਨੂੰ 'ਕੌਮੀ ਸੁਰੱਖਿਆ ਲਈ ਖਤਰਾ' ਕਰਾਰ ਦੇ ਕੇ ਫਿਰ ਸਾਬਤ ਕਰ ਦਿੱਤਾ ਹੈ ਕਿ ਇਹ ਏਜੰਸੀ ਸੱਚਮੁੱਚ 'ਪਿੰਜਰੇ ਦਾ ਤੋਤਾ' ਹੈ ਜੋ ਮੌਕੇ ਦੇ ਹੁਕਮਰਾਨਾਂ ਦੀ ਬੋਲੀ ਬੋਲਦਾ ਹੈ। ਏਜੰਸੀ ਨੇ ਮੋਦੀ ਦੇ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ ਤੀਸਤਾ ਦੇ ਘਰ ਅਤੇ ਦਫਤਰਾਂ 'ਚ ਛਾਪਾ ਮਾਰ ਕੇ ਦਾਅਵਾ ਕੀਤਾ ਹੈ ਕਿ ਉਸ ਦੀ ਸੰਸਥਾ 'ਸਬਰੰਗ ਕਮਿਊਨੀਕੇਸ਼ਨਜ਼ ਐਂਡ ਪਬਲਿਸ਼ਿੰਗ' ਨੇ ਵਿਦੇਸ਼ੀ ਫੰਡ ਯੋਗਦਾਨ ਕਾਨੂੰਨ ਦੀ ਉਲੰਘਣਾ ਕਰ ਕੇ ਵਿਦੇਸ਼ਾਂ ਤੋਂ 1.8 ਕਰੋੜ ਰੁਪਏ ਵਸੂਲ ਕੀਤੇ ਹਨ। ਕਾਰਕੁਨਾਂ ਨੂੰ ਧੱਕ ਕੇ ਕੰਧ ਨਾਲ ਲਾਉਣ ਲਈ ਇਸ ਸਾਲ 8 ਜੁਲਾਈ ਨੂੰ ਸੀ.ਬੀ.ਆਈ. ਨੇ ਉਨ੍ਹਾਂ ਦੇ ਖਿਲਾਫ ਐਫ.ਆਈ.ਆਰ. ਦਰਜ ਕੀਤੀ। 14 ਜੁਲਾਈ ਨੂੰ

**ਬੂਟਾ ਸਿੰਘ**
ਫੋਨ: +91-94634-74342

ਤੀਸਤਾ ਦੀ ਰਿਹਾਇਸ਼ ਅਤੇ ਉਸ ਦੇ ਦਫਤਰਾਂ ਉਪਰ ਬਿਨਾਂ ਕਿਸੇ ਨੋਟਿਸ ਤੋਂ ਛਾਪੇ ਮਾਰੇ ਗਏ। ਸਾਰਾ ਦਿਨ ਸੀ.ਬੀ.ਆਈ. ਦੇ ਅਧਿਕਾਰੀ ਉਨ੍ਹਾਂ ਦਸਤਾਵੇਜ਼ਾਂ ਦੀ 'ਛਾਣਬੀਣ' ਕਰਦੇ ਰਹੇ ਜੋ ਉਨ੍ਹਾਂ ਵਲੋਂ ਪਹਿਲਾਂ ਹੀ ਹਲਫ਼ਨਾਮਿਆਂ ਨਾਲ ਨੱਥੀ ਕੀਤੇ ਹੋਏ ਹਨ।

ਕਈ ਸਾਲਾਂ ਤੋਂ ਤੀਸਤਾ ਸੀਤਲਵੜ, ਉਸ ਦੇ ਪਤੀ ਜਾਵੇਦ ਆਨੰਦ ਅਤੇ ਉਨ੍ਹਾਂ ਦੀ ਟੀਮ 2002 ਦੇ ਗੁਜਰਾਤ ਕਤਲੇਆਮ ਦੀ ਮਜ਼ਲੂਮ ਧਿਰ ਨੂੰ ਨਿਆਂ ਦਿਵਾਉਣ ਲਈ ਸਰਗਰਮੀ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਦੀ ਜਥੇਬੰਦੀ 'ਸਿਟੀਜਨਜ਼ ਫਾਰ ਪੀਸ ਐਂਡ ਜਸਟਿਸ' (ਸੀ.ਜੇ.ਪੀ.) ਅਤੇ ਉਸ ਦੇ ਵਕੀਲਾਂ ਵਲੋਂ ਮੁਕੱਦਮਿਆਂ ਦੀ ਪੈਰਵਾਈ ਦੀ ਬਦੌਲਤ 120 ਤੋਂ ਵੱਧ ਮੁਜਰਿਮਾਂ ਨੂੰ ਸਜ਼ਾ ਦਿਵਾਉਣੀ ਸੰਭਵ ਹੋਈ ਹੈ। ਇਨ੍ਹਾਂ ਵਿਚ ਨਰੇਂਦਰ ਮੋਦੀ ਦੀ ਗੁਜਰਾਤ ਵਜ਼ਾਰਤ ਸਮੇਂ ਉਸ ਦੀ ਸਿਹਤ ਮੰਤਰੀ ਮਾਇਆ ਕੋਡਨਾਨੀ ਅਤੇ ਬਜਰੰਗ ਦਲ ਦਾ ਆਗੂ ਬਾਬੂ ਬਜਰੰਗੀ ਵੀ ਸ਼ਾਮਲ ਹਨ ਜੋ ਨਰੋਦਾ ਪਾਟੀਆ ਕਤਲੇਆਮ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਸਨ। ਪਿਛਲੇ ਕੁਛ ਮਹੀਨਿਆਂ ਤੋਂ ਤੀਸਤਾ ਅਤੇ ਉਸ ਦੇ ਸਾਥੀਆਂ ਨੂੰ ਫਰਜ਼ੀ ਮੁਕੱਦਮਿਆਂ ਵਿਚ ਉਲਝਾ ਕੇ ਅਤੇ ਮੀਡੀਆ ਵਿਚ ਉਨ੍ਹਾਂ ਦੇ ਖਿਲਾਫ ਜ਼ੋਰ-ਸ਼ੋਰ ਨਾਲ ਭੰਡੀ-ਪ੍ਰਚਾਰ ਕਰ ਕੇ ਉਨ੍ਹਾਂ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ।

ਪਹਿਲਾਂ ਗੁਜਰਾਤ ਸਰਕਾਰ ਦੇ ਇਸ਼ਾਰੇ ਉਤੇ ਮਾਰਚ 2013 'ਚ ਗੁਲਬਰਗ ਸੁਸਾਇਟੀ ਦੇ ਸਾਬਕਾ ਬਾਸ਼ਿੰਦੇ ਫਿਰੋਜ਼ ਸਈਦਖਾਨ ਨੇ ਸੁਸਾਇਟੀ ਦੇ ਇਕ ਅਹੁਦੇਦਾਰ ਵਜੋਂ ਅਹਿਮਦਾਬਾਦ ਪੁਲਿਸ ਦੀ ਜੁਰਮ ਸ਼ਾਖਾ ਨੂੰ ਸ਼ਿਕਾਇਤ ਕੀਤੀ ਸੀ ਕਿ ਤੀਸਤਾ, ਜਾਵੇਦ ਆਨੰਦ, ਮਰਹੂਮ ਅਹਿਸਾਨ ਜਾਫ਼ਰੀ ਦੇ ਫਰਜ਼ੰਦ ਤਨਵੀਰ ਜਾਫ਼ਰੀ ਅਤੇ ਸੁਸਾਇਟੀ ਦੇ ਪ੍ਰਧਾਨ ਤੇ ਸਕੱਤਰ ਨੇ ਕਤਲੇਆਮ ਵਿਚ ਮਾਰੇ ਸੁਸਾਇਟੀ ਦੇ ਬਾਸ਼ਿੰਦਿਆਂ ਦੀ ਯਾਦਗਾਰ ਲਈ ਜੋ ਫੰਡ ਇਕੱਠੇ ਕੀਤੇ ਸਨ, ਉਨ੍ਹਾਂ ਵਿਚੋਂ 1.51 ਕਰੋੜ ਰੁਪਏ 2007-2011 ਦਰਮਿਆਨ ਨਿਜੀ ਮੁਫਾਦ ਲਈ ਇਸਤੇਮਾਲ ਕਰ ਕੇ ਧੋਖਾਧੜੀ ਕੀਤੀ ਗਈ ਹੈ, ਪਰ ਇਹ ਸਾਹਮਣੇ ਆਉਣ 'ਤੇ ਸ਼ਿਕਾਇਤਕਰਤਾ ਦੀ ਭਰੋਸੇਯੋਗਤਾ 'ਤੇ ਹੀ ਸਵਾਲੀਆ ਚਿੰਨ ਲੱਗ ਗਿਆ ਕਿ ਉਸ ਵਲੋਂ ਸ਼ਿਕਾਇਤ ਲਈ ਵਰਤਿਆ ਸੁਸਾਇਟੀ ਦਾ ਲੈਟਰਹੈਡ ਜਾਅਲੀ ਸੀ। ਦੂਜੇ ਪਾਸੇ ਸੰਸਥਾ ਦੇ ਹਲਫਨਾਮਿਆਂ ਨੇ ਸਪਸ਼ਟ ਕੀਤਾ ਕਿ ਜੋ 4.6 ਲੱਖ ਰੁਪਏ ਇਕੱਠੇ ਕੀਤੇ ਗਏ, ਉਨ੍ਹਾਂ ਵਿਚੋਂ ਸਿਰਫ 50 ਹਜ਼ਾਰ ਰੁਪਏ ਵਿਦੇਸ਼ ਤੋਂ ਹਾਸਲ ਕੀਤੇ ਫੰਡ ਸਨ। ਧੋਖਾਧੜੀ ਵਾਲੀ ਕੋਈ ਗੱਲ ਨਹੀਂ ਸੀ ਅਤੇ ਪੁਲਿਸ ਦੀ ਜੁਰਮ ਸ਼ਾਖਾ ਵਲੋਂ ਇਸ ਮਾਮਲੇ ਦੀ ਤਫ਼ਤੀਸ਼ ਬੰਦ ਕਰ ਦਿੱਤੀ ਗਈ।

ਇਹ ਮਾਮਲਾ ਦੁਬਾਰਾ ਉਦੋਂ ਖੋਲ੍ਹ ਲਿਆ ਗਿਆ ਜਦੋਂ ਅਪਰੈਲ-ਮਈ 2013 ਦਰਮਿਆਨ ਮਰਹੂਮ ਐਮ.ਪੀ. ਅਹਿਸਾਨ ਜਾਫਰੀ ਦੀ ਵਿਧਵਾ ਜ਼ਕੀਆ ਜਾਫਰੀ ਵਲੋਂ ਨਰੇਂਦਰ ਮੋਦੀ, ਜੁਰਮ ਸ਼ਾਖਾ ਅਤੇ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਸਮੇਤ 59 ਮੁਲਜ਼ਮਾਂ ਖਿਲਾਫ ਨਵੀਂ ਪਟੀਸ਼ਨ ਪਾਈ ਗਈ ਅਤੇ ਇਸ ਦੀ ਸੁਣਵਾਈ ਹੋਈ। 26 ਦਸੰਬਰ 2013 ਨੂੰ ਮੈਜਿਸਟਰੇਟ ਨੇ ਇਹ ਪਟੀਸ਼ਨ ਰੱਦ ਕਰ ਦਿੱਤੀ। ਅੱਠ ਦਿਨ ਬਾਅਦ ਜਦੋਂ ਸੀ.ਜੇ.ਪੀ. ਇਸ ਸਬੰਧੀ ਮੈਜਿਸਟਰੇਟ ਦੇ ਹੁਕਮ ਨੂੰ ਅਦਾਲਤ ਵਿਚ ਚੁਣੌਤੀ ਦੇਣ ਦੀ ਤਿਆਰੀ ਕਰ ਰਹੀ ਸੀ, ਉਦੋਂ ਪੁਰਾਣੀ ਸ਼ਿਕਾਇਤ ਮੁੜ ਕੱਢ ਲਈ ਗਈ ਜਿਸ ਨੂੰ ਜੁਰਮ ਸ਼ਾਖਾ ਨੇ ਖੁਦ ਬੰਦ ਕੀਤਾ ਸੀ, ਤੇ ਜਨਵਰੀ 2014 ਵਿਚ ਇਨ੍ਹਾਂ ਕਾਰਕੁਨਾਂ ਖਿਲਾਫ ਐਫ.ਆਈ.ਆਰ. ਦਰਜ ਕਰ ਲਈ ਗਈ। ਸੰਭਾਵੀ ਗ੍ਰਿਫਤਾਰੀ ਤੋਂ ਬਚਣ ਦੀ ਇਨ੍ਹਾਂ ਕਾਰਕੁਨਾਂ ਦੀ ਜ਼ਮਾਨਤ ਦੀ ਦਰਖ਼ਾਸਤ ਸੁਪਰੀਮ ਕੋਰਟ ਨੇ ਖਾਰਜ ਕਰ ਦਿੱਤੀ, ਪਰ ਮਾਰਚ ਤਕ ਉਨ੍ਹਾਂ ਦੀ ਗ੍ਰਿਫ਼ਤਾਰੀ 'ਤੇ ਰੋਕ ਲਾ ਦਿੱਤੀ। ਮਾਰਚ ਵਿਚ ਅਹਿਮਦਾਬਾਦ ਸ਼ਹਿਰ ਅਤੇ ਸੈਸ਼ਨ ਅਦਾਲਤਾਂ ਨੇ ਉਨ੍ਹਾਂ ਦੀਆਂ ਪੇਸ਼ਗੀ ਜ਼ਮਾਨਤ ਦੀਆਂ ਦਰਖਾਸਤਾਂ ਰੱਦ ਕਰ ਦਿੱਤੀਆਂ। ਉਨ੍ਹਾਂ ਨੇ ਗੁਜਰਾਤ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਅਤੇ ਹਾਈ ਕੋਰਟ ਨੇ 4 ਅਪਰੈਲ ਤਕ ਗ੍ਰਿਫਤਾਰੀ 'ਤੇ ਰੋਕ ਲਾ ਦਿੱਤੀ। ਉਦੋਂ ਤੋਂ ਲੈ ਕੇ ਮਾਮਲੇ ਦੀ ਕਈ ਵਾਰ ਸੁਣਵਾਈ ਹੋ ਚੁੱਕੀ ਹੈ। ਗੁਜਰਾਤ ਸਰਕਾਰ ਜ਼ਮਾਨਤ ਦੀ ਦਰਖਾਸਤ ਦਾ ਜਵਾਬ ਦੇਣ ਲਈ ਸਮਾਂ ਮੰਗ ਲੈਂਦੀ ਹੈ, ਜਾਂ ਪੁਰਾਣੇ ਤੇ ਨਵੇਂ ਇਲਜ਼ਾਮ ਸ਼ਾਮਲ ਕਰ ਕੇ ਹਲਫ਼ਨਾਮੇ ਬਿਨਾਂ ਕਿਸੇ ਸਬੂਤ ਦੇ ਪੇਸ਼ ਕਰਦੀ ਆ ਰਹੀ ਹੈ।

ਤੀਸਤਾ ਅਤੇ ਉਸ ਦੀ ਟੀਮ ਵਲੋਂ ਅਦਾਲਤ ਅਤੇ ਹਾਈ ਕੋਰਟ ਵਿਚ ਬੈਂਕ ਖ਼ਾਤਿਆਂ ਤੇ ਬੈਂਕ ਸਟੇਟਮੈਂਟਾਂ ਦਾ ਸਾਰਾ ਰਿਕਾਰਡ ਪੇਸ਼ ਕਰਦੇ ਹੋਏ ਜੋ ਹਲਫ਼ਨਾਮੇ ਦਿੱਤੇ ਗਏ, ਉਨ੍ਹਾਂ ਵਿਚ ਸਿਆਸੀ ਇਸ਼ਾਰੇ 'ਤੇ ਕੰਮ ਕਰ ਰਹੀ ਜੁਰਮ ਸ਼ਾਖਾ ਦੇ ਬੇਬੁਨਿਆਦ ਇਲਜ਼ਾਮਾਂ ਅਤੇ ਝੂਠ ਦਾ ਪਰਦਾਫਾਸ਼ ਕੀਤਾ ਗਿਆ ਹੈ। ਸਭ ਤੋਂ ਵੱਡਾ ਝੂਠ ਟਰੱਸਟ ਉਪਰ 2.62 ਕਰੋੜ ਰੁਪਏ ਇਕੱਠੇ ਕਰਨ ਦਾ ਇਲਜ਼ਾਮ ਹੈ। ਦਰਅਸਲ, 1.33 ਕਰੋੜ ਰੁਪਏ



ਤੀਸਤਾ ਸੀਤਲਵਾੜ



ਜਾਵੇਦ ਆਨੰਦ

ਇਕੱਠੇ ਕੀਤੇ ਗਏ ਸਨ। ਤੀਸਤਾ ਅਤੇ ਜਾਵੇਦ ਨੂੰ ਅਦਾਇਗੀਆਂ ਹੋਰ ਪ੍ਰਾਜੈਕਟਾਂ ਲਈ ਸਬਰੰਗ ਟਰੱਸਟ ਵਲੋਂ ਤੈਅ ਕੀਤੇ ਬਜਟ ਅਤੇ ਦਾਨੀ ਜਥੇਬੰਦੀਆਂ ਵਲੋਂ ਮਨਜ਼ੂਰ ਕੀਤੇ ਬਜਟ ਅਨੁਸਾਰ ਹਨ ਅਤੇ ਇਨ੍ਹਾਂ ਦਾ ਗੁਲਬਰਗ ਯਾਦਗਾਰ ਨਾਲ ਕੋਈ ਸਬੰਧ ਨਹੀਂ। ਸੀ.ਜੇ.ਪੀ. ਅਤੇ ਸਬਰੰਗ ਟਰੱਸਟ ਦੇ ਖ਼ਾਤਿਆਂ ਦਾ ਲੇਖਾ-ਜੋਖਾ ਆਮਦਨ ਕਰ ਦਫ਼ਤਰ, ਚੈਰਿਟੀ ਕਮਿਸ਼ਨਰ ਦਫ਼ਤਰ ਅਤੇ ਵਿਦੇਸ਼ੀ ਫੰਡਾਂ ਬਾਰੇ ਅਥਾਰਟੀ ਵਲੋਂ ਹਰ ਸਾਲ ਆਡਿਟ ਕੀਤਾ ਗਿਆ ਹੈ, ਜਿਨ੍ਹਾਂ ਵਿਚ ਕੋਈ ਬੇਨਿਯਮੀ ਨਹੀਂ ਦਰਸਾਈ ਗਈ। ਤਫਤੀਸ਼ੀ ਅਫ਼ਸਰ ਵਲੋਂ ਸੀ.ਜੇ.ਪੀ. ਅਤੇ ਸਬਰੰਗ ਟਰੱਸਟ ਦੇ ਲੇਖਾਕਾਰਾਂ ਨੂੰ ਜੋ ਖ਼ਤ ਲਿਖੇ ਗਏ, ਉਨ੍ਹਾਂ ਦੇ ਜਵਾਬ ਵਿਚ ਲੇਖਾਕਾਰਾਂ ਨੇ ਹਰ ਇਲਜ਼ਾਮ ਤੱਥਾਂ ਸਹਿਤ ਰੱਦ ਕੀਤਾ ਹੋਇਆ ਹੈ। ਫਿਰ ਵੀ ਸੀ.ਬੀ.ਆਈ. ਨੇ ਛਾਪੇ ਮਾਰਨੇ ਜ਼ਰੂਰੀ ਸਮਝੇ। ਜ਼ਾਹਿਰ ਹੈ ਕਿ ਉਨ੍ਹਾਂ ਦੇ ਸਿਆਸੀ ਆਕਾ ਦਾ ਹੁਕਮ ਸੀ।

2004 ਤੋਂ ਲੈ ਕੇ ਤੀਸਤਾ ਨੂੰ ਤਿੰਨ ਹੋਰ ਫਰਜ਼ੀ ਮੁਕੱਦਮਿਆਂ ਵਿਚ ਫਸਾਇਆ ਗਿਆ। ਇਨ੍ਹਾਂ ਵਿਚੋਂ ਦੋ ਵਿਚ ਸੁਪਰੀਮ ਕੋਰਟ ਨੇ ਦੋਖੀ ਤਫਤੀਸ਼ 'ਤੇ ਰੋਕ ਲਾ ਦਿੱਤੀ ਅਤੇ ਇਕ ਮੁਕੱਦਮਾ ਅਦਾਲਤ ਵਲੋਂ ਨਿਯੁਕਤ ਕੀਤੀ ਪੜਤਾਲੀਆ ਕਮੇਟੀ ਵਲੋਂ ਜਾਂਚ ਕਰਨ 'ਤੇ ਫਜ਼ੂਲ ਸਾਬਤ ਹੋਇਆ ਤੇ ਸੀਤਲਵਾੜ ਬਰੀ ਹੋ ਗਈ। ਇਨ੍ਹਾਂ ਗਿਆਰਾਂ ਸਾਲਾਂ ਦੀ ਇਨਸਾਫ ਦੀ ਲੜਾਈ ਵਿਚ ਇਨ੍ਹਾਂ ਕਾਰਕੁਨਾਂ ਦੇ ਖਿਲਾਫ ਇਲਜ਼ਾਮ ਉਹੀ ਹਨ, ਮਹਿਜ਼ ਨਾਟਕ ਦੇ ਪਾਤਰ ਬਦਲੇ ਹਨ। 2004 ਵਿਚ ਬੈਸਟ ਬੇਕਰੀ ਕੇਸ ਵਿਚ ਸਟਾਰ ਗਵਾਹ ਜ਼ਹੀਰਾ ਸ਼ੇਖ ਸੀ। 2010 ਵਿਚ ਸੀ.ਪੀ.ਜੇ. ਦਾ ਸਾਬਕਾ ਮੁਲਾਜ਼ਮ ਰਾਇਸ ਖਾਨ ਪਠਾਨ ਗਵਾਹ ਸੀ। 2011 ਵਿਚ ਰਾਇਸ ਖ਼ਾਨ ਦੇ ਇਸ਼ਾਰੇ 'ਤੇ ਯਾਸਮੀਨ ਸ਼ੇਖ ਸੀ। ਨਰੋਦਾ ਗਾਮ ਅਤੇ ਪੈਂਧਰਵਾੜਾ ਜਨਤਕ ਕਬਰਾਂ ਦੇ ਮਾਮਲੇ ਵਿਚ ਉਕਸਾਵੇਬਾਜ਼ ਇਹੀ ਰਾਇਸ ਖ਼ਾਨ ਸੀ। ਹਾਲੀਆ ਮਾਮਲੇ 'ਚ ਵੀ ਰਾਇਸ ਖ਼ਾਨ ਦੇ ਰਾਹੀਂ ਗੁਲਬਰਗ ਸੁਸਾਇਟੀ ਦੇ ਕੁਛ ਬਾਸ਼ਿੰਦਿਆਂ ਨੂੰ ਮੋਹਰੇ ਬਣਾਇਆ ਗਿਆ ਹੈ। ਗੁਜਰਾਤ ਪੁਲਿਸ ਦੇ ਕੁਝ ਹਿੱਸੇ ਸ਼ਰੇਆਮ ਰਾਇਸ ਖ਼ਾਨ ਨਾਲ ਖੜ੍ਹੇ ਹਨ ਅਤੇ ਸੱਤਾਧਾਰੀ ਧਿਰ ਦੇ ਵੱਡੇ ਵੱਡੇ ਵਕੀਲਾਂ ਸਮੇਤ ਸੱਤਾਧਾਰੀ ਸ਼ਖਸ ਉਸ ਦੀ ਰਾਹਨੁਮਾਈ ਕਰ ਰਹੇ ਹਨ। ਇਸ ਤਰ੍ਹਾਂ ਦੀ ਮਿਲੀਭੁਗਤ ਵਾਲੀਆਂ ਦੋ ਸ਼ਿਕਾਇਤਾਂ ਉਪਰ ਸੁਪਰੀਮ ਕੋਰਟ ਪਹਿਲਾਂ ਹੀ ਰੋਕ ਲਾ ਚੁੱਕੀ ਹੈ। ਇਨ੍ਹਾਂ ਮਾਮਲਿਆਂ ਦੀ ਆਖਰੀ ਸੁਣਵਾਈ ਹੋਣੀ ਬਾਕੀ ਹੈ। ਇਸ ਤੋਂ ਸੱਤਾਧਾਰੀਆਂ ਦੇ ਇਸ਼ਾਰੇ 'ਤੇ ਕੰਮ ਰਹੀ ਪੁਲਿਸ ਦੀ ਜੁਰਮ ਸ਼ਾਖਾ ਅਤੇ ਗੁਜਰਾਤ ਹਕੂਮਤ ਦੇ ਇਰਾਦੇ ਸਪਸ਼ਟ ਹੋ ਜਾਂਦੇ ਹਨ ਜੋ ਯਾਦਗਾਰ ਦੇ ਫੰਡਾਂ ਦੀ ਆੜ ਲੈ ਕੇ ਤੀਸਤਾ ਅਤੇ ਜਾਵੇਦ ਆਨੰਦ ਨੂੰ ਬਦਨਾਮ ਅਤੇ ਤੰਗ-ਪ੍ਰੇਸ਼ਾਨ ਕਰਨ 'ਤੇ ਤੁਲੇ ਹੋਏ ਹਨ।

ਮੋਦੀ ਗੁੱਟ ਦੀ ਮਨਸ਼ਾ ਇਨ੍ਹਾਂ ਕਾਰਕੁਨਾਂ ਨੂੰ ਅਸਲ ਉਦੇਸ਼ ਤੋਂ ਹਟਾ ਕੇ ਉਨ੍ਹਾਂ ਦੀ ਤਾਕਤ ਨੂੰ ਥਾਣੇ-ਕਚਹਿਰੀਆਂ ਦੇ ਚੱਕਰਾਂ 'ਚ ਹਲਫ਼ਨਾਮੇ ਅਤੇ ਜਵਾਬ-ਦਾਅਵੇ ਦਾਇਰ ਕਰਦਿਆਂ ਉਲਝਾਈ ਰੱਖਣ ਅਤੇ ਬਚਾਓ ਦੀ ਹਾਲਤ ਵਿਚ ਸੁੱਟਣ ਦੀ ਹੈ। ਇਹ ਮਾਮਲੇ ਕਿਸੇ ਤਣ-ਪੱਤਣ ਨਹੀਂ ਲੱਗਣਗੇ, ਇਹ ਰਾਜਤੰਤਰ ਨੂੰ ਪਤਾ ਹੈ। ਕਾਨੂੰਨੀ ਨਿਆਂ ਪ੍ਰਬੰਧ ਦੇ ਲੰਮੇ ਅਕਾਊ ਅਮਲ ਨੂੰ ਆਪਣੇ ਹਿੱਤ 'ਚ ਭੁਗਤਾ ਕੇ ਨਿਆਂ ਪ੍ਰਬੰਧ ਨੂੰ ਨਾਕਾਮ ਬਣਾ ਦੇਣ ਵਿਚ ਗੁਜਰਾਤ ਸਰਕਾਰ ਨੂੰ ਪੂਰੀ ਮੁਹਾਰਤ ਹਾਸਲ ਹੈ; ਜਿਵੇਂ ਜ਼ਾਕੀਆ ਜਾਫਰੀ, ਇਸ਼ਰਤ ਜਹਾਂ, ਸੋਹਰਾਬੂਦੀਨ, ਤੁਲਸੀ ਪਰਜਾਪਤੀ ਅਤੇ ਬਹੁਤ ਸਾਰੇ ਹੋਰ ਮਾਮਲਿਆਂ 'ਚ ਸਾਬਤ ਹੋ ਹੀ ਚੁੱਕਾ ਹੈ। ਇਹੀ ਸਿਲਸਿਲਾ ਹੁਣ ਮੁਲਕ ਪੱਧਰ 'ਤੇ ਕੰਮ ਕਰ ਰਿਹਾ ਹੈ। ਵਿਰੋਧ ਦੀ ਹਰ ਆਵਾਜ਼ ਨੂੰ 'ਇੰਟੈਲੀਜੈਂਸ ਬਿਊਰੋ ਦੀਆਂ ਰਿਪੋਰਟਾਂ' ਦੀ ਆੜ ਹੇਠ ਦਬਾਇਆ ਜਾ ਰਿਹਾ ਹੈ। ਮਨੁੱਖੀ ਹੱਕਾਂ ਲਈ ਕੰਮ ਕਰਨ ਵਾਲਿਆਂ ਉਪਰ ਅਜਿਹੇ ਧੋਖਾਧੜੀ ਦੇ ਬੇਬੁਨਿਆਦ ਇਲਜ਼ਾਮ ਲਗਾ ਕੇ ਉਨ੍ਹਾਂ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ। ਵਿਦੇਸ਼ੀ ਫੰਡ ਰੈਗੂਲੇਸ਼ਨ ਮਹਿਕਮੇ ਵਲੋਂ ਨੋਟਿਸ ਜਾਰੀ ਕਰ ਕੇ ਬਹੁਤ ਸਾਰੀਆਂ ਜਥੇਬੰਦੀਆਂ ਨੂੰ ਪਿਛਲੇ ਕਈ ਸਾਲਾਂ ਦੇ ਹਿਸਾਬ-ਕਿਤਾਬ ਦੀ ਲੰਮੀ-ਚੌੜੀ ਤਫਸੀਲ ਪੇਸ਼ ਕਰਨ ਲਈ ਕਿਹਾ ਗਿਆ ਹੈ। ਤੀਸਤਾ ਤੇ ਉਸ ਦੇ ਸਹਿ-ਕਾਮਿਆਂ ਤੋਂ ਇਲਾਵਾ 'ਗਰੀਨਪੀਸ ਇੰਡੀਆ' ਨਾਲ ਵੀ ਵਿਦੇਸ਼ੀ ਫੰਡ ਨਿਯਮਾਂ ਦੀ ਉਲੰਘਣਾ ਦੇ ਇਲਜ਼ਾਮਾਂ ਤਹਿਤ ਇਸੇ ਤਰ੍ਹਾਂ ਦਾ ਵਿਹਾਰ ਕੀਤਾ ਗਿਆ ਹੈ। ਉਨ੍ਹਾਂ ਦੇ ਖਾਤੇ ਵੀ ਸੀਲ ਕਰ ਦਿੱਤੇ ਗਏ। ਗਰੀਨਪੀਸ ਦੀ ਇਕ ਕਾਰਕੁਨ ਨੂੰ ਲੰਡਨ ਜਾ ਕੇ ਬਰਤਾਨਵੀ ਸੰਸਦ ਮੈਂਬਰਾਂ ਅੱਗੇ ਮੱਧ ਪ੍ਰਦੇਸ਼ ਦੇ ਮਾਹਨ ਜੰਗਲ ਵਿਚ ਵਾਤਾਵਰਨ ਪ੍ਰਦੂਸ਼ਣ ਦੀ ਰਿਪੋਰਟ ਪੇਸ਼ ਕਰਨ ਤੋਂ ਰੋਕ ਦਿੱਤਾ ਗਿਆ ਜਿਥੇ ਸਰਕਾਰ ਨੇ ਐਸ. ਆਰ. ਕੰਪਨੀ ਨੂੰ ਕੋਲਾ ਦੇ ਖਣਨ ਦੀ ਇਜਾਜ਼ਤ ਦਿੱਤੀ ਹੋਈ ਹੈ। ਸੀਤਲਵਾੜ, ਗਰੀਨਪੀਸ ਅਤੇ ਹੋਰ ਸੰਸਥਾਵਾਂ ਦੇ ਕਾਰਕੁਨਾਂ ਨੂੰ ਤੰਗ-ਪ੍ਰੇਸ਼ਾਨ ਕਰਨ ਦੇ ਮਾਮਲੇ, ਇਕ ਵਿਆਪਕ ਤਸਵੀਰ ਦੇ ਹਿੱਸੇ ਹਨ ਜੋ ਇਸ ਵਕਤ ਉਭਰ ਕੇ ਸਾਹਮਣੇ ਆ ਰਹੀ ਹੈ। ਜਮਹੂਰੀ ਵਿਰੋਧ ਦੀ ਗੁੰਜਾਇਸ਼ ਦਿਨੋ-ਦਿਨ ਸੁੰਗੜਦੀ ਜਾ ਰਹੀ ਹੈ। ਇਹ ਦਾਇਰਾ ਫੰਡਾਂ ਦੇ ਸਵਾਲਾਂ ਉਪਰ ਤੰਗ-ਪ੍ਰੇਸ਼ਾਨ ਕਰਨ, ਜਾਂ ਕਾਰਕੁਨਾਂ ਦੀ ਜਿਸਮਾਨੀ ਕੁੱਟਮਾਰ ਕਰਨ ਜਾਂ ਪੱਤਰਕਾਰਾਂ ਦੇ ਕਤਲਾਂ ਆਦਿ ਕਈ ਰੂਪਾਂ 'ਚ ਸਾਹਮਣੇ ਆ ਰਿਹਾ ਹੈ।

ਮਸ਼ਹੂਰ ਰਸਾਲੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਨੇ ਇਸ ਮਾਮਲੇ ਬਾਰੇ ਆਪਣੇ ਸੰਪਾਦਕੀ ਤਬਸਰੇ ਵਿਚ ਬਿਲਕੁਲ ਸਹੀ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਜੇ ਵਿਰੋਧ ਦੀ ਆਵਾਜ਼ ਅਤੇ ਜਮਹੂਰੀ ਵਿਰੋਧ ਕਰਨ ਵਾਲਿਆਂ ਉਪਰ ਘੋਰ ਤੇ ਜਥੇਬੰਦ ਦਮਨ ਦਾ ਪਰਦਾਫਾਸ਼ ਅਤੇ ਇਸ ਦਾ ਵਿਰੋਧ ਨਹੀਂ ਕੀਤਾ ਜਾਂਦਾ ਤਾਂ ਮੁਲਕ ਦੇ ਡਾਢਿਆਂ ਦੀਆਂ ਕਾਰਵਾਈਆਂ 'ਤੇ ਸਵਾਲ ਉਠਾਉਣ ਦੀ ਰਹਿੰਦੀ ਗੁੰਜਾਇਸ਼ ਵੀ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ।

# ਨਸ਼ਿਆਂ ਦੀ ਮੰਡੀ ਵਿਚ ਪੁਲਿਸ ਰਾਜ ਹੱਥ ਆਏ ਮਰੀਜ਼

*(ਪਿਛਲੇ ਸਫੇ ਦੀ ਬਾਕੀ)*

ਵਾਲਾ ਅਦਾਰਾ ਹੈ। ਜੇ ਕੋਈ ਡਾਕਟਰ ਮੈਡੀਕਲ ਕੌਂਸਲ ਆਫ਼ ਇੰਡੀਆ ਕੋਲ ਰਜਿਸਟਰ ਹੋਵੇ ਤਾਂ ਉਸ ਲਈ ਪੰਜਾਬ ਮੈਡੀਕਲ ਕੌਂਸਲ ਕੋਲ ਰਜਿਸਟਰ ਹੋਣਾ ਜ਼ਰੂਰੀ ਨਹੀਂ ਹੈ। ਮੈਡੀਕਲ ਕੌਂਸਲ ਆਫ਼ ਇੰਡੀਆ ਅਤੇ ਪੰਜਾਬ ਮੈਡੀਕਲ ਕੌਂਸਲ ਦੇ ਘੇਰੇ ਵਿਚ (ਸੰਵਿਧਾਨ ਦੀ ਕੇਂਦਰ ਅਤੇ ਸੂਬਿਆਂ ਦੀ ਸਾਂਝੀ ਸੂਚੀ ਮੁਤਾਬਕ) ਸਿਰਫ਼ ਮੈਡੀਕਲ ਸਿੱਖਿਆ ਦੇ ਅਦਾਰੇ ਅਤੇ ਇਨ੍ਹਾਂ ਤੋਂ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀ ਆਉਂਦੇ ਹਨ। ਸਿਹਤ ਅਤੇ ਹਸਪਤਾਲਾਂ ਨਾਲ ਜੁੜਿਆ ਇਲਾਜ, ਜਾਂਚ ਅਤੇ ਰੋਕਥਾਮ ਵਾਲਾ ਸਾਰਾ ਢਾਂਚਾ ਸੂਬੇ ਦੇ ਅਖ਼ਤਿਆਰ ਵਿਚ ਹੈ। ਇਹ ਢਾਂਚਾ ਦੇ ਪ੍ਰਬੰਧ ਲਈ ਕੇਂਦਰ ਸਰਕਾਰ ਦਾ ਕਲੀਨੀਕਲ ਐਸਟੈਬਲਿਸ਼ਮੈਂਟ ਐਕਟ-2010 (ਨੇਮ-2012) ਹੈ ਅਤੇ ਇਸ ਤਰਜ਼ ਉਤੇ ਕਮੇਟੀਆਂ ਬਣਾਉਣ ਤੋਂ ਬਾਅਦ ਪੰਜਾਬ ਸਰਕਾਰ ਨੇ ਕੋਈ ਪਹਿਲਕਦਮੀ ਨਹੀਂ ਕੀਤੀ। ਮਨੋਰੋਗੀ ਮਾਹਰਾਂ ਤੋਂ ਮਰੀਜ਼ਾਂ ਦੀ ਤਫ਼ਸੀਲ ਹਾਸਲ ਕਰਨਾ ਪੰਜਾਬ ਮੈਡੀਕਲ ਕੌਂਸਲ ਦੇ ਘੇਰੇ ਵਿਚ ਨਹੀਂ ਆਉਂਦਾ। ਇਸ ਲਈ ਪੰਜਾਬ ਮੈਡੀਕਲ ਕੌਂਸਲ ਦੇ ਪ੍ਰਧਾਨ ਦਾ ਬਿਆਨ ਆਪਣੇ ਘੇਰੇ ਤੋਂ ਬਾਹਰ ਜਾ ਕੇ ਦਿੱਤਾ ਗਿਆ ਹੈ।

ਸੁਆਲ ਦਾ ਇਹ ਪੱਖ ਜ਼ਿਆਦਾ ਅਹਿਮ ਹੈ ਕਿ ਇਹ ਬਿਆਨ ਕਿਉਂ ਦਿੱਤਾ ਗਿਆ ਹੈ? ਡਾਕਟਰ ਗੁਰਿੰਦਰ ਸਿੰਘ ਗਰੇਵਾਲ ਦੀ ਪਛਾਣ ਦਾ ਅਹਿਮ ਪੱਖ ਉਨ੍ਹਾਂ ਦਾ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਮਹੇਸ਼ਇੰਦਰ ਸਿੰਘ ਗਰੇਵਾਲ ਦਾ ਭਰਾ ਹੋਣਾ ਹੈ। ਡਾਕਟਰ ਗੁਰਿੰਦਰ ਸਿੰਘ ਗਰੇਵਾਲ ਨੂੰ ਇਸ ਅਹੁਦੇ ਉੱਤੇ ਸਰਕਾਰ ਨੇ ਨਾਮਜ਼ਦ ਕੀਤਾ ਹੈ। ਪੜ੍ਹਾਈ, ਕਾਰੋਬਾਰ ਤੋਂ ਮੌਜੂਦਾ ਅਹੁਦੇ ਤੱਕ ਉਨ੍ਹਾਂ ਦਾ ਜੀਵਨ ਨਾਮਜ਼ਦਗੀਆਂ ਦੀਆਂ 'ਪ੍ਰਾਪਤੀਆਂ' ਨਾਲ ਸਜਿਆ ਹੋਇਆ ਹੈ। ਇਨ੍ਹਾਂ ਪ੍ਰਾਪਤੀਆਂ ਅਤੇ ਸਿਆਸੀ ਵਫ਼ਾਦਾਰੀਆਂ ਦੇ ਦੌਰ ਵਿਚ ਡਾਕਟਰ ਗੁਰਿੰਦਰ ਸਿੰਘ ਗਰੇਵਾਲ ਦਾ ਬਿਆਨ ਅਹੁਦੇ ਦੀ ਹੈਸੀਅਤ ਵਿਚ ਸਿਆਸੀ ਕਾਰਕੁਨ ਦਾ ਬਿਆਨ ਹੈ। ਇਸ ਬਿਆਨ ਦੀ ਰਾਖੀ ਅਤੇ ਤਫ਼ਸੀਲ ਦੇਣ ਲਈ ਉਹ ਉਸ ਟੈਲੀਵਿਜ਼ਨ ਚੈਨਲ ਉੱਤੇ ਪੇਸ਼ ਹੁੰਦੇ ਹਨ ਜਿੱਥੇ ਹੁਕਮਰਾਨਪੱਖ ਦੇ ਨੁਮਾਇੰਦੇ ਨਾਮਜ਼ਦਗੀਆਂ ਵਰਗੀ 'ਜ਼ਿੰਮੇਵਾਰੀ' ਨਿਭਾਉਂਦੇ ਹਨ। ਵਫ਼ਾਦਾਰੀਆਂ ਸਾਬਤ ਕਰਨ ਦਾ ਇਹ ਮੰਚ ਉਨ੍ਹਾਂ ਦੇ ਬਿਆਨ ਦੇ ਸਿਆਸੀ ਮਾਅਨੇ ਅਤੇ ਨਿਜ਼ਾਮ ਦਾ ਖ਼ਾਸਾ ਸਮਝਣ ਵਿਚ ਸਹਾਈ ਹੁੰਦਾ ਹੈ। ਉਨ੍ਹਾਂ ਦੀਆਂ 'ਪ੍ਰਾਪਤੀਆਂ' ਅਤੇ ਪੰਜਾਬ ਮੈਡੀਕਲ ਕੌਂਸਲ ਦੀ ਕਾਰਗੁਜ਼ਾਰੀ ਕਿਸੇ ਵੱਖਰੇ ਲੇਖ ਵਿਚ ਵਿਚਾਰੀ ਜਾ ਸਕਦੀ ਹੈ। ਉਨ੍ਹਾਂ ਨੂੰ ਇਹ ਬੇਨਤੀ ਕੀਤੀ ਜਾ ਸਕਦੀ ਹੈ ਕਿ ਮੈਡੀਕਲ ਐਥੀਕਸ ਦਾ 2.2 ਰੂਲ (ਨੇਮ) ਜ਼ਰੂਰ ਪੜ੍ਹ ਲੈਣ ਤਾਂ ਜੋ ਮਰੀਜ਼ ਦਾ ਵੇਰਵਾ ਗੁਪਤ ਰੱਖਣ ਨੂੰ ਲਾਜ਼ਮੀ ਕਰਾਰ ਦਿੰਦਾ ਹੈ। ਮੈਡੀਕਲ ਕੌਂਸਲ ਆਫ਼ ਇੰਡੀਆ ਦਾ ਇਹੋ ਖਰੜਾ ਪੰਜਾਬ ਮੈਡੀਕਲ ਕੌਂਸਲ ਨੇ ਪ੍ਰਵਾਨ ਕੀਤਾ ਹੋਇਆ ਹੈ।

ਪੁਲਿਸ ਦੀ ਦਾਅਵੇਦਾਰੀ ਹੈ ਕਿ ਉਹ ਨਸ਼ੇੜੀਆਂ ਰਾਹੀਂ ਪਾਂਡੀਆਂ, ਥੋਕ ਵਪਾਰੀਆਂ ਅਤੇ ਤਸਕਰਾਂ ਤੱਕ ਪਹੁੰਚਣਾ ਚਾਹੁੰਦੀ ਹੈ। ਸਾਫ਼ ਹੈ ਕਿ ਪੁਲਿਸ ਦੀ ਯੋਜਨਾ ਨਸ਼ੇ ਮੁਕਤੀ ਲਈ ਇਲਾਜ ਕਰਵਾ ਰਹੇ ਮਰੀਜ਼ਾਂ ਨੂੰ ਪੁੱਛ-ਗਿੱਛ ਵਿਚ ਸ਼ਾਮਿਲ ਕਰਨਾ ਹੈ। ਇਸ ਮਾਮਲੇ ਵਿਚ ਪੁਲਿਸ ਸਰਕਾਰੀ ਸੋਚ ਅਤੇ ਪੰਜਾਬ ਮੈਡੀਕਲ ਕੌਂਸਲ ਹੁਕਮਰਾਨ ਧਿਰ ਦੀ ਨੁਮਾਇੰਦਗੀ ਕਰ ਰਹੀ ਹੈ। ਇਹ ਪੰਜਾਬ ਦੇ ਸ਼ਹਿਰੀ ਨੂੰ ਨਿਜ਼ਾਮ ਦਾ ਖ਼ਾਸਾ ਸਮਝਾਉਣ ਦੀ ਮਸ਼ਕ ਹੈ। ਆਵਾਮ ਨੂੰ ਨਸ਼ਿਆਂ ਦੀ ਮਾਰ ਤੋਂ ਬਚਾਉਣ ਵਿਚ ਨਾਕਾਮਯਾਬ ਹੋਈ ਸਰਕਾਰ ਵਿਚ ਸ਼ਹਿਰੀਆਂ ਨੂੰ ਪੁਲਿਸ ਰਾਹੀਂ ਕਾਬੂ ਕਰ ਰਹੀ ਹੈ। ਵਫ਼ਾਦਾਰੀਆਂ ਅਤੇ ਕੁਨਬਾਪ੍ਰਸਤੀ ਦੇ ਬੋਝ ਹੇਠਾਂ ਹਰ ਅਦਾਰਾ ਆਪਣੀਆਂ 'ਜ਼ਿੰਮੇਵਾਰੀਆਂ' ਨਿਭਾਉਣ ਲਈ ਪੁਲਿਸਤੰਤਰ ਦਾ ਮਤਹਿਤ ਬਣ ਰਿਹਾ ਹੈ। 'ਸੰਗਤ ਦਰਸ਼ਨਾਂ' ਵਿਚ ਲੋਕ ਰੋਹ ਨੂੰ ਪੁੱਜਣ ਤੋਂ ਰੋਕਣ ਦੀ ਮਸ਼ਕ ਕਰਨ ਵਾਲੀ ਪੁਲਿਸ ਅਦਾਰਿਆਂ ਅਤੇ ਪੇਸ਼ੇਵਰਾਂ ਨੂੰ ਆਵਾਮ ਨਾਲ ਜੁੜੇ ਨੈਤਿਕ ਸੁਆਲਾਂ ਅਤੇ ਕਦਰਾਂ-ਕੀਮਤਾਂ ਤੋਂ ਮੁਕਤ ਕਰ ਰਹੀ ਹੈ। ਕੀ ਇਹ ਪੁਲਿਸ ਰਾਜ ਨਹੀਂ ਹੈ? ਪੁਲਿਸ ਰਾਜ ਹੋਰ ਕੀ ਹੁੰਦਾ ਹੈ? ਡੰਡੇ ਦਾ ਖ਼ੌਫ਼ ਅਤੇ ਨਸ਼ਿਆਂ ਦੀ ਗ਼ੁਲਾਮੀ ਵਿਚੋਂ ਕੋਈ ਵੀ ਚੋਣ ਜਮਹੂਰੀਅਤ ਦੀ ਸ਼ਾਹਦੀ ਨਹੀਂ ਭਰਦੀ। ਕੀ ਆਲਮੀਕਰਨ ਦੇ ਦੌਰ ਵਿਚ ਅਮਰੀਕੀ ਵਿਦੇਸ਼ ਨੀਤੀ ਹੀ ਮੁਕਾਮੀ ਸਰਕਾਰਾਂ ਦਾ ਰਾਹ ਦਰਸਾਵਾ ਹੈ?

# ਜਾਤੀਆਂ ਸਬੰਧੀ ਅੰਕੜੇ ਤੇ ਸਰਕਾਰ

ਜਾਤ ਦਾ ਭੂਤ ਵੇਖਦਿਆਂ ਹੀ ਚੰਗੇ ਚੰਗਿਆਂ ਦੀ ਮੱਤ ਮਾਰੀ ਜਾਂਦੀ ਹੈ। ਜਾਂ ਤਾਂ ਲੋਕ ਬਿੱਲੀ ਸਾਹਮਣੇ ਅੱਖਾਂ ਮੀਟੀ ਖੜ੍ਹੇ ਕਬੂਤਰ ਵਰਗੇ ਹੋ ਜਾਂਦੇ ਹਨ, ਕੌੜੀ ਸੱਚਾਈ ਦਾ ਸਾਹਮਣਾ ਕਰਨ ਦੀ ਥਾਂ ਇਹ ਖੁਸ਼ਫਹਿਮੀ ਪਾਲਣ ਲਗਦੇ ਹਨ ਕਿ ਜਾਤ ਹੈ ਹੀ ਨਹੀਂ; ਜਾਂ ਫਿਰ ਉਨ੍ਹਾਂ ਦੀ ਹਾਲਤ ਸਾਉਣ ਦੇ ਅੰਨ੍ਹੇ ਵਰਗੀ ਹੋ ਜਾਂਦੀ ਹੈ।

ਕਾਂਗਰਸ ਜਾਂ ਭਾਜਪਾ, ਕਿਸੇ ਵੀ ਸਰਕਾਰ ਦੀ ਮਨਸ਼ਾ ਨਹੀਂ ਸੀ ਕਿ ਜਾਤ ਆਧਾਰਿਤ ਮਰਦਮਸ਼ੁਮਾਰੀ ਹੋ ਜਾਵੇ। ਦੋਵਾਂ ਸਰਕਾਰਾਂ ਨੇ ਇਸ ਨੂੰ ਰੋਕਣ, ਟਾਲਣ ਅਤੇ ਤੋੜਨ-ਮਰੋੜਨ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ। ਇਹ ਤਾਂ ਖੈਰ ਰਹੀ ਕਿ ਅਚਾਨਕ ਸੰਸਦ ਵਿਚ ਬਹਿਸ ਹੋ ਗਈ ਅਤੇ ਸਰਕਾਰ ਨੂੰ ਜਾਤਾਂ ਦੀ ਮਰਦਮਸ਼ੁਮਾਰੀ ਦੀ ਗੱਲ ਸਿਧਾਂਤਕ ਰੂਪ ਵਿਚ ਮੰਨਣੀ ਪਈ। ਫਿਰ ਇਸ ਨੂੰ ਉਲਝਾਉਣ ਦੀਆਂ ਸਾਜ਼ਿਸ਼ਾਂ ਰਚੀਆਂ ਗਈਆਂ।

ਜਾਤ ਦੇ ਨਾਲ ਸਮਾਜਕ-ਆਰਥਿਕ ਸਰਵੇਖਣ ਵੀ ਨੱਥੀ ਕਰ ਦਿੱਤੇ ਗਏ। ਹੁਣ ਕਿਹਾ ਜਾ ਰਿਹਾ ਹੈ ਕਿ ਅਸਲੀ ਗੱਲ ਤਾਂ ਸਮਾਜਕ-ਆਰਥਿਕ ਸਰਵੇਖਣ ਦੀ ਹੀ ਸੀ, ਜਾਤ ਦੀ ਗਿਣਤੀ ਦੀ ਨਹੀਂ।

ਜਾਤ ਆਧਾਰਿਤ ਮਰਦਮਸ਼ੁਮਾਰੀ ਦੇ ਅੰਕੜਿਆਂ ਤੋਂ ਸਰਕਾਰ ਡਰਦੀ ਹੈ। ਇਨ੍ਹਾਂ ਅੰਕੜਿਆਂ ਤੋਂ ਕਾਂਗਰਸ-ਭਾਜਪਾ ਅਤੇ ਪੂਰੀ ਰਾਜਨੀਤਕ ਸੱਤਾ ਸਥਾਪਤੀ ਡਰਦੀ ਹੈ। ਉਨ੍ਹਾਂ ਨੂੰ ਡਰ ਹੈ ਕਿ ਜਾਤ ਦਾ ਜਿੰਨ ਬੋਤਲ ਤੋਂ ਬਾਹਰ ਆ ਜਾਵੇਗਾ। ਪਛੜੀਆਂ ਜਾਤਾਂ ਦੀ ਗਿਣਤੀ ਜਨਤਕ ਹੋ ਜਾਵੇਗੀ ਅਤੇ ਲੋਕਾਂ ਨੂੰ ਸਰਕਾਰੀ ਤੌਰ 'ਤੇ ਪਤਾ ਲੱਗ ਜਾਵੇਗਾ ਕਿ ਕਿਸ ਜਾਤ ਵਾਲੇ ਲੋਕਾਂ ਦੀ ਗਿਣਤੀ ਮੁਲਕ ਵਿਚ ਸਭ ਤੋਂ ਜ਼ਿਆਦਾ ਹੈ, ਸਿੱਖਿਆ ਤੇ ਨੌਕਰੀਆਂ ਦੇ ਮਾਮਲੇ ਵਿਚ ਕਿਹੜੀ ਜਾਤ ਕਿੰਨੀ ਪਿੱਛੇ ਹੈ। ਉਨ੍ਹਾਂ ਨੂੰ ਡਰ ਹੈ ਕਿ ਜਾਤ ਅਤੇ ਨੌਕਰੀ ਦੇ ਸਬੰਧ ਤੋਂ ਪਰਦਾ ਉਠ ਜਾਵੇਗਾ। ਰਾਜਨੀਤੀ, ਅਫਸਰਸ਼ਾਹੀ ਅਤੇ ਆਰਥਿਕਤਾ 'ਤੇ ਅਗਲੀਆਂ ਜਾਤਾਂ ਦੇ ਗਲਬੇ ਦਾ ਭੇਤ ਖੁੱਲ੍ਹ ਜਾਵੇਗਾ।

ਜਾਤ ਦੇ ਅੰਕੜਿਆਂ ਤੋਂ ਮੰਡਲ ਅਤੇ ਸਮਾਜਕ ਨਿਆਂ ਦੇ ਹਮਾਇਤੀਆਂ ਵਿਚ ਵੀ ਬੇਚੈਨੀ ਹੋ ਸਕਦੀ ਹੈ। ਉਨ੍ਹਾਂ ਨੂੰ ਡਰ ਹੈ ਕਿ ਇਹ ਸਰਵੇਖਣ ਕਿਤੇ ਇਹ ਨਾ ਜ਼ਾਹਰ ਕਰ ਦੇਵੇ ਕਿ ਜਾਤ ਸਮਾਜਿਕ ਬੇਇਨਸਾਫ਼ੀ ਦਾ ਇਕ ਮਹੱਤਵਪੂਰਨ ਕਾਰਨ ਤਾਂ ਹੈ ਪਰ ਇਕੋ ਇਕ ਕਾਰਨ ਨਹੀਂ ਹੈ।

ਅਸਲ ਗੱਲ ਇਹ ਹੈ ਕਿ ਜਾਤਾਂ ਦੇ ਅੰਕੜਿਆਂ ਨੂੰ ਜਨਤਕ ਕਰਨਾ ਜਾਤੀਵਾਦ ਨਹੀਂ ਹੈ। ਇਹ ਜਾਤੀਵਾਦ ਦੇ ਭੂਤ ਨੂੰ ਵੱਸ ਵਿਚ ਕਰਨ ਦਾ ਤਰੀਕਾ ਹੈ।

**-ਯੋਗੇਂਦਰ ਯਾਦਵ**

# ਇਉਂ ਹੋਈ ਭੇਡਾਂ ਦੀ ਗਿੱਦੜ-ਕੁੱਟ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਇਕ ਆਜੜੀ ਨੇ ਆਪਣੇ ਇੱਜੜ ਵਿਚ ਭੇਡਾਂ ਦੇ ਨਾਲ ਨਾਲ ਬੱਕਰੀਆਂ ਅਤੇ ਛੇਲੇ ਵੀ ਪਾਲੇ ਹੋਏ ਸਨ। ਇਕ ਦਿਨ ਬੈਠੇ ਬੈਠੇ ਉਸ ਨੇ ਮੋਟਾ ਜਿਹਾ ਹਿਸਾਬ ਲਾ ਕੇ ਦੇਖਿਆ, ਬੱਕਰੀਆਂ ਨਾਲੋਂ ਵੱਧ ਕਮਾਈ ਭੇਡਾਂ ਤੋਂ ਹੁੰਦੀ ਹੈ। ਬੱਕਰੀਆਂ ਦੀ ਸਾਂਭ-ਸੰਭਾਲ 'ਤੇ ਵੀ ਭੇਡਾਂ ਨਾਲੋਂ ਵੱਧ ਧਿਆਨ ਦੇਣਾ ਪੈਂਦਾ ਹੈ। ਬੱਕਰੀਆਂ ਫ਼ਸਲ ਵਿਚ ਵੀ ਜਾ ਵੜਦੀਆਂ ਹਨ ਤੇ ਜ਼ਿਮੀਂਦਾਰਾਂ ਦੇ ਉਲਾਂਭੇ ਸੁਣਨੇ ਪੈਂਦੇ ਹਨ। ਭੇਡਾਂ ਤਾਂ ਇਕ-ਦੂਜੀ ਦੇ ਮਗਰੇ-ਮਗਰ ਅੰਨ੍ਹੇਵਾਹ ਧੁੱਸ ਦੇਈ ਜਾਂਦੀਆਂ ਨੇ। ਸੋ, ਉਸ ਨੇ ਸੋਚ ਵਿਚਾਰ ਕਰ ਕੇ ਸਿਰਫ਼ ਭੇਡਾਂ ਦਾ ਹੀ ਇੱਜੜ ਬਣਾ ਲਿਆ। ਬੱਕਰੀਆਂ ਵੇਚ ਦਿੱਤੀਆਂ।

ਕੁਝ ਅਰਸੇ ਬਾਅਦ ਉਹਦੇ ਕੋਲ ਕਾਫ਼ੀ ਭੇਡਾਂ ਹੋ ਗਈਆਂ। ਵੱਡੇ ਇੱਜੜ ਦੀ ਸਾਂਭ-ਸੰਭਾਲ ਲਈ ਹੁਣ ਆਜੜੀ ਨੇ ਆਪਣੇ ਮੁੰਡੇ ਨੂੰ ਨਾਲ ਲਾ ਲਿਆ। ਦੋਵੇਂ ਪਿਉ-ਪੁੱਤ ਰੋਜ਼ਾਨਾ ਜੰਗਲ ਵੱਲ ਨਿਕਲ ਜਾਂਦੇ ਅਤੇ ਸ਼ਾਮ ਨੂੰ ਰੱਜੀਆਂ ਭੇਡਾਂ ਨੂੰ ਵਾੜੇ ਵਿਚ ਲਿਆ ਵਾੜਦੇ। ਰੁੱਤ ਆਉਣ 'ਤੇ ਭੇਡਾਂ ਮੁੰਨ ਕੇ ਉਨ ਲਾਹ ਲੈਂਦੇ ਤੇ ਸ਼ਹਿਰ ਵੇਚ ਆਉਂਦੇ। ਛੇਤੀ ਹੀ ਉਹ ਆਪਣੇ ਭਾਈਚਾਰੇ ਵਿਚ ਅਮੀਰ ਗਿਣੇ ਜਾਣ ਲੱਗੇ। ਉਨ੍ਹਾਂ ਦੀ ਨਵੀਂ ਨਵੀਂ ਅਮੀਰੀ ਤੋਂ ਤ੍ਰਹਿੰਦਿਆਂ ਪਿੰਡ ਵਾਲਿਆਂ ਨੇ ਆਜੜੀ ਨੂੰ ਪਿੰਡ ਦਾ ਸਰਪੰਚ ਚੁਣ ਲਿਆ। ਕਹਿਣ ਨੂੰ ਤਾਂ ਬੁੱਢਾ ਆਜੜੀ ਸਰਪੰਚ ਸੀ, ਪਰ ਅਸਲ ਅਰਥਾਂ ਵਿਚ ਸਰਪੰਚੀ ਉਸ ਦਾ ਮੁੰਡਾ ਹੀ ਕਰਦਾ ਸੀ। ਮੁੰਡੇ ਦੀ ਸਰਪੰਚੀ ਕਰਨ ਦੇ ਤੇਜ਼-ਤਰਾਰ ਤੌਰ-ਤਰੀਕਿਆਂ ਤੋਂ ਵਾਕਫ਼ ਪੇਂਡੂ ਲੋਕ, ਆਜੜੀ ਸਰਪੰਚ ਨਾਲੋਂ ਉਸ ਦੇ ਮੁੰਡੇ ਅੱਗੇ ਹੀ ਹੱਥ ਜੋੜ ਦੁਆ-ਸਲਾਮ ਕਰਦੇ ਰਹਿੰਦੇ।

ਜਿਉਂ ਜਿਉਂ ਆਜੜੀ ਦੇ ਘਰ ਅਮੀਰੀ ਵਧਦੀ ਗਈ, ਤਿਉਂ ਤਿਉਂ ਉਸ ਦੇ ਮੁੰਡੇ ਦਾ ਲਾਲਚ ਵੀ ਵਧਦਾ ਗਿਆ। ਭੇਡਾਂ ਦੀ ਉਨ ਲਾਹੁਣ ਦੇ ਪਿਤਾ-ਪੁਰਖੀ ਕਿੱਤੇ ਵਿਚ ਤਾਂ ਉਸ ਨੇ ਖਾਸ ਮੁਹਾਰਤ ਹਾਸਲ ਕਰ ਹੀ ਲਈ ਸੀ, ਇਸ ਤੋਂ ਅੱਗੇ ਵਧਦਿਆਂ ਪਹਿਲਾਂ ਤਾਂ ਉਸ ਨੇ ਆਲੇ-ਦੁਆਲੇ ਦੇ ਇੱਜੜ ਵਾਲਿਆਂ ਦੀਆਂ ਚੋਣਵੀਆਂ ਭੇਡਾਂ ਆਪਣੇ ਇੱਜੜ ਵਿਚ ਸ਼ਾਮਲ ਕਰਨ ਦੇ ਪ੍ਰਬੰਧ ਕਰ ਲਏ ਜੋ ਕੱਦ-ਕਾਠ ਵਿਚ ਵੱਡੀਆਂ ਹੋਣ ਕਰ ਕੇ ਜ਼ਿਆਦਾ ਉਨ ਦੇ ਸਕਦੀਆਂ ਸਨ। ਫਿਰ ਹੋਰ ਕਾਰੋਬਾਰ ਕਾਬੂ ਕਰਨ ਵੱਲ ਧਿਆਨ ਦਿੱਤਾ। ਜਿਹੜਾ ਵੀ ਕੋਈ ਮੋਟੀ ਕਮਾਈ ਕਰਨ ਵਾਲਾ ਕਾਰੋਬਾਰੀ ਉਸ ਦੀ ਨਜ਼ਰੇ ਚੜ੍ਹਦਾ, ਉਸੇ ਨੂੰ ਕੋਈ ਲਾਲਚ ਜਾਂ ਸਰਪੰਚੀ ਦੀ ਧੌਂਸ ਨਾਲ ਡਰਾ-ਧਮਕਾ ਕੇ, ਉਸ ਦਾ ਕਾਰੋਬਾਰ ਖੋਹ ਲੈਂਦਾ।

ਉਧਰ ਆਜੜੀ ਦੀ ਫ਼ਿਤਰਤ ਅਜਿਹੀ ਬਣ ਗਈ ਸੀ ਕਿ ਜਦ ਭੇਡਾਂ ਦਾ ਇੱਜੜ ਉਹਦੇ ਮੂਹਰੇ ਮੂਹਰੇ ਸਿਰ ਸੁੱਟ ਕੇ ਤੁਰਦਾ ਤਾਂ ਉਸ ਨੂੰ ਅਸੀਮ ਸਕੂਨ ਮਿਲਦਾ। ਰੁੱਤ ਆਈ ਤੇ ਜਦੋਂ ਇਕੱਲੀ ਇਕੱਲੀ ਭੇਡ ਮੁੰਨਣ ਵਾਸਤੇ ਆਜੜੀ ਸਾਹਮਣੇ ਲਿਆਈ ਜਾਂਦੀ, ਉਹ ਖਿੜ ਉਠਦਾ! ਭੇਡਾਂ ਮੁੰਨ




ਹੁੰਦੀਆਂ ਦੇਖਣ ਦਾ ਚਸਕਾ, ਉਸ ਨੇ ਆਪਣੇ ਮੁੰਡੇ ਨੂੰ ਵੀ ਪਾ ਦਿੱਤਾ।

ਇਕ ਦਿਨ ਕੀ ਹੋਇਆ, ਰੋਜ਼ ਦੀ ਤਰ੍ਹਾਂ ਬੁੱਢਾ ਆਜੜੀ ਭੇਡਾਂ ਦਾ ਇੱਜੜ ਜੰਗਲ ਵੱਲ ਚਰਾਉਣ ਲੈ ਗਿਆ। ਪਤਾ ਨਹੀਂ ਕਿਵੇਂ, ਕਿਸੇ ਸ਼ੇਰਨੀ ਦੀ ਗੁਫ਼ਾ ਵਿਚੋਂ ਨਿਕਲ ਕੇ ਸ਼ੇਰ ਦਾ ਬੱਚਾ ਭੇਡਾਂ ਵਿਚ ਆ ਵੜਿਆ। ਭੁੱਖਣ-ਭਾਣੇ ਬੱਚੇ ਨੂੰ ਆਜੜੀ ਨੇ ਸੂਈ ਹੋਈ ਭੇਡ ਦਾ ਦੁੱਧ ਚੁੰਘਾਇਆ। ਸ਼ਾਮ ਨੂੰ ਇੱਜੜ ਨਾਲ ਸ਼ੇਰ ਦਾ ਨਿੱਕਾ ਜਿਹਾ ਬੱਚਾ ਦੇਖ ਸਾਰਾ ਟੱਬਰ ਬੜਾ ਖੁਸ਼ ਹੋਇਆ। ਗੱਲ ਕੀ, ਉਹ ਬੱਚਾ ਭੇਡਾਂ ਦਾ ਦੁੱਧ ਪੀਣਾ ਗਿੱਝ ਗਿਆ। ਹੌਲੀ ਹੌਲੀ ਵੱਡਾ ਹੁੰਦਾ ਗਿਆ ਤੇ ਹਰ ਰੋਜ਼ ਉਹ ਭੇਡਾਂ ਦੇ ਇੱਜੜ ਨਾਲ ਘੁੰਮਦਾ ਫਿਰਦਾ ਰਹਿੰਦਾ, ਤੇ ਸ਼ਾਮ ਨੂੰ ਵਾੜੇ ਆ ਜਾਂਦਾ। ਪੂਰੇ ਇਲਾਕੇ ਵਿਚ ਇਸ ਆਜੜੀ ਦੀ ਮਸ਼ਹੂਰੀ ਹੋ ਗਈ। ਲੋਕ ਦੂਰੋਂ ਦੂਰੋਂ ਦੇਖਣ ਆਉਂਦੇ ਕਿ ਸ਼ੇਰ ਦਾ ਬੱਚਾ ਕਿਵੇਂ ਭੇਡਾਂ ਵਿਚ ਮਸਤਿਆ ਫਿਰਦਾ ਹੈ। ਬੁੱਢਾ ਆਜੜੀ ਖਸਿਆਨੀ ਹਾਸੀ ਹੱਸਦਿਆਂ ਅਕਸਰ ਇਹ ਡੀਂਗ ਮਾਰਦਾ, "ਮੈਂ ਇਕੱਲੀਆਂ ਭੇਡਾਂ ਨਹੀਂ, ਸ਼ੇਰਾਂ ਨੂੰ ਵੀ ਚਾਰਦਾ ਹਾਂ।"

ਆਪਣੇ ਬਾਪ ਦੀ ਅਜਿਹੀ ਸ਼ੇਖੀ ਸੁਣ ਕੇ ਧੱਕੇਸ਼ਾਹੀ ਤੇ ਸੀਨਾ-ਜ਼ੋਰੀ ਨਾਲ ਸਰਪੰਚੀ ਕਰਦੇ ਆਜੜੀ ਦੇ ਮੁੰਡੇ ਨੇ ਇਕ ਸ਼ਾਮ ਵਾੜੇ ਵਿਚ ਸ਼ੇਰ ਦੇ ਬੱਚੇ ਨੂੰ ਖ਼ਰ-ਮਸਤੀਆਂ ਕਰਦਿਆਂ ਦੇਖਿਆ। ਸਿਰੇ ਦੇ ਸਕੀਮੀ ਮੁੰਡੇ ਦੇ ਦਿਲ ਵਿਚ ਅੱਲੋਕਾਰੇ ਫੁਰਨੇ ਅੰਗੜਾਈਆਂ ਲੈਣ ਲੱਗੇ, "ਜੰਗਲ ਦੇ ਬਾਦਸ਼ਾਹ ਦੀ ਅੰਸ-ਵੰਸ ਸਾਡੀ 'ਬਾਦਸ਼ਾਹੀ' ਕਬੂਲ ਚੁੱਕੀ ਹੈ...। 'ਕੱਲਾ ਸਾਡਾ ਇਕ ਪਿੰਡ ਹੀ ਕਿਆ, ਆਲੇ-ਦੁਆਲੇ ਦੇ ਸਾਰੇ ਇਲਾਕੇ ਵਿਚ ਮੇਰੀ ਸਰਦਾਰੀ ਦਾ ਸਿੱਕਾ ਚੱਲਦਾ ਹੈ। ਮਜਾਲ ਐ ਕਿਸੇ ਦੀ, ਮੇਰੇ ਮੂਹਰੇ ਚੂੰ-ਚਰਾਂ ਵੀ ਕਰ ਸਕੇ। ਬਾਪੂ ਤੇ ਮੈਂ ਭੇਡਾਂ ਮੁੰਨਦਿਆਂ ਮੁੰਨਦਿਆਂ, ਸਾਰਾ ਇਲਾਕਾ ਹੀ ਮੁੰਨ ਛੱਡਿਆ ਹੈ। ਸਾਡੇ ਲਈ ਹੁਣ ਭੇਡਾਂ ਤੇ ਇਨਸਾਨ ਵਿਚ ਕੋਈ ਫਰਕ ਨਹੀਂ ਰਹਿ ਗਿਆ। ਜਿਵੇਂ ਭੇਡਾਂ ਨੂੰ ਵਾੜੇ ਵਿਚ ਤਾੜ ਦੇਈਦਾ, ਮੇਰੀ ਨਜ਼ਰ ਵਿਚ ਇਵੇਂ ਹੀ ਪਿੰਡ ਦੇ ਲੋਕ ਵੀ ਸਾਡੀ ਰਿਆਇਆ ਹਨ। ਕਿਆ ਕਮਾਲ ਹੋਵੇ, ਜੇ ਇਸ ਸ਼ੇਰ ਵਰਗੇ ਕਈ ਹੋਰ ਸ਼ੇਰ ਵੱਖਰੇ ਵਾੜੇ ਵਿਚ ਵਲੇ ਹੋਣ। ਚਹੁੰ ਕੂੰਟਾਂ 'ਚ ਮੇਰੀ ਜੈ-ਜੈਕਾਰ ਹੋਊ।"

ਇਹ ਜੱਗੋਂ-ਤੇਰ੍ਹਵਾਂ ਸੁਪਨਾ ਸਾਕਾਰ ਕਰਨ ਲਈ ਬਿਹਬਲ ਹੋਏ ਆਜੜੀ ਦੇ ਮੁੰਡੇ ਨੇ ਮਨ ਹੀ ਮਨ ਸਕੀਮ ਵੀ ਬਣਾ ਲਈ। ਕਿਸੇ ਦੁਰੇਡੇ ਸ਼ਹਿਰੋਂ ਜੰਗਲੀ ਜੀਵਾਂ ਦੇ ਮਾਹਰਾਂ ਪਾਸੋਂ ਸ਼ੇਰ ਦੇ ਬੱਚੇ ਅਤੇ ਕੁਝ ਭੇਡਾਂ ਨੂੰ ਇਹ ਟ੍ਰੇਨਿੰਗ ਦਿੱਤੀ ਗਈ ਕਿ ਉਹ ਜੰਗਲ ਵਿਚ ਜਾ ਕੇ ਸ਼ੇਰਾਂ ਨੂੰ ਪ੍ਰਭਾਵਿਤ ਕਰਨ। ਇਨ੍ਹਾਂ ਨੂੰ ਚੰਗੀ ਤਰ੍ਹਾਂ 'ਪੱਟੀਆਂ ਪੜ੍ਹਾਈਆਂ' ਗਈਆਂ ਕਿ ਉਨ੍ਹਾਂ ਨੇ ਕਿਹੜੀਆਂ ਗੱਲਾਂ ਕਿਸ ਅੰਦਾਜ਼ ਨਾਲ ਕਹਿਣੀਆਂ ਹਨ। ਇਸ ਪ੍ਰਚਾਰ ਮੁਹਿੰਮ 'ਤੇ ਭੇਜਣ ਲਈ ਸ਼ੇਰ ਦੇ ਬੱਚੇ ਨਾਲ ਕੁਝ ਚੋਣਵੀਆਂ ਭੇਡਾਂ ਤਿਆਰ ਕੀਤੀਆਂ ਗਈਆਂ।

ਇਨ੍ਹਾਂ ਭੇਡਾਂ ਦਾ ਇਸ ਤਰੀਕੇ ਨਾਲ 'ਮੇਕਅਪ' ਕੀਤਾ ਗਿਆ ਕਿ ਇਹ ਸ਼ੇਰ ਦੀਆਂ ਭੈਣਾਂ ਹੀ ਲੱਗਣ। ਤੈਅਸ਼ੁਦਾ ਪ੍ਰੋਗਰਾਮ ਮੁਤਾਬਕ ਸ਼ੇਰ ਦੀ ਅਗਵਾਈ ਵਾਲੇ ਇਸ 'ਡੈਪੂਟੇਸ਼ਨ' ਨੂੰ ਜੰਗਲ ਵਿਚ ਭੇਜ ਦਿੱਤਾ ਗਿਆ। ਆਜ਼ਾਦ ਫਿਜ਼ਾਵਾਂ ਵਿਚ ਘੁੰਮਦਿਆਂ ਮਿਹਨਤ ਨਾਲ ਮਾਰਿਆ ਸ਼ਿਕਾਰ ਖਾਣ ਉਪਰੰਤ ਰੱਜੇ-ਪੁੱਜੇ ਕੁਝ ਸ਼ੇਰ, ਇਸ 'ਡੈਪੂਟੇਸ਼ਨ' ਦੀ ਨਜ਼ਰੀ ਪੈ ਗਏ। ਜਿਹੜੀਆਂ ਮੋਮੋ-ਠਗਣੀਆਂ ਪਿੰਡੋਂ ਗਏ ਸ਼ੇਰ ਦੇ ਬੱਚੇ ਨੂੰ ਸਿਖਾਈਆਂ ਗਈਆਂ ਸਨ, ਉਹ ਉਸ ਨੇ ਚੱਟਾਨ 'ਤੇ ਬਹਿ ਕੇ ਜੰਗਲੀ ਸ਼ੇਰਾਂ ਨੂੰ ਸੁਣਾਉਣੀਆਂ ਸ਼ੁਰੂ ਕੀਤੀਆਂ, "ਦੋਸਤੋ, ਮੈਂ ਵੀ ਤੁਹਾਡਾ ਭਰਾ ਹੀ ਹਾਂ...ਅੱਜ ਤੁਹਾਨੂੰ ਦੱਸਣ ਆਇਆ ਹਾਂ ਕਿ ਮੈਂ ਕਿਵੇਂ ਦਾ ਸ਼ਾਹਾਨਾ ਜੀਵਨ ਗੁਜ਼ਾਰ ਰਿਹਾ ਹਾਂ... ਤੁਹਾਡੇ ਵਾਂਗ ਮੈਨੂੰ ਆਪਣੀ ਖੁਰਾਕ ਲਈ ਟੁੱਟ ਟੁੱਟ ਕੇ ਨਹੀਂ ਮਰਨਾ ਪੈਂਦਾ...ਮੇਰਾ ਮਾਲਕ ਮੈਨੂੰ ਅਤਿ ਸੁੰਦਰ ਵਾੜੇ ਵਿਚ ਬਿਠਾ ਰੱਖਦਾ ਹੈ ਤੇ ਮੈਨੂੰ ਤਿੰਨੇ ਟਾਈਮ ਬੈਠੇ ਬਿਠਾਏ ਨੂੰ ਖਾਣਾ ਮਿਲਦਾ ਹੈ...ਆਪਣੇ ਮਾਲਕ ਦੇ ਮੂਹਰੇ ਜਦ ਮੈਂ ਪੂਛ ਹਿਲਾਉਂਦਾ ਹਾਂ ਤਾਂ ਪਿਆਰ ਨਾਲ ਉਹ ਮੈਨੂੰ ਆਪਣੇ ਪੈਰਾਂ ਵਿਚ ਬਿਠਾ ਲੈਂਦਾ ਹੈ। ਐਧਰ-ਉਧਰ ਐਵੇਂ ਭਟਕਣ ਨਾਲੋਂ ਮੇਰਾ ਪੱਕਾ ਟਿਕਾਣਾ।"

ਸਾਹਮਣੇ ਬੈਠੇ ਸ਼ੇਰਾਂ ਨੇ ਲਾਲ ਅੱਖਾਂ ਕਰ ਕੇ ਉਸ ਨੂੰ ਬੜੇ ਗੁੱਸੇ ਨਾਲ ਵਿਚੋਂ ਹੀ ਟੋਕਿਆ, "ਸਾਨੂੰ ਗੁਲਾਮੀ ਦੀਆਂ ਸਿਫ਼ਤਾਂ ਸੁਣਾਉਣੀਆਂ ਬੰਦ ਕਰ, ਤੇ ਦੱਸ ਕਿ ਤੂੰ ਇੱਥੇ ਕਰਨ ਕੀ ਆਇਐਂ?"

ਆਜੜੀ ਦਾ ਸ਼ੇਰ ਥੋੜ੍ਹਾ ਘਬਰਾਇਆ ਤੇ ਛਿੱਥਾ ਜਿਹਾ ਪੈਂਦਾ ਬੋਲਿਆ, "ਭਰਾਵੋ! ਮੈਂ ਤੁਹਾਨੂੰ ਆਪਣੇ ਨਾਲ ਲਿਜਾਣ...।" ਦਹਾੜਦੇ ਹੋਏ ਸ਼ੇਰਾਂ ਨੇ ਇਕਦਮ ਝਪਟ ਕੇ ਉਹਨੂੰ ਧੌਣੋਂ ਜਾ ਦਬੋਚਿਆ ਤੇ ਉਹਦਾ ਭਾਸ਼ਣ ਵਿਚੇ ਹੀ ਰਹਿ ਗਿਆ। ਜੰਗਲੀ ਸ਼ੇਰਾਂ ਨੇ ਚੱਟਾਨ 'ਤੇ ਬੈਠੇ ਆਜੜੀ ਦੇ ਸ਼ੇਰ ਨੂੰ ਜਦ ਢਾਹ ਕੇ ਥੱਲੇ ਸੁੱਟ ਲਿਆ ਤਾਂ ਉਹਦੇ ਨਾਲ 'ਸ਼ੇਰਨੀਆਂ' ਬਣ ਕੇ ਆਈਆਂ ਭੇਡਾਂ ਲੱਗ ਪਈਆਂ ਕੰਬਣ, ਤੇ ਮਿਣ ਮਿਣ ਮਿਣ ਕਰਨ। ਉਨ੍ਹਾਂ ਦੀ ਆਵਾਜ਼ ਸੁਣ ਕੇ ਕੁਝ ਜੰਗਲੀ ਸ਼ੇਰ ਉਨ੍ਹਾਂ 'ਤੇ ਟੁੱਟ ਕੇ ਪੈ ਗਏ। ਜਦ ਆਜੜੀ ਦੇ ਸ਼ੇਰ ਨੇ ਦੇਖਿਆ ਕਿ ਭੇਡਾਂ ਦਾ ਤਾਂ ਹੁਣ ਭੋਗ ਪੈਣ ਲੱਗਾ ਐ, ਉਹ ਗੁਸੈਲ ਹੋਏ ਸ਼ੇਰਾਂ ਨੂੰ ਵਰਜਦਿਆਂ ਕੂਕਿਆ, "ਮੇਰਿਓ ਚਾਚਿਓ-ਤਾਇਓ! ਇਨ੍ਹਾਂ ਨੂੰ ਨਾ ਕੁਝ ਵੀ ਕਿਹੋ, ਇਨ੍ਹਾਂ ਨੇ ਮੈਨੂੰ ਦੁੱਧ ਚੁੰਘਾ ਕੇ ਪਾਲਿਆ ਪੋਸਿਆ ਹੋਇਐ।"

"ਅੱਛਾ!" ਇਕ ਸ਼ੇਰ ਗਰਜਿਆ, "ਭੇਡਾਂ ਦੇ ਦੁੱਧ ਨੇ ਹੀ ਤੈਨੂੰ ਗੀਦੀ ਬਣਾ ਕੇ ਰੱਖ'ਤਾ ਸ਼ੇਰ ਦਿਆ ਬੱਚਿਆ?" ਉਧਰੋਂ ਹਟ ਕੇ ਸਾਰੇ ਸ਼ੇਰਾਂ ਨੇ ਭੇਡਾਂ 'ਤੇ ਗੁੱਸਾ ਲਾਹੁਣਾ ਸ਼ੁਰੂ ਕਰ ਦਿੱਤਾ। ਸਾਰੀਆਂ ਦੀ ਉਹ ਛਿੱਤਰ ਪਰੇਡ ਹੋਈ ਕਿ ਰਹੇ ਰੱਬ ਦਾ ਨਾਂ! ਭੇਡਾਂ ਦੀ 'ਗਿੱਦੜ-ਕੁੱਟ' ਕਰਦਿਆਂ, ਫਿਰ ਜੰਗਲ ਤੋਂ ਬਾਹਰ ਭਜਾ ਕੇ ਹੀ ਮੁੜੇ ਸ਼ੇਰ।

# ਬਰਸੁ ਘਨਾ ਮੇਰਾ ਪਿਰੁ ਘਰਿ ਆਇਆ

ਸਾਉਣ ਵਿਸ਼ੇਸ਼

ਵਰਖਾ ਦੀ ਰੁੱਤ ਦਾ ਇਹ ਸੁਹਾਵਣਾ ਸਾਉਣ ਮਹੀਨਾ, ਤੇ ਇਸ ਦੇ ਅਲੌਕਿਕ ਨਜ਼ਾਰੇ ਵੇਖ ਕੇ ਜੀਵ ਆਤਮਾ ਨੂੰ ਸਰਸ਼ਾਰ ਤੇ ਆਨੰਦਿਤ ਕਰ ਦੇਣ ਵਾਲਾ ਪਾਵਨ ਸ਼ਬਦ 'ਬਰਸੁ ਘਨਾ ਮੇਰਾ ਪਿਰੁ ਘਰਿ ਆਇਆ' ਰਾਗ ਮਲਹਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਦਾ ਉਚਾਰਨ ਕੀਤਾ ਹੋਇਆ ਹੈ। ਗੁਰਬਾਣੀ ਵਿਚ ਸਤਿਗੁਰਾਂ ਨੇ ਸਾਵਣ ਦੇ ਸੁਹੱਪਣ ਅਤੇ ਤਪ ਰਹੀ ਲੁਕਾਈ ਨੂੰ ਸ਼ਾਂਤ ਤੇ ਸਹਿਜ ਦੇਣ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਹੈ। ਸਾਉਣ ਮਹੀਨਾ ਰੀਝਾਂ, ਉਮੰਗਾਂ ਅਤੇ ਪਿਆਰ ਨਾਲ ਭਰਿਆ ਹੋਇਆ ਜਦ ਪੂਰੇ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਜਲੌਅ-ਜਲਵੇ ਨਾਲ ਆ ਬੂਹਾ ਖੜਕਾਉਂਦਾ ਹੈ ਤਾਂ ਸਾਉਣ ਦੇ ਸੋਹਣੇ ਨਜ਼ਾਰਿਆਂ ਦਾ ਅਨੰਦ ਮਾਨਣ ਲਈ ਕਾਇਨਾਤ ਉਤਾਵਲੀ ਹੋ ਉਠਦੀ ਹੈ। ਜੇਠ-ਹਾੜ੍ਹ ਦੀਆਂ ਸਾੜਦੀਆਂ ਧੁੱਪਾਂ ਤੇ ਅੱਗ ਵਰਗੀ ਲੋਅ ਮਗਰੋਂ ਜਦ ਸਾਉਣ ਆਉਂਦਾ ਹੈ ਤਾਂ ਜੀਵ ਤੇ ਬਨਸਪਤੀ ਖਿੜ ਉਠਦੇ ਹਨ।

ਉਧਰ, ਸਾਵਣ ਵੀ ਪੂਰੀ ਤਿਆਰੀ ਨਾਲ ਮੇਘੜੇ ਦੀਆਂ ਫੌਜਾਂ ਨਾਲ ਲੈ, ਗੜ ਗੜ ਕਰਦਾ ਆਸਮਾਨ ਉਤੇ ਆ ਡੇਰਾ ਜਮਾਉਂਦਾ ਹੈ। ਧਰਤੀ ਉਤੇ ਤੁਰਦਾ-ਫਿਰਦਾ ਤੇ ਰੀਂਗਦਾ ਹਰ ਇਕ ਜੀਵ-ਜੰਤੂ ਮੇਘੜੇ ਨੂੰ ਆਇਆ ਵੇਖ ਝੂਮ ਉਠਦਾ ਹੈ। ਜਦੋਂ ਸਾਵਣ ਵਿਚ ਮੇਘੜੇ ਦੀਆਂ ਫੌਜਾਂ ਸੂਰਜ ਨੂੰ ਪਿੱਛੇ ਕਰ ਕੇ ਆਪਣਾ ਜਲਵਾ ਦਿਖਾਉਣ ਦੀ ਤਿਆਰੀ ਕਰਦੀਆਂ ਹਨ, ਤਾਂ ਚੰਚਲ ਸ਼ੋਖ ਹਵਾਵਾਂ ਵੀ ਬੰਦ ਕੀਤੇ ਸਾਰੇ ਬੂਹੇ ਖੋਲ੍ਹ ਕੇ ਬਾਹਰ ਵੱਲ ਦੌੜ ਪੈਂਦੀਆਂ ਹਨ। ਰਿਮ-ਝਿਮ ਕਣੀਆਂ ਦਾ ਧਰਤੀ ਵੱਲ ਆਉਣਾ ਵੇਖ ਹਵਾਵਾਂ ਵੀ ਨਹਾ-ਧੋ ਕੇ ਠੰਢੀਆਂ ਠਾਰ ਹੋ ਮਸਤਾਨੀਆਂ ਅਦਾਵਾਂ ਨਾਲ ਧਰਤੀ ਦੇ ਜੀਵਾਂ ਦੀਆਂ ਉਮੰਗਾਂ ਨੂੰ ਜੀਵਨ ਬਖਸ਼ਦੀਆਂ ਹਨ। ਕਾਲੀਆਂ ਘੋਰ ਘਟਾਵਾਂ, ਠੰਢੀਆਂ ਮਸਤ ਹਵਾਵਾਂ ਨੂੰ ਵੇਖ ਧਰਤੀ ਵੀ ਆਪਾ ਖੋ ਬੈਠਦੀ ਹੈ ਤੇ ਇਨ੍ਹਾਂ ਮਨਮੋਹਕ ਨਜ਼ਾਰਿਆਂ ਨੂੰ ਆਪਣੀ ਬੁੱਕਲ ਵਿਚ ਸਮੇਟਣ ਲਈ ਉਤਾਵਲੀ ਹੋ ਉਠਦੀ ਹੈ।

ਫਿਰ ਜਦ ਮੀਂਹ ਵਰ੍ਹਦਾ ਹੈ ਤਾਂ ਸਾਰੀ ਬਨਸਪਤੀ ਹਰੀ-ਭਰੀ ਹੋ ਜਾਂਦੀ ਹੈ। ਕਾਲੀਆਂ ਘਟਾਵਾਂ ਵਿਚ ਚਾਨਣੀ ਦਾ ਚਮਕਣਾ ਤੇ ਕੜਕਣਾ, ਨਿੱਕੀ ਨਿੱਕੀ ਵਰਖਾ, ਠੰਢੀ ਹਵਾ ਅਤੇ ਹਰੀ-ਭਰੀ ਬਨਸਪਤੀ ਨਾਲ ਝੂਮਦੇ ਖੇਤ ਵੇਖ ਕੇ ਭਲਾ ਕੌਣ ਨਾ ਨੱਚੇ ਤੇ ਗਾਵੇ! ਮੋਰ ਪੈਲਾਂ ਪਾਉਂਦੇ ਹਨ ਅਤੇ ਕੋਇਲ ਦੀ ਬਿਰਹਾ ਭਰੀ ਹੂਕ, ਫਲਾਂ ਤੇ ਫਸਲਾਂ ਉਤੇ ਖੇਡਦੀਆਂ ਰੰਗ-ਬਰੰਗੀਆਂ ਤਿਤਲੀਆਂ, ਸਾਰੰਗ ਅਤੇ ਮਲਹਾਰ ਦੀਆਂ ਸੁਰਾਂ ਲਾਉਂਦੇ ਬੀਂਡੇ, ਆਪਣੇ ਪੀਆ ਨੂੰ ਆਵਾਜ਼ਾਂ ਮਾਰਦੇ ਪਪੀਹੇ, ਇਨ੍ਹਾਂ ਸਾਰੇ ਅਲੌਕਿਕ ਨਜ਼ਾਰਿਆਂ ਨੂੰ ਵੇਖ ਸਤਿਗੁਰੂ ਨਾਨਕ ਦੇਵ ਭਲਾ ਸਾਵਣ ਦੇ ਸੁਹੱਪਣ ਦੀ ਕਿਵੇਂ ਸਿਫ਼ਤ ਨਾ ਕਰਦੇ। ਗੁਰਦੇਵ ਆਖਦੇ ਹਨ,

ਬਰਸੁ ਘਨਾ ਮੇਰਾ ਪਿਰੁ ਘਰਿ ਆਇਆ॥

ਹੇ ਸਾਵਣ! ਹੁਣ ਥੋੜ੍ਹਾ ਥੋੜ੍ਹਾ ਨਹੀਂ, ਪੂਰੇ ਜਲਾਲ ਵਿਚ ਵਰ੍ਹ, ਤੇ ਲਗਾਤਾਰ ਵਰ੍ਹ, ਕਿਉਂਕਿ ਮੇਰਾ ਪਿਆਰਾ ਪਿਰੁ ਪ੍ਰਭੂ ਘਰ ਆ ਬੈਠਾ ਹੈ। ਸਤਿਗੁਰੂ ਜੀ ਮਲਹਾਰ ਦੇ ਹੀ ਇਕ ਹੋਰ ਸ਼ਬਦ ਵਿਚ ਆਖਦੇ ਹਨ, ਬਰਸ ਘਨਾ ਮੇਰਾ ਮਨੁ ਭੀਨਾ॥

ਮਲਹਾਰ ਦੇ ਹੀ ਇਕ ਸ਼ਬਦ ਵਿਚ ਗੁਰੂ ਅਰਜਨ ਦੇਵ ਵੀ ਆਖਦੇ ਹਨ, ਬਰਸੁ ਮੇਘ ਜੀ ਤਿਲੁ ਬਿਲਮੁ ਨਾ ਲਾਉ॥ ਹੇ ਮੇਘੜੇ! ਹੁਣ ਤੂੰ ਛੇਤੀ ਬਰਸ, ਇਕ ਪਲ ਦੀ ਵੀ ਦੇਰੀ ਨਾ ਕਰ, ਬਸ ਛੇਤੀ ਬਰਸ ਤੇ ਬਰਸਦਾ ਹੀ ਰਹਿ। ਵਰਖਾ ਦੀ ਰੁੱਤ, ਸਾਉਣ ਦਾ ਮਹੀਨਾ, ਵਰਖਾ ਦਾ ਰਾਗ ਮਲਹਾਰ ਤੇ ਗੁਰੂ ਨਾਨਕ ਦੇਵ ਦੀ ਇਲਾਹੀ ਬਾਣੀ... ਕਿਹੜੀ ਰੂਹ ਹੋਵੇਗੀ ਜੋ ਇਸ ਨੂੰ ਸੁਣ ਕੇ ਵਿਸਮਾਦ ਨਾ ਹੋ ਜਾਵੇ।

ਸਾਉਣ ਮਹੀਨਾ ਆ ਗਿਆ ਹੈ। ਆਓ, ਇਸ ਦੇ ਨਜ਼ਾਰਿਆਂ ਦਾ ਅਨੰਦ ਵੀ ਮਾਣੀਏ ਤੇ ਆਪਣੇ ਬੀਤੇ ਸਮੇਂ ਵੱਲ ਵੀ ਫੇਰਾ ਮਾਰ ਲਈਏ। ਉਦੋਂ ਦੇ ਸਾਵਣ ਤੇ ਹੁਣ ਦੇ ਸਾਵਣ ਦਾ ਆਪਸ ਵਿਚ ਕੋਈ ਮੇਲ ਨਹੀਂ ਹੈ। ਪਰਿਵਰਤਨ ਕੁਦਰਤ ਦਾ ਹੀ ਨਿਯਮ ਹੈ। ਉਸ ਵੇਲੇ ਦੀ ਸਾਦਗੀ ਭਰੀ ਜ਼ਿੰਦਗੀ ਤੇ ਅੱਜ ਦੀ ਨਵੀਨਤਮ ਸਹੂਲਤਾਂ ਨਾਲ ਨੱਕੋ-ਨੱਕ ਭਰੀ ਜ਼ਿੰਦਗੀ ਨੂੰ ਲੈ ਕੇ ਅਸੀਂ ਸਾਉਣ ਨੂੰ ਵਿਸਾਰ ਹੀ ਛੱਡਿਆ ਹੈ। ਹੁਣ ਕਿਸਾਨ ਵੀ ਸਾਉਣ ਦੇ ਬੱਦਲਾਂ ਦੀ ਬਹੁਤੀ ਉਡੀਕ ਨਹੀਂ ਕਰਦਾ। ਸਾਉਣ ਦੀ ਉਡੀਕ ਵਿਚ ਹੁਣ ਨਿੱਕੀਆਂ ਨਿੱਕੀਆਂ ਕੁੜੀਆਂ ਗੁੱਡੀ ਸਾੜਨ ਨਹੀਂ ਜਾਂਦੀਆਂ। ਨਿੱਕੇ ਨਿੱਕੇ ਮੁੰਡੇ ਵੀ ਸਾਉਣ ਦੇ ਮੀਂਹ ਵਿਚ ਨਹਾਉਂਦੇ ਹੋਏ ਇਹ ਨਹੀਂ ਗਾਉਂਦੇ- ਕਾਲੀਆਂ ਇੱਟਾਂ ਕਾਲੇ ਰੋੜ, ਮੀਂਹ ਵਰ੍ਹਾ ਦੇ ਜ਼ੋਰੋ ਜ਼ੋਰ। ਸੱਜ ਵਿਆਹੀਆਂ ਪੜ੍ਹੀਆਂ-ਲਿਖੀਆਂ ਮੁਟਿਆਰਾਂ ਹੁਣ ਪਿੱਪਲਾਂ ਉਤੇ ਪੀਂਘਾਂ ਨਹੀਂ ਝੂਟਦੀਆਂ ਤੇ ਨਾ ਹੀ ਆਪਣੇ ਕੰਤ ਦੀ ਉਡੀਕ ਵਿਚ ਗੀਤ ਗਾਉਂਦੀਆਂ ਹਨ। ਘਰਾਂ ਵਿਚ ਵੀ ਹੁਣ ਖੀਰ ਤੇ ਪੂੜੇ ਨਹੀਂ ਪੱਕਦੇ ਅਤੇ ਸਾਉਣ ਵੀ ਹੁਣ ਪਹਿਲਾਂ ਵਾਂਗ ਛਮ-ਛਮ ਨਹੀਂ ਵਰਸਦਾ। ਨਿੱਕੀਆਂ ਬਾਲੜੀਆਂ ਕੋਲ ਹੁਣ ਕੱਪੜੇ ਦੀ ਗੁੱਡੀ ਦੀ ਥਾਂ ਰਿਮੋਟ ਕੰਟਰੋਲ ਗੁੱਡੀਆਂ ਤੇ ਖਿਡੌਣੇ ਹਨ, ਉਹ ਹੁਣ ਗੁੱਡੀ ਸਾੜ ਕੇ ਸਾਵਣ ਦੇ ਮੀਂਹ ਵਿਚ ਨਹੀਂ ਨਹਾਉਂਦੀਆਂ, ਸ਼ਾਵਰ ਥੱਲੇ ਨਹਾ ਲੈਂਦੀਆਂ ਹਨ।

ਇਸੇ ਤਰ੍ਹਾਂ ਨਿੱਕੇ ਨਿੱਕੇ ਮੁੰਡੇ ਮੀਂਹ ਵਿਚ



ਨਹਾਉਣ ਦੀ ਥਾਂ ਅੰਦਰੀਂ ਬੈਠ ਕੇ ਇੰਟਰਨੈਟ 'ਤੇ ਗੇਮਾਂ ਖੇਡਣ ਵਿਚ ਲੀਨ ਹਨ। ਪੜ੍ਹੀਆਂ-ਲਿਖੀਆਂ ਮੁਟਿਆਰਾਂ ਪੀਂਘ 'ਤੇ ਚੜ੍ਹ ਕੇ, ਜਾਂ ਗਿੱਧੇ ਵਿਚ ਗੀਤ ਗਾ ਕੇ ਆਪਣੇ ਦਿਲ ਦੇ ਵਲਵਲੇ ਨਹੀਂ ਕੱਢਦੀਆਂ। ਉਨ੍ਹਾਂ ਦੇ ਹੱਥਾਂ ਵਿਚ ਫੋਨ ਫੜੇ ਹੋਏ ਹਨ ਤੇ ਉਹ ਜਦੋਂ ਵੀ ਚਾਹੁਣ, ਆਪਣੇ ਜੀਵਨ ਸਾਥੀ ਨਾਲ ਗੱਲ ਕਰ ਸਕਦੀਆਂ ਹਨ। ਇਸ ਤੋਂ ਇਲਾਵਾ ਇੰਟਰਨੈਟ ਰਾਹੀਂ ਫੇਸ-ਟੂ-ਫੇਸ ਕਾਲ ਵੀ ਉਪਲਬਧ ਹੈ। ਘਰਾਂ ਵਿਚ ਖੀਰ-ਪੂੜੇ ਬਣਾਉਣਾ ਬੀਤੇ ਦੀ ਗੱਲ ਹੋ ਗਈ ਹੈ। ਸਾਡੇ ਡਾਕਟਰ ਹਰ ਆਦਮੀ ਨੂੰ ਮਸ਼ਵਰਾ ਦੇ ਰਹੇ ਹਨ ਕਿ ਖੰਡ ਵੀ ਘੱਟ ਅਤੇ ਘਿਓ ਵੀ ਘੱਟ, ਫਿਰ ਭਲਾ ਕਿਸ ਦੀ ਮਜਾਲ ਹੈ, ਫੈਟ ਵਾਲੀ ਖੀਰ ਅਤੇ ਫਰਾਈ ਕੀਤੇ ਪੂੜੇ ਢਿੱਡ ਭਰ ਕੇ ਖਾ ਸਕੇ!

ਇਨ੍ਹਾਂ ਸਭ ਗੱਲਾਂ ਦੀ ਖ਼ਬਰ ਸਾਉਣ ਨੂੰ ਵੀ ਹੋ ਚੁੱਕੀ ਹੈ। ਇਸ ਲਈ ਉਸ ਨੇ ਵੀ ਆਪਣਾ ਸਾਰਾ ਸਿਸਟਮ ਆਪਣੀ ਮਰਜ਼ੀ ਮੁਤਾਬਕ ਤਿਆਰ ਕਰ ਲਿਆ ਹੈ। ਵਾਤਾਵਰਣ ਦੇ ਗੰਧਲੇ ਪਾਣੀ ਨੇ ਸਉਣ ਦੇ ਬੱਦਲਾਂ ਨੂੰ ਵੀ ਗੰਧਲਾ ਕਰ ਛੱਡਿਆ ਹੈ। ਅਸੀਂ ਪੂਰੇ ਦੇ ਪੂਰੇ ਬਦਲ ਚੁੱਕੇ ਹਾਂ ਅਤੇ ਸਾਉਣ ਮਹੀਨੇ ਦੇ ਕੁਦਰਤੀ ਨਜ਼ਾਰਿਆਂ ਨੂੰ ਵਿਸਾਰ ਕੇ ਸਿਰਫ ਦਿਖਾਵੇ ਮਾਤਰ ਨਾਲ ਆ ਜੁੜੇ ਹਾਂ, ਅਸਲੀਅਤ ਤੋਂ ਹਜ਼ਾਰਾਂ ਮੀਲ ਦੂਰ ਨਿਕਲ ਆਏ ਹਾਂ। ਹੁਣ ਤੀਆਂ ਬਰੋਟਿਆਂ ਥੱਲੇ ਨਹੀਂ, ਬੈਂਕੁਇਟ ਹਾਲਾਂ ਵਿਚ ਜੁੜਦੀਆਂ ਹਨ।

ਕਦੀ ਕਦੀ ਸੋਚਦੇ ਹਾਂ ਕਿ ਸ਼ੁਕਰ ਹੈ ਪਰਮਾਤਮਾ ਦਾ, ਪਰਦੇਸਾਂ ਵਿਚ ਬੈਠੀਆਂ ਸਾਡੀਆਂ ਧੀਆਂ-ਭੈਣਾਂ ਅਜੇ ਵੀ ਤੀਆਂ ਦੇ ਮੇਲੇ ਲਾ ਕੇ ਸਾਉਣ ਨੂੰ ਯਾਦ ਕਰਦੀਆਂ ਹਨ ਤੇ ਪੂਰੇ ਸਾਉਣ ਮਹੀਨੇ ਦੇ ਨਜ਼ਾਰਿਆਂ ਦਾ ਅਨੰਦ ਮਾਣ ਲੈਂਦੀਆਂ ਹਨ ਪਰ ਅਗਲੀ ਪੀੜ੍ਹੀ ਦਾ ਕੀ ਹੋਵੇਗਾ, ਰੱਬ ਜਾਣੇ ਜਾਂ ਸਾਉਣ ਦਾ ਮਹੀਨਾ ਆਪੇ ਪਿਆ ਜਾਣੇ! ਉਂਜ, ਮੇਰਾ ਵਿਸ਼ਵਾਸ ਹੈ ਕਿ ਅਜੇ ਵੀ ਰੱਬ ਦੇ ਰੰਗ ਵਿਚ ਰੰਗੀਆਂ ਐਸੀਆਂ ਰੂਹਾਂ ਬੈਠੀਆਂ ਹਨ ਜੋ ਸਾਉਣ ਦੇ ਸੋਹਣੇ ਨਜ਼ਾਰੇ ਵੇਖ ਕੇ ਆਪਣੇ ਉਸ ਪਰਮਾਤਮਾ ਪ੍ਰਭੂ ਨੂੰ ਯਾਦ ਕਰਦੀਆਂ ਹਨ ਤੇ ਆਤਮ ਵਿਭੋਰ ਹੋ ਆਖਦੀਆਂ ਹਨ, ਬਰਸੁ ਘਨਾ ਮੇਰਾ ਪਿਰੁ ਘਰਿ ਆਇਆ॥

# ਧਰਮ ਰਾਜਨੀਤੀ ਉਪਰ ਕੁੰਡਾ ਜਾਂ ਫਿਰ...

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬਹੁਤ ਸਾਰੇ ਲੋਕ ਅਜਿਹੇ ਹਨ, ਜੋ ਇਸ ਖਿਆਲ ਨੂੰ ਖਾਸ ਮਹੱਤਵ ਦਿੰਦੇ ਹਨ ਕਿ ਰਾਜਨੀਤੀ ਉਤੇ ਧਰਮ ਦਾ ਕੁੰਡਾ ਹੋਵੇ ਤਾਂ ਇਹ ਬਦੀਆਂ ਅਤੇ ਬੁਰਾਈਆਂ ਤੋਂ ਬਚ ਸਕਦੀ ਹੈ। ਹਿੰਦੂਤੱਵ ਦੀ ਰਾਜਨੀਤੀ ਕਰਨ ਵਾਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਆਪਣੇ ਲਈ ਮਾਈ-ਬਾਪ ਵਾਲਾ ਦਰਜਾ ਰੱਖਦੇ ਆਰ ਐਸ ਐਸ ਬਾਰੇ ਇਹੋ ਕਹਿੰਦੀ ਹੈ ਕਿ ਸਾਡੀ ਪਾਰਟੀ ਦੀ ਰਾਜਨੀਤੀ ਵਿਚ ਸਵੱਛਤਾ ਇਸ ਸੰਗਠਨ ਦੇ ਕਾਰਨ ਹੈ। ਹੁਣ ਜਦੋਂ ਭਾਜਪਾ ਵਿਚ ਬਹੁਤ ਸਾਰੇ ਲੋਕ ਭ੍ਰਿਸ਼ਟਾਚਾਰ ਦੀ ਕਾਲਖ ਨਾਲ ਚਿਹਰੇ ਲਿਬੇੜ ਚੁੱਕੇ ਹਨ, ਇਹ ਗੱਲ ਅਜੇ ਤੱਕ ਆਖੀ ਜਾਂਦੀ ਹੈ ਕਿ ਕੁਰਾਹੇ ਪੈਣ ਤੋਂ ਪਾਰਟੀ ਨੂੰ ਬਚਾਉਣ ਲਈ ਆਰ ਐਸ ਐਸ ਦਾ ਕੁੰਡਾ ਇਸ ਦੇ ਸਿਰ ਉਤੇ ਚਾਹੀਦਾ ਹੈ।

ਇੱਕ ਸਿੱਖ ਵਿਦਵਾਨ ਹੁਣ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਚੇਲਿਆਂ ਵਿਚ ਗਿਣਿਆ ਜਾਂਦਾ ਹੈ। ਵੀਹ ਕੁ ਸਾਲ ਪਹਿਲਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਬਹੁਤ ਨੇੜੇ ਸੀ। ਇੱਕ ਵਾਰ ਆਪਣੇ ਗੈਰ-ਸਰਕਾਰੀ ਸੰਗਠਨ ਵੱਲੋਂ ਉਸ ਨੇ ਇੱਕ ਪਰਚਾ ਛਾਪ ਕੇ ਇਹ ਸੋਚ ਪੇਸ਼ ਕੀਤੀ ਸੀ ਕਿ ਜਿਵੇਂ ਹਿੰਦੂ ਸਮਾਜ ਦੀ ਰਾਜਨੀਤੀ ਨੂੰ ਆਰ ਐਸ ਐਸ ਸੇਧ ਦਿੰਦਾ ਹੈ, ਸਿੱਖ ਸਮਾਜ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਉਸੇ ਤਰ੍ਹਾਂ ਦੀ ਜ਼ਿੰਮੇਵਾਰੀ ਚੁੱਕਣੀ ਤੇ ਨਿਭਾਉਣੀ ਚਾਹੀਦੀ ਹੈ। ਇਹ ਗੱਲ ਕਈ ਹੋਰ ਲੋਕਾਂ ਵੱਲੋਂ ਵੀ ਕਹੀ ਜਾ ਚੁੱਕੀ ਹੈ ਤੇ ਉਨ੍ਹਾਂ ਵਿਚ ਸਾਰੇ ਜਣੇ ਸਿਆਸੀ ਪੱਖੋਂ ਬੇਈਮਾਨ ਵੀ ਨਹੀਂ ਸਨ, ਪਰ ਇਸ ਸੋਚ ਨਾਲ ਸਿੱਟੇ ਕਿੰਨੇ ਕੁ ਚੰਗੇ



ਨਿਕਲਣ ਦੀ ਆਸ ਕੀਤੀ ਜਾ ਸਕਦੀ ਹੈ, ਇਹ ਹੁਣ ਆਰ ਐਸ ਐਸ ਤੇ ਭਾਜਪਾ ਦੇ ਰਿਸ਼ਤਿਆਂ ਨਾਲ ਜੁੜੇ ਹਾਲਾਤ ਤੋਂ ਜ਼ਾਹਰ ਹੋ ਗਿਆ ਹੈ। ਮੱਧ ਪ੍ਰਦੇਸ਼ ਦੇ ਸਭ ਤੋਂ ਵੱਧ ਚਰਚਿਤ ਵਿਆਪਮ ਘੋਟਾਲੇ ਦੀ ਲਾਗ ਹੁਣ ਆਰ ਐਸ ਐਸ ਦੇ ਬੰਦ ਦਰਵਾਜ਼ਿਆਂ ਅੰਦਰ ਵੀ ਜਾ ਪਹੁੰਚੀ ਸੁਣੀਂਦੀ ਹੈ।

ਕਿਹਾ ਜਾਂਦਾ ਹੈ ਕਿ ਧਰਮ ਲੋਕਾਂ ਨੂੰ ਸੰਜਮ ਤੇ ਸਬਰ ਨਾਲ ਰਹਿਣਾ ਸਿੱਖਾਉਂਦਾ ਹੈ ਤੇ ਆਰ ਐਸ ਐਸ ਨਾਲ ਜੁੜੇ ਪੱਕੇ ਪ੍ਰਚਾਰਕ ਤੇ ਕੁੱਲ-ਵਕਤੀ ਸੋਇਮ ਸੇਵਕ ਆਪਣੇ ਲਈ ਕਿਸੇ ਅਹੁਦੇ ਦੀ ਇੱਛਾ ਨਹੀਂ ਰੱਖਦੇ। ਬਹੁਤ ਸਾਰੇ ਲੋਕਾਂ ਨੂੰ ਸ਼ਾਇਦ ਯਾਦ ਨਾ ਹੋਵੇ ਕਿ ਪ੍ਰਧਾਨ ਮੰਤਰੀ ਹੁੰਦੇ ਹੋਏ ਅਟਲ ਬਿਹਾਰੀ ਵਾਜਪਾਈ ਜਦੋਂ ਸਾਲ 2001 ਵਿਚ ਅਮਰੀਕਾ ਗਏ ਤਾਂ ਓਥੇ ਉਨ੍ਹਾਂ ਨੇ ਇਹ ਕਿਹਾ ਸੀ ਕਿ ਮੈਂ ਵੀ ਸੋਇਮ ਸੇਵਕ ਹਾਂ। ਬਾਅਦ ਵਿਚ ਰੌਲਾ ਪੈ ਜਾਣ ਉਤੇ ਉਨ੍ਹਾਂ ਇਹ ਸਫਾਈ ਦਿੱਤੀ ਸੀ ਕਿ ਸੋਇਮ ਸੇਵਕ ਦਾ ਮਤਲਬ ਨਿਰ-ਸੁਆਰਥ ਸੇਵਾ ਕਰਨ ਵਾਲਾ ਵਾਲੰਟੀਅਰ ਹੁੰਦਾ ਹੈ ਤੇ ਮੈਂ ਭਾਰਤ ਮਾਂ ਦਾ ਸੋਇਮ ਸੇਵਕ ਹਾਂ। ਇਹ ਗੱਲ ਅਮਰੀਕਾ ਵਿਚ ਉਨ੍ਹਾ ਆਰ ਐਸ ਐਸ ਵੱਲੋਂ ਕਰਵਾਏ ਗਏ ਇੱਕ ਸਮਾਗਮ ਵਿਚ ਕਹੀ ਸੀ ਤੇ ਜਿਸ ਬੰਦੇ ਦੀ ਪਹਿਲ ਉਤੇ ਇਹ ਸਮਾਗਮ ਕਰਾਇਆ ਗਿਆ ਸੀ, ਬਾਅਦ ਵਿਚ ਉਸ ਨੂੰ ਵਾਜਪਾਈ ਨੇ ਦਿੱਲੀ ਮੁੜ ਕੇ ਕੋਈ ਸਰਕਾਰੀ ਫੈਸਲਾ ਕਰਨ ਤੋਂ ਬਿਨਾਂ ਹੀ ਭਾਰਤ ਦਾ 'ਅੰਬੈਸਡਰ ਐਟ ਲਾਰਜ' ਥਾਪ ਦਿੱਤਾ ਸੀ। ਇਸ ਅਹੁਦੇ ਦਾ ਮਤਲਬ ਹੁੰਦਾ ਹੈ ਕਿ ਉਹ ਭਾਰਤ ਦਾ ਉਕਾ-ਪੁੱਕਾ ਰਾਜਦੂਤ ਹੈ, ਜਿਸ ਦੀ ਕੋਈ ਪੱਕੀ ਡਿਊਟੀ ਨਹੀਂ, ਸਗੋਂ ਇੱਕ ਖਾਸ ਸੋਚ ਲਈ, ਖਾਸ ਕੰਮ ਕਰਨ ਵਾਸਤੇ ਨਿਯੁਕਤ ਕੀਤਾ ਗਿਆ ਹੈ।



ਨਰਿੰਦਰ ਮੋਦੀ

ਭਾਵੇਂ ਵਾਜਪਾਈ ਸਾਹਿਬ ਨੇ ਇਹ ਕਿਹਾ ਸੀ ਕਿ ਇਹ ਵਿਅਕਤੀ ਬਿਨਾਂ ਸੁਆਰਥ ਤੋਂ ਭਾਰਤ ਦੀ ਸੇਵਾ ਕਰਨ ਨੂੰ ਤਿਆਰ ਹੈ, ਪਰ ਕੁਝ ਚਿਰ ਪਿੱਛੋਂ ਉਸ ਨੇ ਆਪਣੇ ਲਈ ਦੂਤਘਰ ਅਤੇ ਅਮਰੀਕਾ ਸਰਕਾਰ ਵੱਲੋਂ ਡਿਪਲੋਮੈਟਿਕ ਦਰਜੇ ਦੀ ਕੋਸ਼ਿਸ਼ ਅਰੰਭ ਦਿੱਤੀ ਸੀ। ਇੱਕ ਦੇਸ਼ ਵਿਚ ਇੱਕੋ ਵਕਤ ਕਿਸੇ ਵੀ ਦੇਸ਼ ਦੇ ਦੋ ਰਾਜਦੂਤ ਨਹੀਂ ਹੋ ਸਕਦੇ। ਅਮਰੀਕੀ ਸਰਕਾਰ ਉਸ ਨੂੰ ਰਾਜਦੂਤ ਦਾ ਦਰਜਾ ਦੇਣ ਨੂੰ ਤਿਆਰ ਨਹੀਂ ਸੀ। ਇਸ ਦਾ ਹੱਲ ਕੱਢਣ ਲਈ ਉਸ ਨੂੰ ਯੂ ਐਨ ਓ ਵਿਚ ਵਿਸ਼ੇਸ਼ ਪ੍ਰਤੀਨਿਧ ਬਣਾ ਕੇ ਅਮਰੀਕਾ ਤੋਂ ਇਹ ਪ੍ਰਵਾਨਗੀ ਦਿਵਾਈ ਗਈ। ਇਸ ਦੇ ਬਾਅਦ ਨਿਊ ਯਾਰਕ ਵਿਚ ਭਾਰਤੀ ਦੂਤ ਨਾਲ ਨਿਭਾ ਹੋਣ ਦੀਆਂ ਵੀ ਕਈ ਮੁਸ਼ਕਲਾਂ ਆਈਆਂ ਸਨ। ਜਦੋਂ ਮਨਮੋਹਨ ਸਿੰਘ ਦੀ ਸਰਕਾਰ ਬਣੀ ਤਾਂ ਬਿਨਾਂ ਸੁਆਰਥ 'ਭਾਰਤ ਮਾਤਾ ਦੀ ਸੇਵਾ' ਕਰਨ ਵਾਲਾ ਇਹ 'ਅੰਬੈਸਡਰ ਐਟ ਲਾਰਜ' ਆਪਣੇ ਆਪ ਅਸਤੀਫਾ ਦੇ ਗਿਆ ਸੀ। ਏਦਾਂ ਦੇ ਕਈ ਕਿੱਸੇ ਹੋਰ ਦੱਸੇ ਜਾ ਸਕਦੇ ਹਨ।

ਪਿਛਲੇ ਸਾਲ ਜਦੋਂ ਨਰਿੰਦਰ ਮੋਦੀ ਸਰਕਾਰ ਆਈ ਤਾਂ ਬਹੁਤ ਸਾਰੇ ਲੋਕਾਂ ਨੇ ਇਸ ਭਾਸ਼ਣ ਉਤੇ ਭਰੋਸਾ ਕਰ ਲਿਆ ਸੀ ਕਿ ਮੋਦੀ ਸਾਹਿਬ ਕਹਿੰਦੇ ਹਨ ਕਿ 'ਮੈਂ ਨਾ ਖਾਊਂਗਾ ਤੇ ਨਾ ਖਾਣ ਦੇਊਂਗਾ।' ਇਹ ਵੀ ਕਿਹਾ ਗਿਆ ਸੀ ਕਿ ਪ੍ਰਧਾਨ ਮੰਤਰੀ ਦਫਤਰ ਵਿਚ ਉਨ੍ਹਾਂ ਨੇ ਚੁਣ-ਚੁਣ ਕੇ ਨਿਰਸੁਆਰਥ ਕੰਮ ਕਰਨ ਵਾਲੇ ਆਰ ਐਸ ਐਸ ਦੇ ਸੋਇਮ ਸੇਵਕ ਲਿਆ ਬਿਠਾਏ ਹਨ, ਜਿਹੜੇ ਨਾ ਖਾਣਗੇ ਤੇ ਨਾ ਕਿਸੇ ਨੂੰ ਖਾਣ ਦੇਣਗੇ। ਅਸੀਂ ਉਦੋਂ ਵੀ ਇਹ ਯਕੀਨ ਨਹੀਂ ਸੀ ਕੀਤਾ। ਕਾਰਨ ਇਹ ਸੀ ਕਿ ਜੇ ਮੋਦੀ ਸਾਹਿਬ ਏਡੇ ਭ੍ਰਿਸ਼ਟਾਚਾਰ ਦੇ ਵਿਰੋਧੀ ਤੇ ਉਨ੍ਹਾਂ ਦੇ ਸਾਥੀ ਨਿਰ-ਸੁਆਰਥ ਦੇਸ਼ ਸੇਵਾ ਦੀ ਭਾਵਨਾ ਵਾਲੇ ਹੁੰਦੇ ਤਾਂ ਗੁਜਰਾਤ ਦੇ ਹਾਲਾਤ ਹੋਰ ਤਰ੍ਹਾਂ ਦੇ ਹੋਣੇ ਸਨ। ਗੁਜਰਾਤ ਵਿਚ ਸ਼ਰਾਬ ਦੀ ਮਨਾਹੀ ਹੈ, ਇਸ ਦੇ ਬਾਵਜੂਦ ਉਥੇ ਇਹ ਆਸਾਨੀ ਨਾਲ ਮਿਲ ਸਕਦੀ ਹੈ। ਪਿਛਲੇ ਸਾਲ ਗੁਜਰਾਤ ਦੇ ਬਨਾਸਕਾਂਠਾ ਇਲਾਕੇ ਵਿਚ ਜੁਲਾਈ ਤੇ ਅਗਸਤ ਦੇ ਦੋ ਮਹੀਨਿਆਂ ਵਿਚ ਇੱਕ ਕਰੋੜ ਵੀਹ ਲੱਖ ਰੁਪਏ ਦੀ ਨਾਜਾਇਜ਼ ਸਰਾਬ ਸਮੇਤ ਸਤਾਰਾਂ ਗੱਡੀਆਂ ਦੇ ਫੜੀ ਗਈ ਸੀ ਅਤੇ ਖਾਸ ਗੱਲ ਇਹ ਕਿ ਬਨਾਸਕਾਂਠਾ ਲੋਕ ਸਭਾ ਹਲਕੇ ਤੋਂ ਚੁਣਿਆ ਗਿਆ ਭਾਜਪਾ ਆਗੂ ਹਰੀਭਾਈ ਪਾਰਥੀਭਾਈ ਚੌਧਰੀ ਇਸ ਵੇਲੇ ਭਾਰਤ ਦਾ ਗ੍ਰਹਿ ਰਾਜ ਮੰਤਰੀ ਹੈ। ਯਾਦਦਾਸ਼ਤ ਦੀ ਘਾਟ ਵਾਲੇ ਲੋਕਾਂ ਨੂੰ ਇਹ ਗੱਲ ਵੀ ਯਾਦ ਕਰਾਉਣ ਵਾਲੀ ਹੋ ਸਕਦੀ ਹੈ ਕਿ 2009 ਵਿਚ ਗੁਜਰਾਤ ਵਿਚ ਸ਼ਰਾਬ ਪੀ ਕੇ ਮਰਨ ਦੇ ਇੱਕ ਕਾਂਡ ਵਿਚ ਇੱਕ ਸੌ ਛੱਤੀ ਲੋਕਾਂ ਦੀ ਜਾਨ ਚਲੀ ਗਈ ਸੀ। ਉਸ ਦੇ ਬਾਅਦ ਨਰਿੰਦਰ ਮੋਦੀ ਸਰਕਾਰ ਨੇ ਫੜੋ-ਫੜੀ ਕਰਨੀ ਸ਼ੁਰੂ ਕੀਤੀ ਤੇ ਕਈ ਥਾਂ ਸ਼ਰਾਬ ਦੇ ਗੋਦਾਮ ਫੜ ਕੇ ਬੋਤਲਾਂ ਦੇ ਢੇਰਾਂ ਉਤੇ ਬੁਲਡੋਜ਼ਰ ਫੇਰ ਦਿੱਤੇ ਗਏ ਸਨ, ਪਰ ਉਨ੍ਹਾਂ ਗੋਦਾਮਾਂ ਦਾ ਸਬੰਧ ਭਾਜਪਾ ਦੇ ਵਿਧਾਇਕਾਂ ਨਾਲ ਜੁੜਦਾ ਸੁਣਿਆ ਗਿਆ ਸੀ।

ਅਸੀਂ ਇਹ ਚੇਤਾ ਨਹੀਂ ਕਰਵਾਉਣਾ ਚਾਹੁੰਦੇ ਕਿ ਵਾਜਪਾਈ ਸਰਕਾਰ ਦੇ ਸਮੇਂ ਜਿਹੜੇ ਬਾਈ ਸੌ ਪੈਟਰੋਲ ਪੰਪ ਤੇ ਗੈਸ ਏਜੰਸੀਆਂ ਨਾਜਾਇਜ਼ ਅਲਾਟ ਕੀਤੇ ਗਏ ਅਤੇ ਫਿਰ ਸੁਪਰੀਮ ਕੋਰਟ ਦੇ ਦਖਲ ਪਿੱਛੋਂ ਰੱਦ ਕਰਨੇ ਪਏ ਸਨ, ਉਨ੍ਹਾਂ ਵਿਚੋਂ ਵੱਡਾ ਗੱਫਾ ਆਰ ਐਸ ਐਸ ਨਾਲ ਜੁੜੇ ਲੋਕਾਂ ਲਈ ਕੱਢਿਆ ਗਿਆ ਸੀ। ਉਸ ਵੇਲੇ ਰਾਜ ਸਭਾ ਮੈਂਬਰ ਤੇ ਪੰਜਾਬ ਭਾਜਪਾ ਦੇ ਪ੍ਰਧਾਨ, ਜੋ ਆਰ ਐਸ ਐਸ ਨਾਲ ਬਚਪਨ ਵੇਲੇ ਦਾ ਜੁੜਿਆ ਹੋਇਆ ਸੀ, ਨੇ ਇਹ ਵੀ ਕਹਿ ਦਿੱਤਾ ਸੀ ਕਿ ਹੁਣ ਸਾਡੇ ਵਾਜਪਾਈ ਸਾਹਿਬ ਦੀ ਸਰਕਾਰ ਹੈ, ਸਾਰੀ ਉਮਰ ਸੰਗਠਨ ਦੀ ਸੇਵਾ ਕਰਨ ਵਾਲਿਆਂ ਨੂੰ ਜੇ ਹੁਣ ਵੀ ਇਹ ਚੀਜ਼ਾਂ ਨਹੀਂ ਮਿਲ ਸਕਦੀਆਂ ਤਾਂ ਫਿਰ ਕਦੋਂ ਮਿਲਣਗੀਆਂ?

ਇਸ ਵਕਤ ਸਭ ਤੋਂ ਵੱਧ ਚਰਚਾ ਮੱਧ ਪ੍ਰਦੇਸ਼ ਦੇ ਵਿਆਪਮ ਘੋਟਾਲੇ ਦੀ ਹੋ ਰਹੀ ਹੈ। ਗੁਜਰਾਤ ਦੇ ਨਾਲ ਹੀ ਮੱਧ ਪ੍ਰਦੇਸ਼ ਨੂੰ ਵੀ ਹਿੰਦੂਤੱਵ ਦੀ ਲੈਬਾਰਟਰੀ ਸਮਝਿਆ ਜਾਂਦਾ ਸੀ, ਤੇ ਹੁਣ ਤੱਕ ਸਮਝਿਆ ਜਾਂਦਾ ਹੈ। ਜਿਹੜੇ ਸੂਰਜ ਨਮਸਕਾਰ ਵਰਗੇ ਪ੍ਰੋਗਰਾਮ ਨਰਿੰਦਰ ਮੋਦੀ ਸਰਕਾਰ ਦੀ ਮੰਤਰੀ ਸਿਮਰਤੀ ਇਰਾਨੀ ਸਾਰੇ ਦੇਸ਼ ਦੇ ਲੋਕਾਂ ਉਤੇ ਹੁਣ ਥੋਪ ਦੇਣਾ ਚਾਹੁੰਦੀ ਹੈ, ਇਹ ਪਹਿਲਾਂ ਮੱਧ ਪ੍ਰਦੇਸ਼ ਵਿਚ ਭਾਜਪਾ ਦੇ ਸ਼ਿਵਰਾਜ ਸਿੰਘ ਚੌਹਾਨ ਦੀ ਸਰਕਾਰ ਨੇ ਅਰੰਭ ਕੀਤੇ ਸਨ। ਹਰ ਕੇਸ ਵਿਚ ਧਰਮ ਤੇ ਸੰਗਠਨ ਨੂੰ ਅੱਗੇ ਰੱਖਣ ਵਾਲੇ ਸ਼ਿਵਰਾਜ ਸਿੰਘ ਚੌਹਾਨ ਦੀ ਸਰਕਾਰ ਦੇ ਅਧੀਨ ਜਿਹੜਾ ਨੌਕਰੀਆਂ ਅਤੇ ਦਾਖਲਿਆਂ ਦਾ ਵੱਡਾ ਘਪਲਾ 'ਵਿਆਪਮ' ਸਾਹਮਣੇ ਆਇਆ ਹੈ, ਉਸ ਵਿਚ ਵੀ ਉਹੋ ਬੰਦੇ ਵੱਧ ਹਨ, ਜਿਨ੍ਹਾਂ ਨੂੰ ਉਸ ਨੇ ਸੋਇਮ ਸੇਵਕ ਹੋਣ ਕਾਰਨ ਅੱਗੇ ਲਾ ਰੱਖਿਆ ਸੀ। ਸੁਧੀਰ ਸ਼ਰਮਾ ਨਾਂ ਦੇ ਬੰਦੇ ਦੀ ਇਸ ਵਿਚ ਸਭ ਤੋਂ ਵੱਧ ਚਰਚਾ ਹੋਈ ਹੈ, ਉਹ ਕਿਸੇ ਵੇਲੇ ਏਨਾ ਗਰੀਬ ਸੀ ਕਿ ਰਾਤ ਨੂੰ ਰੋਟੀ ਪੱਕਣ ਦੀ ਚਿੰਤਾ ਹੁੰਦੀ ਸੀ। ਆਰ ਐਸ ਐਸ ਨਾਲ ਜੁੜ ਕੇ ਉਹ ਭਾਜਪਾ ਵਿਧਾਇਕ ਲਕਸ਼ਮੀ ਕਾਂਤ ਸ਼ਰਮਾ ਦੇ ਨੇੜੇ ਲੱਗਾ ਅਤੇ ਫਿਰ ਵਿਆਪਮ ਦੇ ਮਾਮਲੇ ਦੀ ਵਿਚਕਾਰਲੀ ਕੁੰਡੀ ਬਣਦਾ ਗਿਆ।

ਲਕਸ਼ਮੀ ਕਾਂਤ ਸ਼ਰਮਾ ਅਗਲੇ ਮੋੜ ਉਤੇ ਮੰਤਰੀ ਬਣ ਗਿਆ ਤਾਂ ਸੁਧੀਰ ਸ਼ਰਮਾ ਉਸ ਦੇ ਦਫਤਰ ਵਿਚ ਨਿੱਜੀ ਸਹਾਇਕ ਜਾ ਬਣਿਆ ਤੇ ਫਿਰ ਉਹ ਮੰਤਰੀ ਵੀ ਬਣ ਗਿਆ। ਇਸ ਪਿੱਛੋਂ ਸੁਧੀਰ ਸ਼ਰਮਾ ਨੋਟ ਛਾਪਣ ਦੀ ਇਹੋ ਜਿਹੀ ਮਿੱਲ ਬਣ ਗਿਆ ਕਿ ਹੁਣ ਹੋਈ ਪੜਤਾਲ ਵਿਚ ਉਸ ਦੀ ਜਾਇਦਾਦ ਕਰੋੜਾਂ ਰੁਪਏ ਦੀ ਲੱਭੀ ਹੈ। ਸਿਰਫ ਜਾਇਦਾਦ ਹੀ ਨਹੀਂ ਮਿਲੀ, ਛਾਪੇ ਪੈਣ ਮਗਰੋਂ ਉਸ ਦੀਆਂ ਡਾਇਰੀਆਂ ਵੀ ਫੜੀਆਂ ਗਈਆਂ ਹਨ, ਜਿਨ੍ਹਾਂ ਤੋਂ ਪਤਾ ਲੱਗਾ ਹੈ ਕਿ ਜਿਹੜੀ ਕਮਾਈ ਉਹ ਅਤੇ ਲਕਸ਼ਮੀ ਕਾਂਤ ਸ਼ਰਮਾ ਕਰਦੇ ਸਨ, ਉਸ ਦਾ ਦਸਵੰਧ ਆਰ ਐਸ ਐਸ ਹਾਈ ਕਮਾਨ ਨਾਲ ਜੁੜੇ ਕੁਝ ਲੋਕਾਂ ਤੱਕ ਵੀ ਜਾਂਦਾ ਸੀ। ਇੱਕ ਕੇਂਦਰੀ ਮੰਤਰੀ ਸਮੇਤ ਭਾਜਪਾ ਅਤੇ ਆਰ ਐਸ ਐਸ ਦੇ ਕਈ ਵੱਡੇ ਲੀਡਰਾਂ ਲਈ ਹਵਾਈ ਟਿਕਟਾਂ ਅਤੇ ਹੋਰ ਸਭ ਤਰ੍ਹਾਂ ਦੇ ਖਰਚੇ ਭਰਨ ਦਾ ਕੰਮ ਵੀ ਸੁਧੀਰ ਸ਼ਰਮਾ ਕਰਦਾ ਸੀ। ਉਸ ਦੇ ਖਿਲਾਫ ਕੇਸ ਵੀ ਦਰਜ ਹੁੰਦੇ ਰਹੇ, ਪਰ ਧੁਰ ਉਪਰ ਤੱਕ ਪਹੁੰਚ ਹੋਣ ਕਾਰਨ ਕਦੇ ਉਸ ਨੂੰ ਫੜਿਆ ਨਹੀਂ ਸੀ ਜਾਂਦਾ।





ਬਹੁਤ ਸਾਰੇ ਲੋਕ ਇਹ ਸੋਚਦੇ ਹਨ ਕਿ ਮੱਧ ਪ੍ਰਦੇਸ਼ ਦੇ ਵਿਆਪਮ ਘੋਟਾਲੇ ਦੀ ਜਾਂਚ ਸੀ ਬੀ ਆਈ ਵੱਲੋਂ ਕੀਤੇ ਜਾਣ ਦਾ ਵਿਰੋਧ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਇਸ ਲਈ ਕਰਦਾ ਸੀ ਕਿ ਉਹ ਖੁਦ ਤੇ ਉਸ ਨਾਲ ਜੁੜੀ ਜੁੰਡੀ ਦੇ ਬਚਣ ਦਾ ਰਾਹ ਨਹੀਂ ਰਹਿਣਾ। ਹੁਣ ਇੱਕ ਗੱਲ ਇਹ ਸੁਣਨ ਵਿਚ ਆਈ ਹੈ ਕਿ ਵਿਰੋਧ ਕਰਨ ਦਾ ਅਸਲ ਕਾਰਨ ਇਹ ਸੀ ਕਿ ਇਸ ਨਾਲ ਸਿਰਫ ਸਰਕਾਰ ਹੀ ਬੇਪਰਦ ਨਹੀਂ ਹੋਣੀ, ਸਰਕਾਰ ਚਲਾ ਰਹੀ ਭਾਜਪਾ ਦੇ ਨਾਲ ਧਰਮ ਦੀ ਧਾਰਨਾ ਦੇ ਉਹ ਝੰਡਾ ਬਰਦਾਰ ਵੀ ਲੋਕਾਂ ਸਾਹਮਣੇ ਬੇਪਰਦ ਹੋ ਜਾਣਗੇ, ਜਿਹੜੇ ਲੋਕਾਂ ਨੂੰ ਸਬਕ ਪੜ੍ਹਾਉਂਦੇ ਹਨ ਕਿ ਰਾਜਨੀਤੀ ਉਤੇ ਧਰਮ ਦਾ ਕੁੰਡਾ ਰਹੇ ਤਾਂ ਬੇਲਗਾਮ ਨਹੀਂ ਹੁੰਦੀ।

ਸਦੀਆਂ ਤੋਂ ਧਰਮ ਨੂੰ ਰਾਜਿਆਂ ਨੇ ਆਪਣੇ ਪਾਪਾਂ ਉਤੇ ਪਰਦਾ ਪਾਉਣ ਤੇ ਲੋਕਾਂ ਦਾ ਗੁੱਸਾ ਠੰਡਾ ਕਰਨ ਲਈ ਇਹ ਸਮਝਾਉਣ ਵਾਸਤੇ ਵਰਤਿਆ ਹੈ ਕਿ ਕਿਸੇ ਦਾ ਕੋਈ ਕਸੂਰ ਨਹੀਂ ਹੁੰਦਾ, ਜੋ ਕੁਝ ਹੁੰਦਾ ਹੈ, ਦੁਨੀਆਂ ਤੋਂ ਦੂਰ ਬੈਠੇ ਈਸ਼ਵਰ ਦੇ ਹੁਕਮ ਨਾਲ ਹੁੰਦਾ ਹੈ। ਭਾਰਤ ਵਿਚ ਅੱਜ ਵੀ ਰਾਜਾਂ ਤੋਂ ਲੈ ਕੇ ਕੇਂਦਰ ਸਰਕਾਰ ਤੱਕ ਸਭ ਨੂੰ ਧਰਮ ਦੀ ਓਟ ਚਾਹੀਦੀ ਹੈ, ਇਸ ਵਾਸਤੇ ਨਹੀਂ ਕਿ ਪਾਪਾਂ ਤੋਂ ਬਚੇ ਰਹਿਣ ਲਈ ਕੁੰਡਾ ਰੱਖਣਾ ਹੈ, ਸਗੋਂ ਲੋਕਾਂ ਨੂੰ ਇਹ ਦੱਸਣ ਲਈ ਕਿ ਇਨ੍ਹਾਂ ਲੋਕਾਂ ਦਾ ਦੋਸ਼ ਨਹੀਂ, ਜੋ ਕੁਝ ਹੁੰਦਾ ਹੈ, ਉਹ ਬੰਦੇ ਤੋਂ ਰੱਬ ਕਰਵਾਉਂਦਾ ਹੈ। ਕੁਝ ਕੇਸਾਂ ਦੇ ਅਦਾਲਤੀ ਹੁਕਮਾਂ ਨਾਲ ਭਾਰਤ ਵਿਚ ਘਾਲੇ-ਮਾਲੇ ਨਹੀਂ ਰੁਕ ਜਾਣੇ, ਇਹ ਤਾਂ ਉਦੋਂ ਰੁਕਣਗੇ, ਜਦੋਂ ਲੋਕ ਸਮਝ ਜਾਣਗੇ ਕਿ ਰੱਬ ਦੇ ਨਾਂ ਉਤੇ ਧੋਖਾ ਕਿੱਡਾ ਹੋ ਰਿਹਾ ਹੈ।

**Flat Rate Funding Group**

Are you tired of waiting to get paid on your outstanding freight invoices?
Get your $$$ now!
At Flat Rate Funding Group, we offer the lowest fixed factoring rate in the transportation industry-
***1.5%!***
Call Goldy Dhillon 734-444-9625
sales@flatratefunding.com

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ



ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625

# ਸਫਲ ਰਿਹਾ ਪੀ ਸੀ ਏ ਦਾ ਸੱਤਵਾਂ ਗਿੱਧਾ-ਭੰਗੜਾ ਮੁਕਾਬਲਾ

**ਯੂਨੀਅਨ ਸਿਟੀ (ਬਿਊਰੋ):** ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ ਸੀ ਏ) ਵਲੋਂ ਇਥੇ ਲੋਗਨ ਹਾਈ ਸਕੂਲ ਵਿਚ ਕਰਵਾਏ ਗਏ ਸੱਤਵੇਂ ਸਾਲਾਨਾ ਗਿੱਧੇ-ਭੰਗੜੇ ਮੁਕਾਬਲੇ ਵਿਚ ਬੱਚਿਆਂ ਨੇ ਆਪਣੀ ਕਲਾ ਦੇ ਜੌਹਰ ਵਿਖਾਏ। ਛੋਟੀਆਂ ਛੋਟੀਆਂ ਬੱਚੀਆਂ ਤੋਂ ਲੈ ਕੇ ਮੁਟਿਆਰਾਂ ਤੇ ਗੱਭਰੂਆਂ ਨੇ ਨੱਚ ਨੱਚ ਸਟੇਜ ਪੱਟਣੀ ਲਾਈ ਰੱਖੀ। ਬੱਚਿਆਂ ਵਿਚ ਇਨ੍ਹਾਂ ਮੁਕਾਬਲਿਆਂ ਨੂੰ ਲੈ ਕੇ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਸਮਾਗਮ ਸ਼ਾਮੀਂ ਛੇ ਵਜੇ ਤੋਂ ਰਾਤ ਬਾਰਾਂ ਵਜੇ ਤੱਕ ਚੱਲਦਾ ਰਿਹਾ। ਦਰਸ਼ਕਾਂ ਨਾਲ ਖਚਾਖਚ ਭਰੇ ਹਾਲ ਅੰਦਰ ਉਘੀ ਮੰਚ ਸੰਚਾਲਕਾ ਆਸ਼ਾ ਸ਼ਰਮਾ ਨੇ ਸਭਨਾਂ ਨੂੰ ਜੀ ਆਇਆਂ ਕਹਿੰਦਿਆਂ ਆਪਣੇ ਸ਼ਾਇਰਾਨਾ ਅੰਦਾਜ਼ ਨਾਲ ਸਟੇਜ ਸੰਭਾਲੀ। ਗਿੱਧੇ-ਭੰਗੜੇ ਦੇ ਮੁਕਾਬਲੇ ਵਿਚ ਹਿੱਸਾ ਲੈਣ ਲਈ ਕੈਨੇਡਾ-ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਤੋਂ ਸਤਾਰਾਂ ਟੀਮਾਂ ਪਹੁੰਚੀਆਂ। ਮੁਟਿਆਰਾਂ ਨੇ ਗਿੱਧੇ ਵਿਚ ਐਸੀ ਧਮਾਲ ਪਾਈ ਕਿ ਜਿਵੇਂ ਪੂਰੇ ਬੇ ਏਰੀਏ ਨੂੰ ਹੀ ਪੰਜਾਬੀਅਤ ਦੇ ਰੰਗ ਵਿਚ ਰੰਗ ਲਿਆ ਹੋਵੇ। ਲਾਈਵ ਪੈਂਦੀਆਂ ਬੋਲੀਆਂ ਨਾਲ ਪੂਰਾ ਹਾਲ ਗੂੰਜ ਰਿਹਾ ਸੀ।

ਉਧਰ ਚੋਬਰ ਵੀ ਰੰਗ-ਬਰੰਗੇ ਕੁੜਤੇ ਚਾਦਰੇ ਪਹਿਨੀ ਸਟੇਜ 'ਤੇ ਲੁਡੀਆਂ ਪਾ ਰਹੇ ਸਨ। ਇਕ ਤੋਂ ਚੜ੍ਹਤ ਇਕ ਟੀਮ ਦੀ ਪੇਸ਼ਕਾਰੀ ਦੇਖ ਕੇ ਜੱਜਾਂ ਲਈ ਫੈਸਲਾ ਕਰਨਾ ਔਖਾ ਹੋ ਗਿਆ ਪਰ ਉਨ੍ਹਾਂ ਬਿਨਾਂ ਕਿਸੇ ਪੱਖਪਾਤ ਤੋਂ ਜੇਤੂ ਟੀਮਾਂ ਚੁਣੀਆਂ।

ਇਨ੍ਹਾਂ ਮੁਕਾਬਲਿਆਂ ਦੌਰਾਨ ਜੇਤੂ ਟੀਮਾਂ ਕ੍ਰਮਵਾਰ ਇਸ ਪ੍ਰਕਾਰ ਰਹੀਆਂ: ਕੈਟਾਗਿਰੀ ਇੱਕ ਦਾ ਪਹਿਲਾ ਇਨਾਮ 'ਨੱਚਦੇ ਪੰਜਾਬੀ (ਕੈਨੇਡਾ)', ਦੂਸਰਾ ਇਨਾਮ 'ਵਿਰਸੇ ਦੇ ਸ਼ੌਕੀਨ' ਅਤੇ ਤੀਜਾ ਇਨਾਮ 'ਫੋਕ ਗਰਲਜ਼' ਨੂੰ ਦਿੱਤਾ ਗਿਆ। ਕੈਟਾਗਰੀ ਦੋ ਦੀਆਂ ਜੇਤੂ ਟੀਮਾਂ ਵਿਚ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਉਤੇ 'ਸ਼ਾਨੇ ਪੰਜਾਬ ਲਿਟਲ ਸਟਾਰ (ਕੈਨੇਡਾ)', 'ਜ਼ੋਰ ਜਵਾਨੀ ਦਾ' ਅਤੇ 'ਸੋਲਾਨੋ ਭੰਗੜਾ (ਲੜਕੇ)' ਰਹੀਆਂ।

ਗਿੱਧੇ ਦੇ ਮੁਕਾਬਲਿਆਂ ਵਿਚ ਪਹਿਲਾ ਇਨਾਮ 'ਮਜਾਜਣਾਂ' ਨੂੰ ਦਿਤਾ ਗਿਆ ਜਦਕਿ 'ਯੂ ਸੀ ਡੇਵਿਸ' ਤੇ 'ਬੇ-ਏਰੀਆ ਧਮਕ' ਬਰਾਬਰ ਰਹਿਣ ਕਾਰਨ ਦੂਜਾ ਇਨਾਮ ਦੋਵਾਂ ਟੀਮਾਂ ਨੂੰ ਦਿਤਾ ਗਿਆ। ਤੀਜੇ ਸਥਾਨ 'ਤੇ 'ਰੌਣਕ ਵਿਹੜੇ ਦੀ (ਕੈਨੇਡਾ)' ਟੀਮ ਰਹੀ। ਸਮਾਗਮ ਦੌਰਾਨ ਪੀਸੀਏ ਬੇ ਏਰੀਏ ਦੇ ਮੈਂਬਰਾਂ ਨੂੰ ਪੀ ਸੀ ਏ ਫਰਿਜ਼ਨੋ ਦੇ ਮੈਂਬਰਾਂ ਨੇ ਪੂਰਾ ਸਹਿਯੋਗ ਦਿੱਤਾ। ਪ੍ਰਬੰਧਕਾਂ ਵੱਲੋਂ ਪੁਖਤਾ ਪ੍ਰਬੰਧ ਕੀਤੇ ਗਏ ਸਨ।

ਸਮਾਗਮ ਨੂੰ ਸਫਲਤਾ ਪੂਰਵਕ ਸਿਰੇ ਚਾੜ੍ਹਨ ਦਾ ਸਿਹਰਾ ਪੀ ਸੀ ਏ ਮੈਂਬਰਾਂ-ਪਰਮਜੀਤ ਸਿੱਧੂ, ਯਾਦੀ ਸਰਾਂ, ਸਤਵਿੰਦਰ ਸਰਾਂ, ਮੈਨੀ ਭੰਡਾਲ, ਸੀਰਾ ਨਾਹਲ, ਸਿਮਰ ਮਾਨ, ਬੱਲੀ ਮਾਂਗਟ, ਪਾਲੀ ਹਰੀਕਾ, ਅਜੀਤਪਾਲ ਬੁਟਰ, ਭੁਪਿੰਦਰ ਸਿੰਘ, ਉਮਰਜੀਤ ਸੰਧੂ, ਦਵਿੰਦਰ ਸਰਾਂ, ਕੋਨੀ ਸੰਘਾ, ਪ੍ਰੀਤੀ ਕੰਗ, ਸਿਮਰਨ ਘੁੰਮਣ ਅਤੇ ਸਪਾਂਸਰ ਨੂੰ ਜਾਂਦਾ ਹੈ। ਸੰਸਥਾ ਦੇ ਮੈਂਬਰਾਂ ਨੇ ਇਸ ਸੰਸਥਾ ਦੇ ਸਿਰ-ਕੱਢ ਮੈਂਬਰ ਮਿੱਕੀ ਸਰਾਂ ਵੱਲੋਂ ਨਿਭਾਈ ਭਾਈਚਾਰਕ ਸੇਵਾ ਲਈ ਉਸ ਦੀ ਪ੍ਰਸ਼ੰਸਾ ਕੀਤੀ। ਸਮਾਗਮ ਦੇ ਗਰੈਂਡ ਸਪਾਂਸਰ ਅਤੇ ਟੀਵੈਂਟ ਸਪਾਂਸਰ ਪੀ ਸੀ ਏ ਫਰਿਜ਼ਨੋ, ਰਿੱਕੀ ਰੱਤੜਾ ਅਤੇ ਹੈਲਥੀ ਪਿੱਟ ਬਣੇ।

**ਹੇਵਰਡ (ਬਿਊਰੋ):** ਇਸੇ ਦੌਰਾਨ ਮੁਕਾਬਲੇ ਵਿਚ ਹਿੱਸਾ ਲੈਣ ਆਏ ਬੱਚਿਆਂ ਦੇ ਮਨੋਰੰਜਨ ਲਈ ਇੱਕ ਪ੍ਰੀ-ਮੀਟ ਸਮਾਗਮ ਰਾਜਾ ਸਵੀਟਸ ਵਿਚ ਕਰਵਾਇਆ ਗਿਆ ਜਿਥੇ







ਬੱਚਿਆਂ ਨੇ ਗਿੱਧੇ-ਭੰਗੜੇ ਦੇ ਜੌਹਰ ਵਿਖਾਏ। ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਮਿੱਕੀ ਸਰਾਂ ਨੇ ਕੀਤਾ ਪਰ ਮਹਿਮਾਨ ਵਜੋਂ ਪੁੱਜੀ ਉਘੀ ਮੰਚ ਸੰਚਾਲਕਾ ਆਸ਼ਾ ਸ਼ਰਮਾ ਨੇ ਵੀ ਸ਼ੇਅਰੋ-ਸ਼ਾਇਰੀ ਦੇ ਰੰਗ ਨਾਲ ਮੰਚ ਸੰਚਾਲਨ ਕਰਦਿਆਂ ਪ੍ਰੋਗਰਾਮ ਨੂੰ ਖੂਬਸੂਰਤੀ ਦਿੱਤੀ। ਆਸ਼ਾ ਸ਼ਰਮਾ ਨੇ ਜੇਤੂ ਟੀਮਾਂ ਨੂੰ ਇਨਾਮ



ਵੰਡੇ। ਜ਼ਿਕਰਯੋਗ ਹੈ ਕਿ ਪੀ ਸੀ ਏ ਵਲੋਂ ਇਥੇ ਜੰਮੇ-ਪਲੇ ਬੱਚਿਆਂ ਨੂੰ ਪੱਛਮ ਦੀ ਚਕਾਚੌਂਧ ਵਾਲੀ ਜ਼ਿੰਦਗੀ ਪ੍ਰਤੀ ਸੁਚੇਤ ਕਰਨ ਅਤੇ ਉਨ੍ਹਾਂ ਨੂੰ ਆਪਣੇ ਵਿਰਸੇ, ਸੱਭਿਆਚਾਰ ਅਤੇ ਧਰਮ ਨਾਲ ਜੋੜਨ ਲਈ ਬੇ ਏਰੀਆ ਦੇ ਨਾਲ ਨਾਲ ਫਰਿਜ਼ਨੋ ਵਿਚ ਸਭਿਅਚਾਰਕ ਮੇਲੇ ਅਤੇ ਧਾਰਮਿਕ ਪ੍ਰੋਗਰਾਮ ਕਰਵਾਏ ਜਾਂਦੇ ਹਨ ਜਿਨ੍ਹਾਂ ਨੂੰ ਭਾਈਚਾਰੇ ਤੋਂ ਭਰਵਾਂ ਹੁੰਗਾਰਾ ਵੀ ਮਿਲਦਾ ਹੈ।

*(ਹੋਰ ਤਸਵੀਰਾਂ ਸਫਾ 18 ਉਤੇ ਦੇਖੋ)*

## ਕੈਲੀਫੋਰਨੀਆ ਵਿਚ ਵੀ ਹੋਇਆ ਬਾਦਲ-ਦਲੀਆਂ ਦਾ ਵਿਰੋਧ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਪਰਵਾਸੀ ਪੰਜਾਬੀਆਂ ਨਾਲ ਸਾਂਝ ਵਧਾਉਣ ਦੇ ਨਾਂ ਹੇਠ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਚਾਰ ਮਿਸ਼ਨ ਦੀ ਪੂਰਤੀ ਲਈ ਉਤਰੀ ਅਮਰੀਕਾ ਪਹੁੰਚੇ ਹੋਏ ਦਲ ਦੇ ਮੰਤਰੀਆਂ ਅਤੇ ਦੂਸਰੇ ਆਗੂਆਂ ਨਾਲ ਥਾਂ ਥਾਂ ਟਕਰਾਓ ਦੀ ਸਥਿਤੀ ਬਣ ਰਹੀ ਹੈ। ਬੀਤੇ ਦਿਨੀਂ ਕੈਨੇਡਾ-ਅਮਰੀਕਾ ਦੇ ਕਈ ਸ਼ਹਿਰਾਂ ਵਿਚ ਪੰਜਾਬ ਦੇ ਕਈ ਮੰਤਰੀਆਂ ਖਿਲਾਫ ਹੋਏ ਜ਼ਬਰਦਸਤ ਵਿਰੋਧ ਦੀ ਲੜੀ ਅੱਗੇ ਤੋਂ ਅੱਗੇ ਤੁਰਦੀ ਜਾ ਰਹੀ ਹੈ।

ਲੰਘੀ 20 ਜੁਲਾਈ ਨੂੰ ਬਾਅਦ ਦੁਪਹਿਰ ਸੈਕਰਾਮੈਂਟੋ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਤ ਵਿਧਾਇਕ ਅਤੇ ਐਸ ਜੀ ਪੀ ਸੀ ਮੈਂਬਰ ਸੁਰਿੰਦਰ ਸਿੰਘ ਭੁਲੇਵਾਲ ਰਾਠਾਂ ਦਾ ਸਨਮਾਨ ਸਮਾਗਮ ਰੱਖਿਆ ਗਿਆ ਸੀ। ਪ੍ਰਬੰਧਕਾਂ ਵਲੋਂ ਇਸ ਸਮਾਗਮ ਦੀ ਕਾਫੀ ਇਸ਼ਤਿਹਾਰਬਾਜ਼ੀ ਵੀ ਕੀਤੀ ਗਈ ਪਰ ਸਮਾਗਮ ਵਾਲੇ ਸਥਾਨ 'ਤੇ ਸ਼ੁਰੂਆਤ ਤੋਂ ਪਹਿਲਾਂ ਹੀ ਕਈ ਦਰਜਨ ਮੁਜ਼ਾਹਰਾਕਾਰੀ ਹੱਥਾਂ ਵਿਚ ਤਖਤੀਆਂ ਲੈ ਕੇ ਪਹੁੰਚ ਗਏ।

ਅਕਾਲੀ ਦਲ (ਅੰਮ੍ਰਿਤਸਰ), ਸਿੱਖ ਯੂਥ ਆਫ ਅਮੈਰਿਕਾ, ਸਿੱਖਸ ਫਾਰ ਜਸਟਿਸ ਅਤੇ ਕੁਝ ਸਥਾਨਕ ਜਥੇਬੰਦੀਆਂ ਦੇ ਮੈਂਬਰਾਂ ਵਲੋਂ ਪੰਜਾਬ ਵਿਚ ਨਸ਼ਾਖੋਰੀ, ਬਦਅਮਨੀ ਅਤੇ ਬਾਦਲ ਪਰਿਵਾਰ ਦੀ ਅਜਾਰੇਦਾਰੀ ਵਿਰੁਧ ਨਾਹਰੇਬਾਜ਼ੀ ਕੀਤੀ ਗਈ ਪ੍ਰੰਤੂ ਸੂਤਰਾਂ ਅਨੁਸਾਰ ਉਸ ਸਥਾਨ 'ਤੇ ਨਾ ਹੀ ਸੁਰਿੰਦਰ ਸਿੰਘ ਭੁਲੇਵਾਲ ਰਾਠਾਂ ਦਿਖਾਈ ਦਿੱਤੇ ਅਤੇ ਨਾ ਹੀ ਉਨ੍ਹਾਂ ਦਾ ਸਨਮਾਨ ਕਰਨ ਵਾਲੇ ਪ੍ਰਬੰਧਕ। ਮੁਜ਼ਹਾਰਕਾਰੀਆਂ ਵਿਚ ਸ਼ਾਮਲ ਸ. ਜੌਹਨ ਸਿੰਘ ਗਿੱਲ ਨੇ ਦੱਸਿਆ ਕਿ ਅਸੀਂ ਉਸ ਰੈਸਟੋਰੈਂਟ ਵਿਚ ਵੀ ਪਹੁੰਚੇ ਜਿਥੇ ਵਿਧਾਨਕਾਰ ਨੂੰ ਪ੍ਰੀਤੀ ਭੋਜਨ ਛਕਾਇਆ ਜਾਣਾ ਸੀ ਪਰ ਉਥੇ ਵੀ ਬਾਦਲਦਲੀਏ ਦਿਖਾਈ ਨਾ ਦਿੱਤੇ।


Entry Free

"ਆਜੋ ਕੁੜੀਓ ਨੀ ਤੁਹਾਨੂੰ ਗਿੱਧਾ ਵਾਜਾਂ ਮਾਰਦਾ"

Entry Free

P.C.S. Sacramento

ਵਲੋਂ ਪੇਸ਼ ਹੈ 15ਵੀਆਂ

ਤੀਆਂ

TEEYAN




On Sunday, the 16th AUGUST 2015 At 1.00 P. M.

AT S.E.S. Hall

10427 E. STOCKTON BLVD. ELK GROVE, CA 95624

Featuring : Songs, Gidha, Dances, Skits, D.J. and Much More

All LADIES AND GIRLS ARE INVITED

ORGANIZING COMMITTEE

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Simran Sandhu, Aman Kaur, Harinder Kaur, Laddi Thandi, Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala

For Participation\ & Stalls Please Call : Mandeep Pharwala @ 916-212-1826, Rashpal Parhar @ 730-7191, Baldev Kaur @ 996-2010, Email: palpharwala@yahoo.com I Website : www.sacpcs.com

ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।

ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

# ਡਾ. ਬੀ ਆਰ ਅੰਬੇਦਕਰ ਦੀ ਸੋਚ ਨੂੰ ਅਪਨਾਉਣ ਦਾ ਸੱਦਾ

**ਸੈਕਰਾਮੈਂਟੋ (ਬਿਊਰੋ):** ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨਲ ਸੁਸਾਇਟੀ ਵਲੋਂ ਮਨਾਏ ਗਏ ਡਾ. ਬੀ ਆਰ ਅੰਬੇਦਕਰ ਦੇ 124ਵੇਂ ਜਨਮ ਦਿਨ ਮੌਕੇ ਵੱਖ ਵੱਖ ਬੁਲਾਰਿਆਂ ਨੇ ਡਾ. ਅੰਬੇਦਕਰ ਦੀ ਸੋਚ ਨੂੰ ਅਪਨਾਉਣ ਦਾ ਯਤਨ ਕਰਨ, ਆਪਣੇ ਹੱਕਾਂ ਲਈ ਜੂਝਣ, ਬ੍ਰਾਹਮਣਵਾਦ ਦੇ ਸੋਸ਼ਣ ਤੋਂ ਬਚਣ, ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਆਜ਼ਾਦੀ ਦੀ ਪ੍ਰਾਪਤੀ



ਲਈ ਇਕਮੁੱਠ ਹੋ ਕੇ ਯਤਨ ਕਰਦੇ ਰਹਿਣ ਉਤੇ ਜ਼ੋਰ ਦਿੱਤਾ। ਬੁਲਾਰਿਆਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਪ੍ਰਤੀ ਆਪਣੇ ਅਟੁੱਟ ਵਿਸਵਾਸ਼ ਦਾ ਪ੍ਰਗਟਾਵਾ ਕਰਦਿਆਂ ਰਵਿਦਾਸ ਮਹਾਰਾਜ ਜੀ ਦੀ ਬਾਣੀ ਨੂੰ ਇਸ ਤੋਂ ਵੱਖਰਿਆਂ ਕਰਨ ਦੇ ਸੰਕਲਪ ਨੂੰ ਮੁੱਢੋਂ ਨਕਾਰਿਆ।

ਐਲਕ ਗਰੋਵ ਦੇ ਹਾਲੀਡੇ ਇਨ ਹੋਟਲ ਵਿਚ ਲੰਘੀ 19 ਜੁਲਾਈ ਨੂੰ ਕਰਵਾਏ ਗਏ ਸਮਾਗਮ ਦੇ ਮੁੱਖ ਮਹਿਮਾਨ ਪ੍ਰੋ. ਐਚ ਐਲ ਕਪੂਰ ਸਨ। ਪ੍ਰਧਾਨਗੀ ਮੰਡਲ ਵਿਚ ਮੁੱਖ ਮਹਿਮਾਨ ਤੋਂ ਇਲਾਵਾ ਭਜਨ ਸਿੰਘ ਭਿੰਡਰ, ਮੋਹਨ ਰਾਮਪਾਲ, ਜਸਵਿੰਦਰ ਬੰਗਾ ਅਤੇ ਡਾ. ਅਮਰੀਕ ਸਿੰਘ ਸ਼ਾਮਲ ਸਨ। ਸਟੇਜ ਸਕੱਤਰ ਜਸਵੰਤ ਜੱਸੀ ਸ਼ੀਮਾਰ ਨੇ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਭ ਨੂੰ ਡਾ. ਅੰਬੇਦਕਰ ਦੀ ਤਸਵੀਰ ਅੱਗੇ ਫੁੱਲ ਭੇਟ ਕਰਕੇ ਆਪਣੀ ਸ਼ਰਧਾ ਤੇ ਵਿਸਵਾਸ਼ ਦਾ ਪ੍ਰਗਟਾਵਾ ਕਰਨ ਲਈ ਆਖਿਆ।

ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰੋ. ਐਚ ਐਲ ਕਪੂਰ ਨੇ ਡਾ. ਅੰਬੇਦਕਰ ਦੀ ਜੀਵਨੀ ਅਤੇ ਉਨ੍ਹਾਂ ਵਲੋਂ ਗਰੀਬਾਂ ਤੇ ਦਲਿਤ ਸਮਾਜ ਲਈ ਭਾਰਤ ਦੇ ਸੰਵਿਧਾਨ ਵਿਚ ਦਿਵਾਏ ਹੱਕਾਂ ਅਤੇ ਦਲਿਤਾਂ ਵਲੋਂ ਗੁਰੂ ਗੋਬਿੰਦ ਸਿੰਘ ਦੀ ਫੌਜ ਵਿਚ ਭਾਰੀ ਗਿਣਤੀ ਵਿਚ ਸ਼ਾਮਿਲ ਹੋ ਕੇ ਮੁਸਲਿਮ ਜਰਵਾਣਿਆਂ ਵਿਰੁਧ ਜੂਝਣ ਦਾ ਜ਼ਿਕਰ ਕਰਦਿਆਂ ਦਲਿਤ ਸਮਾਜ ਦੇ ਮਾਣਮੱਤੇ ਇਤਿਹਾਸ ਦਾ ਵਰਣਨ ਕੀਤਾ। ਉਨ੍ਹਾਂ ਹਾਜ਼ਰੀਨ ਨੂੰ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਤਾਲੀਮ ਮੁਹੱਈਆ ਕਰਵਾਉਣ ਲਈ ਆਖਿਆ ਤਾਂ ਜੋ ਉਹ ਅਪਾਣੇ ਹੱਕਾਂ ਅਤੇ ਫਰਜ਼ਾਂ ਲਈ ਸੁਚੇਤ ਹੋ ਕੇ ਸਮਾਜ







ਵਿਚ ਸਿਰ ਉਚਾ ਕਰਕੇ ਜੀ ਸਕਣ।

ਇਸ ਤੋਂ ਪਹਿਲਾਂ ਜਸਵਿੰਦਰ ਬੰਗਾ ਨੇ ਸੁਸਾਇਟੀ ਵਲੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਨ੍ਹਾਂ ਵਲੋਂ ਪਿੰਡ ਪੱਦੀ ਮੱਟਵਾਲੀ (ਬੰਗਾ) ਵਿਖੇ ਗਰੀਬ ਪਰਿਵਾਰਾਂ ਦੀਆਂ ਬੱਚੀਆਂ ਲਈ ਜਲਦੀ ਹੀ ਸਿਲਾਈ ਸੈਂਟਰ ਖੋਲ੍ਹਿਆ ਜਾਵੇਗਾ।

ਡਾ. ਮੁਹਿੰਦਰ ਸਿੰਘ ਧਾਮੀ ਨੇ ਸਭਾ ਦੇ ਉਦੇਸ਼ਾਂ ਤੇ ਆਉਣ ਵਾਲੇ ਸਮੇਂ ਵਿਚ ਇਸ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਵਿੱਢੇ ਯਤਨਾਂ ਉਤੇ ਵਿਸਥਾਰ ਨਾਲ ਚਾਨਣਾ ਪਾਇਆ। ਬੁਲਾਰਿਆਂ ਵਿਚ ਹੋਰਨਾਂ ਤੋਂ ਇਲਾਵਾ ਭਜਨ ਸਿੰਘ ਭਿੰਡਰ, ਦੀਪਕ ਸੂਦ, ਅਮਰ ਦੜੌਚ, ਮੋਹਨ ਰਾਮਪਾਲ (ਮਰਹੂਮ ਕਾਸ਼ੀ ਰਾਮ ਦੇ ਸਾਥੀ), ਦਲਵੀਰ ਦਿਲ ਨਿੱਜਰ, ਡਾ. ਅਮਰੀਕ ਸਿੰਘ, ਸੋਨੂੰ ਅੰਬੇਦਕਰ, ਰਮੇਸ਼ ਕੁਮਾਰ ਬੰਗੜ, ਪੱਤਰਕਾਰ ਪ੍ਰੇਮ ਕੁਮਾਰ ਚੁੰਬਰ ਅਤੇ ਮਿਸਟਰ ਪੀਟਰ ਵੀ ਸ਼ਾਮਲ ਸਨ।

ਜੀਵਨ ਰੱਤੂ ਨੇ ਡਾ. ਅੰਬੇਦਕਰ ਬਾਰੇ ਆਪਣੀ ਇਕ ਕਵਿਤਾ ਅਤੇ ਜੱਸੀ ਸ਼ੀਮਾਰ ਦਾ ਇਕ ਗੀਤ ਗਾ ਕੇ ਸਰੋਤਿਆਂ ਦਾ ਮਨੋਰੰਜਨ ਕੀਤਾ। ਸੰਤ ਸਿੰਘ ਪਾਰਸ ਦੇ ਢਾਡੀ ਜਥੇ ਨੇ ਆਪਣੇ ਪ੍ਰਸੰਗਾਂ ਅਤੇ ਵਾਰਾਂ ਵਿਚ ਗਰੀਬ ਲੋਕਾਂ ਦੀ ਦੁਰਦਸ਼ਾ ਦਾ ਵਿਖਿਆਨ ਕਰਦਿਆਂ ਸਰਕਾਰਾਂ ਦੇ ਮਾੜੇ ਪ੍ਰਬੰਧ ਵੱਲ ਉਂਗਲ ਉਠਾਈ। ਜਥੇ ਨੇ ਡਾ. ਅੰਬੇਦਕਰ ਬਾਰੇ ਰਮੇਸ਼ ਬੰਗੜ ਦਾ ਲਿਖਿਆ ਇਕ ਗੀਤ ਵੀ ਗਾਇਆ। ਰਾਜ ਕੁਮਾਰ ਸੂਦ ਨੇ ਸੰਤ ਰਾਮ ਉਦਾਸੀ ਦਾ ਗੀਤ 'ਮਾਂ ਧਰਤੀਏ ਤੇਰੀ ਗੋਦ ਨੂੰ ਚੰਦ ਹੋਰ ਬਥੇਰੇ, ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਗਾ ਕੇ ਰੰਗ ਬੰਨ੍ਹ ਦਿੱਤਾ।

ਪ੍ਰੋ. ਐਚ ਐਲ ਕਪੂਰ ਅਤੇ ਪ੍ਰੇਮ ਕੁਮਾਰ ਚੁੰਬਰ ਦਾ ਪਲੇਕ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਜੁਗਿੰਦਰਪਾਲ ਚੁੰਬਰ ਨੇ 5 ਹਜ਼ਾਰ ਡਾਲਰ ਅਤੇ ਜਸਵਿੰਦਰ ਬੰਗਾ ਨੇ 21 ਸੌ ਡਾਲਰ ਨਾਲ ਸਭਾ ਦੀ ਮਾਲੀ ਇਮਦਾਦ ਕੀਤੀ। ਸਾਊਂਡ ਸਿਸਟਮ ਦੀ ਸੇਵਾ ਮਨਜੀਤ ਰੱਤੂ ਵਲੋਂ ਸੀ।





ਸਮਾਗਮ ਨੂੰ ਨੇਪਰੇ ਚਾੜ੍ਹਨ ਵਿਚ ਸਭਾ ਦੇ ਮੈਂਬਰਾਂ ਜਸਵਿੰਦਰ ਬੰਗਾ, ਜੋਗਿੰਦਰ ਚੁੰਬਰ, ਮਹਿੰਦਰ ਸਿੰਘ ਧਾਮੀ, ਜਸਵੰਤ ਸ਼ੀਮਾਰ, ਦਰਸ਼ਨ ਵਿਰਕ ਤੋਂ ਇਲਾਵਾ ਕਰਨੈਲ ਵਿਰਕ, ਮਨਜੀਤ ਪਾਲ, ਇੰਦਰਜੀਤ ਪਡਵੱਗਾ, ਰਾਜ ਬੱਧਣ, ਰਾਜ ਸੂਦ ਅਤੇ ਰਮੇਸ਼ ਬੰਗੜ ਨੇ ਸਹਿਯੋਗ ਦਿੱਤਾ।







# ਪੰਜਾਬੀ ਕਲਚਰਲ ਐਸੋਸੀਏਸ਼ਨ ਦਾ ਸੱਤਵਾਂ ਸਾਲਾਨਾ ਗਿੱਧਾ-ਭੰਗੜਾ ਮੁਕਾਬਲਾ

## ਤਸਵੀਰਾਂ ਦੀ ਜ਼ੁਬਾਨੀ
























*Sponsored Page*

# ਲਹਿੰਦੇ ਅਤੇ ਚੜ੍ਹਦੇ ਪੰਜਾਬ ਦੀ ਸ਼ਾਇਰੀ ਦੇ ਅੰਗ-ਸੰਗ

**ਫਰਿਜ਼ਨੋ (ਅਵਤਾਰ ਗੋਂਦਾਰਾ):** ਫਿਲਮਸਾਜ਼, ਗੀਤਕਾਰ ਤੇ ਸ਼ਾਇਰਾ ਰੁਖਸਾਨਾ ਨੂਰ ਦੀ ਫਰਿਜ਼ਨੋ ਫੇਰੀ 'ਤੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵਲੋਂ ਸਜਾਈ ਗਈ ਮਹਿਫਿਲ ਨੇ ਲਹਿੰਦੇ ਤੇ ਚੜ੍ਹਦੇ ਪੰਜਾਬ ਦੀ ਸ਼ਾਇਰੀ ਦੇ ਛੇਵੇਂ ਦਰਿਆ ਵਿਚ ਡੁੱਬਕੀਆਂ ਲਾਉਣ ਦਾ ਮੌਕਾ ਮੁਹੱਈਆ ਕੀਤਾ। ਇਸ ਸਮੇਂ ਪੰਜਾਬੀ ਦੇ ਪਰਚੇ 'ਸਿਰਨਾਵਾਂ' ਦੇ ਸੰਪਾਦਕ ਤੇ ਲੇਖਕ ਜਨਕਰਾਜ ਵੀ ਹਾਜ਼ਰ ਸਨ।

ਅਕਾਦਮੀ ਦੇ ਸਕੱਤਰ ਹਰਜਿੰਦਰ ਕੰਗ ਨੇ ਸ਼ਾਇਰਾ ਨੂਰ ਅਤੇ ਹਾਜਰ ਲੇਖਕਾਂ ਦੀ ਆਪਸ ਵਿਚ ਜਾਣ ਪਛਾਣ ਕਰਾਈ। ਹਰ ਵਰ੍ਹੇ ਅਮਰੀਕਾ ਆਉਂਦੀ ਨੂਰ ਨੇ ਖੁਸ਼ੀ ਪ੍ਰਗਟ ਕੀਤੀ ਕਿ ਉਸ ਦਾ ਪਾਕਿਸਤਾਨ ਤੋਂ ਤੁਰਨ ਵੇਲੇ ਕੀਤਾ ਫੈਸਲਾ ਸਿਰੇ ਚੜ੍ਹਿਆ ਹੈ ਕਿ ਚੜ੍ਹਦੇ ਪੰਜਾਬ ਦੇ ਪਰਵਾਸੀ ਸਾਹਿਤਕਾਰਾਂ ਤੇ ਕਲਾਕਾਰਾਂ ਨਾਲ ਉਹ ਰਾਬਤਾ ਬਣਾਏਗੀ। ਫਿਲਮੀ ਪਰਿਵਾਰ ਨਾਲ ਸਬੰਧਤ ਸ਼ਾਇਰਾ ਨੇ ਦੱਸਿਆ ਕਿ ਉਸ ਨੇ ਛੋਟੀ ਉਮਰ ਵਿਚ ਹੀ ਲਿਖਣਾ ਸ਼ੁਰੂ ਕਰ ਦਿੱਤਾ ਸੀ। ਫਿਲਮੀ ਗੀਤਕਾਰ ਤੇ ਕਹਾਣੀਕਾਰਾ ਨੂਰ ਨੇ ਕਿਹਾ ਕਿ ਉਹ 'ਚੂੜੀਆਂ', 'ਮਹਿੰਦੀ ਵਾਲੇ ਹੱਥ' ਤੇ 'ਝੁੰਮਰ' ਵਰਗੀਆਂ ਹਿੱਟ ਫਿਲਮਾਂ ਬਣਾ ਚੁਕੀ ਹੈ।

ਫਿਲਮ ਸਕਰਿਪਟ ਬਾਰੇ ਦੋ ਯੂਨੀਵਰਸਿਟੀਆਂ ਵਿਚ ਪੜ੍ਹਾਉਂਦੀ ਨੂਰ ਦਾ ਕਹਿਣਾ ਸੀ ਕਿ ਲੱਚਰ ਗੀਤਾਂ ਦੇ ਬੋਲਬਾਲੇ ਦੇ ਵਿਰੋਧ ਵਿਚ ਉਸ ਨੇ ਚੰਗੇ ਫਿਲਮੀ ਗੀਤ ਲਿਖਣ ਦਾ ਅਹਿਦ ਕੀਤਾ ਸੀ। ਪੰਜਾਬੀ ਦੀ ਪੋਸਟ ਗ੍ਰੈਜੂਏਟ ਨੂਰ ਦੀ ਪੰਜਾਬੀ ਨਾਲ ਮੁਹੱਬਤ ਇੱਕ ਮਿਹਣੇ ਨਾਲ ਸ਼ੁਰੂ ਹੋਈ। ਉਸ ਨੇ ਦੱਸਿਆ ਕਿ ਇੱਕ ਵਾਰ ਉਹ ਕਰਾਚੀ ਦੀ ਕਿਸੇ ਸਭਾ ਵਿਚ ਬੈਠੀ ਸੀ ਕਿ ਬਹਿਸ-ਮੁਬਾਹਿਸੇ ਦੌਰਾਨ ਉਸ ਨੂੰ ਕਿਸੇ ਨੇ ਗਾਲ੍ਹ ਵਾਂਗ ਕਿਹਾ ਕਿ 'ਪੰਜਾਬਣ ਜੀ।' ਉਸ ਤੋਂ ਬਾਅਦ ਉਸ ਨੇ ਘਰ ਤੇ ਬਾਹਰ ਪੰਜਾਬੀ ਬੋਲਣ ਦਾ ਅਹਿਦ ਕਰ ਲਿਆ ਤੇ ਜਿਸ 'ਤੇ ਉਹ ਨਿਰੰਤਰ ਪਹਿਰਾ ਦੇ ਰਹੀ ਹੈ। ਉਸ ਨੇ ਆਪਣੀ ਉਰਦੂ ਤੇ ਪੰਜਾਬੀ ਸ਼ਾਇਰੀ ਤੇ ਗੀਤਾਂ ਨਾਲ ਮਹਿਫਿਲ ਨੂੰ ਰਵਾਂ ਕੀਤਾ। ਕੁਝ ਸ਼ਿਅਰ ਸਾਰਿਆਂ ਦੇ ਮਨਾਂ ਵਿਚ ਤਰਨ ਲੱਗੇ,

ਮੇਰੀ ਚੀਜੋਂ ਕੋ ਜੋ ਤਰਤੀਬ ਸੇ
ਤੁਮ ਰਖਤੇ ਹੋ
ਕਯਾ ਹੀ ਅੱਛਾ ਥਾ,
ਮੇਰੇ ਦਰਦ ਸੰਭਾਲੇ ਹੋਤੇ।
ਕਰ ਲੀਆ ਹੋਤਾ ਅਗਰ
ਮੈਨੇ ਜਮਾਨੇ ਕਾ ਯਕੀਨ
ਮੇਰੇ ਬੱਚੇ ਭੀ
ਕਿਸੀ ਔਰ ਨੇ ਪਾਲੇ ਹੋਤੇ।

---

ਮੁਝੇ ਭੀ ਪਿਆਰ ਕਰਨਾ ਹੈ
ਮੁਝੇ ਖੋਜਨਾ ਹੈ ਫਿਰ
ਮੁਝੇ ਫਿਰ ਖਾਬ ਬੁਨਨੇ ਹੈਂ
ਮੁਝੇ ਆਂਖੋਂ ਮੇਂ ਹਰਿਆਲੀ ਕੋ ਬੋਨਾ ਹੈ।



ਇਸੇ ਰਉਂ ਨੂੰ ਜਾਰੀ ਰਖਦਿਆਂ ਅਸ਼ਰਫ ਗਿੱਲ ਨੇ ਆਪਣੀਆਂ ਮਜਾਹੀਆ ਤੇ ਗੰਭੀਰ ਗਜ਼ਲਾਂ ਪੇਸ਼ ਕੀਤੀਆਂ। ਸੁਆਲ ਖੜ੍ਹੇ ਕਰਦਿਆਂ, ਉਸ ਨੇ ਸ਼ਿਅਰ ਕਹੇ,

ਮੈਂ ਉਚੀ ਬੋਲਾਂ ਤਾਂ
ਬੁੱਢੜੀ ਦੜ ਵੱਟ ਜਾਵੇ
ਚੁੱਪ ਹੋਵਾਂ ਤਾਂ ਉਸ ਦਾ
ਮੀਟਰ ਚੱਲ ਪੈਂਦਾ ਏ।
ਦੁੱਖਾਂ ਉਤੇ ਅੱਥਰੂ ਗਿਰਦੇ ਆਪੋ-ਧਾਪ
ਖੁਸ਼ੀਆਂ ਦੇ ਵੀ ਡੁੱਲ ਜਾਂਦੇ ਨੇ ਖੋਰੇ ਕਿਉਂ।

ਸ਼ਾਇਰ ਸਾਧੂ ਸਿੰਘ ਸੰਘਾ ਨੇ ਆਪਣੀ ਦੁਬਿਧਾ ਇਸ ਤਰ੍ਹਾਂ ਪੇਸ਼ ਕੀਤੀ,

ਸੋਚ ਸੋਚ ਮੈਂ ਸੋਚੀ ਜਾਵਾਂ
ਐਧਰ ਸੋਚਾਂ ਓਧਰ ਸੋਚਾਂ
ਪਰ ਮੈਨੂੰ ਇਹ ਸਮਝ ਨਾ ਆਵੇ
ਸੋਚਾਂ ਨੂੰ ਮੈਂ ਕਿਵੇਂ ਦਬੋਚਾਂ।

ਮੀਰਾਂ ਬਾਈ ਨੂੰ ਅਜੋਕੇ ਪ੍ਰਸੰਗ ਵਿਚ ਪੇਸ਼ ਕਰਦੀ ਸੰਤੋਖ ਮਿਨਹਾਸ ਦੀ ਕਵਿਤਾ ਨੇ ਭਰਵੀਂ ਦਾਦ ਲਈ,

ਉਹ ਮੀਰਾਂ ਵਿਹਲੀ ਹੋਵੇਗੀ
ਉਸ ਨੂੰ ਕਿਹੜਾ ਜੌਬ ਦਾ ਫਿਕਰ ਸੀ
ਘਰ ਦੀ ਕਿਸ਼ਤ ਜਾਂ
ਮੇਲ 'ਚ ਆਏ ਬਿੱਲਾਂ ਦੇ ਭੁਗਤਾਨ ਦਾ।
ਮੈਂ ਆਪਣੇ ਨਾਲ ਸੰਵਾਦ ਰਚਾਉਂਦਾ ਹਾਂ
ਵਿਹਲਾ ਬੰਦਾ ਬਾਵਰਾ,
ਮਸਤਾਨਾ ਜਾਂ ਜੋਗੀ ਹੋ ਸਕਦਾ
ਜੌਬ ਵਾਲੀ ਮੀਰਾਂ ਦੇ ਸਲੋਕ ਤਾਂ
ਮੇਰੀ ਮੀਰਾਂ ਵਾਲੇ ਹੋਣਗੇ।

ਅਕਾਦਮੀ ਦੇ ਚੇਅਰਮੈਨ, ਚਿੰਤਕ ਤੇ ਕਵੀ ਡਾ. ਗੁਰੂਮੇਲ ਸਿੱਧੂ ਨੇ ਆਪਣੀ ਸ਼ਾਇਰੀ ਰਾਹੀਂ ਮਾਹੌਲ ਨੂੰ ਸੰਜੀਦਾ ਕਰ ਦਿੱਤਾ। ਇੱਕ ਨਜ਼ਮ ਦੇ ਕੁਝ ਬੋਲ,

ਡੂੰਗ ਲਈਆਂ ਅੰਬੀਆਂ ਨੀ
ਤੋਤਿਆਂ ਨਿਮਾਣਿਆਂ ਨੇ
ਹੋ ਗਈਆਂ ਮਾਏ ਦਾਗਦਾਰ
ਦਾਗੀ ਹੋਈਆਂ ਅੰਬੀਆਂ ਨੂੰ
ਕੋਈ ਨਾ ਖਰੀਦੇ ਮਾਏ
ਵਣਜਾਂ ਦਾ ਇਹੋ ਹੀ ਵਿਹਾਰ।

ਇਸ ਵਹਿਣ ਵਿਚ ਵਹਿ ਰਹੇ ਸ਼ਾਇਰ ਹਰਜਿੰਦਰ ਕੰਗ, ਕਹਾਣੀਕਾਰ ਕਰਮ ਸਿੰਘ ਮਾਨ, ਰੇਡੀਓ ਹੋਸਟ ਗੁੱਡੀ ਸਿੱਧੂ ਅਤੇ ਅਵਤਾਰ ਗੋਂਦਾਰਾ ਨੇ ਵੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

## ਪਾਰਲੀਮੈਂਟ 'ਚ ਗੂੰਜੇਗਾ ਊਧਮ ਸਿੰਘ ਮਿਊਜ਼ੀਅਮ ਦਾ ਮੁੱਦਾ

**ਪਟਿਆਲਾ:** ਲੋਕ ਸਭਾ ਮੈਂਬਰ ਭਗਵੰਤ ਮਾਨ ਤੇ ਧਰਮਵੀਰ ਗਾਂਧੀ ਨੇ ਕਿਹਾ ਕਿ ਉਹ ਪਾਰਲੀਮੈਂਟ ਵਿਚ ਚੱਲਣ ਵਾਲੇ ਸੈਸ਼ਨ ਵਿਚ ਸ਼ਹੀਦ ਊਧਮ ਸਿੰਘ ਦੇ ਮਿਊਜ਼ੀਅਮ ਦਾ ਮੁੱਦਾ ਉਠਾਉਣਗੇ।



ਜ਼ਿਕਰਯੋਗ ਹੈ ਕਿ ਸ਼ਹੀਦ ਊਧਮ ਸਿੰਘ ਨੂੰ 31 ਜੁਲਾਈ 1940 ਨੂੰ ਫਾਂਸੀ ਦੇ ਕੇ ਪੁਟਨਵਿਲ ਜੇਲ੍ਹ ਵਿਚ ਤਾਬੂਤ ਵਿਚ ਦਫ਼ਨਾਇਆ ਗਿਆ ਸੀ ਜਿਸ ਦਾ ਪਿੰਜਰ ਤਤਕਾਲੀ ਮੁੱਖ ਮੰਤਰੀ ਪੰਜਾਬ ਗਿਆਨੀ ਜੈਲ ਸਿੰਘ 13 ਜੁਲਾਈ 1974 ਵਿਚ ਭਾਰਤ ਵਿਚ ਲੈ ਕੇ ਆਏ ਸਨ। ਊਧਮ ਸਿੰਘ ਦੀਆਂ ਅਸਥੀਆਂ ਦੇ ਸੱਤ ਕਲਸ਼ ਬਣਾਏ ਗਏ, ਜਿਨ੍ਹਾਂ ਵਿਚੋਂ ਇਕ ਹਰਿਦੁਆਰ, ਇਕ ਰੋਜ਼ਾ ਸ਼ਰੀਫ਼ ਸਰਹਿੰਦ, ਇਕ ਕੀਰਤਪੁਰ, ਇਕ ਜਲਿਆਂ ਵਾਲੇ ਬਾਗ ਵਿਚ, ਪੰਜਵਾਂ ਸੁਨਾਮ ਵਿਚ 27 ਫੁੱਟ ਉਚੀ ਬਣੀ ਸਮਾਰਕ ਲਈ ਵਰਤਿਆ ਗਿਆ। ਦੋ ਕਲਸ਼ ਸੁਨਾਮ ਦੇ ਊਧਮ ਸਿੰਘ ਸਰਕਾਰੀ ਕਾਲਜ ਦੀ ਲਾਇਬ੍ਰੇਰੀ ਵਿਚ ਇਕ ਮੇਜ਼ ਉਤੇ ਰੱਖੇ ਗਏ ਹਨ।



*ਭਾਈ ਪ੍ਰਿਤਪਾਲ ਸਿੰਘ ਬੈਂਸ ਦਾ ਢਾਡੀ ਜਥਾ, ਜੋ ਇਨ੍ਹੀਂ ਦਿਨੀਂ ਅਮਰੀਕਾ ਫੇਰੀ 'ਤੇ ਹੈ। ਜਥੇ ਨਾਲ ਸੰਪਰਕ ਫੋਨ 916-738-1514 ਰਾਹੀਂ ਕੀਤਾ ਜਾ ਸਕਦਾ ਹੈ।*


Residential
New or Upgrade
High Definition
*Homes*
*Retail Stores*
*Restaurants*

Satellite Plus
Security cameras inc.
www.SPSecurityCameras.com



Commercial
New Or Upgrade
High Definition
*Hotels*
*Motels*
*Truck Stops*

Since 1995
559.226.1510
ACCREDITED BUSINESS A+

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

Northwest Truck Driving School
3241 Industrial Drive, Yuba City, CA 95993
ਨਾਰਥਵੈਸਟ ਟਰੱਕਿੰਗ ਕੰਪਨੀ ਨੇ ਯੂਬਾ ਸਿਟੀ ਵਿਚ ਆਪਣਾ ਟਰੱਕ ਡਰਾਈਵਿੰਗ ਸਕੂਲ ਖੋਲ੍ਹ ਦਿੱਤਾ ਹੈ
- ਇਥੇ $1200 ਵਿਚ Commercial A Class License ਲੈਣ ਲਈ 10 ਸਪੀਡ ਦੇ ਟਰੱਕ ਸਿਖਾਉਂਦੇ ਹਾਂ
- ਲਾਇਸੈਂਸ ਮਿਲਣ 'ਤੇ ਜੌਬ ਦੀ ਗਾਰੰਟੀ



Northwest Freightway
ਨੂੰ ਡਰਾਈਵਰਾਂ ਦੀ ਲੋੜ ਹੈ
40 ਸੈਂਟ ਪ੍ਰਤੀ ਮੀਲ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਗੁਰਪ੍ਰੀਤ ਸੰਘਾ, ਫੋਨ: 530-777-6737

# ਕਲਾ ਦੀ ਧਾਰ ਉਤੇ ਆਰ. ਐਸ. ਐਸ. ਦਾ ਵਾਰ

## ਫਿਲਮ ਇੰਸਟੀਚਿਊਟ ਦਾ ਮੁਖੀ ਥੋਪਣ ਦੀ ਕਵਾਇਦ




**ਕਲਾ ਪਰਿਕਰਮਾ**

ਪੁਣੇ ਦੀ ਵੱਕਾਰੀ, ਭਾਰਤੀ ਫਿਲਮ ਤੇ ਟੈਲੀਵਿਜ਼ਨ ਸੰਸਥਾ (ਐਫ.ਟੀ.ਆਈ.ਆਈ.) ਦੇ ਵਿਦਿਆਰਥੀ ਮਹੀਨੇ ਭਰ ਤੋਂ ਹੜਤਾਲ ਉਤੇ ਹਨ ਅਤੇ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਆਪਣੀ ਗੱਲ ਮੰਨਵਾਉਣ 'ਤੇ ਅੜੀ ਹੋਈ ਹੈ। ਹੁਣ ਤਾਂ ਆਰ.ਐਸ.ਐਸ. ਵੀ ਇਸ ਰੱਫੜ ਵਿਚ ਸਿੱਧੀ ਨਿੱਤਰ ਆਈ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਗਜੇਂਦਰ ਚੌਹਾਨ ਨੂੰ ਸਿਰਫ ਵਿਚਾਰਧਾਰਕ ਵਿਰੋਧ ਕਾਰਨ ਹੀ ਹਟਾਉਣ ਦੀ ਮੰਗ ਕੀਤੀ ਜਾ ਰਹੀ ਹੈ।

ਕਾਮਿਨੀ ਹੋਲਵਾਲਕਰ

ਭਾਜਪਾ ਸਰਕਾਰ ਨੇ ਟੀ.ਵੀ. ਕਲਾਕਾਰ ਗਜੇਂਦਰ ਚੌਹਾਨ ਨੂੰ ਇਸ ਸੰਸਥਾ ਦਾ ਮੁਖੀ ਥਾਪਿਆ ਸੀ। ਬੱਸ, ਉਸੇ ਦਿਨ ਤੋਂ ਸੰਸਥਾ ਦੇ ਵਿਦਿਆਰਥੀ ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣ ਲਈ ਕਹਿ ਰਹੇ ਹਨ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਨਿੱਜੀ ਤੌਰ 'ਤੇ ਚੌਹਾਨ ਨਾਲ ਕੋਈ ਵਿਰੋਧ ਨਹੀਂ ਹੈ, ਪਰ ਉਨ੍ਹਾਂ ਨੂੰ ਜਿਸ ਸੰਸਥਾ ਦਾ ਮੁਖੀ ਥਾਪ ਦਿੱਤਾ ਗਿਆ ਹੈ, ਉਹ ਉਸ ਦੇ ਯੋਗ ਨਹੀਂ ਹਨ। ਦੂਜੇ ਬੰਨੇ, ਚੌਹਾਨ ਦਾ ਕਹਿਣਾ ਹੈ ਕਿ ਉਹ ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਫਿਲਮਾਂ ਨਾਲ ਜੁੜੇ ਹੋਏ ਹਨ। ਇਸ ਨਿਯੁਕਤੀ ਦਾ ਵਿਰੋਧ ਕਰ ਰਹੇ ਲੋਕਾਂ ਦਾ ਕਹਿਣਾ ਹੈ ਕਿ ਗਜੇਂਦਰ ਚੌਹਾਨ ਨੂੰ ਸਿਰਫ ਇਸ ਕਰ ਕੇ ਇਸ ਸੰਸਥਾ ਦਾ ਮੁਖੀ ਚੁਣਿਆ ਗਿਆ ਹੈ ਕਿਉਂਕਿ ਉਹ ਭਾਜਪਾ ਦਾ ਮੈਂਬਰ ਹੈ ਅਤੇ ਪਾਰਟੀ ਦੇ ਸਭਿਆਚਾਰਕ ਵਿੰਗ ਦਾ ਮੁਖੀ ਹੈ। ਆਰ.ਐਸ.ਐਸ. ਦੇ ਨਵੇਂ ਬਿਆਨ ਨਾਲ ਇਸ ਤੱਥ ਦੀ ਪੁਸ਼ਟੀ ਵੀ ਹੋ ਗਈ ਹੈ। ਆਰ.ਐਸ.ਐਸ. ਦੇ ਹਫਤਾਵਾਰੀ ਪਰਚੇ 'ਦਿ ਆਰਗੇਨਾਈਜ਼ਰ' ਵਿਚ ਬਾਕਾਇਦਾ ਕਿਹਾ ਗਿਆ ਹੈ ਕਿ ਵਿਦਿਆਰਥੀਆਂ ਵੱਲੋਂ ਗਜੇਂਦਰ ਚੌਹਾਨ ਨੂੰ ਸਿਰਫ ਉਸ ਦੀ ਵਿਸ਼ੇਸ਼ ਵਿਚਾਰਧਾਰਾ ਕਾਰਨ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਂਜ ਵੱਖ ਵੱਖ ਬਿਆਨਾਂ ਅਤੇ ਟੀ.ਵੀ. ਚੈਨਲਾਂ ਉਤੇ ਇੰਟਰਵਿਊਜ਼ ਦੌਰਾਨ ਗਜੇਂਦਰ ਚੌਹਾਨ ਨੇ ਸਭ ਨੂੰ ਆਪਣੀ ਔਕਾਤ ਦਿਖਾ ਦਿੱਤੀ ਹੈ। ਅਨੁਪਮ ਖੇਰ ਜਿਸ ਦੀ ਪਤਨੀ ਚੰਡੀਗੜ੍ਹ ਲੋਕ ਸਭਾ ਹਲਕੇ ਤੋਂ ਭਾਜਪਾ ਦੀ ਸੰਸਦ ਮੈਂਬਰ ਹੈ, ਨੇ ਸਪਸ਼ਟ ਸ਼ਬਦਾਂ ਵਿਚ ਚੌਹਾਨ ਨੂੰ ਕਿਹਾ ਕਿ ਵਿਦਿਆਰਥੀ ਅਤੇ ਸੰਸਾਰ ਸਿਨੇਮਾ ਨਾਲ ਜੁੜੇ ਲੋਕ ਉਸ ਨੂੰ ਪਸੰਦ ਨਹੀਂ ਕਰ ਰਹੇ ਹਨ, ਇਸ ਲਈ ਉਸ ਨੂੰ ਆਪੇ ਪਿਛਾਂਹ ਹਟ ਜਾਣਾ ਚਾਹੀਦਾ ਹੈ, ਪਰ ਚੌਹਾਨ ਪੂਰੀ ਢੀਠਤਾਈ ਨਾਲ ਇਸ ਸੰਸਥਾ ਦੇ ਮੁਖੀ ਦੇ ਅਹੁਦੇ ਉਤੇ ਆਪਣਾ ਹੱਕ ਜਤਲਾ ਰਿਹਾ ਹੈ। ਉਸ ਨੇ ਇਕ ਬਹਿਸ ਦੌਰਾਨ ਇਹ ਵੀ ਕਹਿ ਦਿੱਤਾ ਕਿ ਜਿਹੜੀ ਫਿਲਮ ਚੱਲ ਜਾਵੇ, ਉਹ 'ਏ' ਗ੍ਰੇਡ ਹੁੰਦੀ ਹੈ। ਇਸ ਬਿਆਨ 'ਤੇ ਉਸ ਦੀ ਬਹੁਤ ਦੁਰ ਦੁਰ ਹੋਈ। ਦੱਸਣਾ ਪਵੇਗਾ ਕਿ ਚੌਹਾਨ ਨੇ 'ਸੀ' ਗ੍ਰੇਡ, ਘਟੀਆ ਕਿਸਮ ਦੀਆਂ ਫਿਲਮਾਂ ਵਿਚ ਕੰਮ ਕੀਤਾ ਹੈ।

ਯਾਦ ਰਹੇ ਕਿ ਕੇਂਦਰ ਸਰਕਾਰ ਵੱਖ ਵੱਖ ਸੰਸਥਾਵਾਂ ਵਿਚ ਆਰ.ਐਸ.ਐਸ. ਦੀ ਸੋਚ ਨੂੰ ਪ੍ਰਸਾਰਨ ਵਾਲਿਆਂ ਦੀ ਨਿਯੁਕਤੀ ਕਰ ਰਹੀ ਹੈ, ਪਰ ਚੌਹਾਨ ਦੀ ਨਿਯੁਕਤੀ ਗੁੱਝੀ ਨਹੀਂ ਰਹੀ ਅਤੇ ਰੱਫੜ ਪੈ ਗਿਆ।



*ਗਜੇਂਦਰ ਚੌਹਾਨ: ਮੈਂ ਨਾ ਮਾਨੂੰ।*




*ਪੁਣੇ ਵਿਚ ਸੰਸਥਾ ਦੇ ਕੈਂਪਸ ਵਿਚ ਵਿਦਿਆਰਥੀਆਂ ਦਾ ਸੁਨੇਹਾ।*



*ਸੰਦੀਪ ਸਿੰਘ*

## ਵਿਦਿਆਰਥੀ ਤੇ ਹੋਰ ਹਿੰਦੂ-ਵਿਰੋਧੀ ਕਰਾਰ

*ਹਿੰਦੂਵਾਦੀ ਵੈੱਬਸਾਈਟ 'ਸਵਾਸਤਿਕ' (ਸਵਦੇਸ਼ੀ ਸਕੂਲ ਫਾਰ ਟ੍ਰੇਨਿੰਗ ਇਨ ਇੰਡੀਅਨ ਨੌਲੇਜ) ਦੇ ਕਰਤਾ-ਧਰਤਾ ਸੰਦੀਪ ਸਿੰਘ ਨੇ ਭਾਰਤੀ ਫਿਲਮ ਅਤੇ ਟੈਲੀਵਿਜ਼ਨ ਸੰਸਥਾ ਦੇ ਵਿਵਾਦ ਬਾਰੇ ਉਚੇਚਾ ਲੇਖ ਆਰ.ਐਸ.ਐਸ. ਦੇ ਹਫਤਾਵਾਰੀ ਪਰਚੇ 'ਦਿ ਆਰਗੇਨਾਈਜ਼ਰ' ਵਿਚ ਛਪਵਾਇਆ ਹੈ। ਇਸ ਲੇਖ ਵਿਚ ਉਹ ਗਜੇਂਦਰ ਚੌਹਾਨ ਦੇ ਹੱਕ ਵਿਚ ਕੋਈ ਠੋਸ ਦਲੀਲ ਤਾਂ ਭਾਵੇਂ ਨਹੀਂ ਬੰਨ੍ਹ ਸਕੇ, ਪਰ ਆਪਣੇ ਇਸ ਲੇਖ ਵਿਚ ਉਨ੍ਹਾਂ ਚੌਹਾਨ ਦਾ ਵਿਰੋਧ ਕਰ ਰਹੇ ਵਿਦਿਆਰਥੀਆਂ ਅਤੇ ਹੋਰ ਲੋਕਾਂ ਨੂੰ ਹਿੰਦੂ-ਵਿਰੋਧੀ ਕਰਾਰ ਦੇ ਦਿੱਤਾ ਹੈ। ਇਸ ਹਿੰਦੂਵਾਦੀ ਵਿਦਵਾਨ ਨੂੰ ਖਬਰ ਹੀ ਨਹੀਂ ਹੈ ਕਿ ਗੱਲ ਤਾਂ ਗਜੇਂਦਰ ਚੌਹਾਨ ਦੀ ਔਕਾਤ ਦੀ ਚੱਲ ਰਹੀ ਹੈ, ਵੱਕਾਰੀ ਸੰਸਥਾ ਦਾ ਵੱਕਾਰ ਬਚਾਉਣ ਬਾਰੇ ਤਿੱਖੀ ਬਹਿਸ ਛਿੜੀ ਹੋਈ ਹੈ, ਪਰ ਉਨ੍ਹਾਂ ਨੂੰ ਇਸ ਵਿਰੋਧ ਵਿਚੋਂ ਸਿਰਫ ਤੇ ਸਿਰਫ ਹਿੰਦੂ-ਵਿਰੋਧ ਹੀ ਨਜ਼ਰ ਆਇਆ ਹੈ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ ਪਹਿਲੀ ਅਗਸਤ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-179



*ਤਸਵੀਰ: ਜਸਦੀਪ ਸਿੰਘ ਖੰਨਾ*

**ਚੱਲ ਵੇ ਭਾਈ ਭਜਾ ਲੈ ਹਾਥੀ, ਮਾਰ ਕੇ ਇਹਦੇ ਸੋਟੀ।**
**ਛੇਤੀ ਦੇਣੇ ਲਵਾ ਦੇ ਗੇੜਾ, ਮੈਂ ਭੈਣ-ਵੀਰ ਸੰਗ ਬੈਠੀ।**

## ਕੈਪਸ਼ਨ ਮੁਕਾਬਲਾ-177



ਫੀਲਡ ਗੰਜ ਦਾ ਮੁੱਖ ਦਰਵਾਜਾ
ਸ਼ਾਨ ਸੀ ਲੁਧਿਆਣੇ ਦੀ।
ਲਿਖੀ ਇਬਾਰਤ ਅੱਜ ਵੀ ਬੋਲੇ
ਮਿਸਤਰੀ ਕਿਸੇ ਸਿਆਣੇ ਦੀ।
ਬਿਨਾਂ ਸੰਭਾਲੋਂ ਉਜੜੀ ਜਾਵਣ
ਬੇਸ਼ਕੀਮਤੀ ਨਿਸ਼ਾਨੀਆਂ।
ਅੱਖਾਂ ਅਸਾਂ ਨੇ ਮੀਚ ਛੱਡੀਆਂ
ਜਿਉਂ ਹੋਵਣ ਬਿਗਾਨੀਆਂ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

ਜਿੱਥੇ ਸਾਈਕਲ ਬਣਦੇ ਨੇ
ਚੱਲਦੀਆਂ ਉਨ ਦੀਆਂ ਬਹੁਤ ਮਸ਼ੀਨਾਂ।
ਜਿੱਥੇ ਭੀੜ ਭੜੱਕੇ ਨੇ
ਕਰ'ਤੀਆਂ ਸੋਨੇ ਭਾਅ ਜ਼ਮੀਨਾਂ।
ਇਹ ਫੀਲਡ ਗੰਜ ਵਾਲਾ
ਲੱਗਦਾ ਢਹਿ ਜੂ ਗੇਟ ਪੁਰਾਣਾ।
ਬੜਾ ਚੇਤੇ ਆਉਂਦਾ ਏ
ਮਿੱਤਰੋ ਛੱਡ ਕੇ ਸ਼ਹਿਰ ਲੁਧਿਆਣਾ।
*-ਮਨਰਾਜ ਭੌਰਾ*

## ਕੈਪਸ਼ਨ ਮੁਕਾਬਲਾ-176

ਉਹ ਵੇਲੇ ਵੀ ਯਾਦ ਰਹਿਣਗੇ
ਜਦ ਚਿੱਠੀਆਂ-ਤਾਰਾਂ ਪਾਉਂਦੇ ਸੀ।
ਫਿਰ ਟੈਲੀਫੋਨ ਦਾ ਯੁੱਗ ਆ ਗਿਆ
ਪਾ ਉਂਗਲੀ ਡਾਇਲ ਘੁਮਾਉਂਦੇ ਸੀ।
'ਕੱਲਾ 'ਕੱਲਾ ਨੰਬਰ ਘੁਮਾ ਕੇ
ਹੈਲੋ ਹੈਲੋ ਕਰਵਾਉਂਦੇ ਸੀ।
ਨੈਟ ਨੇ ਸ਼ੋ ਪੀਸ ਬਣਾ'ਤਾ
ਗਰਦ ਤੋਂ ਜਿਹਨੂੰ ਬਚਾਉਂਦੇ ਸੀ।
*-ਜਗਮੀਤ ਸਿੰਘ ਪੰਧੇਰ*

# ਫਰਾਂਸ ਵਿਚ ਸਥਾਪਤ ਹੋਵੇਗਾ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ

**ਨਵੀਂ ਦਿੱਲੀ:** ਫਰਾਂਸ, ਸਤੰਬਰ 2016 ਵਿਚ ਸੇਂਟ ਟਰੋਪੇਜ਼ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਤੋਂ ਪਰਦਾ ਹਟਾ ਕੇ ਪੰਜਾਬ ਨਾਲ ਆਪਣੇ ਸਬੰਧਾਂ ਦਾ ਜਸ਼ਨ ਮਨਾਏਗਾ। ਫਰਾਂਸ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੇ ਨਾਲ-ਨਾਲ ਜਨਰਲ ਜੀਨ ਫਰੈਂਕੋਇਸ ਅਲਾਰਡ ਦਾ ਬੁੱਤ ਵੀ ਸਥਾਪਤ ਕਰੇਗਾ। ਜਨਰਲ ਜੀਨ ਫਰਾਂਸ ਦਾ ਸੀ ਤੇ ਉਹ 1822 ਤੋਂ ਲੈਕੇ ਮਹਾਰਾਜੇ ਦੀ ਮੌਤ , ਜੋ 1839 ਵਿਚ ਹੋਈ ਸੀ, ਤੱਕ ਉਨ੍ਹਾਂ ਦਾ ਮਿਲਟਰੀ ਸਲਾਹਕਾਰ ਰਿਹਾ।

ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਪੰਜਾਬ ਤੇ ਫਰਾਂਸ ਵਿਚਕਾਰ ਕਾਇਮ ਹੋਏ ਆਪਸੀ ਸਬੰਧਾਂ ਦੇ ਸਨਮਾਨ ਵਿਚ ਇਥੇ ਫਰਾਂਸ ਦੂਤਾਵਾਸ ਵੱਲੋਂ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਭਾਰਤ ਵਿਚ ਫਰਾਂਸ ਦੇ ਰਾਜਦੂਤ ਸ੍ਰੀ ਫ੍ਰੈਂਕਾਇਸ ਰਿਚੀਅਰ ਨੇ ਕਿਹਾ ਕਿ ਫਰਾਂਸ ਤੇ ਭਾਰਤ ਦੇ ਸਬੰਧਾਂ ਦੀ ਗੱਲ ਹੋਣ ਉਤੇ ਬਹੁਤੇ ਲੋਕਾਂ ਦੇ ਧਿਆਨ ਵਿਚ ਪਾਂਡੀਚੇਰੀ ਤੇ ਹੋਰ ਅਜਿਹੀਆਂ ਥਾਵਾਂ ਦੀ ਯਾਦ ਉੱਕਰਦੀ ਹੈ, ਜਿਥੇ ਫਰਾਂਸੀਸੀਆਂ ਨੇ ਵਪਾਰਕ ਕੇਂਦਰ ਸਥਾਪਤ ਕੀਤੇ ਸਨ ਜਦ ਕਿ ਫਰਾਂਸੀਸੀ ਭਾਈਚਾਰਾ ਉੱਤਰੀ ਭਾਰਤ ਵਿਚ ਵੀ ਮੌਜੂਦ ਸੀ।

ਇਸ ਤੱਥ ਦੀ ਤਸਦੀਕ ਜਨਰਲ ਜੀਨ ਫ੍ਰੈਂਕਾਇਸ ਅਲਾਰਡ ਦੇ ਕਾਰਜਕਾਲ ਤੋਂ ਹੁੰਦੀ ਹੈ, ਜੋ ਪੈਦਾ ਤਾਂ ਫਰਾਂਸ ਵਿਚ ਹੋਏ ਸਨ, ਪਰ ਜਿਨ੍ਹਾਂ ਨੇ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸ਼ਾਮਲ ਹੋ ਕੇ ਪੰਜਾਬ ਦੇ ਸਿੱਖ ਰਾਜ ਦੀ ਸਥਾਪਨਾ ਵਿਚ ਅਹਿਮ ਭੂਮਿਕਾ ਨਿਭਾਈ ਸੀ ਤੇ ਖੁਦ ਵੀ ਇਕ ਹਿੰਦੂ ਰਾਜਕੁਮਾਰੀ ਨਾਲ ਵਿਆਹ ਕੀਤਾ ਸੀ। ਸਮਾਗਮ ਨੂੰ ਜਨਰਲ ਅਲਾਰਡ ਦੇ ਮੌਜੂਦਾ ਵੰਸ਼ ਵਿਚੋਂ ਸ੍ਰੀ ਹੇਨਰੀ ਪ੍ਰੇਵੋਸਟ ਅਲਾਰਡ ਨੇ ਵੀ ਸੰਬੋਧਨ ਕੀਤਾ ਅਤੇ ਆਪਣੇ ਪੂਰਵਜਾਂ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਮਹਾਰਾਜਾ ਰਣਜੀਤ ਸਿੰਘ, ਜਨਰਲ ਅਲਾਰਡ, ਉਨ੍ਹਾਂ ਦੀ ਪਤਨੀ ਅਤੇ ਹੋਰ ਸਮਕਾਲੀ ਫਰਾਂਸੀਸੀਆਂ ਦੀਆਂ ਅਸਲ ਤਸਵੀਰਾਂ ਦੀਆਂ ਪੇਂਟਿੰਗਾਂ ਵੀ ਪ੍ਰਦਰਸ਼ਿਤ ਕੀਤੀਆਂ ਗਈਆਂ। ਫਰਾਂਸ ਵਿਚ ਸਿੱਖਾਂ ਦੇ ਮਾਮਲਿਆਂ ਬਾਰੇ ਪ੍ਰਤਿਨਿਧ ਕੌਂਸਲ ਦੇ ਪ੍ਰਧਾਨ ਰਣਜੀਤ ਸਿੰਘ ਗੋਰਾਇਆ ਨੇ ਦੱਸਿਆ ਕਿ ਅਗਲੇ ਵਰ੍ਹੇ 2016 ਦੇ ਜੂਨ ਮਹੀਨੇ ਵਿਚ ਫਰਾਂਸ ਦੇ ਸੇਂਟ ਟਰਾਪੇਜ਼ ਸ਼ਹਿਰ ਵਿਖੇ ਮਹਾਰਾਜਾ ਰਣਜੀਤ ਸਿੰਘ ਦਾ ਇਕ ਵੱਡਾ ਬੁੱਤ ਸਥਾਪਤ ਕੀਤਾ ਜਾਵੇਗਾ, ਜਿਸ ਦੀ ਪ੍ਰਵਾਨਗੀ ਫਰਾਂਸ ਤੇ ਭਾਰਤ ਸਰਕਾਰ ਤੋਂ ਇਲਾਵਾ ਪੰਜਾਬ ਸਰਕਾਰ ਤੋਂ ਵੀ ਲੈ ਲਈ ਗਈ ਹੈ। ਇਸ ਤੋਂ ਇਲਾਵਾ ਯੂਰਪ ਵਿਸ਼ੇਸ਼ ਤੌਰ ਉਤੇ ਫਰਾਂਸ ਵਿਚ ਸਿੱਖ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਪਹਿਲੀ ਸਤੰਬਰ ਤੋਂ ਇਕ ਪ੍ਰਦਰਸ਼ਨੀ ਲਗਾਈ ਜਾਵੇਗੀ। ਇਸ ਪ੍ਰਦਰਸ਼ਨੀ ਵਿਚ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ 1849 ਤੱਕ ਦੇ ਸਿੱਖ ਇਤਿਹਾਸ ਦਾ ਵਰਨਣ ਕੀਤਾ ਜਾਵੇਗਾ ਨਾਲ ਹੀ ਉਸ ਸਮੇਂ ਦੇ ਸਾਹਿਤ, ਤਸਵੀਰਾਂ, ਪੋਸਟ ਕਾਰਡ ਅਤੇ ਚਿੱਤਰਕਾਰੀ ਨੂੰ ਵੀ ਪ੍ਰਦਰਸ਼ਿਤ ਕੀਤਾ ਜਾਵੇਗਾ।


ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ

ਅਰਕਨਸਾਸ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ। ਰਿਹਾਇਸ਼ ਅਤੇ ਖਾਣ-ਪੀਣ ਫਰੀ, ਚੰਗੀ ਤਨਖਾਹ

ਸੰਪਰਕ ਕਰੋ

ਫੋਨ: 501-309-4140

30


# ਰਾਣੀ ਸਿੰਘ ਸੈਵਨ ਇਲੈਵਨ ਦੀ ਪਹਿਲੀ ਸਲਰਪੀ ਕੁਈਨ ਬਣੀ

**ਟੇਲਰ, ਮਿਸ਼ੀਗਨ (ਬਿਊਰੋ):** ਸੈਵਨ ਇਲੈਵਨ ਨੇ ਆਪਣੇ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਨੂੰ 'ਸਲਰਪੀ ਕੁਈਨ' ਦਾ ਖਿਤਾਬ ਦਿੰਦਿਆਂ ਇਹ ਮਾਣ ਇਥੋਂ ਦੇ ਇਕ ਸੈਵਨ ਇਲੈਵਨ ਸਟੋਰ ਦੀ ਮਾਲਕ ਪੰਜਾਬਣ ਰਾਣੀ ਸਿੰਘ ਨੂੰ ਦਿਤਾ ਹੈ। ਇਹ ਖਿਤਾਬ ਦੇਣ ਮੌਕੇ ਸਥਾਨਕ ਭਾਈਚਾਰੇ ਦੇ ਮੋਹਤਬਰ ਲੋਕਾਂ ਤੋਂ ਇਲਾਵਾ ਸਰਕਾਰੀ ਅਧਿਕਾਰੀ ਮੌਜੂਦ ਸਨ। ਰਾਣੀ ਨੂੰ ਮਿਸ਼ੀਗਨ ਦੇ ਗਵਰਨਰ ਰਿਕ ਸਨਾਈਡਰ ਨੇ ਵੀ ਇਕ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਆ ਹੈ।

ਰਾਣੀ ਸਿੰਘ ਦਾ ਸਟੋਰ ਇਥੇ 20945 ਇਕੋਰਸ ਰੋਡ 'ਤੇ ਸਥਿਤ ਹੈ। ਉਸ ਨੂੰ ਇਹ ਖਿਤਾਬ ਅਮਰੀਕਾ ਵਿਚ 8300 ਸੈਵਨ ਇਲੈਵਨ ਸਟੋਰਾਂ ਵਿਚੋਂ ਕਿਸੇ ਨਾਲੋਂ ਵੀ ਵੱਧ ਸਲਰਪੀ ਡਰਿੰਕ ਵੇਚਣ ਕਰਕੇ ਦਿਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸਲਰਪੀ ਇਕ ਤਰ੍ਹਾਂ ਦਾ ਫਰੋਜ਼ਨ ਸੋਡਾ ਹੈ। ਰਾਣੀ ਦੇ ਸਟੋਰ ਤੋਂ ਹਰ ਰੋਜ਼ ਔਸਤਨ 375 ਸਲਰਪੀ ਵਿਕਦੇ ਹਨ। ਉਂਜ ਗਰਮੀਆਂ ਦੇ ਦਿਨੀਂ ਇਹ ਗਿਣਤੀ ਕਈ ਵਾਰ ਇਕ ਹਜ਼ਾਰ ਤੋਂ ਵੀ ਵਧ ਜਾਂਦੀ ਹੈ।

ਰਾਣੀ ਨੂੰ ਖਿਤਾਬ ਦੇਣ ਦੀ ਰਸਮ ਸਟੇਟ ਅਸੈਂਬਲੀ ਮੈਂਬਰ ਐਰੀਕਾ ਜੀਸਿਸ ਨੇ ਨਿਭਾਈ।


ਰਾਣੀ ਸਿੰਘ



ਸਲਰਪੀ

ਉਨ੍ਹਾਂ ਮਿਸ਼ੀਗਨ ਸਟੇਟ ਦੀ ਤਰਫੋਂ ਇਕ ਪ੍ਰਸ਼ੰਸਾ ਪੱਤਰ ਵੀ ਰਾਣੀ ਨੂੰ ਦਿੱਤਾ। ਇਸ ਮੌਕੇ ਬੋਲਦਿਆਂ ਸੈਵਨ-ਇਲੈਵਨ ਕੰਪਨੀ ਦੀ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਨੈਂਸੀ ਸਮਿਥ ਨੇ ਆਖਿਆ ਕਿ ਰਾਣੀ ਸੈਵਨ-ਇਲੈਵਨ ਦੀ ਸਭ ਤੋਂ ਵੱਧ ਸਲਰਪੀ ਵੇਚਣ ਵਾਲੀ ਫਰੈਂਚਾਈਜ਼ ਮਾਲਕ ਹੀ ਨਹੀਂ, ਸਗੋਂ ਉਹ ਆਪਣੀ ਕਮਿਊਨਿਟੀ ਅੰਦਰ ਪ੍ਰਾਜੈਕਟ 'ਏ' ਪ੍ਰੋਗਰਾਮ ਅਧੀਨ ਕਮਿਊਨਿਟੀ ਦੇ ਐਲੀਮੈਂਟਰੀ ਸਕੂਲ ਦੇ ਬੱਚਿਆਂ ਦੀ ਵੀ ਬੜੀ ਮਦਦ ਕਰਦੀ ਹੈ ਅਤੇ ਆਪਣੇ ਸਟੋਰ 'ਤੇ ਬੱਚਿਆਂ ਨੂੰ ਖਾਸ ਅਹਿਮੀਅਤ ਦਿੰਦੀ ਹੈ। ਉਸ ਦਸਿਆ ਕਿ ਪਿਛਲੇ ਵਰ੍ਹੇ ਰਾਣੀ ਨੇ ਆਪਣੇ ਸਟੋਰ ਤੋਂ ਦੋ ਮਿਲੀਅਨ ਡਾਲਰ ਦੀ ਸੇਲ ਕਰਕੇ ਇਕ ਵਡਾ ਮਾਅਰਕਾ ਮਾਰਿਆ। ਰਾਣੀ ਆਪਣੇ ਗਾਹਕਾਂ ਦਾ ਬੇਹੱਦ ਖਿਆਲ ਕਰਦੀ ਹੈ ਅਤੇ ਸਾਨੂੰ ਉਸ ਨੂੰ ਸਲਰਪੀ ਕੁਈਨ ਦਾ ਖਿਤਾਬ ਦਿੰਦਿਆਂ ਮਾਣ ਮਹਿਸੂਸ ਹੁੰਦਾ ਹੈ।

ਨੈਂਸੀ ਨੇ ਹੋਰ ਦਸਿਆ ਕਿ ਮਿਸ਼ੀਗਨ ਵਿਚ ਸਲਰਪੀ ਬੇਹੱਦ ਮਕਬੂਲ ਹੈ ਅਤੇ ਸੱਚ ਇਹ ਹੈ ਕਿ ਡਿਟਰਾਇਟ ਵਿਚਲੇ ਸਟੋਰ ਅਮਰੀਕਾ ਦੀ ਕਿਸੇ ਵੀ ਹੋਰ ਸਟੇਟ ਨਾਲੋਂ ਸਾਢੇ ਤਿੰਨ ਗੁਣਾ ਸਲਰਪੀ ਵੇਚਦੇ ਹਨ।

ਜ਼ਿਕਰਯੋਗ ਹੈ ਕਿ ਸੈਵਨ-ਇਲੈਵਨ ਨੇ ਸਲਰਪੀ 49 ਸਾਲ ਪਹਿਲਾਂ 1966 ਵਿਚ ਮਾਰਕਿਟ ਵਿਚ ਲਿਆਂਦੀ ਸੀ ਅਤੇ ਅਮਰੀਕਾ ਭਰ ਵਿਚ ਇਸ ਸਮੇਂ ਡੇਢ ਸੌ ਮਿਲੀਅਨ ਸਲਰਪੀ ਵਿਕਦੀ ਹੈ। ਦੱਸਣਯੋਗ ਹੈ ਕਿ ਸੈਵਨ-ਇਲੈਵਨ ਦੇ ਦੁਨੀਆਂ ਦੇ 16 ਦੇਸ਼ਾਂ ਵਿਚ 56,200 ਸਟੋਰ ਹਨ।


Imperial Truck Driving School

3506 Nielsen Ave., Fresno, CA 93706

ਖੁਸ਼ਖਬਰੀ ! ਖੁਸ਼ਖਬਰੀ ! !

ਖੁਲ੍ਹ ਗਿਆ ਹੈ ਇੰਪੀਰੀਅਲ ਟਰੱਕ ਡਰਾਈਵਿੰਗ ਸਕੂਲ




ਟਰੇਨਿੰਗ ਦੇਣ ਲਈ ਅਨੁਭਵੀ ਅਤੇ ਵਧੀਆ ਟਰੇਨਰ
ਲਾਇਸੈਂਸ ਲੈਣ ਤੋਂ ਬਾਅਦ ਜਾਬ ਲੱਭਣ ਵਿਚ ਮਦਦ ਕਰਾਂਗੇ
ਟਰੇਨਿੰਗ ਲਈ ਵਧੀਆ ਨਵੇਂ ਟਰੱਕ, ਵਾਜਬ ਫੀਸ

ਰਹਿਣ ਵਾਸਤੇ ਖਾਸ ਪ੍ਰਬੰਧ

Ph: 559-266-4000, Cell: 916-470-5520



H K TRANSPORT INC

Division of HK Incorporated

1401 West Ray St, Indianapolis, IN 46221

Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ

ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

ਸੰਪਰਕ ਕਰੋ: ਫੋਨ 317-408-3211

ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# ਬਾਦਲ ਸਰਕਾਰ ਨੇ ਹੁਣ ਅਡਾਨੀ ਲਈ ਖੋਲ੍ਹੇ ਪੰਜਾਬ ਦੇ ਬੂਹੇ

**ਬਠਿੰਡਾ:** ਅਕਾਲੀ ਭਾਜਪਾ ਗਠਜੋੜ ਸਰਕਾਰ ਨੇ ਹੁਣ ਅਡਾਨੀ ਗਰੁੱਪ ਲਈ ਪੰਜਾਬ ਦੇ ਬੂਹੇ ਖੋਲ੍ਹ ਦਿੱਤੇ ਹਨ। ਖ਼ੁਰਾਕ ਤੇ ਸਪਲਾਈ ਮਹਿਕਮਾ ਹੁਣ ਸਾਇਲੋ ਪ੍ਰਾਜੈਕਟਾਂ ਦੀ ਉਸਾਰੀ ਦਾ ਕੰਮ ਅਡਾਨੀ ਗਰੁੱਪ ਹਵਾਲੇ ਕਰਨ ਲਈ ਜ਼ਮੀਨ ਤਿਆਰ ਕਰਨ ਵਿਚ ਜੁਟ ਗਿਆ ਹੈ। ਪੰਜਾਬ ਵਿਚ ਅਨਾਜ ਦੇ ਆਧੁਨਿਕ ਭੰਡਾਰਨ ਤੇ ਸਾਂਭ ਸੰਭਾਲ ਲਈ ਸਾਇਲੋ ਪ੍ਰਾਜੈਕਟ ਬਣਾਇਆ ਗਿਆ ਹੈ ਜਿਸ ਵਾਸਤੇ ਨਬਾਰਡ ਤੋਂ ਸੱਤ ਫੀਸਦੀ ਵਿਆਜ ਦਰ ਉੱਤੇ ਕਰਜ਼ਾ ਲਿਆ ਜਾ ਰਿਹਾ ਹੈ। ਪੰਜਾਬ ਸਰਕਾਰ ਨੇ 15 ਮਈ ਨੂੰ ਨਬਾਰਡ ਨਾਲ ਪੰਜਾਬ ਵਿਚ 10 ਸਾਇਲੋ ਬਣਾਉਣ ਵਾਸਤੇ ਇਕਰਾਰ ਕੀਤਾ ਸੀ।

ਨਬਾਰਡ ਨੇ 210 ਕਰੋੜ ਰੁਪਏ ਦੀ ਪ੍ਰਵਾਨਗੀ ਵੀ ਦੇ ਦਿੱਤੀ ਹੈ। ਵੇਰਵਿਆਂ ਅਨੁਸਾਰ ਪਨਗਰੇਨ ਵੱਲੋਂ ਤਕਰੀਬਨ ਪੰਜ ਲੱਖ ਮੀਟਰਿਕ ਟਨ ਦੀ ਸਮਰੱਥਾ ਦੇ 12 ਸਾਇਲੋ ਬਣਾਏ ਜਾਣੇ ਹਨ ਜਿਨ੍ਹਾਂ ਵਾਸਤੇ ਪਨਗਰੇਨ ਆਪਣੀ ਸਰਕਾਰੀ ਜਾਇਦਾਦ ਪ੍ਰਾਈਵੇਟ ਕੰਪਨੀ ਹਵਾਲੇ ਕਰੇਗਾ। ਇਸੇ ਤਰ੍ਹਾਂ ਵੇਅਰਹਾਊਸ ਤਰਫ਼ੋਂ ਵੀ ਤਕਰੀਬਨ ਡੇਢ ਦਰਜਨ ਸਾਇਲੋ ਬਣਾਏ ਜਾਣ ਰਹੇ ਹਨ ਜਿਨ੍ਹਾਂ ਦੀ ਸਮਰੱਥਾ 7.50 ਲੱਖ ਮੀਟਰਿਕ ਟਨ ਅਨਾਜ ਸੰਭਾਲਣ ਦੀ ਹੋਵੇਗੀ।

ਅਡਾਨੀ ਐਗਰੀ ਲਾਜਿਸਟਿਕਸ ਕੰਪਨੀ ਦਾ ਹੀ ਮੋਗਾ ਪ੍ਰਾਜੈਕਟ ਹੈ ਜੋ ਕਿ ਪ੍ਰਾਈਵੇਟ ਜਗ੍ਹਾ ਵਿਚ ਹੀ ਉਸਰਿਆ ਹੈ। ਵੇਅਰਹਾਊਸ ਵੱਲੋਂ



ਗਰਾਮ ਪੰਚਾਇਤ, ਮੰਡੀ ਬੋਰਡ ਤੇ ਪੰਜਾਬ ਐਗਰੋ ਤੋਂ ਵੀ ਜਗ੍ਹਾ ਲਈ ਗਈ ਹੈ। ਪਨਗਰੇਨ ਤੇ ਵੇਅਰਹਾਊਸ ਨੇ ਟੈਂਡਰਿੰਗ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਪਨਗਰੇਨ ਵੱਲੋਂ ਜੋ ਨਿਲਾਮੀ ਤੋਂ ਪਹਿਲਾਂ ਮੀਟਿੰਗ ਰੱਖੀ ਸੀ, ਉਸ ਵਿਚ ਪੰਜਾਬ ਭਰ ਵਿਚੋਂ ਗੋਦਾਮਾਂ ਦੇ ਕਾਰੋਬਾਰੀ ਬੁਲਾਏ ਗਏ ਸਨ ਜਦੋਂ ਕਿ ਪਨਗਰੇਨ ਨੇ ਸਾਇਲੋ ਪ੍ਰਾਜੈਕਟ ਤਿਆਰ ਕਰਾਉਣ ਵਾਸਤੇ ਸ਼ਰਤਾਂ ਦੱਸੀਆਂ ਤਾਂ ਸਭ ਹੱਕੇ ਬੱਕੇ ਰਹਿ ਗਏ। ਵੇਰਵਿਆਂ ਅਨੁਸਾਰ ਪਨਗਰੇਨ ਨੇ ਇਨ੍ਹਾਂ ਪ੍ਰਾਜੈਕਟਾਂ ਵਾਸਤੇ ਸ਼ਰਤਾਂ ਤੇ ਮਾਪਦੰਡ ਇਦਾਂ ਦੇ ਰੱਖ ਦਿੱਤੇ ਹਨ ਜੋ ਕਿ ਪੰਜਾਬ ਦਾ ਕੋਈ ਕਾਰੋਬਾਰੀ ਪੂਰਾ ਨਹੀਂ ਕਰਦਾ ਹੈ। ਸਾਇਲੋ ਦਾ ਕੰਮ ਉਸ ਕੰਪਨੀ ਨੂੰ ਦਿੱਤਾ ਜਾਣਾ ਹੈ ਜਿਸ ਕੋਲ ਇਕ ਲੱਖ ਮੀਟਰਿਕ ਟਨ ਦੇ ਪਹਿਲਾਂ ਸਾਇਲੋ ਪਲਾਂਟ ਹੋਣ ਜਾਂ ਫਿਰ ਪੰਜ ਲੱਖ ਮੀਟਰਿਕ ਟਨ ਦੇ ਸਧਾਰਨ ਗੋਦਾਮਾਂ ਦਾ ਕੰਮ ਹੋਵੇ। ਨਾਲ ਹੀ ਤਿੰਨ ਸਾਲ ਦੇ ਤਜ਼ਰਬੇ ਦੀ ਸ਼ਰਤ ਰੱਖੀ ਗਈ ਹੈ।

ਧੂਰੀ ਦੇ ਪੁਰਾਣੇ ਕਾਰੋਬਾਰੀ ਰਾਕੇਸ਼ ਸਿੰਗਲਾ ਨੇ ਦੱਸਿਆ ਕਿ ਪਨਗਰੇਨ ਨੇ ਜੋ ਮਾਪਦੰਡ ਰੱਖੇ ਹਨ, ਉਨ੍ਹਾਂ ਦੇ ਦਾਇਰੇ ਵਿਚ ਪੰਜਾਬ ਦਾ ਕੋਈ ਕਾਰੋਬਾਰੀ ਨਹੀਂ ਆਉਂਦਾ ਹੈ ਕਿਉਂਕਿ ਸਾਇਲੋ ਨਵਾਂ ਤਰੀਕਾ ਹੈ ਅਤੇ ਨਾ ਹੀ ਕਿਸੇ ਕਾਰੋਬਾਰੀ ਕੋਲ ਪੰਜ ਲੱਖ ਮੀਟਰਿਕ ਟਨ ਦਾ ਅਨਾਜ ਭੰਡਾਰਨ ਦਾ ਏਡਾ ਕਾਰੋਬਾਰ ਤੇ ਤਜ਼ਰਬਾ ਹੈ। ਉਨ੍ਹਾਂ ਆਖਿਆ ਕਿ ਇਸ ਪ੍ਰਾਜੈਕਟ ਨੀਤੀ ਨੇ ਪੰਜਾਬ ਦੇ ਸਭ ਕਾਰੋਬਾਰੀ ਬਾਹਰ ਕਰ ਦਿੱਤੇ ਹਨ। ਸੂਤਰ ਦੱਸਦੇ ਹਨ ਕਿ ਸਿਰਫ਼ ਅਡਾਨੀ ਗਰੁੱਪ ਹੀ ਪਨਗਰੇਨ ਦੇ ਮਾਪਦੰਡਾਂ ਤੇ ਖਰਾ ਉੱਤਰਦਾ ਹੈ। ਇਕ ਹੋਰ ਕੰਪਨੀ ਦਾ ਨਾਂ ਵੀ ਲਿਆ ਜਾ ਰਿਹਾ ਹੈ। ਪਨਗਰੇਨ ਵੱਲੋਂ ਪੰਜਾਹ ਹਜ਼ਾਰ, 25 ਹਜ਼ਾਰ ਤੇ 15 ਹਜ਼ਾਰ ਸਮਰੱਥਾ ਦੇ ਸਾਇਲੋ ਬਣਵਾਏ ਜਾ ਰਹੇ ਹਨ। ਇਹ ਸਾਇਲੋ ਰਾਮਪੁਰਾ ਫੂਲ, ਬਰਨਾਲਾ, ਧੂਰੀ, ਨਾਭਾ, ਸੁਨਾਮ ਅਤੇ ਅਹਿਮਦਗੜ੍ਹ ਆਦਿ ਸ਼ਹਿਰਾਂ ਵਿਚ ਬਣਨੇ ਹਨ। ਪਨਗਰੇਨ ਆਪਣੀ ਜ਼ਮੀਨ ਪ੍ਰਾਈਵੇਟ ਕੰਪਨੀ ਨੂੰ ਦੇ ਰਿਹਾ ਹੈ।

ਜਾਣਕਾਰੀ ਅਨੁਸਾਰ ਵੇਅਰਹਾਊਸ ਨੇ ਸ਼ਰਤਾਂ ਤੇ ਮਾਪਦੰਡਾਂ ਵਿਚ ਨਰਮੀ ਵਰਤੀ ਹੈ ਜਿਸ ਕਰਕੇ ਤਕਰੀਬਨ 15 ਕਾਰੋਬਾਰੀ ਲੋਕਾਂ ਨੇ ਹੁਣ ਤੱਕ ਸਾਇਲੋ ਵਾਸਤੇ ਵੇਅਰਹਾਊਸ ਤੱਕ ਪਹੁੰਚ ਕੀਤੀ ਹੈ। ਵੇਅਰਹਾਊਸ ਦੇ ਐਮ.ਡੀ ਅਰਵਿੰਦਰ ਸਿੰਘ ਬੈਂਸ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਟੈਂਡਰ ਲਗਾ ਦਿੱਤੇ ਹਨ ਤੇ 25 ਜੁਲਾਈ ਤੱਕ ਦਾ ਸਮਾਂ ਦਿੱਤਾ ਗਿਆ ਹੈ। ਸ਼ਰਤਾਂ ਤੇ ਮਾਪਦੰਡ ਜਨਤਿਕ ਕਰ ਦਿੱਤੇ ਗਏ ਹਨ ਅਤੇ ਵੈਬਸਾਈਟ ਉੱਤੇ ਦੇਖੇ ਜਾ ਸਕਦੇ ਹਨ ਜਦੋਂ ਸਖ਼ਤ ਸ਼ਰਤਾਂ ਅਤੇ ਮਾਪਦੰਡਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਇਹ ਧਿਆਨ ਵਿਚ ਨਹੀਂ ਹੈ।

## ਹੁਨਰਮੰਦ ਪੰਜਾਬ ਸਕੀਮ ਨੂੰ ਹੁਲਾਰਾ ਦੇਣ ਲਈ ਯੋਜਨਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 'ਸਕਿਲ ਪੰਜਾਬ' (ਹੁਨਰਮੰਦ ਪੰਜਾਬ) ਸਕੀਮ ਨੂੰ ਹੁਲਾਰਾ ਦੇਣ ਲਈ ਯੋਜਨਾ ਤਿਆਰ ਕੀਤੀ ਹੈ। ਪੀ.ਐਚ.ਡੀ. ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਵੱਲੋਂ ਇਥੇ 'ਸਕਿਲਿੰਗ ਇੰਡੀਆ ਫਾਰ ਗਲੋਬਲ ਕੰਪੈਟੀਟਿਵਨੈਸ: ਪਲੱਗਿੰਗ ਦਾ ਸਕਿਲ ਗੈਪ' ਵਿਸ਼ੇ ਉਤੇ ਕਰਵਾਏ ਇਕ ਸ਼ੈਸਨ ਦੌਰਾਨ ਸੰਬੋਧਨ ਕਰਦਿਆਂ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਸਕੱਤਰ ਆਰ.ਕੇ. ਵਰਮਾ ਨੇ ਕਿਹਾ ਕਿ ਸੂਬੇ ਲਈ ਇਹ ਬੇਹੱਦ ਅਹਿਮ ਹੈ ਕਿ ਅਜੋਕੇ ਯੁੱਗ ਵਿਚ ਉਦਯੋਗ ਜਗਤ ਦੀਆਂ ਮੰਗਾਂ ਅਨੁਸਾਰ ਪੂਰੀ ਤਰ੍ਹਾਂ ਤਕਨੀਕੀ ਜਾਣਕਾਰੀ ਨਾਲ ਲੈਸ ਤੇ ਹੁਨਰਮੰਦ ਨੌਜਵਾਨ ਤਿਆਰ ਕੀਤੇ ਜਾਣ। ਸੂਬੇ ਵਿਚ ਹੁਨਰਮੰਦ ਨੌਜਵਾਨਾਂ ਦੀ ਗਿਣਤੀ ਵਧਾਉਣ ਲਈ ਇਹ ਬਹੁਤ ਜ਼ਰੂਰੀ ਹੈ ਤਾਂ ਕਿ ਸੂਬੇ ਦੇ ਹੁਨਰ ਵਿਕਾਸ ਮਿਸ਼ਨ ਨੂੰ ਮਜ਼ਬੂਤ ਕੀਤਾ ਜਾਵੇ।

# ਸ਼੍ਰੋਮਣੀ ਕਮੇਟੀ ਨੂੰ ਵੀ ਆਖਰਕਾਰ ਮਾਂ ਬੋਲੀ ਦੀ ਯਾਦ ਆਈ

**ਅੰਮ੍ਰਿਤਸਰ:** ਪੰਜਾਬ ਸਰਕਾਰ ਦੇ ਫੋਕੇ ਦਾਅਵਿਆਂ ਤੋਂ ਬਾਅਦ ਹੁਣ ਸ਼੍ਰੋਮਣੀ ਕਮੇਟੀ ਨੂੰ ਪੰਜਾਬ ਭਾਸ਼ਾ ਦੀ ਯਾਦ ਆਈ ਹੈ। ਸ਼੍ਰੋਮਣੀ ਕਮੇਟੀ ਨੇ 24 ਤੇ 25 ਅਕਤੂਬਰ ਨੂੰ ਵਿਸ਼ਵ ਪੰਜਾਬੀ ਭਾਸ਼ਾ ਸੰਮੇਲਨ ਕਰਵਾਉਣ ਦਾ ਫੈਸਲਾ ਕੀਤਾ ਹੈ। ਇਹ ਸੰਮੇਲਨ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਫਤਹਿਗੜ੍ਹ ਸਾਹਿਬ ਵਿਖੇ ਕਰਵਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਵਿਸ਼ਵ ਸੰਮੇਲਨ ਵਿਚ ਪਾਕਿਸਤਾਨ ਸਮੇਤ ਪੰਜਾਬੀ ਨੂੰ ਪਿਆਰ ਕਰਨ ਵਾਲੇ ਤੇ ਪੰਜਾਬੀ ਭਾਸ਼ਾ ਨਾਲ ਸਬੰਧ ਰੱਖਣ ਵਾਲੇ ਹਰੇਕ ਦੇਸ਼, ਕੈਨੇਡਾ, ਅਮਰੀਕਾ, ਇੰਗਲੈਂਡ, ਸਿੰਘਾਪੁਰ, ਮਲੇਸ਼ੀਆ ਤੇ ਆਸਟਰੇਲੀਆ ਤੋਂ ਵਿਦਵਾਨ ਸ਼ਾਮਲ ਹੋਣਗੇ।

ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬੀ ਭਾਸ਼ਾ ਪ੍ਰਤੀ ਹੋਰ ਸੰਜੀਦਾ ਹੁੰਦਿਆਂ ਅਜਿਹਾ ਵਿਸ਼ਵ ਸੰਮੇਲਨ ਪਹਿਲੀ ਵਾਰ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਪੰਜਾਬੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਵਿਸ਼ਵ ਪੱਧਰੀ ਵਿਸ਼ਵ ਪੰਜਾਬੀ ਭਾਸ਼ਾ ਸੰਮੇਲਨ ਕਰਾਉਣ ਦਾ ਫੈਸਲਾ ਕੀਤਾ ਹੈ ਤੇ ਇਸ ਬਾਰੇ ਰੂਪ ਰੇਖਾ ਤਿਆਰ ਕਰਨ ਲਈ ਵਿਦਵਾਨਾਂ ਦੀ ਇਕ ਕਮੇਟੀ ਦਾ ਗਠਨ ਕੀਤਾ ਹੈ। ਇਸ ਕਮੇਟੀ ਦਾ ਕੋਆਰਡੀਨੇਟਰ ਬਲਵਿੰਦਰ ਸਿੰਘ ਜੌੜਾ ਸਿੰਘਾਂ ਵਧੀਕ

### ਅਕਤੂਬਰ ਵਿਚ ਹੋਵੇਗਾ ਪੰਜਾਬੀ ਭਾਸ਼ਾ ਸੰਮੇਲਨ



ਸਕੱਤਰ ਧਰਮ ਪ੍ਰਚਾਰ ਕਮੇਟੀ ਨੂੰ ਬਣਾਇਆ ਗਿਆ ਹੈ।

ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਸਿਰਮੌਰ ਸੰਸਥਾ ਹੋਣ ਕਰਕੇ ਇਹ ਮਹਿਸੂਸ ਕਰਦੀ ਹੈ ਕਿ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਵਿਸ਼ਵ ਪੰਜਾਬੀ ਭਾਸ਼ਾ ਸੰਮੇਲਨ ਕਰਵਾਇਆ ਜਾਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬੀ ਭਾਸ਼ਾ ਬਾਰੇ ਅਜਿਹਾ ਵਿਸ਼ਵ ਸੰਮੇਲਨ ਪਹਿਲੀ ਵਾਰ ਕਰਵਾਇਆ ਜਾ ਰਿਹਾ ਹੈ, ਜਿਸ ਵਿਚ 6 ਸੈਸ਼ਨ ਹੋਣਗੇ, ਜਿਸ ਵਿਚ ਉਦਘਾਟਨੀ ਤੇ ਸਮਾਪਤੀ ਸੈਸ਼ਨ ਤੋਂ ਇਲਾਵਾ ਪੰਜਾਬੀ ਭਾਸ਼ਾ ਦੇ 3 ਤੇ 1 ਸੈਸ਼ਨ ਗੁਰਮੁਖੀ ਲਿੱਪੀ ਦਾ ਹੋਵੇਗਾ।

## ਦਸਤਾਵੇਜ਼ੀ ਇਤਿਹਾਸ ਲਿਖਵਾਏਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ 2020 ਵਿਚ ਆਪਣੇ 100 ਸਾਲ ਪੂਰੇ ਕਰਨ ਜਾ ਰਹੀ ਹੈ। ਇਸ ਸਬੰਧੀ ਪ੍ਰਸਿੱਧ ਵਿਦਵਾਨਾਂ ਪਾਸੋਂ ਸ਼੍ਰੋਮਣੀ ਕਮੇਟੀ ਦਾ 100 ਸਾਲਾ ਸਮੁੱਚਾ ਦਸਤਾਵੇਜ਼ੀ ਇਤਿਹਾਸ ਲਿਖਵਾਇਆ ਜਾਵੇਗਾ। ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਪਿਛੋਕੜ, ਇਸ ਦੀਆਂ ਰਾਜਨੀਤਕ, ਸਮਾਜਿਕ, ਧਾਰਮਿਕ ਤੇ ਵਿਦਿਅਕ ਪ੍ਰਸਥਿਤੀਆਂ, ਇਸ ਦੇ ਦਾਰਸ਼ਨਿਕ ਪਿਛੋਕੜ ਤੇ ਗੁਰਦੁਆਰਿਆਂ ਦੇ ਪ੍ਰਬੰਧ ਉਪਰੰਤ ਇਸ ਦੇ ਸੁਧਾਰਾਂ ਵਿਚ ਲਿਆਂਦੀ ਜਾਗ੍ਰਿਤੀ ਬਾਰੇ ਭਰਪੂਰ ਜਾਣਕਾਰੀ ਹੋਵੇਗੀ।

ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਇਤਿਹਾਸ ਖੋਜ ਬੋਰਡ ਦਾ ਪੁਨਰ ਗਠਨ ਕੀਤਾ ਜਾਵੇਗਾ ਤੇ ਕਮੇਟੀ ਦਾ 100 ਸਾਲ ਦਾ ਇਤਿਹਾਸ ਲਿਖਵਾਇਆ ਜਾਵੇਗਾ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦਿੱਤੀ। ਸ. ਬੇਦੀ ਨੇ ਦੱਸਿਆ ਕਿ ਇਸ ਬੋਰਡ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਤੋਂ ਇਲਾਵਾ ਪੰਜ ਮੈਂਬਰ ਹੋਣਗੇ। ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਖੇ ਉਰਦੂ, ਫਾਰਸੀ, ਅੰਗਰੇਜ਼ੀ ਤੇ ਹਿੰਦੀ ਦੇ (ਖੋਜ ਕਰਤਾ) ਵਿਦਵਾਨ ਵੀ ਤਾਇਨਾਤ ਕੀਤੇ ਜਾਣਗੇ, ਜੋ ਆਪਣੀ ਖੋਜ ਰਾਹੀਂ ਪਾਠਕਾਂ ਦੀ ਝੋਲੀ ਉਹ ਦੁਰਲੱਭ ਇਤਿਹਾਸ ਪਾਉਣਗੇ। ਉਨ੍ਹਾਂ ਕਿਹਾ ਕਿ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਚਾਹੁੰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੁਰਾਤਨ ਸਰੂਪ ਜੋ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਖੇ ਹਨ, ਦੀ ਸਾਂਭ-ਸੰਭਾਲ ਲਈ ਇਸ ਦੇ ਨੇੜੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਸ਼ੁਰੂ ਕੀਤੀ ਜਾਵੇ।

ਇਸ ਤੋਂ ਇਲਾਵਾ ਪ੍ਰਸਿੱਧ ਇਤਿਹਾਸਕਾਰਾਂ ਤੇ ਗੁਰਬਾਣੀ ਟੀਕਾਕਾਰਾਂ ਦੀਆਂ ਉਹ ਪੁਸਤਕਾਂ ਜੋ ਉਪਲਬੱਧ ਨਹੀਂ ਜਾਂ ਜਿਨ੍ਹਾਂ ਦੀ ਪ੍ਰਕਾਸ਼ਨਾ ਨਹੀਂ ਹੋ ਰਹੀ, ਨੂੰ ਦੁਬਾਰਾ ਪ੍ਰਕਾਸ਼ਿਤ ਕੀਤਾ ਜਾਵੇਗਾ। ਜਿਨ੍ਹਾਂ ਲੋਕਾਂ ਕੋਲ ਨਿੱਜੀ ਤੌਰ ਉਤੇ ਗੁਰਬਾਣੀ ਜਾਂ ਸਿੱਖ ਇਤਿਹਾਸ ਸਬੰਧੀ ਵੱਖ-ਵੱਖ ਖਰੜੇ ਪਏ ਹਨ, ਸ਼੍ਰੋਮਣੀ ਕਮੇਟੀ ਉਨ੍ਹਾਂ ਤੋਂ ਵੀ ਉਹ ਖਰੜੇ ਭੇਟਾ ਰਹਿਤ ਜਾਂ ਭੇਟਾ ਸਹਿਤ ਹਾਸਲ ਕਰੇਗੀ। ਸਿੱਖ ਰੈਫਰੈਂਸ ਲਾਇਬ੍ਰੇਰੀ ਵਿਖੇ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣਗੇ ਅਤੇ ਜਲਦੀ ਹੀ ਇਸ ਨੂੰ ਆਨਲਾਈਨ ਵੀ ਕੀਤਾ ਜਾਵੇਗਾ।

# ਖਰਾਬ ਮੌਸਮ ਕਾਰਨ ਹੇਮਕੁੰਟ ਸਾਹਿਬ ਯਾਤਰੂਆਂ ਦੀ ਗਿਣਤੀ ਘਟੀ

**ਅੰਮ੍ਰਿਤਸਰ (ਬਿਊਰੋ):** ਉਤਰਾਖੰਡ ਦੇ ਪਹਾੜੀ ਇਲਾਕੇ ਵਿਚ ਹੋ ਰਹੀ ਭਾਰੀ ਬਾਰਸ਼ ਕਾਰਨ ਹੇਮਕੁੰਟ ਸਾਹਿਬ ਯਾਤਰਾ ਪ੍ਰਭਾਵਿਤ ਹੋਈ ਹੈ ਤੇ ਇਸ ਕਾਰਨ ਯਾਤਰੂਆਂ ਦੀ ਗਿਣਤੀ ਘੱਟ ਹੋ ਗਈ ਹੈ। ਇਸ ਦੌਰਾਨ ਮੌਸਮ ਵਿਭਾਗ ਵੱਲੋਂ ਭਾਰੀ ਬਾਰਸ਼ਾਂ ਕਾਰਨ ਅਲਰਟ ਵੀ ਜਾਰੀ ਕੀਤਾ ਜਾ ਚੁੱਕਾ ਹੈ। ਇਸ ਤੋਂ ਪਹਿਲਾਂ ਵੀ ਭਾਰੀ ਮੀਂਹ ਤੇ ਹੜ੍ਹ ਕਾਰਨ ਕੁਝ ਪੁਲਾਂ ਨੂੰ ਨੁਕਸਾਨ ਪੁੱਜ ਚੁੱਕਾ ਹੈ, ਜਿਸ ਕਾਰਨ ਕੁਝ ਦਿਨ ਯਾਤਰਾ ਬੰਦ ਰਹੀ ਸੀ।

ਹੇਮਕੁੰਟ ਸਾਹਿਬ ਟਰੱਸਟ ਹੇਠ ਆਉਂਦੇ ਰਿਸ਼ੀਕੇਸ਼ ਗੁਰਦੁਆਰਾ ਸਿੰਘ ਸਭਾ ਦੇ ਮੈਨੇਜਰ ਦਰਸ਼ਨ ਸਿੰਘ ਨੇ ਦੱਸਿਆ ਕਿ ਭਾਰੀ ਬਾਰਸ਼ਾਂ ਕਾਰਨ ਯਾਤਰੂਆਂ ਦੀ ਗਿਣਤੀ ਵਿਚ ਕਮੀ ਆਈ ਹੈ ਪਰ ਯਾਤਰਾ ਨਿਰਵਿਘਨ ਜਾਰੀ ਹੈ। ਉਨ੍ਹਾਂ ਦੱਸਿਆ ਕਿ ਮੀਂਹ ਦੇ ਬਾਵਜੂਦ ਯਾਤਰਾ ਜਾਰੀ ਹੈ ਤੇ ਗੋਬਿੰਦਘਾਟ ਤੋਂ ਸ੍ਰੀ ਹੇਮਕੁੰਟ ਸਾਹਿਬ ਤੱਕ ਯਾਤਰੂ ਪੈਦਲ ਤੇ ਘੋੜਿਆਂ ਉਤੇ ਆ ਜਾ ਰਹੇ ਹਨ। ਰਿਸ਼ੀਕੇਸ਼ ਤੋਂ ਗੋਬਿੰਦ ਘਾਟ ਤੱਕ ਸੜਕੀ ਆਵਾਜਾਈ ਵੀ ਠੀਕ ਹੈ।

ਮਿਲੇ ਵੇਰਵਿਆਂ ਮੁਤਾਬਕ ਭਾਰੀ ਮੀਂਹ ਕਾਰਨ ਉਤਰਾਖੰਡ ਸੂਬੇ ਵਿਚ ਕੇਦਾਰਨਾਥ ਦੀ ਯਾਤਰਾ ਵੀ ਪ੍ਰਭਾਵਿਤ ਹੋਈ ਹੈ ਤੇ ਯਾਤਰਾ ਨੂੰ ਰੋਕਿਆ ਗਿਆ ਹੈ। ਹੁਣ ਤੱਕ ਹੇਮਕੁੰਟ ਸਾਹਿਬ ਯਾਤਰਾ ਲਈ ਤਕਰੀਬਨ ਡੇਢ ਲੱਖ ਸ਼ਰਧਾਲੂ ਦਰਸ਼ਨ ਕਰ ਚੁੱਕੇ ਹਨ। ਪਹਿਲੀ ਜੂਨ ਤੋਂ ਸ਼ੁਰੂ ਹੋਈ ਹੇਮਕੁੰਟ ਦੀ ਯਾਤਰਾ ਦੌਰਾਨ ਜੂਨ ਮਹੀਨੇ ਵਿਚ ਤਕਰੀਬਨ ਸਵਾ ਲੱਖ ਸ਼ਰਧਾਲੂਆਂ ਨੇ ਦਰਸ਼ਨ ਕੀਤੇ ਸਨ ਜਦੋਂਕਿ ਜੁਲਾਈ ਮਹੀਨੇ ਦੇ 15 ਦਿਨਾਂ ਵਿਚ ਸਿਰਫ 25-30 ਹਜ਼ਾਰ ਯਾਤਰੂ ਹੀ ਆਏ ਹਨ। ਭਾਰੀ ਮੀਂਹ ਕਾਰਨ ਯਾਤਰੂਆਂ ਦੀ ਆਮਦ ਘੱਟ ਗਈ ਹੈ। ਉਨ੍ਹਾਂ ਉਮੀਦ ਪ੍ਰਗਟਾਈ ਹੈ ਕਿ ਬਰਸਾਤੀ ਮੌਸਮ ਖ਼ਤਮ ਹੋਣ ਤੋਂ ਬਾਅਦ ਅਗਲੇ ਮਹੀਨੇ ਦੀ ਸ਼ੁਰੂਆਤ ਤੋਂ ਮੁੜ ਯਾਤਰਾ ਵਿਚ ਤੇਜ਼ੀ ਆਵੇਗੀ।

ਇਸ ਤੋਂ ਪਹਿਲਾਂ ਅਚਨਚੇਤੀ ਆਏ ਹੜ੍ਹ ਕਾਰਨ ਨੁਕਸਾਨੇ ਗਏ ਤਿੰਨ ਪੁਲਾਂ ਬਾਰੇ ਉਨ੍ਹਾਂ ਦੱਸਿਆ ਕਿ ਇਹ ਪੁਲ ਕੁਝ ਦਿਨਾਂ ਵਿਚ ਹੀ ਫੌਜ ਤੇ ਨੀਮ ਫੌਜੀ ਬਲਾਂ ਦੀ ਮਦਦ ਨਾਲ ਮੁਰੰਮਤ ਕਰ ਲਏ ਗਏ ਸਨ ਤੇ ਹੁਣ ਇਨ੍ਹਾਂ ਪੁਲਾਂ ਤੋਂ ਆਵਾਜ਼ਾਈ ਨਿਰਵਿਘਨ ਜਾਰੀ ਹੈ। ਇਨ੍ਹਾਂ ਪੁਲਾਂ ਤੋਂ ਘੋੜੇ ਆਦਿ ਵੀ ਲੰਘ ਰਹੇ ਹਨ।

ਇਥੇ ਦੱਸਣਯੋਗ ਹੈ ਕਿ ਬੀਤੇ ਮਹੀਨੇ ਗੁਰਦੁਆਰਾ ਗੋਬਿੰਦਘਾਟ ਤੋਂ ਗੋਬਿੰਦ ਧਾਮ ਤੱਕ ਜਾਂਦਿਆਂ ਰਸਤੇ ਵਿਚ ਆਉਂਦੇ ਦੋ ਪੁਲ ਟੁੱਟ ਗਏ ਸਨ। ਇਸੇ ਤਰ੍ਹਾਂ ਗੋਬਿੰਦ ਧਾਮ ਤੋਂ ਸ੍ਰੀ ਹੇਮਕੁੰਟ ਸਾਹਿਬ ਨੂੰ ਜਾਂਦਿਆਂ ਰਸਤੇ ਵਿਚ ਆਉਂਦਾ ਇਹ ਪੁਲ ਟੁੱਟ ਗਿਆ ਸੀ। ਜਿਸ ਕਾਰਨ ਕੁਝ ਯਾਤਰੂ ਗੁਰਦੁਆਰਾ ਗੋਬਿੰਦਧਾਮ ਵਿਖੇ ਰੁਕ ਗਏ ਸਨ, ਜਿਨ੍ਹਾਂ ਨੂੰ ਮਗਰੋਂ ਹੈਲੀਕਾਪਟਰਾਂ ਦੀ ਮਦਦ ਨਾਲ ਸੁਰੱਖਿਅਤ ਥਾਵਾਂ ਤੇ ਲਿਆਂਦਾ ਗਿਆ ਸੀ। ਮਗਰੋਂ ਇਹ ਪੁਲ ਮੁਰੰਮਤ ਕਰਕੇ ਸੰਗਤਾਂ ਦੀ ਆਵਾਜਾਈ ਲਈ ਸ਼ੁਰੂ ਕੀਤੇ ਗਏ ਹਨ।



# ਘੋੜ-ਦੌੜ ਵਾਲਾ ਸੁਪਨਮਈ ਪ੍ਰਾਜੈਕਟ ਬੇਭਰੋਸਗੀ ਦਾ ਸ਼ਿਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਘੋੜ ਦੌੜ ਵਾਲੇ ਬਹੁ-ਕਰੋੜੀ ਪ੍ਰਾਜੈਕਟ ਦਾ ਦਮ ਨਿਕਲ ਗਿਆ ਹੈ। ਸਰਕਾਰ ਦੇ ਇਸ ਸੁਪਨਮਈ ਪ੍ਰਾਜੈਕਟ ਨੂੰ ਢੁਕਵੇਂ ਬੋਲੀਕਾਰ ਹੀ ਨਹੀਂ ਮਿਲ ਰਹੇ। ਘੋੜਿਆਂ ਦੇ ਇਸ ਸ਼ਾਹੀ ਕਾਰੋਬਾਰ ਤੋਂ ਇਕੱਠੇ ਹੋਣ ਵਾਲੇ ਮਾਲੀਏ ਬਾਰੇ ਸੋਚ ਕੇ ਸਰਕਾਰ ਨੇ ਲੁਧਿਆਣਾ ਦੇ ਮੱਤੇਵਾੜਾ ਵਿਖੇ 'ਟਰਫ ਕਲੱਬ' (ਘੋੜ-ਦੌੜ) ਸਥਾਪਤ ਕਰਨ ਦੀ ਯੋਜਨਾ ਬਣਾਈ ਸੀ। ਸਰਕਾਰ ਨੇ ਇਸ ਸ਼ਾਹੀ ਪ੍ਰਾਜੈਕਟ ਨੂੰ ਸਿਰੇ ਚਾੜ੍ਹਨ ਲਈ ਮੱਤੇਵਾੜਾ ਵਿਖੇ ਸਥਿਤ ਪਸ਼ੂ ਪਾਲਣ ਮਹਿਕਮੇ ਦੀ ਤਕਰੀਬਨ 171 ਏਕੜ ਜ਼ਮੀਨ ਵੀ ਅਲਾਟ ਕਰ ਦਿੱਤੀ ਸੀ, ਪਰ ਕਲੱਬ ਵਿਚ ਘੋੜਿਆਂ ਦੀਆਂ ਦੌੜਾਂ ਲਵਾਉਣ ਲਈ ਬਣਨ ਵਾਲੇ 'ਰੇਸ ਕੋਰਸ' ਵਾਸਤੇ ਸਰਕਾਰ ਵੱਲੋਂ ਵਾਰ-ਵਾਰ ਬੋਲੀਆਂ ਮੰਗੇ ਜਾਣ ਦੇ ਬਾਵਜੂਦ ਕੋਈ ਢੁਕਵਾਂ ਬੋਲੀਕਾਰ ਨਹੀਂ ਲੱਭ ਰਿਹਾ। ਇਸ ਪ੍ਰਾਜੈਕਟ ਲਈ ਪੰਜਾਬ ਸਰਕਾਰ ਨੂੰ ਐਨਾ ਜਨੂੰਨ ਸੀ ਕਿ ਸਰਕਾਰ ਨੇ ਬਕਾਇਦਾ ਪੰਜਾਬ ਵਿਧਾਨ ਸਭਾ ਵਿਚ ਇਸ ਪ੍ਰਾਜੈਕਟ ਬਾਰੇ ਬਿੱਲ 'ਪੰਜਾਬ ਘੋੜ-ਦੌੜ ਐਕਟ-2013' ਨੂੰ ਪ੍ਰਵਾਨਗੀ ਦਿਵਾਈ ਸੀ ਤੇ ਇਸ ਪ੍ਰਾਜੈਕਟ ਨੂੰ ਅਮਲੀ ਰੂਪ ਦੇਣ ਦਾ ਜਿੰਮਾ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ.ਆਈ.ਡੀ.ਬੀ.) ਨੂੰ ਸੌਂਪ ਦਿੱਤਾ ਸੀ। ਜਾਣਕਾਰੀ ਅਨੁਸਾਰ ਘੋੜ ਦੌੜ ਵਾਸਤੇ 'ਰੇਸ ਕੋਰਸ' ਸਥਾਪਤ ਕਰਨ ਲਈ ਸਭ ਤੋਂ ਪਹਿਲਾਂ ਦੋ ਫਰਵਰੀ ਤਰੀਕ ਤੈਅ ਕਰਦਿਆਂ ਬੋਲੀਕਾਰਾਂ ਤੋਂ ਟੈਂਡਰ ਮੰਗੇ ਗਏ ਸਨ।



ਟੈਂਡਰਾਂ ਦੀ ਇਸ ਮੰਗ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ, ਜਦਕਿ ਬੋਰਡ ਦੇ ਇਕ ਅਧਿਕਾਰੀ ਦਾ ਕਹਿਣਾ ਹੈ ਕਿ ਪਹੁੰਚੀਆਂ ਟੈਂਡਰ ਦਰਖਾਸਤਾਂ ਤਸੱਲੀਬਖ਼ਸ਼ ਨਾ ਹੋਣ ਕਾਰਨ ਦਰਖਾਸਤਾਂ ਹਾਸਲ ਕਰਨ ਦੀ ਆਖਰੀ ਤਰੀਕ ਦੋ ਫਰਵਰੀ ਤੋਂ ਵਧਾ ਕੇ 27 ਫਰਵਰੀ ਕਰ ਦਿੱਤੀ ਗਈ। ਉਸ ਤੋਂ ਬਾਅਦ ਇਹ ਤਰੀਕ ਵਧਾ ਕੇ 23 ਅਪਰੈਲ ਕਰ ਦਿੱਤੀ ਗਈ ਤੇ ਉਸ ਤੋਂ ਬਾਅਦ 18 ਮਈ, ਫਿਰ 16 ਜੂਨ ਤੇ ਹੁਣ 16 ਜੁਲਾਈ ਤੈਅ ਕੀਤੀ ਗਈ ਸੀ। ਸਰਕਾਰ ਦੀ ਯੋਜਨਾ ਸੀ ਕਿ ਰੇਸ ਵਿਚ ਦੌੜਨ ਵਾਲੇ ਘੋੜਿਆਂ ਉਤੇ ਲੱਗਣ ਵਾਲੀਆਂ ਸ਼ਰਤਾਂ ਤੋਂ ਇਲਾਵਾ ਇਸ ਕਲੱਬ ਦੀ ਮੈਂਬਰਸ਼ਿਪ ਫੀਸ, ਉਥੇ ਬਣਨ ਵਾਲੇ ਰੈਸਤਰਾਂ, ਐਂਟਰੀ ਫ਼ੀਸ ਆਦਿ ਤੋਂ ਮਾਲੀਏ ਵਜੋਂ ਮੋਟੀ ਕਮਾਈ ਕਰੇਗੀ। ਇਸ ਤੋਂ ਇਲਾਵਾ ਸਰਕਾਰ ਦੀ ਇਸ ਦੌੜ-ਪੱਟੀ ਦੁਆਲੇ 9 ਹਜ਼ਾਰ ਲੋਕਾਂ ਦੇ ਬੈਠ ਸਕਣ ਦੀ ਸਮਰੱਥਾ ਤੇ ਘੋੜਿਆਂ ਉਤੇ ਸ਼ਰਤਾਂ ਲਾਉਣ ਵਾਲਿਆਂ (ਬੁਕੀਜ਼) ਦੇ ਬੈਠਣ ਲਈ ਵਿਸ਼ੇਸ਼ ਸਥਾਨ, ਘੋੜਿਆਂ ਦੀ ਸਾਂਭ ਸੰਭਾਲ ਲਈ ਕੇਂਦਰ ਸਥਾਪਤ ਕਰਨ ਦੀ ਯੋਜਨਾ ਸੀ, ਪਰ ਬੋਲੀਕਾਰ ਨਾ ਮਿਲਣ ਕਾਰਨ ਘੋੜਿਆਂ ਦੇ ਇਸ ਪ੍ਰਾਜੈਕਟ ਦਾ ਹਾਲ ਦੀ ਘੜੀ ਤਾਂ ਦਮ ਟੁੱਟਦਾ ਨਜ਼ਰ ਆ ਰਿਹਾ ਹੈ।

## ਵਿਕਾਸ ਯੋਜਨਾਵਾਂ ਉਤੇ ਖਰਚੇ ਪੱਖੋਂ ਪੰਜਾਬ ਫਾਡੀ

**ਨਵੀਂ ਦਿੱਲੀ:** ਪੰਜਾਬ ਸਰਕਾਰ ਨੇ ਸਾਲ 2014-15 ਦੌਰਾਨ ਸਮਾਜਿਕ ਖੇਤਰ ਭਾਵ ਸੂਬਾ ਵਾਸੀਆਂ ਦੀਆਂ ਭਲਾਈ ਯੋਜਨਾਵਾਂ ਤੇ ਦਿਹਾਤੀ ਵਿਕਾਸ ਸਬੰਧੀ ਯੋਜਨਾਵਾਂ ਉਤੇ 18,880 ਕਰੋੜ ਰੁਪਏ ਖਰਚ ਕੀਤੇ ਹਨ। ਇਹ ਅੰਕੜੇ ਜੇਕਰ ਬਾਕੀ ਰਾਜਾਂ ਦੇ ਤੁਲਨਾਤਮਿਕ ਆਧਾਰ ਉਤੇ ਵੇਖੀਏ ਤਾਂ 29 ਰਾਜਾਂ ਦੀ ਲੰਬੀ ਸੂਚੀ ਵਿਚ ਪੰਜਾਬ ਦਾ ਨਾਂ ਕਿਤੇ ਪਿੱਛੇ ਨਜ਼ਰ ਆਵੇਗਾ। ਉਤਰ ਪ੍ਰਦੇਸ਼ ਵੱਲੋਂ ਸਮਾਜਿਕ ਖੇਤਰ ਵਿਚ ਖਰਚ ਕੀਤੀ 1,03,760 ਕਰੋੜ ਦੀ ਰਕਮ ਦੇ ਅੱਗੇ ਪੰਜਾਬ ਵੱਲੋਂ ਖਰਚੀ ਰਕਮ ਕਾਫੀ ਘੱਟ ਨਜ਼ਰ ਆਉਂਦੀ ਹੈ। ਭਾਵੇਂ ਪੰਜਾਬ ਦਾ ਨੰਬਰ ਸਭ ਤੋਂ ਹੇਠਲੇ ਤਿੰਨ ਸੂਬਿਆਂ ਵਿਚ ਨਹੀਂ ਆਉਂਦਾ, ਪਰ ਸਮਾਜਿਕ ਖੇਤਰ ਵਿਚ ਸਭ ਤੋਂ ਅੱਗੇ ਰਹਿਣ ਵਾਲੇ ਪਹਿਲੇ 10 ਸੂਬਿਆਂ ਵਿਚ ਵੀ ਉਸ ਦਾ ਨਾਂ ਨਹੀਂ ਹੈ। ਆਰ.ਬੀ.ਆਈ. ਵੱਲੋਂ ਜਾਰੀ ਅੰਕੜਿਆਂ ਮੁਤਾਬਕ ਉੱਤਰ ਪ੍ਰਦੇਸ਼ ਤੋਂ ਬਾਅਦ ਮਹਾਰਾਸ਼ਟਰ, ਰਾਜਸਥਾਨ ਤੇ ਬਿਹਾਰ ਦਾ ਨੰਬਰ ਲੋਕਾਂ ਦੀ ਭਲਾਈ ਵਿਚ ਦੂਜੇ, ਤੀਜੇ ਤੇ ਚੌਥੇ ਨੰਬਰ ਉਤੇ ਆਉਂਦਾ ਹੈ। ਜਦਕਿ ਸੂਚੀ ਵਿਚ ਪੰਜਾਬ ਦੀ ਥਾਂ ਹੇਠੋਂ 13ਵੀਂ ਹੈ।

# ਖ਼ੂਨੀ ਖੇਡ ਖੇਡਣ ਵਾਲੇ ਗ੍ਰੰਥੀ ਦਾ ਭੇਤ ਖੁੱਲ੍ਹਿਆ

**ਮੋਗਾ:** ਥਾਣਾ ਬਾਘਾਪੁਰਾਣਾ ਅਧੀਨ ਪਿੰਡ ਕੋਟਲਾ ਮੇਹਰ ਸਿੰਘ ਵਾਲਾ ਵਿਖੇ ਦੋ ਲੜਕੀਆਂ ਸਮੇਤ ਪੰਜਾਂ ਦੀ ਹੱਤਿਆਂ ਮਗਰੋਂ ਖੁਦਕੁਸ਼ੀ ਕਰਨ ਵਾਲੇ ਗ੍ਰੰਥੀ ਦਾ ਭੇਤ ਖੁੱਲ੍ਹ ਗਿਆ ਹੈ। ਉਹ ਇਥੇ ਗਲਤ ਨਾਂ ਉਤੇ ਰਹਿ ਰਿਹਾ ਸੀ ਤੇ ਇਕ ਧੀ ਤੇ ਦੋ ਪੁੱਤਾਂ ਦਾ ਪਿਉ ਸੀ। ਇਹ ਗ੍ਰੰਥੀ ਹਰਿੰਦਰ ਸਿੰਘ ਸੋਢੀ ਦੇ ਨਾਂ ਨਾਲ ਇਥੇ ਰਹਿੰਦਾ ਸੀ। ਉਸਦੀ ਸ਼ਨਾਖਤ ਬਿੱਕਰ ਸਿੰਘ ਪੁੱਤਰ ਦਲੀਪ ਸਿੰਘ ਪਿੰਡ ਸੇਖਾ ਥਾਣਾ ਮਲੌਦ ਜ਼ਿਲ੍ਹਾ ਲੁਧਿਆਣਾ ਵਜੋਂ ਉਸ ਦੀ ਪਤਨੀ ਮੁਖਤਿਆਰ ਕੌਰ ਨੇ ਕੀਤੀ ਹੈ। ਮੁਖਤਿਆਰ ਕੌਰ ਦਾ ਕਹਿਣਾ ਹੈ ਕਿ ਬਿੱਕਰ ਸਿੰਘ ਉਸ ਨੂੰ ਕਰੀਬ 20 ਵਰ੍ਹੇ ਪਹਿਲਾਂ ਛੱਡ ਕੇ ਚਲਾ ਗਿਆ ਸੀ ਤੇ ਮੁੜ ਕਦੀ ਵੀ ਘਰ ਨਹੀਂ ਗਿਆ।

ਦੱਸਣਯੋਗ ਹੈ ਕਿ ਪਿੰਡ ਕੋਟਲਾ ਮੇਹਰ ਸਿੰਘ ਵਾਲਾ ਵਿਚ ਇਸ ਗ੍ਰੰਥੀ ਨੇ ਦੋ ਲੜਕੀਆਂ ਸਮੇਤ ਪੰਜ ਵਿਅਕਤੀਆਂ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰਕੇ ਖੁਦਕੁਸ਼ੀ ਕਰ ਲਈ। ਪੁਲਿਸ ਮੁਤਾਬਕ ਇਹ ਗ੍ਰੰਥੀ ਲੋਕਾਂ ਕੋਲ ਦਾਅਵਾ ਕਰਦਾ ਸੀ ਕਿ ਉਸ ਨੂੰ ਤੰਤਰ ਵਿੱਦਿਆ ਦਾ ਵੀ ਗਿਆਨ ਹੈ ਤੇ ਉਹ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦੀ ਸ਼ਕਤੀ ਰੱਖਦਾ ਹੈ। ਇਸੇ ਕਾਰਨ ਕਈ ਲੋਕ ਉਸ ਦੇ ਚੇਲੇ ਬਣੇ। ਮਰਨ ਵਾਲੇ ਪੰਜ ਮੁੰਡੇ ਕੁੜੀਆਂ ਵੀ ਗ੍ਰੰਥੀ ਨੂੰ ਪ੍ਰਮਾਤਮਾ ਨਾਲ ਮਿਲਵਾਉਣ ਲਈ ਕਹਿੰਦੇ ਸਨ।ਪਰ ਜਦ ਗ੍ਰੰਥੀ ਨੂੰ ਲੱਗਾ ਕਿ ਉਹ ਕਿਸੇ ਨੂੰ ਪ੍ਰਮਾਤਮਾ ਨਾਲ ਮਿਲਵਾਉਣ ਵਿਚ ਸਮਰੱਥ ਨਹੀਂ ਹੈ ਤੇ ਉਸ ਦਾ ਭੇਤ ਖੁੱਲ੍ਹ ਜਾਵੇਗਾ ਤਾਂ ਉਸ ਨੇ ਅਜਿਹਾ ਹੌਲਨਾਕ ਕਦਮ ਚੁੱਕਿਆ। ਗ੍ਰੰਥੀ ਹਰਿੰਦਰਪਾਲ ਸਿੰਘ ਨੇ ਪਹਿਲਾਂ ਪਾਣੀ ਵਿਚ ਸਲਫਾਸ ਮਿਲਾ ਕੇ ਆਪਣੇ ਪੰਜਾਂ ਚੇਲਿਆਂ ਨੂੰ ਪਿਲਾਈ ਤੇ ਜਦ ਉਹ ਬੇਹੋਸ਼ ਹੋ ਗਏ ਤਾਂ ਉਨ੍ਹਾਂ ਦੇ ਗਲੇ ਵੀ ਵੱਢ ਦਿੱਤੇ।

ਇਸ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਗ੍ਰੰਥੀ ਨੇ ਖੁਦ ਵੀ ਸਲਫਾਸ ਨਿਗਲ ਕੇ ਖੁਦਕੁਸ਼ੀ ਕਰ ਲਈ। ਇਸ ਹੱਤਿਆਕਾਂਡ ਵਿਚ ਕਾਤਲ ਗ੍ਰੰਥੀ ਹਰਿੰਦਰਪਾਲ ਸਿੰਘ ਸਮੇਤ ਤਿੰਨ ਸੋਨੀ, ਅਮਨਦੀਪ, ਪਰਮਿੰਦਰ ਸਿੰਘ ਤੇ ਦੋ ਕੁੜੀਆਂ ਰਾਜਪਾਲ ਕੌਰ ਤੇ ਸੰਦੀਪ ਕੌਰ ਦੀ ਜਾਨ ਗਈ ਸੀ। ਹਰਿੰਦਰਪਾਲ ਸਿੰਘ (70) ਪਿੰਡ ਦੇ ਰਵਿਦਾਸ ਗੁਰਦੁਆਰਾ ਸਾਹਿਬ ਵਿਚ ਮੁੱਖ ਸੇਵਾਦਾਰ ਸੀ।

ਪੁਲਿਸ ਅਨੁਸਾਰ ਹਰਿੰਦਰਪਾਲ ਸਿੰਘ ਵਾਰਦਾਤ ਵਾਲੇ ਦਿਨ ਪਿੰਡ ਦੀ ਇਕ ਲੜਕੀ ਸੰਦੀਪ ਕੌਰ ਦੇ ਘਰ ਗਿਆ। ਉਹ ਇਕ ਕਮਰੇ ਵਿਚ ਇਹ ਕਹਿ ਕੇ ਦਾਖਲ ਹੋ ਗਏ ਕਿ ਅਸੀਂ ਅੰਦਰ ਪਾਠ ਕਰਨਾ ਹੈ, ਕੋਈ ਵੀ ਅੰਦਰ ਨਾ ਆਵੇ। ਘਰ ਦੇ ਮਾਲਕ ਬਚਿੱਤ ਸਿੰਘ ਨੇ ਦੱਸਿਆ ਕਿ ਉਸ ਨੇ ਸਵੇਰੇ ਉੱਠ ਕੇ ਦੇਖਿਆ ਤਾਂ ਹਰਿੰਦਰਪਾਲ ਸਿੰਘ ਦੀ ਲਾਸ਼ ਦਰਵਾਜ਼ੇ ਨਾਲ ਤੇ ਬਾਕੀਆਂ ਦੀਆਂ ਲਾਸ਼ਾਂ ਖੂਨ ਨਾਲ ਲੱਥ ਪੱਥ ਕਮਰੇ ਵਿਚ ਪਈਆਂ ਸਨ। ਪੁਲਿਸ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰੰਥੀ ਨੇ ਪਹਿਲਾਂ ਹੀ ਆਪਣੇ ਕੋਲ ਘੋਲ ਕੇ ਰੱਖੀ ਹੋਈ ਸਲਫਾਸ ਪੰਜੇ ਜਣਿਆਂ ਨੂੰ ਦੇ ਕੇ ਬੇਹੋਸ਼ ਕਰ ਦਿੱਤਾ ਤੇ ਇਸ ਮਗਰੋਂ ਤੇਜ਼ਧਾਰ ਹਥਿਆਰਾਂ ਨਾਲ ਉਨ੍ਹਾਂ ਦਾ ਕਤਲ ਕਰ ਦਿੱਤਾ।

# ਭਾਰੀ ਮੀਂਹ ਕਾਰਨ ਫਰੀਵੇਅ 10 ਦਾ ਪੁਲ ਰੁੜ੍ਹਿਆ



**ਡੈਜ਼ਰਟ ਸੈਂਟਰ, ਕੈਲੀਫੋਰਨੀਆ (ਬਿਊਰੋ):** ਉਤਰੀ ਕੈਲੀਫੋਰਨੀਆ ਵਿਚ ਭਾਰੀ ਮੀਂਹ ਪੈਣ ਕਾਰਨ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਕਈ ਥਾਂਵਾਂ 'ਤੇ ਬਿਜਲੀ ਡਿੱਗਣ ਅਤੇ ਬਿਜਲੀ ਗੁੱਲ ਹੋਣ ਦੀਆਂ ਖਬਰਾਂ ਵੀ ਆਈਆ ਹਨ।

ਕੈਲੀਫੋਰਨੀਆ ਅਤੇ ਐਰੀਜ਼ੋਨਾ ਦੇ ਸਟੇਟ ਬਾਰਡਰ 'ਤੇ ਲੰਘੇ ਐਤਵਾਰ ਯਾਤਰੀਆਂ ਨੂੰ ਉਸ ਵਕਤ ਫਰੀਵੇਅ 10 'ਤੇ ਘੰਟਿਆਬੱਧੀ ਰੁਕਣਾ ਪਿਆ ਜਦੋਂ ਭਾਰੀ ਮੀਂਹ ਕਾਰਨ ਇੱਕ ਡਰੇਨ ਦਾ ਪੁਲ ਰੁੜ੍ਹ ਗਿਆ ਅਤੇ ਦੋਹਾਂ ਸਟੇਟਾਂ ਵਿਚਾਲੇ ਸੜਕੀ ਸੰਪਰਕ ਟੁੱਟ ਗਿਆ। ਲੋਕਾਂ ਨੂੰ ਆਪਣੀ ਮੰਜ਼ਿਲ ਤੱਕ ਪਹੁੰਚਣ ਲਈ ਸੈਂਕੜੇ ਮੀਲਾਂ ਦਾ ਵਲ ਪਾ ਕੇ ਜਾਣਾ ਪਿਆ। ਇਹ ਪੁਲ ਇੰਡਿਓ ਸ਼ਹਿਰ ਤੋਂ 50 ਮੀਲ ਪੂਰਬ ਵਾਲੇ ਪਾਸੇ ਵਸੇ ਸ਼ਹਿਰ ਡੈਜ਼ਰਟ ਸੈਂਟਰ ਵਿਚ ਪੈਂਦਾ ਹੈ। ਇਸ ਪੁਲ ਦੇ ਰੁੜ੍ਹ ਜਾਣ ਕਾਰਨ ਇੱਕ ਪਿਕਅੱਪ ਟਰੱਕ ਇਸ ਡਰੇਨ ਵਿਚ ਡਿੱਗ ਗਿਆ ਜਿਸ ਕਰਕੇ ਇਸ ਵਿਚ ਸਵਾਰ ਦੋ ਵਿਅਕਤੀਆ ਨੂੰ ਅੱਗ ਬੁਝਾਊ ਅਮਲੇ ਦੇ ਮੈਂਬਰਾਂ ਨੇ ਆਮ ਲੋਕਾਂ ਦੀ ਮਦਦ ਨਾਲ ਬਾਹਰ ਕੱਢਿਆ। ਇਸ ਹਾਦਸੇ ਵਿਚ ਡਰਾਈਵਰ ਨੂੰ ਕਾਫੀ ਸੱਟਾਂ ਲੱਗੀਆਂ ਅਤੇ ਉਸ ਨੂੰ ਲਾਗਲੇ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ।

ਪੁਲ ਦੇ ਰੁੜ੍ਹਨ ਕਾਰਨ ਫਰੀਵੇਅ ਦਸ ਪੂਰਬ ਵਾਲੇ ਪਾਸੇ ਪੂਰੀ ਤਰ੍ਹਾਂ ਨਾਲ ਅਗਾਊਂ ਨੋਟਿਸ ਤੱਕ ਬੰਦ ਕਰ ਦਿੱਤਾ ਗਿਆ ਹੈ, ਜਦੋਂਕਿ ਇਹਤਿਆਤੀ ਤੌਰ 'ਤੇ ਪੱਛਮ ਨੂੰ ਜਾਣ ਵਾਲੀ ਸੜਕ ਵੀ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤੀ ਗਈ ਹੈ। ਕੈਲੀਫੋਰਨੀਆ ਤੋਂ ਐਰੀਜ਼ੋਨਾ ਜਾਣ ਲਈ ਡਰਾਇਵਰ ਹੁਣ ਹਾਈਵੇਅ 40 ਤੋਂ 95 ਜਾ 111 ਅਤੇ 86 ਤੋਂ 8 ਲੈ ਕੇ ਆਪਣੀ ਮੰਜ਼ਿਲ ਤੱਕ ਪਹੁੰਚ ਸਕਦੇ ਹਨ।

# ਪੌਂਟੀ ਚੱਢਾ ਹੱਤਿਆ ਮਾਮਲੇ ਵਿਚ 21 ਖ਼ਿਲਾਫ਼ ਦੋਸ਼ ਤੈਅ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ 2012 ਵਿਚ ਹੋਏ ਗੋਲੀਬਾਰੀ ਮਾਮਲੇ ਵਿਚ ਉੱਤਰਾਖੰਡ ਘੱਟ ਗਿਣਤੀ ਕਮਿਸ਼ਨ ਦੇ ਮੁਅੱਤਲ ਮੁਖੀ ਸੁਖਦੇਵ ਸਿੰਘ ਨਾਮਧਾਰੀ ਸਮੇਤ 21 ਖ਼ਿਲਾਫ ਹੱਤਿਆ ਦੇ ਦੋਸ਼ ਤੈਅ ਕਰ ਦਿੱਤੇ ਹਨ। ਇਸ ਗੋਲੀਬਾਰੀ ਵਿਚ ਸ਼ਰਾਬ ਦੇ ਕਾਰੋਬਾਰੀ ਪੌਂਟੀ ਚੱਢਾ ਤੇ ਉਸ ਦੇ ਛੋਟੇ ਭਰਾ ਹਰਦੀਪ ਸਿੰਘ ਦੀ



ਮੌਤ ਹੋ ਗਈ ਸੀ। ਇਨ੍ਹਾਂ ਦੋਸ਼ੀਆਂ ਖ਼ਿਲਾਫ ਧਾਰਾ 302 ਤੇ 149 ਤਹਿਤ ਦੋਸ਼ ਤੈਅ ਕੀਤੇ ਗਏ ਹਨ। ਇਸ ਮਾਮਲੇ ਦੀ ਅਗਲੀ ਤਰੀਕ 19 ਸਤੰਬਰ ਤੈਅ ਕੀਤੀ ਗਈ ਹੈ। ਇਕ ਹੇਠਲੀ ਅਦਾਲਤ ਨੇ 28 ਜਨਵਰੀ ਨੂੰ 2014 ਨੂੰ ਇਨ੍ਹਾਂ ਸਭ ਦੋਸ਼ੀਆਂ ਖ਼ਿਲਾਫ ਦੋਸ਼ ਹਟਾ ਦਿੱਤੇ ਸਨ ਤੇ ਇਨ੍ਹਾਂ ਖ਼ਿਲਾਫ ਗੈਰ ਇਰਾਦਾ ਹੱਤਿਆ ਦਾ ਮਾਮਲਾ ਬਣਾ ਦਿੱਤਾ ਸੀ।

# ਅਵਾਰਾ ਪਸ਼ੂਆਂ ਨੇ ਲੋਕਾਂ ਦਾ ਜਿਉਣਾ ਦੁਭਰ ਕੀਤਾ

ਪੰਜਾਬ ਵਿਚ ਅਵਾਰਾ ਪਸ਼ੂਆਂ ਨੇ ਆਮ ਲੋਕਾਂ ਦਾ ਜਿਉਣਾ ਦੁਭਰ ਕੀਤਾ ਹੋਇਆ ਹੈ। ਜਿਥੇ ਪਿੰਡਾਂ ਦੇ ਲੋਕ ਇਨ੍ਹਾਂ ਪਸ਼ੂਆਂ ਦੀਆਂ ਡਾਰਾਂ ਨੇ ਤਪਾਏ ਪਏ ਹਨ ਉਥੇ ਸ਼ਹਿਰੀ ਆਬਾਦੀ ਵੀ ਇਨ੍ਹਾਂ ਤੋਂ ਦੁਖੀ ਹੈ।

ਪੰਜਾਬ ਦਾ ਕੋਈ ਵੀ ਇਲਾਕਾ-ਪੇਂਡੂ ਹੋਵੇ ਜਾਂ ਸ਼ਹਿਰੀ, ਵੱਡੇ ਝੁੰਡਾਂ ਦੇ ਝੁੰਡ ਅਵਾਰਾ ਪਸ਼ੂ ਹਰਲ ਹਰਲ ਕਰਦੇ ਨਜ਼ਰ ਆਉਣਗੇ। ਛੋਟੀਆਂ-ਵੱਡੀਆਂ ਸੜਕਾਂ, ਗਲੀਆਂ ਚੁਰਸਤਿਆਂ ਅਤੇ ਬੱਸ ਅੱਡਿਆਂ ਵਿਚ ਇਹ ਅਵਾਰਾ ਪਸ਼ੂ ਟਰੈਫਿਕ ਲਈ ਗੰਭੀਰ ਸਮੱਸਿਆ ਖੜ੍ਹੀ ਕਰਦੇ ਹਨ। ਅਵਾਰਾ ਪਸ਼ੂਆਂ ਵਿਚ ਬਹੁਗਿਣਤੀ ਢੱਠਿਆਂ, ਵੱਛਿਆਂ ਅਤੇ ਦੋਗਲੀ ਕਿਸਮ ਦੀਆਂ ਗਾਂਵਾਂ ਦੀ ਹੈ। ਪਹਿਲਾਂ ਦੋਗਲੀ ਕਿਸਮ ਦੀਆਂ ਗਾਂਵਾਂ ਨੂੰ ਲੋਕ ਅਮਰੀਕਨ ਗਾਂਵਾਂ ਕਹਿੰਦੇ ਸਨ ਅਤੇ ਡੇਅਰੀ ਲਈ ਚੰਗੀ ਨਸਲ ਮੰਨਦੇ ਸਨ। ਬਾਅਦ ਵਿਚ ਭਾਰਤੀ ਨਸਲ ਨਾਲ ਰਲਗੱਡ ਹੋਣ ਕਾਰਨ ਇਹ ਦੋਗਲੀ ਨਸਲ ਵਿਚ ਤਬਦੀਲ ਹੋ ਗਈਆਂ। ਇਨ੍ਹਾਂ ਦੀ ਖੁਰਕ ਜ਼ਿਆਦਾ ਹੈ ਪਰ ਦੁਧ ਘੱਟ ਦਿੰਦੀਆਂ ਹਨ। ਟਰੈਕਟਰਾਂ ਦੀ ਵਰਤੋਂ ਵਧਣ ਕਰਕੇ ਇਨ੍ਹਾਂ ਦੇ ਵੱਛੇ ਵੀ ਖੇਤੀ ਦੇ ਕੰਮ ਨਹੀਂ ਆਉਂਦੇ। ਸ਼ਿਵ ਸੈਨਕਾਂ ਦਾ ਜ਼ੋਰ ਹੋਣ ਕਰਕੇ ਮੀਟ ਵਾਲੇ ਵੀ ਇਨ੍ਹਾਂ ਨੂੰ ਖਰੀਦਣ ਤੋਂ ਕੰਨੀ ਕਤਰਾਉਂਦੇ ਹਨ। ਹਿੰਦੂ ਵੋਟ ਬੈਂਕ ਕੈਸ਼ ਕਰਨ ਲਈ ਸਰਕਾਰਾਂ ਵੀ ਚੁੱਪ ਹਨ। ਆਮ ਜਨਤਾ ਕੋਲ ਇਨ੍ਹਾਂ ਦਾ ਰੱਸਾ ਲਾਹੁਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ।

ਸ਼ਹਿਰਾਂ ਦੇ ਨੇੜੇ ਮੁੱਖ ਮਾਰਗਾਂ ਦੇ ਐਨ ਵਿਚਕਾਰ ਬਣੇ ਥੜ੍ਹੇ ਉਪਰ ਬੈਠੇ ਇਹ ਪਸ਼ੂ ਅਕਸਰ ਹੀ ਨਜ਼ਰ ਆ ਜਾਂਦੇ ਹਨ ਜਦੋਂਕਿ ਪੇਂਡੂ ਸੜਕਾਂ ਦੇ ਐਨ ਵਿਚਾਲੇ ਆਰਾਮ ਨਾਲ ਉਗਾਲੀ ਕਰਦੇ ਬੈਠੇ ਹੁੰਦੇ ਹਨ। ਅਵਾਰਾ ਪਸ਼ੂ ਆਵਾਜਾਈ ਵਿਚ ਵਿਘਨ ਪਾਉਂਦੇ ਹਨ ਅਤੇ ਇਨ੍ਹਾਂ ਕਰਕੇ ਹਾਦਸੇ ਵੀ ਬਥੇਰੇ ਵਾਪਰ ਜਾਂਦੇ ਹਨ। ਇਹ ਪਸ਼ੂ ਰੇਲ ਗੱਡੀਆਂ ਜਾਂ ਵੱਡੇ ਟਰੱਕਾਂ ਦੀ ਚਪੇਟ 'ਚ ਆ ਕੇ ਗੰਭੀਰ ਹਾਦਸਿਆਂ ਦਾ ਕਾਰਨ ਵੀ ਬਣਦੇ ਹਨ।



ਰਾਤਾਂ ਨੂੰ ਇਹ ਅਵਾਰਾ ਪਸ਼ੂ ਦਿਨ ਨਾਲੋਂ ਵੀ ਘਾਤਕ ਸਿੱਧ ਹੁੰਦੇ ਨੇ, ਕਿਉਂਕਿ ਕਾਲੇ ਜਾਂ ਭੂਰੇ ਰੰਗ ਦੇ ਹੋਣ ਕਾਰਨ ਉਦੋਂ ਹੀ ਪਤਾ ਲੱਗਦਾ ਹੈ ਜਦੋਂ ਪਟਾਕਾ ਪੈਂਦਾ ਹੈ। ਬੇਸ਼ੱਕ ਸਮਾਜਸੇਵੀ ਜਥੇਬੰਦੀਆਂ ਜਾਂ ਸੰਤਾਂ ਵੱਲੋਂ ਕੁਝ ਗਊਸ਼ਾਲਾਵਾਂ ਬਣਾਈਆਂ ਗਈਆਂ ਹਨ ਪਰ ਪਸ਼ੂਆਂ ਦੀ ਗਿਣਤੀ ਮੂਹਰੇ ਬਹੁਤ ਛੋਟੀਆਂ ਹਨ। ਪਿੰਡਾਂ ਵਿਚ ਅਵਾਰਾ ਪਸ਼ੂ ਰਾਤ ਨੂੰ ਜਦੋਂ ਢਾਣੀਆਂ ਬਣਾ ਕੇ ਫਸਲ 'ਤੇ ਟੁਟ ਪੈਂਦੇ ਹਨ ਤਾਂ ਝੱਟ ਹੀ ਏਕੜਾਂ ਦੇ ਏਕੜ ਫਸਲ ਤਬਾਹ ਕਰ ਦਿੰਦੇ ਹਨ। ਨਤੀਜਨ ਲੋਕ ਰਾਤਾਂ ਨੂੰ ਸੌਂ ਵੀ ਨਹੀਂ ਸਕਦੇ। ਅੱਕੇ ਲੋਕ ਇਨ੍ਹਾਂ ਦੀ ਕੁਟ-ਮਾਰ ਵੀ ਕਰਦੇ ਹਨ ਅਤੇ ਟਰਾਲੀਆਂ 'ਚ ਚੜ੍ਹਾ ਕੇ ਹੋਰ ਪਿੰਡਾਂ-ਸ਼ਹਿਰਾਂ ਵਿਚ ਵੀ ਛੱਡ ਆਉਂਦੇ ਹਨ ਜਿਸ ਕਰਕੇ ਆਪਸੀ ਲੜਾਈਆਂ ਵੀ ਹੋ ਜਾਂਦੀਆਂ ਹਨ। ਇਸੇ ਕਰਕੇ ਸ਼ਹਿਰੀ ਖੇਤਰ ਵਿਚ ਗੰਦਗੀ ਦੇ ਢੇਰਾਂ ਦੁਆਲੇ ਅਵਾਰਾ ਪਸ਼ੂ ਆਪਣਾ ਟਿਕਾਣਾ ਬਣਾ ਲੈਂਦੇ ਹਨ।

ਇਨ੍ਹਾਂ ਅਵਾਰਾ ਪਸ਼ੂਆਂ ਵਿਚ ਮਾਰਖੰਡੇ ਢੱਠਿਆਂ ਦੇ ਹਮਲੇ ਕਾਰਨ ਰਾਹਗੀਰ ਜ਼ਖ਼ਮੀ ਵੀ ਹੋਏ ਹਨ। ਪਿਛਲੇ ਸਾਲ ਮੇਰੇ ਪਿੰਡ ਮਾਛੀਕੇ ਦੇ ਬੱਸ ਅੱਡੇ 'ਤੇ ਇੱਕ ਅਧਖੜ ਉਮਰ ਦੀ ਔਰਤ ਨੂੰ ਭੂਤਰੇ ਢੱਠੇ ਨੇ ਸਿੰਗਾਂ 'ਤੇ ਚੱਕ ਕੇ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ ਸੀ। ਕੁਝ ਲੋਕ ਸਾਰੀ ਉਮਰ ਪਸ਼ੂਆਂ ਦਾ ਚੰਮ ਲਾਹੁਣ ਮਗਰੋਂ ਉਨ੍ਹਾਂ ਦਾ ਰੱਸਾ ਲਾਹ ਦਿੰਦੇ ਹਨ। ਇਨ੍ਹਾਂ ਨੂੰ ਕੋਈ ਪੁੱਛੇ ਬਈ ਜੇ ਤੁਹਾਡੀ ਔਲਾਦ ਥੋਨੂੰ ਬੁਢੇ-ਵਾਰੇ ਘਰੋਂ ਬਾਹਰ ਕੱਢੇ ਫੇਰ!

ਸਰਕਾਰ ਅਤੇ ਪ੍ਰਸ਼ਾਸਨ ਵੀ ਅਵਾਰਾ ਪਸ਼ੂਆਂ ਨੂੰ ਤਮਾਸ਼ਬੀਨ ਬਣ ਕੇ ਵੇਖੀ ਜਾ ਰਹੇ ਹਨ। ਇਹ ਸੋਚਦੇ ਹਨ ਕਿ ਦੁਰਘਟਨਾਵਾਂ ਨੂੰ ਰੋਕਣ ਲਈ ਪਸ਼ੂਆਂ ਦੇ ਗਲ੍ਹਾਂ ਵਿਚ ਰਿਫਲੈਕਟਰ ਪਾ ਕੇ ਸਾਡਾ ਕੰਮ ਖਤਮ। ਸਰਕਾਰ ਨੂੰ ਇਸ ਮਸਲੇ 'ਤੇ ਸੰਜੀਦਾ ਹੋਣ ਦੀ ਲੋੜ ਹੈ। ਇਨ੍ਹਾਂ ਨੂੰ ਚਾਰਦੀਵਾਰੀ ਵਿਚ ਰੱਖਣ ਲਈ ਢੁਕਵੇਂ ਕਦਮ ਚੁਕੇ ਜਾਣੇ ਚਾਹੀਦੇ ਹਨ ਜਾਂ ਸਮਾਜ-ਸੇਵੀ ਜਥੇਬੰਦੀਆਂ ਜਾਂ ਗਊਸ਼ਾਲ ਚਲਾ ਰਹੇ ਸੰਤਾਂ ਦੀ ਵਿੱਤੀ ਮਦਦ ਕਰਨੀ ਚਾਹੀਦੀ ਹੈ। ਤਾਂ ਜੋ ਅਵਾਰਾ ਪਸ਼ੂਆਂ ਕਰਕੇ ਹੁੰਦੇ ਉਜਾੜੇ ਅਤੇ ਜਾਨ ਲੇਵਾ ਸੜਕ ਹਾਦਸਿਆਂ ਨੂੰ ਰੋਕਿਆ ਜਾ ਸਕੇ।

*-ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ*
*ਫੋਨ: 559-333-5776*

ਖੇਡ ਜਗਤ

# ਦੋਹਾਂ ਦਾਰਿਆਂ ਦੇ ਦਰਸ਼ਨ ਦੀਦਾਰੇ

ਸਵਾਲ ਹੈ ਕਿ ਦਾਰਾ ਪਹਿਲਵਾਨ ਇੱਕੋ ਸੀ ਜਾਂ ਦੋ? ਜੇ ਦੋ ਸੀ ਤਾਂ ਅਸਲੀ ਕਿਹੜਾ ਸੀ ਤੇ ਨਕਲੀ ਕਿਹੜਾ? ਜਵਾਬ ਹੈ ਕਿ ਦਾਰੇ ਪਹਿਲਵਾਨ ਦੋ ਹੋਏ ਹਨ। ਦੋਵੇਂ ਅਸਲੀ ਸਨ। ਇਕ ਦਾ ਪਹਿਲਾ ਨਾਂ ਹੀ ਦਾਰਾ ਸਿੰਘ ਸੀ ਜਦ ਕਿ ਦੂਜੇ ਦਾ ਪਹਿਲਾ ਨਾਂ ਦੀਦਾਰ ਸਿੰਘ ਸੀ। ਦਾਰਾ ਸਿੰਘ, ਦੀਦਾਰ ਸਿੰਘ ਤੋਂ ਦਸ ਸਾਲ ਵੱਡਾ ਸੀ। ਵੱਡੇ ਦਾਰੇ ਦੀ ਗੁੱਡੀ ਚੜ੍ਹੀ ਤਾਂ ਛੋਟੇ ਨੂੰ ਵੀ ਦਾਰਾ ਕਿਹਾ ਜਾਣ ਲੱਗਾ। ਦੋਵੇਂ ਰੁਸਤਮੇ ਹਿੰਦ ਤੇ ਰੁਸਤਮੇ ਜ਼ਮਾਂ ਬਣੇ। ਦੋਵੇਂ ਮਝੈਲ ਸਨ ਤੇ ਦੋਵੇਂ ਜੱਟ ਸਿੱਖ। ਵੱਡਾ ਸਿੱਧੂ ਸੀ, ਛੋਟਾ ਰੰਧਾਵਾ। ਛੋਟੇ ਦਾਰੇ ਨੂੰ ਤਾਂ ਜੱਗ ਜਾਣਦੈ ਜਿਸ ਨੇ ਅਨੇਕਾਂ ਫਿਲਮਾਂ 'ਚ ਕੰਮ ਕੀਤਾ ਤੇ 'ਮੇਰੀ ਆਤਮ ਕਥਾ' ਪੁਸਤਕ ਵੀ ਲਿਖੀ। ਵੱਡੇ ਦਾਰੇ ਬਾਰੇ ਡਾ. ਬਲਵੰਤ ਸਿੰਘ ਸੰਧੂ ਨੇ 'ਗੁੰਮਨਾਮ ਚੈਂਪੀਅਨ' ਨਾਂ ਦਾ ਨਾਵਲ ਲਿਖਿਆ ਜੋ ਚੇਤਨਾ ਪ੍ਰਕਾਸ਼ਨ ਨੇ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਛਾਪਿਆ। ਜਿਨ੍ਹਾਂ ਨੇ ਦੋਹਾਂ ਦਾਰਿਆਂ ਬਾਰੇ ਵਿਸਥਾਰ ਨਾਲ ਜਾਨਣਾ ਹੋਵੇ ਉਹ ਇਹ ਪੁਸਤਕਾਂ ਪੜ੍ਹ ਸਕਦੇ ਹਨ।

ਦਾਰਾ ਸਿੰਘਾਂ ਦੀ ਵੱਖਰੀ ਪਛਾਣ ਦਾਰਾ ਦੁਲਚੀਪੁਰੀਆ ਤੇ ਦਾਰਾ ਧਰਮੂਚੱਕੀਆ ਕਰ ਕੇ ਹੈ। ਦੋਵੇਂ ਦਾਰੇ ਰੋਟੀ ਰੋਜ਼ੀ ਲਈ ਸਿੰਘਾਪੁਰ ਗਏ ਸਨ ਤੇ ਦੋਹਾਂ ਨੇ ਹੀ ਸਿੰਘਾਪੁਰੋਂ ਫਰੀ ਸਟਾਈਲ ਕੁਸ਼ਤੀ ਸਿੱਖੀ ਸੀ। ਉਥੇ ਉਹ ਭਾੜੇ ਦੀਆਂ ਕੁਸ਼ਤੀਆਂ ਲੜਦੇ ਰਹੇ ਤੇ ਆਪਸ ਵਿਚ ਮਿਲਦੇ ਵੀ ਰਹੇ। ਦੀਦਾਰ ਸਿੰਘ ਦਾ ਚਾਚਾ ਦਾਰਾ ਸਿੰਘ ਦਾ ਬੇਲੀ ਸੀ। ਉਹ 'ਕੱਠੇ ਖਾ ਪੀ ਲੈਂਦੇ ਸਨ। ਵੱਡੇ ਦਾਰੇ ਨੇ ਆਪਣੇ ਸਕੇ ਭਰਾ ਦੇ ਕਤਲ ਦਾ ਬਦਲਾ ਲੈਣ ਲਈ ਕੁਸ਼ਤੀਆਂ ਵਿਚੇ ਛੱਡ ਕੇ ਆਪਣੇ ਸ਼ਰੀਕ ਭਰਾ ਯਾਨਿ ਕਜ਼ਨ ਨੂੰ ਕਤਲ ਕਰ ਦਿੱਤਾ ਸੀ। ਕਤਲ ਕਰਨ ਵਾਲੇ ਦਿਨ ਦੀਦਾਰ ਸਿੰਘ ਦਾ ਚਾਚਾ ਵੀ ਦਾਰੇ ਦੇ ਨਾਲ ਸੀ। ਉਸ ਕਤਲ ਬਦਲੇ ਦਾਰੇ ਨੂੰ ਪਹਿਲਾਂ ਫਾਂਸੀ ਦੀ ਸਜ਼ਾ ਹੋਈ ਜੋ ਪਿੱਛੋਂ ਉਮਰ ਕੈਦ ਵਿਚ ਬਦਲ ਗਈ। ਉਹਦੀਆਂ ਕੁਸ਼ਤੀਆਂ ਵਿਖਾ ਕੇ ਲੋਕ ਭਲਾਈ ਫੰਡ 'ਕੱਠਾ ਕਰਨ ਲਈ ਉਸ ਨੂੰ ਫਿਰੋਜ਼ਪੁਰ ਜੇਲ੍ਹ ਵਿਚੋਂ ਹੱਥਕੜੀਆਂ ਲਾ ਕੇ ਰਿੰਗ ਵਿਚ ਲਿਜਾਇਆ ਜਾਂਦਾ ਸੀ। ਕੁਸ਼ਤੀ ਲੜਨ ਵੇਲੇ ਹੱਥਕੜੀ ਖੋਲ੍ਹ ਦਿੱਤੀ ਜਾਂਦੀ ਸੀ ਤੇ ਕੁਸ਼ਤੀ ਵਿਖਾਉਣ ਪਿੱਛੋਂ ਮੁੜ ਜੜ ਲਈ ਜਾਂਦੀ ਸੀ। 1957 ਵਿਚ ਉਹਦੀ ਇਕ ਕੁਸ਼ਤੀ ਫਾਜ਼ਿਲਕਾ ਦੇ ਗਊਸ਼ਾਲਾ ਮੈਦਾਨ ਵਿਚ ਮੈਂ ਆਪਣੀ ਅੱਖੀਂ ਵੇਖੀ ਸੀ। ਉਹਦਾ ਕੱਦ ਸੱਤ ਫੁੱਟ ਦੇ ਕਰੀਬ ਸੀ ਜਦਕਿ ਛੋਟੇ ਦਾਰੇ ਦਾ ਸਵਾ ਛੇ ਫੁੱਟ ਤੋਂ ਰਤਾ ਕੁ ਘੱਟ ਸੀ।

ਦਾਰੇ ਦੁਲਚੀਪੁਰੀਏ ਨੇ ਆਪਣੇ ਸ਼ਰੀਕ ਭਰਾ ਨੂੰ ਜਿਸ ਛੱਪੜ ਵਿਚ ਕੁਹਾੜੀ ਮਾਰ ਕੇ ਡੁਬੋ ਕੇ ਮਾਰਿਆ ਸੀ, ਉਹ ਮੈਂ ਆਪਣੀ ਅੱਖੀਂ ਵੇਖ ਆਇਆਂ। ਦਾਰੇ ਦੇ ਦੋਵੇਂ ਪੋਤੇ ਮੇਰੇ ਨਾਲ ਸਨ। ਜਿਸ ਬੀਹੀ ਵਿਚ ਉਹਦੇ ਭਰਾ ਨੂੰ ਸ਼ਰੀਕਾਂ ਨੇ ਮਾਰਿਆ ਸੀ, ਉਹ ਵੀ ਵੇਖ ਲਈ ਹੈ। ਦੁਲਚੀਪੁਰਾ ਖਡੂਰ ਸਾਹਿਬ ਲਾਗੇ ਛੋਟਾ ਜਿਹਾ ਪਿੰਡ ਹੈ ਜਿਥੇ ਮੇਰਾ ਭਤੀਜਾ ਬਲਵੰਤ ਵਿਆਹਿਆ ਹੋਇਐ। ਉਸ ਨੇ ਘੋਖ ਪੜਤਾਲ ਪਿੱਛੋਂ ਦਾਰੇ ਦੁਲਚੀਪੁਰੀਏ ਦੀ ਜੀਵਨ ਗਾਥਾ ਨਾਵਲੀ ਰੂਪ ਵਿਚ ਲਿਖੀ। ਹਕੀਕਤ ਨੂੰ ਗਲਪੀ ਰੰਗ ਦਿੱਤਾ। ਉਸ ਨੇ ਲਿਖਿਆ, "ਜਦੋਂ ਦੁਲਚੀਪੁਰ ਜਾਣਾ ਤਾਂ ਪਿੰਡ ਵਿਚ ਫਿਰਦਿਆਂ ਬੜੀ ਖੁਸ਼ੀ ਤੇ ਮਾਣ ਮਹਿਸੂਸ ਹੋਣਾ ਕਿ ਕਿਸੇ ਸਮੇਂ ਇਸੇ ਪਿੰਡ ਵਿਚ, ਇਨ੍ਹਾਂ ਗਲੀਆਂ ਬੀਹੀਆਂ ਵਿਚ, ਭਲਵਾਨੀ ਵਿਚ ਧੁੰਮਾਂ ਪਾਉਣ ਵਾਲੇ ਦਾਰਾ ਸਿੰਘ ਨੇ ਪੈੜਾਂ ਪਾਈਆਂ ਹਨ। ਬਚਪਨ ਵਿਚ ਉਹ ਇਨ੍ਹਾਂ ਹੀ ਗਲੀਆਂ ਵਿਚ ਖੇਡਦਾ ਰਿਹਾ ਸੀ। ਇਸ ਪਿੰਡ ਦੀ ਫਿਜ਼ਾ ਵਿਚ ਸਾਹ ਲਏ ਸਨ ਅਤੇ ਦੋਸਤੀਆਂ ਤੇ ਦੁਸ਼ਮਣੀਆਂ ਪਾਲੀਆਂ ਸਨ। ਕਲਪਨਾ ਵਿਚ ਦਾਰਾ ਸਿੰਘ ਮੈਨੂੰ ਪਿੰਡ 'ਚ ਫਿਰਦਾ ਦਿਖਦਾ...।"

"ਦਾਰਾ ਸਿੰਘ ਦਾ ਪੁੱਤਰ ਜੋ ਉਸ ਦੀਆਂ ਪਿਛਲੇ ਪਹਿਰ ਦੀਆਂ ਕਈ ਕੁਸ਼ਤੀਆਂ ਦਾ ਚਸ਼ਮਦੀਦ ਗਵਾਹ ਸੀ, ਦਾਰੇ ਤੋਂ ਬਾਅਦ ਭਰ ਜਵਾਨੀ ਵਿਚ ਹੀ ਵਿਛੋੜਾ ਦੇ ਗਿਆ ਸੀ। ਦਾਰਾ ਸਿੰਘ ਦੀ ਪਤਨੀ ਬਲਬੀਰ ਕੌਰ ਨਾਲ ਵੀ ਇਕ ਦੋ ਮੁਲਾਕਾਤਾਂ ਹੀ ਹੋ ਸਕੀਆਂ। ਇਸੇ ਦੌਰਾਨ ਉਹ ਵੀ ਸੰਸਾਰ ਨੂੰ ਅਲਵਿਦਾ ਕਹਿ ਗਈ। ਦਾਰਾ ਸਿੰਘ ਦੇ ਪੋਤਰਿਆਂ ਦੀ ਇਸ ਖੇਤਰ ਵਿਚ ਕੋਈ ਖਾਸ ਦਿਲਚਸਪੀ ਨਹੀਂ ਸੀ ਰਹੀ। ਪੋਤਰੇ ਰਘਬੀਰ ਨੇ ਬਾਬੇ ਦੀਆਂ ਪੈੜਾਂ 'ਤੇ ਚੱਲਣ ਦੀ ਕੋਸ਼ਿਸ਼ ਕੀਤੀ ਸੀ ਪਰ ਜਲਦੀ ਹੀ ਵਾਪਸ ਮੁੜ ਗਿਆ। ਪਰ ਉਨ੍ਹਾਂ ਨੇ ਦਾਰਾ ਸਿੰਘ ਦੀਆਂ ਯਾਦਗਾਰੀ ਨਿਸ਼ਾਨੀਆਂ ਸੰਭਾਲ ਕੇ ਰੱਖੀਆਂ ਹੋਈਆਂ ਸਨ...।"

ਦਾਰਾ ਦੁਲਚੀਪੁਰੀਆ 1988 ਵਿਚ ਮਰ ਗਿਆ ਸੀ। ਪਿੱਛੇ ਉਸ ਦੇ ਦੋ ਪੋਤੇ ਹਨ, ਇਕ ਪੜਪੋਤਾ ਤੇ ਇਕ ਪੜਪੋਤੀ ਹੈ। ਉਹ ਪਿੰਡੋਂ ਬਾਹਰ ਖੇਤ ਵਿਚ ਰਹਿੰਦੇ ਹਨ ਜਿਥੇ ਉਨ੍ਹਾਂ ਨੇ ਦਾਰੇ ਦੀ ਸੱਤ ਫੁੱਟੀ ਸਮਾਧੀ ਬਣਾਈ ਹੋਈ ਹੈ। ਉਹ ਸੱਤ ਫੁੱਟਾ ਪਹਿਲਵਾਨ ਸੀ। ਉਸ ਨੇ ਵਰਲਡ ਚੈਂਪੀਅਨ ਕਿੰਗਕਾਂਗ ਨੂੰ ਹਰਾ ਕੇ ਰੁਸਤਮੇ ਜ਼ਮਾਂ ਦਾ ਖਿਤਾਬ ਜਿੱਤਿਆ ਸੀ ਤੇ ਦੁਨੀਆਂ ਵਿਚ 'ਦਾਰਾ ਦਾਰਾ' ਕਰਵਾਈ ਸੀ। ਉਹ ਜੀਂਦੇ ਜੀਅ ਮਿੱਥ ਬਣ ਗਿਆ ਸੀ ਅਤੇ ਉਹਦੇ ਬਾਰੇ ਦੰਦ ਕਥਾਵਾਂ ਚੱਲ ਪਈਆਂ ਸਨ। ਇਕ ਦੰਦ ਕਥਾ ਸੀ ਕਿ ਉਸ ਨੇ ਦੋ ਜਣਿਆਂ ਨੂੰ ਧੌਣੋਂ ਫੜ ਕੇ ਆਪਸ ਵਿਚ ਭਿੜਾ ਕੇ ਛੱਪੜ ਵਿਚ ਡੋਬ ਦਿੱਤਾ ਸੀ। ਦੂਜੀ ਦੰਦ ਕਥਾ ਸੀ ਪਈ ਉਹਨੂੰ ਮਾਰਨਖੰਡਾ ਸਾਨ੍ਹ ਪੈ ਗਿਆ ਪਰ ਦਾਰੇ ਨੇ ਸਿੰਗ ਫੜ ਲਏ। ਫਿਰ ਦੋਵੇਂ ਧੱਕਮਧੱਕੀ ਹੋਣ ਲੱਗੇ। ਆਖਰ ਸਾਨ੍ਹ ਦੀ ਮੋਕ ਵਗ ਗਈ ਤੇ ਸਿੰਗ ਛੁਟਦਿਆਂ ਸਾਰ ਸਾਨ੍ਹ ਅਜਿਹਾ ਭੱਜਿਆ ਕਿ ਮੁੜ ਉਸ ਪਿੰਡ ਦੀ ਜੂਹ ਵਿਚ ਨਾ ਵੜਿਆ।

ਦਾਰੇ ਦੁਲਚੀਪੁਰੀਏ ਦੇ ਜੀਵਨ ਵਿਚ ਬੜੇ ਉਤਰਾਅ ਚੜ੍ਹਾਅ ਆਏ। ਉਸ ਦੀ ਜ਼ਿੰਦਗੀ ਮਾਲ ਡੰਗਰ ਚਾਰਦਿਆਂ ਘੁਲਣ-ਘੁਲਾਈ ਤੋਂ ਸ਼ੁਰੂ ਹੋ ਕੇ ਖੇਤੀਬਾੜੀ ਕਰਨ, ਪਰਵਾਸੀ ਬਣਨ, ਕੁਸ਼ਤੀਆਂ ਲੜਨ, ਖੂਨ, ਸਜ਼ਾ, ਰੁਮਾਂਸ, ਸਰਪੰਚੀ, ਨਸ਼ੇ ਤੇ ਭਲਵਾਨੀ ਕਲਚਰ ਵਿਚ ਗੁੱਧੀ ਹੋਈ ਸੀ ਜਿਸ 'ਤੇ ਕਮਾਲ ਦੀ ਫਿਲਮ ਬਣ ਸਕਦੀ ਹੈ। ਨਾਵਲ 'ਗੁੰਮਨਾਮ ਚੈਂਪੀਅਨ' ਦਾਰੇ ਦੀ ਫਿਲਮ ਦਾ ਆਧਾਰ ਬਣ ਸਕਦੈ। ਦਾਰੇ ਨੇ ਆਪਣੀ ਪਤਨੀ ਦੇ ਹੁੰਦਿਆਂ ਇਕ ਉਚੀ ਲੰਮੀ ਸੁੰਦਰ ਬ੍ਰਾਹਮਣੀ ਨਾਲ ਇਸ਼ਕ ਵੀ ਕੀਤਾ। ਉਹ ਘਰ ਲਿਆ ਬਿਠਾਈ। ਉਹ ਯੱਕਾ ਜੋੜ ਕੇ ਤਰਨਤਾਰਨ ਸ਼ੌਕ ਦਾ ਗੇੜਾ ਕੱਢਣ ਜਾਂਦੇ। ਕਈਆਂ ਨੇ ਕਿਹਾ ਕਿ ਇਹ ਵਿਰੋਧੀ ਪਹਿਲਵਾਨਾਂ ਦੀ ਚਾਲ ਸੀ, ਪਈ ਕੁਸ਼ਤੀਆਂ ਵੱਲੋਂ ਮੋੜ ਕੇ ਉਸ ਨੂੰ ਅਯਾਸ਼ੀ 'ਚ ਪਾਇਆ ਜਾਵੇ।

ਦਾਰੇ ਦਾ ਆਖਰੀ ਸਮਾਂ ਬੜਾ ਬੁਰਾ ਬੀਤਿਆ। ਉਹ ਸ਼ੂਗਰ, ਬਲੱਡ ਪ੍ਰੈਸ਼ਰ ਤੇ ਜੋੜਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਗਿਆ, ਪੈਰਾਂ ਦੇ ਅੰਗੂਠੇ ਕੱਟੇ ਗਏ ਤੇ ਚੂਲਾ ਟੁੱਟ ਗਿਆ। ਇਕ ਤਰ੍ਹਾਂ ਅਪਾਹਜ ਬਣ ਗਿਆ। ਉਸ ਦਾ ਜੁੱਸਾ ਸਵਾ ਕੁਇੰਟਲ ਤੋਂ ਘਟ ਕੇ 70 ਕਿਲੋ ਦਾ ਰਹਿ ਗਿਆ ਤੇ ਉਹ 70ਵੇਂ ਸਾਲ ਦੀ ਉਮਰ 'ਚ ਗੁਜ਼ਰ ਗਿਆ। ਨਾਵਲ 'ਗੁੰਮਨਾਮ ਚੈਂਪੀਅਨ' ਦੇ ਅੰਤਲੇ ਪੈਰੇ ਵਿਚ ਉਸ ਦੀ ਹਾਲਤ ਇੰਜ ਬਿਆਨੀ ਗਈ ਹੈ, "ਆਪਣੇ ਅੰਤਲੇ ਦਿਨਾਂ ਵਿਚ ਸੱਤਰ ਸਾਲ ਦੇ ਦਾਰਾ ਸਿੰਘ ਦਾ ਵਜ਼ਨ ਸੱਤਰ ਕਿੱਲੋ ਤੋਂ ਵੀ ਘੱਟ ਰਹਿ ਗਿਆ ਸੀ। ਬਿਮਾਰੀ ਨੇ ਉਸ ਦੀ ਸਾਰੀ ਸੱਤਿਆ ਸੂਤ ਲਈ ਸੀ। ਕਦੇ ਲੋਕਾਂ ਤੋਂ ਸੁਣੀ



ਦਾਰਾ ਸਿੰਘ ਦੁਲਚੀਪੁਰੀਆ



ਦਾਰਾ ਸਿੰਘ ਰੰਧਾਵਾ

ਗੱਲ ਕਿ ਕੰਜਰੀਆਂ ਤੇ ਭਲਵਾਨਾਂ ਦਾ ਬੁਢਾਪਾ ਮਾੜਾ ਹੀ ਬੀਤਦਾ ਹੈ, ਉਹ ਹੱਡੀਂ ਹੰਢਾ ਰਿਹਾ ਸੀ। ਉਹ ਤੁਰਨੋਂ ਫਿਰਨੋਂ ਰਹਿ ਗਿਆ ਸੀ। ...ਉਸ ਨੂੰ ਦੁਬਾਰਾ ਅਧਰੰਗ ਦਾ ਦੌਰਾ ਪੈ ਗਿਆ। ਇਸ ਵਾਰ ਦਾ ਦੌਰਾ ਜਾਨ ਲੇਵਾ ਸਾਬਤ ਹੋਇਆ। ਤਰਨਤਾਰਨ ਦੇ ਡਾਕਟਰ ਨੇ ਭਲਵਾਨ ਜੀ ਦੇ ਪਰਿਵਾਰ ਨੂੰ ਘਰ ਲਿਜਾ ਕੇ ਸੇਵਾ ਕਰਨ ਦੀ ਸਲਾਹ ਦਿੱਤੀ ਪਰ ਘਰ ਵਾਲੇ ਉਸ ਨੂੰ ਇਸ ਹਾਲਤ ਵਿਚ ਘਰ ਲੈ ਜਾਣ ਲਈ ਸਹਿਮਤ ਨਾ ਹੋਏ।...ਆਖਰ ਪੰਝੀ ਜੁਲਾਈ 1988 ਨੂੰ ਸਵੇਰੇ ਸਾਢੇ ਤਿੰਨ ਵਜੇ ਭਲਵਾਨ ਦਾਰਾ ਸਿੰਘ ਆਪਣੀ ਪਤਨੀ ਬਲਬੀਰ ਕੌਰ, ਪੁੱਤਰ ਹਰਬੰਸ ਸਿੰਘ ਤੇ ਪੋਤਰੇ ਰਣਜੀਤ ਸਿੰਘ ਦੀ ਹਾਜ਼ਰੀ ਵਿਚ ਇਸ ਫਾਨੀ ਜਗਤ ਨੂੰ ਅਲਵਿਦਾ ਕਹਿ ਗਿਆ।"

---

ਦੂਜੇ ਦਾਰੇ ਪਹਿਲਵਾਨ ਨੂੰ ਸਭ ਜਾਣਦੇ ਹਨ, ਜੀਹਨੇ ਕੁਸ਼ਤੀਆਂ ਤੋਂ ਬਿਨਾਂ ਫਿਲਮਾਂ ਵਿਚ ਵੀ ਨਾਮਣਾ ਖੱਟਿਆ। ਉਹ ਰਾਮਾਇਣ ਸੀਰੀਅਲ ਵਿਚ ਹਨੂੰਮਾਨ ਦਾ ਰੋਲ ਕਰ ਕੇ ਹੋਰ ਮਸ਼ਹੂਰ ਹੋਇਆ। ਉਸ ਨੇ ਮੁਹਾਲੀ ਵਿਚ ਦਾਰਾ ਸਟੂਡੀਓ ਬਣਾਇਆ ਤੇ ਰਾਜ ਸਭਾ ਦਾ ਮੈਂਬਰ ਰਿਹਾ। ਸਰਬ ਭਾਰਤੀ ਜੱਟ ਸਭਾ ਦਾ ਪ੍ਰਧਾਨ ਵੀ ਬਣਿਆ। 1978 ਵਿਚ ਜਸਵੰਤ ਸਿੰਘ ਕੰਵਲ ਨਾਲ ਜਲੰਧਰ ਮੈਂ ਉਹਦੇ ਨਾਲ ਖੁੱਲ੍ਹੀਆਂ ਗੱਲਾਂ ਕੀਤੀਆਂ ਸਨ। ਫਿਰ ਉਹਦੇ ਬਾਰੇ ਲੇਖ ਲਿਖਿਆ 'ਪਹਿਲਵਾਨਾਂ ਦਾ ਪਹਿਲਵਾਨ' ਜੋ ਨੈਸ਼ਨਲ ਬੁੱਕ ਟਰੱਸਟ ਵੱਲੋਂ ਛਾਪੀ ਪੁਸਤਕ 'ਪੰਜਾਬ ਦੇ ਚੋਣਵੇਂ ਖਿਡਾਰੀ' 'ਚ ਸ਼ਾਮਲ ਹੈ। ਦਾਰੇ ਨੂੰ ਪਹਿਲਵਾਨ ਤੇ ਫਿਲਮੀ ਐਕਟਰ ਵਜੋਂ ਤਾਂ ਜੱਗ ਜਾਣਦੈ ਪਰ ਕਈਆਂ ਨੂੰ ਇਹ ਨਹੀਂ ਪਤਾ ਕਿ ਉਹ ਲੇਖਕ ਵੀ ਸੀ। ਉਸ ਨੇ ਸਰਲ ਬੋਲੀ 'ਚ ਆਤਮਕਥਾ ਲਿਖੀ। ਪੇਸ਼ ਹੈ ਉਸ ਦੀ ਆਤਮਕਥਾ 'ਚੋਂ ਉਹਦੀ ਜਾਣ ਪਛਾਣ ਦੇ ਅੰਸ਼:

"ਮੇਰਾ ਪਿੰਡ ਧਰਮੂਚੱਕ, ਅੰਮ੍ਰਿਤਸਰ ਸ਼ਹਿਰ ਤੋਂ ਬਾਈ ਮੀਲ ਦੂਰ ਹੈ। ਇਹ ਅੰਮ੍ਰਿਤਸਰ ਤੋਂ ਹਰਗੋਬਿੰਦਪੁਰ ਨੂੰ ਜਾਣ ਵਾਲੀ ਸੜਕ 'ਤੇ ਸਥਿਤ ਹੈ। ਵੱਡੀ ਸੜਕ ਤੋਂ ਉਤਰ ਕੇ ਪਿੰਡ ਜਾਣ ਲਈ ਦੋ ਕਿਲੋਮੀਟਰ ਦਾ ਪੱਕਾ ਟੋਟਾ ਹੈ। ਧਰਮੂਚੱਕ ਪਿੰਡ ਬੱਝੇ ਨੂੰ ਤਕਰੀਬਨ ਪੰਜ ਸੌ ਸਾਲ ਹੋ ਗਏ ਹੋਣਗੇ। ਸਾਡਾ ਵੱਡਾ ਵਡੇਰਾ ਜਿਸ ਦਾ ਨਾਂ ਧਰਮੂ ਸੀ, ਦੋ ਕੁ ਮੀਲ ਦੂਰ ਪਿੰਡ ਕੁਹਾਟਵਿੰਡ ਤੋਂ ਆਇਆ ਤੇ ਆ ਕੇ ਆਪਣਾ ਵੱਖਰਾ ਪਿੰਡ ਬਣਾ ਲਿਆ। ਪੰਜ ਸੌ ਸਾਲ ਪੁਰਾਣੇ ਪਿੰਡ ਦੀ ਸ਼ਹਾਦਤ ਹੈ ਧਰਮੂ ਰੰਧਾਵੇ ਦੀ ਔਲਾਦ, ਜਿਹੜੀ ਸਤਾਰਾਂ ਅਠਾਰਾਂ ਪੀੜ੍ਹੀਆਂ ਤੋਂ ਪਿੰਡ ਧਰਮੂਚੱਕ ਡੇਰੇ ਲਾਈ ਬੈਠੀ ਹੈ। ਧਰਮੂ ਦਾ ਪੁੱਤਰ ਚੜ੍ਹਤ ਤੇ ਚੜ੍ਹਤ ਦਾ ਖੋਖਰ, ਖੋਖਰ ਦਾ ਪਠਾਣ ਤੇ ਪਠਾਣ ਦਾ ਸਾਂਦਰਣ, ਸਾਂਦਰਣ ਦਾ ਢੀਂਗਾ ਤੇ ਢੀਂਗੇ ਦਾ ਨੰਦਾ, ਨੰਦੇ ਦਾ ਗੁਰਦਾਸ। ਗੁਰਦਾਸ ਦਾ ਪਲਾਤ ਤੇ ਪਲਾਤ ਦਾ ਦੇਵਾ, ਦੇਵੇ ਦਾ ਦਸੌਂਦਾ ਸਿੰਘ ਤੇ ਦਸੌਂਦਾ ਸਿੰਘ ਦਾ ਉਤਮ ਸਿੰਘ, ਉਤਮ ਸਿੰਘ ਦਾ ਰੂਪਾ ਸਿੰਘ, ਰੂਪਾ ਸਿੰਘ ਦਾ ਗੁਰਦਿੱਤ ਸਿੰਘ, ਗੁਰਦਿੱਤ ਸਿੰਘ ਦਾ ਬੂੜ ਸਿੰਘ, ਬੂੜ ਸਿੰਘ ਦਾ ਸੂਰਤ ਸਿੰਘ ਤੇ ਸੂਰਤ ਸਿੰਘ ਦਾ ਦਾਰਾ ਸਿੰਘ, ਯਾਨਿ ਬਕੱਲਮ ਖ਼ੁਦ...।"

ਹੋਰ ਦੇਖੋ, "ਜ਼ਮੀਨ ਦੀ ਥੁੜ੍ਹ ਕਾਰਨ ਸਾਡੇ ਬਾਬੇ ਬੂੜ ਸਿੰਘ ਨੇ ਨਾਨਕੇ ਪਿੰਡ ਹਯਾਤੇਕੋਟ ਜਿਹੜਾ ਧਰਮੂਚੱਕ ਤੋਂ ਢਾਈ ਤਿੰਨ ਮੀਲ ਦੀ ਵਿੱਥ 'ਤੇ ਹੈ, ਜਾ ਜ਼ਮੀਨ ਗਹਿਣੇ ਲਈ। ਬਾਬੇ ਹੋਰੀਂ ਚਾਰ ਭਰਾ ਸਨ, ਲਾਲ ਸਿੰਘ, ਬੱਗਾ ਸਿੰਘ, ਮੋਲਾ ਸਿੰਘ ਤੇ ਬੂੜ ਸਿੰਘ। ਉਹ ਰੋਜ਼ ਧਰਮੂਚੱਕੋਂ ਹਯਾਤੇਕੋਟ ਵਾਹੀ ਕਰਨ ਜਾਂਦੇ ਤੇ ਪਸ਼ੂਆਂ ਲਈ ਚਾਰਾ ਵਗੈਰਾ ਵੀ ਏਡੀ ਦੂਰੋਂ ਸਿਰਾਂ 'ਤੇ ਚੁੱਕ ਕੇ ਲਿਆਉਂਦੇ। ਛੇ ਵੀਹਾਂ ਵਿੱਘੇ ਜ਼ਮੀਨ ਜਿਹੜੀ ਛੇ ਵੀਹਾਂ ਰੁਪਏ ਦੇ ਕੇ ਗਹਿਣੇ ਲਈ ਸੀ, ਉਸ ਦੀ ਕਮਾਈ ਨਾਲ ਕਈ ਸਾਲ ਆਪਣਾ ਪਰਿਵਾਰ ਪਾਲਿਆ। ਜਦੋਂ ਕਾਗਜ਼ਾਂ ਦੇ ਰੁਪਏ ਬਣਨੇ ਸ਼ੁਰੂ ਹੋ ਗਏ ਤੇ ਰੁਪਏ ਦਾ ਮੁੱਲ ਘਟ ਗਿਆ ਤਾਂ ਹਯਾਤੇਕੋਟੀਆਂ ਨੇ ਕਿਸੇ ਕੋਲੋਂ ਛੇ ਵੀਹਾਂ ਰੁਪਏ ਫੜ ਕੇ ਸਾਡੇ ਬਜ਼ੁਰਗਾਂ ਦੇ ਹੱਥ ਫੜਾਏ ਤੇ ਜ਼ਮੀਨ ਛੁਡਾ ਲਈ। ਜ਼ਮੀਨ ਵੰਡੀਦੀ-ਵੰਡੀਦੀ ਇੰਨੀ ਘਟ ਗਈ ਕਿ ਸਾਡੇ ਬਾਬੇ ਦੇ ਹਿੱਸੇ ਆਈ ਸਿਰਫ ਪੰਜ ਵਿੱਘੇ ਜ਼ਮੀਨ ਤੇ ਪੰਜ ਪੁੱਤਰ ਜਿਹੜੇ ਬਾਬੇ ਨੂੰ ਤਗੜਾ ਹੋਣ ਦੇ ਬਾਵਜੂਦ ਮਾੜਾ ਬਣਾਈ ਜਾਣ...।

...ਬਾਬੇ ਦੇ ਹਿੱਸੇ ਹਯਾਤੇਕੋਟ ਵਾਲੇ ਪੈਸਿਆਂ ਵਿਚੋਂ ਜੋ ਮਿਲੇ, ਉਸ ਦੀ ਪਿੰਡ ਦੀ ਹੱਦ 'ਤੇ ਹੀ ਚੰਨਣਕਿਆਂ ਵਾਲਿਆਂ ਕੋਲੋਂ ਜ਼ਮੀਨ ਲੈ ਲਈ। ਮੁਸ਼ਕਲ ਨਾਲ ਤਿੰਨ ਵਿੱਘੇ ਜ਼ਮੀਨ ਹੋਵੇਗੀ। ਘਰ ਦੇ ਪੰਜ ਤੇ ਗਹਿਣੇ ਦੇ ਤਿੰਨ ਵਿੱਘੇ, ਬਾਬੇ ਹੋਰੀਂ ਔਖੇ ਸੌਖੇ ਹੋ ਕੇ ਲੱਗੇ ਗੁਜ਼ਾਰਾ ਕਰਨ। ਕਈ ਲੋਕ ਪਿੰਡ ਛੱਡ ਕੇ ਬਾਹਰ ਕਮਾਈ ਕਰਨ ਲਈ ਹੱਥ ਪੈਰ ਮਾਰਨ ਲੱਗੇ...। ਜੇ ਕਿਧਰੇ ਕਦੀ ਕਦਾਈਂ ਘੁੱਗੀ ਵਾਂਗੂ ਉਡਦਾ ਹਵਾਈ ਜਹਾਜ਼ ਉਤੋਂ ਦੀ ਲੰਘ ਜਾਂਦਾ ਤਾਂ ਸਾਰਾ ਪਿੰਡ ਇਕੱਠਾ ਹੋ ਜਾਂਦਾ। ਕੋਈ ਕਹਿੰਦਾ, ਭਈ ਇਹ ਵੇਖਣ ਨੂੰ ਛੋਟਾ ਲੱਗਦਾ ਪਰ ਹੈ ਗੱਡੇ ਜਿੱਡਾ। ਜੇ ਬਹਿਸ ਵਧ ਜਾਵੇ ਤਾਂ ਫੌਜੀ ਚਾਚੇ ਕੋਲੋਂ ਜਾ ਕੇ, ਪੁੱਛ ਕੇ ਤਸੱਲੀ ਹੁੰਦੀ ਕਿ ਵਾਕਿਆ ਹੀ ਇਹ ਚੀਜ਼ ਗੱਡੇ ਜਿੱਡੀ ਹੋਣੀ ਹੈ। ਇਹ ਗੱਲ ਮੈਂ ਬਹੁਤ ਪੁਰਾਣੇ ਸਮੇਂ ਦੀ ਨਹੀਂ, ਆਪਣੇ ਬਚਪਨ ਵੇਲੇ ਦੀ ਦੱਸ ਰਿਹਾਂ। 19 ਨਵੰਬਰ 1928 ਦਾ ਮੇਰਾ ਜਨਮ ਹੈ। ਇਸ ਕਰਕੇ ਇਹ ਗੱਲ 1933 ਜਾਂ 1934 ਦੀ ਹੋਵੇਗੀ।"

ਬਾਪ ਦੇ ਵਿਆਹ ਵੇਲੇ ਜ਼ਮੀਨ 'ਤੇ ਕਰਜ਼ਾ ਲੈਣ ਦਾ ਉਹਲਾ ਰੱਖ ਕੇ ਕਰਜ਼ਾ ਲਾਹੁਣ ਦਾ ਜ਼ਿਕਰ ਕਰਦਿਆਂ ਬਾਪੂ ਸੂਰਤ ਸਿੰਘ ਦੇ ਸਿੰਘਾਪੁਰ ਜਾਣ ਦੀ ਮਜਬੂਰੀ ਉਹ ਇੰਜ ਬਿਆਨ ਕਰਦਾ ਹੈ, "ਬਾਪੂ ਦੇ ਨਾਨਕਿਆਂ ਵਿਚੋਂ ਉਨ੍ਹਾਂ ਦਾ ਰਿਸ਼ਤੇਦਾਰ ਸਿੰਘਾਪੁਰ ਰਹਿੰਦਾ ਸੀ। ਉਸ ਨੂੰ ਫਰਮਾਇਸ਼ ਪਾ ਕੇ ਬਾਪੂ ਨੂੰ ਕਮਾਈ ਕਰਨ ਸਿੰਘਾਪੁਰ ਭੇਜਿਆ। ਉਥੇ ਜਾ ਕੇ ਬੜੇ ਕੰਮ ਕੀਤੇ। ਤਨਖਾਹ ਤਾਂ ਪਤਾ ਨਹੀਂ, ਉਹ ਤਾਂ ਰਿਸ਼ਤੇਦਾਰ ਹੀ ਜਾਣੇ, ਇਹ ਤਾਂ ਵਿਚਾਰੇ ਕੰਮ ਹੀ ਕਰਦੇ ਰਹੇ। ਆਖਿਰ ਦੁਖੀ ਹੋ ਕੇ ਬਾਬੇ ਨੇ ਇਨ੍ਹਾਂ ਨੂੰ ਵਾਪਿਸ ਬੁਲਾ ਲਿਆ। ਭਈ ਵਾਹੀ ਦਾ ਕੰਮ ਵੀ ਗਿਆ ਤੇ ਨੌਕਰੀ ਦਾ ਵੀ, ਕੁਝ ਨਹੀਂ ਮਿਲਿਆ। ਪਿੰਡ ਆ ਕੇ ਚਿੰਤਾ ਜਿਉਂ ਦੀ ਤਿਉਂ ਰਹੀ। ਅੱਗੋਂ ਜਿਹੜੀ ਗੱਲ ਸਕੇ ਸਬੰਧੀਆਂ ਕੋਲੋਂ ਲੁਕੋ ਕੇ ਕੀਤੀ ਸੀ, ਉਹ ਵੀ ਜ਼ਾਹਰ ਹੋ ਗਈ ਬਈ ਪੈਲੀ ਉਤੇ ਕਰਜ਼ਾ ਲੈ ਰੱਖਿਆ ਹੈ। ਬੜੀ ਨਮੋਸ਼ੀ ਵਾਲੀ ਗੱਲ ਹੋ ਗਈ। ਆਖਿਰ ਮਾਂ ਜੀ ਦੇ ਗਹਿਣੇ ਵੇਚ ਕੇ ਸ਼ਾਹੂਕਾਰ ਦਾ ਕਰਜ਼ਾ ਉਤਾਰਿਆ...।

...ਖ਼ੈਰ, ਜੋ ਹੋਇਆ ਸੋ ਹੋਇਆ, ਸਾਡੇ ਪਿਤਾ ਜੀ ਦੀ ਚਿੰਤਾ ਤਾਂ ਦੂਰ ਹੋਈ ਤੇ ਉਹ ਫਿਰ ਸਿੰਘਾਪੁਰ ਚਲੇ ਗਏ, ਬਲਕਿ ਆਪਣੇ ਛੋਟੇ ਭਰਾਵਾਂ ਨੂੰ ਵੀ ਨਾਲ ਲੈ ਗਏ। ਬਾਪੂ ਤੇ ਉਸ ਦੇ ਤਿੰਨ ਛੋਟੇ ਭਰਾ ਸਿੰਘਾਪੁਰ ਚਲੇ ਗਏ ਤੇ ਇਕ ਭਰਾ ਫੌਜ ਵਿਚ ਭਰਤੀ ਹੋ ਗਿਆ। ਵਾਹੀ ਕਰਨ ਲਈ ਬਾਬਾ ਇਕੱਲਾ ਹੀ ਬਹੁਤ ਸੀ। ਜਦੋਂ ਧਰਮੂ ਨੇ ਪਿੰਡ ਬੱਧਾ ਸੀ ਤਾਂ ਪਿੰਡ ਦੀ ਜ਼ਮੀਨ ਸੀ ਨੌਂ ਸੌ ਵਿੱਘੇ, ਤੇ ਜਦੋਂ ਸਾਡੇ ਪੜਦਾਦਿਆਂ ਦੀਆਂ ਔਲਾਦਾਂ ਨੇ ਜੰਮ ਕੇ ਇਸ ਰੰਗੀਲੀ ਦੁਨੀਆਂ ਨੂੰ ਚਾਰ ਚੰਨ ਲਾਏ ਤਾਂ ਜ਼ਮੀਨ ਘਟਦੀ ਘਟਦੀ ਘਰ ਪ੍ਰਤੀ ਪੰਜ ਜਾਂ ਦਸ ਵਿੱਘੇ ਹੀ ਰਹਿ ਗਈ। ਫਿਰ ਵਿਚਾਰੇ ਧਰਮੂਚੱਕੀਏ ਪਿੰਡ ਛੱਡ-ਛੱਡ ਲੱਗੇ ਦੂਰ ਦੁਰਾਡੇ ਵੱਸਣ। ਜਿਸ ਤਰ੍ਹਾਂ ਇਕ ਕਹਾਵਤ ਹੈ, ਜ਼ਰੂਰਤ ਈਜਾਦ ਦੀ ਮਾਂ ਹੈ। ਇਸ ਤਰ੍ਹਾਂ ਸਾਰਿਆਂ ਨੇ ਆਪਣੇ ਸੁਖੀ ਜੀਵਨ ਲਈ ਕੋਈ ਨਾ ਕੋਈ ਸਾਧਨ ਲੱਭ ਹੀ ਲਿਆ ਤੇ ਮਨੀ ਆਰਡਰ ਧਰਮੂਚੱਕ ਆਉਣ ਲੱਗ ਪਏ।"



ਦਾਰੇ ਦੁਲਚੀਪੁਰੀਏ ਦੀ ਸਮਾਧੀ।

ਪਹਿਲਵਾਨ ਤੇ ਅਦਾਕਾਰ ਦਾਰਾ ਸਿੰਘ ਸਾਰੀ ਦੁਨੀਆਂ ਵਿਚ ਬੱਲੇ ਬੱਲੇ ਕਰਾ ਕੇ ਉਮਰ ਦੇ 84ਵੇਂ ਵਰ੍ਹੇ 11 ਜੁਲਾਈ 2012 ਨੂੰ ਮੁੰਬਈ ਵਿਚ ਜਾਂਦੀ ਵਾਰ ਦੀ ਫਤਿਹ ਬੁਲਾ ਗਿਆ। ਤਦ ਉਹ ਕਰੋੜਪਤੀ ਸੀ ਤੇ ਕਰੋੜਾਂ ਲੋਕਾਂ ਨੇ ਉਹਦੀ ਮੌਤ ਦਾ ਸੋਗ ਮਨਾਇਆ। ਪਹਿਲਾਂ ਦਾਰਾ ਦੁਲਚੀਪੁਰੀਆ ਤਕੜਾ ਹੁੰਦਾ ਸੀ, ਫਿਰ ਦਾਰਾ ਧਰਮੂਚੱਕੀਆ ਤਕੜਾ ਹੋ ਗਿਆ। ਦੀਦਾਰ ਸਿੰਘ ਉਰਫ ਦਾਰਾ ਧਰਮੂਚੱਕੀਆ ਕੁਝ ਸਮਾਂ ਸਿੰਘਾਪੁਰ ਵਿਚ ਦਾਰੇ ਦੁਲਚੀਪੁਰੀਏ ਦੇ ਨਾਲ ਵੀ ਰਿਹਾ। ਦੁਲਚੀਪੁਰ ਦਾ ਦਾਰਾ 1918 'ਚ ਜੰਮਿਆ ਸੀ। ਦੋਹਾਂ ਦਾਰਿਆਂ ਨੇ ਫਰੀ ਸਟਾਈਲ ਕੁਸ਼ਤੀਆਂ ਵਿਚ ਨਾਮਣਾ ਖੱਟਿਆ ਜਦਕਿ ਦੇਸੀ ਕੁਸ਼ਤੀਆਂ ਹੇਠਲੇ ਪੱਧਰ 'ਤੇ ਹੀ ਲੜੀਆਂ। ਦਾਰਾ ਧਰਮੂਚੱਕੀਆ ਹਰਫਨਮੌਲਾ ਸੀ ਜਿਸ ਨੇ ਪਹਿਲਵਾਨੀ ਦੇ ਨਾਲ ਫਿਲਮਾਂ ਵਿਚ ਵੀ ਮੱਲਾਂ ਮਾਰੀਆਂ। ਦਾਰਾ ਦੁਲਚੀਪੁਰੀਆ ਕੇਵਲ ਇਕ ਦੋ ਫਿਲਮਾਂ ਵਿਚ ਹੀ ਆ ਸਕਿਆ। ਦਾਰੇ ਧਰਮੂਚੱਕੀਏ ਦੀਆਂ ਕੁਸ਼ਤੀਆਂ ਤਾਂ ਪ੍ਰਧਾਨ ਮੰਤਰੀ ਜਵਾਹਰ ਲਾਲ

(ਬਾਕੀ ਅਗਲੇ ਸਫੇ 'ਤੇ)



ਉਹ ਛੱਪੜ ਜਿਸ ਵਿਚ ਦਾਰੇ ਨੇ ਸ਼ਰੀਕ ਭਰਾ ਨੂੰ ਡੋਬ ਕੇ ਮਾਰਿਆ। ਲੇਖਕ ਨਾਲ ਖੜ੍ਹੇ ਹਨ ਦਾਰੇ ਦੇ ਦੋਵੇਂ ਪੋਤਰੇ।

# ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦੇ ਧਾਰਮਿਕ ਗੀਤ

## ਸ਼ਰਧਾਂਜਲੀ

**ਸ਼ਮਸ਼ੇਰ ਸਿੰਘ ਸੋਹੀ**
ਫੋਨ: +91-98764-74671

ਧਾਰਮਿਕ ਗਾਇਕੀ ਦੀ ਗੱਲ ਕਰੀਏ ਤਾਂ ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਨੇ ਨਰਿੰਦਰ ਬੀਬਾ, ਯਮਲਾ ਜੱਟ, ਕੁਲਦੀਪ ਮਾਣਕ, ਸਰੂਪ ਸਿੰਘ ਸਰੂਪ ਵਾਂਗ ਸਿੱਖ ਇਤਿਹਾਸ ਨਾਲ ਸਬੰਧਤ ਵਧੀਆ ਗੀਤ ਗਾਏ ਜੋ ਪ੍ਰਸਿੱਧ ਵੀ ਹੋਏ। ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਦੀ ਆਵਾਜ਼ ਵਿਚ ਪਹਿਲਾ ਧਾਰਮਿਕ ਗੀਤ 'ਤਲਵਾਰ ਮੈਂ ਕਲਗੀਧਰ ਦੀ ਹਾਂ' 1985 ਵਿਚ ਐਚ. ਐਮ. ਵੀ. ਕੰਪਨੀ ਨੇ ਰਿਕਾਰਡ ਕੀਤਾ। ਮਰਹੂਮ ਗੀਤਕਾਰ ਸਨਮੁੱਖ ਸਿੰਘ ਆਜ਼ਾਦ ਦਾ ਲਿਖਿਆ ਇਹ ਧਾਰਮਿਕ ਗੀਤ ਬਹੁਤ ਹਿੱਟ ਹੋਇਆ ਅਤੇ ਉਸ ਸਮੇਂ ਹਰ ਧਾਰਮਿਕ ਸਥਾਨ ਵਿਚ ਵੱਜਿਆ। ਸਿਰਫ 'ਤਲਵਾਰ ਮੈਂ ਕਲਗੀਧਰ ਦੀ ਹਾਂ' ਗੀਤ ਕਰ ਕੇ ਹੀ ਸਾਰਾ ਐਲ. ਪੀ. ਰਿਕਾਰਡ ਵਿਕਿਆ। 1986 ਵਿਚ ਇਸ ਜੋੜੀ ਦਾ 11 ਧਾਰਮਿਕ ਗੀਤਾਂ ਦਾ ਵੱਡਾ ਐਲ. ਪੀ. 'ਨਾਮ ਜਪ ਲੈ' ਸੋਨੋਟੋਨ ਕੰਪਨੀ ਵਿਚ ਰਿਕਾਰਡ ਹੋਇਆ। ਧਾਰਮਿਕ ਟੇਪ 'ਬਾਬਾ ਤੇਰਾ ਨਨਕਾਣਾ' 1987 ਵਿਚ ਐਚ. ਐਮ. ਵੀ. ਕੰਪਨੀ ਵਿਚ ਰਿਕਾਰਡ ਹੋਈ ਜਿਸ ਵਿਚ ਕੁੱਲ 9 ਗੀਤ ਸਨ। ਇਸ ਟੇਪ ਵਿਚਲਾ ਗੀਤ 'ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ' ਜੋ ਪ੍ਰਸਿੱਧ ਗੀਤਕਾਰ ਸਵਰਨ ਸੀਵੀਆ ਦਾ ਲਿਖਿਆ ਹੋਇਆ ਹੈ, ਦੀ ਤਰਜ਼ ਚਮਕੀਲੇ ਨੇ ਖੁਦ ਬਣਾਈ ਸੀ। ਇਹ ਗੀਤ ਅੱਜ ਵੀ ਮਕਬੂਲ ਹੈ।

ਚਮਕੀਲੇ ਦੇ ਗਾਏ ਧਾਰਮਿਕ ਗੀਤ 'ਨੀ ਤੂੰ ਨਰਕਾਂ ਨੂੰ ਜਾਵੇਂ ਸਰਹਿੰਦ ਦੀ ਦੀਵਾਰੇ', 'ਬਾਬਾ ਦੀਪ ਸਿੰਘ', 'ਕਾਲਜੇ ਨੂੰ ਚੀਸ ਪੈ ਗਈ' ਸੁਣ ਕੇ ਮਨ ਅੰਦਰ ਜੋਸ਼ ਭਰ ਜਾਂਦਾ ਹੈ। ਧਾਰਮਿਕ ਗੀਤ ਆਉਣ ਨਾਲ ਚਮਕੀਲਾ ਧਾਰਮਿਕ ਸਫ਼ਾਂ ਵਿਚ ਵੀ ਚਰਚਿਤ ਹੋ ਗਿਆ ਸੀ। ਅਮਰਜੋਤ ਦਾ ਵੀ ਚਮਕੀਲੇ ਦੇ ਹਿੱਟ ਹੋਣ ਵਿਚ ਬਹੁਤ ਵੱਡਾ ਯੋਗਦਾਨ ਸੀ। ਅਮਰਜੋਤ ਦੇ ਗਾਏ ਸੋਲੋ ਧਾਰਮਿਕ ਗੀਤ 'ਪਟਨੇ ਸ਼ਹਿਰ ਵਿਚ ਚੰਨ ਚੜ੍ਹਿਆ', 'ਦਸਤਾਰਾਂ ਕੇਸਰੀ', 'ਕੰਧੇ ਸਰਹਿੰਦ ਦੀਏ', 'ਪੀਰਾਂ ਦਾ ਪੀਰ ਕੁੜੇ, ਸੁੱਤਾ ਜੰਡ ਦੇ ਥੱਲੇ', 'ਨੀ ਆਓ ਭੈਣੋਂ ਵੀਰਾਂ ਦੀਆਂ ਗਾਈਏ ਘੋੜੀਆਂ', 'ਲੈ ਲਓ ਚੁੰਨੀਆਂ ਸਿਰਾਂ 'ਤੇ, ਅਸੀਂ ਕਰਨ ਲੜਾਈ ਆਪੇ ਚੱਲੀਆਂ' ਬਹੁਤ ਹਿੱਟ ਹੋਏ।



*ਅਮਰਜੋਤ ਤੇ ਅਮਰ ਸਿੰਘ ਚਮਕੀਲਾ*

ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲਿਆਂ ਦੇ ਦੱਸਣ ਮੁਤਾਬਿਕ ਚਮਕੀਲੇ ਦੀਆਂ ਲਿਖੀਆਂ ਧਾਰਮਿਕ ਤੇ ਹੋਰ ਪੁਸਤਕਾਂ ਨੂੰ ਪਸੰਦ ਕਰਨ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਅੱਜ ਵੀ ਲੋਕ ਚਮਕੀਲੇ ਦੀਆਂ ਪੁਸਤਕਾਂ ਦੀ ਮੰਗ ਕਰਦੇ ਹਨ। ਚਮਕੀਲੇ ਦੇ ਧਾਰਮਿਕ ਗੀਤ ਇੰਨੇ ਹਿੱਟ ਹੋਏ ਸਨ ਕਿ ਅੱਜ ਵੀ ਇਹ ਗੀਤ ਸੁਣਨ ਨੂੰ ਮਿਲ ਜਾਂਦੇ ਹਨ। ਇਨ੍ਹਾਂ ਗੀਤਾਂ ਵਿਚ ਅਧਿਆਤਮਿਕਤਾ ਦਾ ਪੱਖ ਪੇਸ਼ ਕੀਤਾ ਗਿਆ ਸੀ ਜੋ ਮਨੁੱਖ ਨੂੰ ਕੁਝ ਕਰਨ ਦੀ ਪ੍ਰੇਰਨਾ ਦਿੰਦੇ ਹਨ:

-ਨਾਮ ਜਪ ਲੈ ਨਿਮਾਣੀ ਜਿੰਦੇ ਮੇਰੀਏ,
ਔਖੇ ਵੇਲੇ ਕੰਮ ਆਊਗਾ।

ਚਮਕੀਲੇ ਦੇ ਗਾਏ ਧਾਰਮਿਕ ਗੀਤਾਂ ਵਿਚ ਸੰਸਾਰ ਦੀ ਨਾਸ਼ਮਾਨਤਾ ਤੇ ਮਨੁੱਖੀ ਜੀਵਨ ਦੀ ਅਸਥਿਰਤਾ ਨੂੰ ਬਿਆਨ ਕੀਤਾ ਗਿਆ ਹੈ:

-ਕੀ ਮੁਨਿਆਦਾਂ ਤੇਰੀਆਂ,
ਪਾਣੀ ਦਿਆ ਬੁਲਬੁਲਿਆ।
-ਢਾਈ ਦਿਨ ਦੀ ਪ੍ਰਾਹੁਣੀ ਇਥੇ ਤੂੰ,
ਐਵੇਂ ਨਾ ਜਿੰਦੇ ਮਾਣ ਕਰੀਂ।

ਮਾਤਾ ਗੁਜਰੀ ਦੀ ਉਪਮਾ ਨੂੰ ਵੀ ਚਮਕੀਲੇ ਨੇ ਵੱਖਰੇ ਹੀ ਢੰਗ ਨਾਲ ਪੇਸ਼ ਕੀਤਾ ਸੀ:

-ਪਤੀ ਦਿੱਤਾ, ਪੁੱਤ ਗਿਆ,
ਪੋਤਰੇ ਵੀ ਤੋਰ ਦਿੱਤੇ,
ਕੀਤੀ ਮਾਤਾ ਗੁਜਰੀ ਕਮਾਲ।

ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਨੇ ਸਰਹਿੰਦ ਦੀ ਦੀਵਾਰ ਨੂੰ ਪਾਤਰ ਦੇ ਰੂਪ ਵਿਚ ਖੜ੍ਹਾ ਕਰ ਕੇ ਵਧੀਆ ਤਸਵੀਰ ਪੇਸ਼ ਕੀਤੀ ਹੈ:

-ਨੀ ਤੂੰ ਨਰਕਾਂ ਨੂੰ ਜਾਵੇਂ
ਸਰਹਿੰਦ ਦੀ ਦੀਵਾਰੇ,
ਤੂੰਹੀਓਂ ਕਤਲ ਕਰਾਏ
ਦਸਮੇਸ਼ ਦੇ ਦੁਲਾਰੇ।

ਚਮਕੀਲੇ ਨੇ ਬਹੁਤੇ ਧਾਰਮਿਕ ਗੀਤ ਗੀਤਕਾਰ ਸਵਰਨ ਸੀਵੀਆ ਦੇ ਲਿਖੇ ਹੋਏ ਗਾਏ ਹਨ। ਕੁਝ ਗੀਤ ਚਮਕੀਲੇ ਨੇ ਸਨਮੁੱਖ ਸਿੰਘ ਆਜ਼ਾਦ, ਦਲਜੀਤ ਦਰਦੀ, ਗਿੱਲ ਨੱਥੋਹੇੜੀ, ਸੇਵਾ ਸਿੰਘ ਨੌਰਥ, ਦੇਬੀ ਮਖਸੂਸਪੁਰੀ ਤੇ ਕਰਮ ਸਿੰਘ ਮਹਾਲਵੀ ਦੇ ਲਿਖੇ ਗਾਏ। ਉਸ ਨੇ ਕੁਝ ਧਾਰਮਿਕ ਗੀਤ ਆਪ ਵੀ ਲਿਖੇ। ਉਸ ਦੇ ਕੁਝ ਧਾਰਮਿਕ ਗੀਤ 'ਪੰਡਤੋ ਪੱਟੇ ਗਏ ਤਰ ਗਈ ਰਵੀਦਾਸ ਦੀ ਪੱਥਰੀ', 'ਦੇਗ 'ਚ ਉਬਾਲੇ ਖਾਵੇ ਬੈਠ ਕੇ ਦਿਆਲਾ ਭਾਈ, ਮੁੱਖ ਵਿਚੋਂ ਰਾਮ ਨਾਮ ਬੋਲਦਾ', 'ਸੱਚ ਦੀਆਂ ਕੱਤ ਪੂਣੀਆਂ ਰੱਬ ਚਰਖਾ ਕੱਤੇ ਨੀ ਜਿੰਦੇ ਤੇਰਾ' ਰਿਕਾਰਡ ਨਹੀਂ ਹੋਏ।

ਚਮਕੀਲੇ ਨੂੰ ਮਾਰਨ ਵਾਲਿਆਂ ਅਤੇ ਵਿਰੋਧੀਆਂ ਨੇ ਜੇ ਉਸ ਦੇ ਗਾਏ ਧਾਰਮਿਕ ਗੀਤ ਸੁਣੇ ਹੁੰਦੇ, ਤਾਂ ਉਸ ਦੀ ਇੰਨੀ ਆਲੋਚਨਾ ਨਾ ਹੁੰਦੀ ਤੇ ਇਸ ਜੋੜੀ ਨੂੰ ਮਾਰਨ ਤੱਕ ਦੀ ਨੌਬਤ ਨਾ ਆਉਂਦੀ ਤੇ ਅੱਜ ਸਾਨੂੰ ਉਹ ਆਵਾਜ਼ਾਂ ਸੁਣਨ ਨੂੰ ਮਿਲਦੀਆਂ ਜੋ ਅੱਜ ਕੱਲ੍ਹ ਦੀ ਗਾਇਕੀ ਵਿਚੋਂ ਲੋਪ ਹੋ ਚੁੱਕੀਆਂ ਹਨ।

ਇਹ ਜੋੜੀ ਭਾਵੇਂ 8 ਮਾਰਚ 1988 ਨੂੰ ਪੰਜਾਬ ਵਿਚ ਛਾਏ ਕਾਲੇ ਦੌਰ ਦਾ ਸ਼ਿਕਾਰ ਹੋ ਗਈ, ਪਰ ਅੱਜ ਵੀ ਇਸ ਜੋੜੀ ਦੇ ਗਾਏ ਗੀਤਾਂ ਨੂੰ ਸਰੋਤੇ ਪਸੰਦ ਕਰਦੇ ਹਨ।

# ਦੋਹਾਂ ਦਾਰਿਆਂ ਦੇ ਦਰਸ਼ਨ ਦੀਦਾਰੇ

*(ਪਿਛਲੇ ਸਫੇ ਦੀ ਬਾਕੀ)*

ਨਹਿਰੂ, ਮੁਰਾਰ ਜੀ ਡਿਸਾਈ, ਚੌਧਰੀ ਚਰਨ ਸਿੰਘ, ਇੰਦਰਾ ਗਾਂਧੀ, ਚੰਦਰ ਸ਼ੇਖਰ, ਰਾਜੀਵ ਗਾਂਧੀ ਤੇ ਗਿਆਨੀ ਜ਼ੈਲ ਸਿੰਘ ਹੋਰੀਂ ਵੀ ਵੇਖਦੇ ਰਹੇ। ਉਹ ਰੁਸਤਮੇ ਪੰਜਾਬ, ਰੁਸਤਮੇ ਹਿੰਦ, ਕਾਮਨਵੈਲਥ ਚੈਂਪੀਅਨ ਤੇ ਰੁਸਤਮੇ ਜ਼ਮਾਂ ਬਣਦਾ ਰਿਹਾ।

ਉਸ ਨੇ ਪੰਜ ਸੌ ਤੋਂ ਵੱਧ ਕੁਸ਼ਤੀਆਂ ਲੜੀਆਂ ਤੇ ਸੌ ਤੋਂ ਵੱਧ ਫਿਲਮਾਂ ਵਿਚ ਕੰਮ ਕੀਤਾ। ਕਦੇ ਸੈਮਸਨ, ਕਦੇ ਹਰਕੂਲੀਸ, ਕਦੇ ਜੱਗਾ ਡਾਕੂ, ਕਦੇ ਭੀਮ, ਕਦੇ ਧਿਆਨੂੰ ਭਗਤ, ਕਦੇ ਸੂਰਮਾ ਸਿੰਘ ਤੇ ਕਦੇ ਹਨੂੰਮਾਨ ਬਣਦਾ ਰਿਹਾ। ਦੋਹਾਂ ਦਾਰਿਆਂ ਦੇ ਰੁਸਤਮ ਹੋਣ ਕਰਕੇ ਦਾਰਾ ਨਾਂ ਤਾਕਤ ਦਾ ਠੱਪਾ ਬਣ ਗਿਆ। ਇਸ਼ਤਿਹਾਰ ਦੇਣ ਵਾਲੇ ਘਿਓ ਦੇ ਡੱਬੇ ਵੇਚਣ ਲਈ ਦਾਰੇ ਦਾ ਨਾਂ ਵਰਤਦੇ ਰਹੇ। ਜੇ ਕਿਸੇ ਦਾ ਜ਼ੋਰ ਪਰਖਣਾ ਹੋਵੇ ਤਾਂ ਅਕਸਰ ਕਿਹਾ ਜਾਂਦੈ, "ਤੂੰ ਕਿਹੜਾ ਦਾਰਾ ਭਲਵਾਨ ਐਂ!"

ਵੱਡੇ ਦਾਰੇ ਦੀ ਛੋਟੀ ਉਮਰ ਤੇ ਛੋਟੇ ਦਾਰੇ ਦੀ ਵੱਡੀ ਉਮਰ ਦਾ ਹੋ ਕੇ ਮਰਨ ਦਾ ਰਾਜ਼ ਸੀ ਕਿ ਦਾਰਾ ਦੁਲਚੀਪੁਰੀਆ ਨਸ਼ਿਆਂ 'ਚ ਗਲਤਾਨ ਹੋ ਗਿਆ ਪਰ ਦਾਰਾ ਧਰਮੂਚੱਕੀਆ ਨਸ਼ਿਆਂ ਤੋਂ ਬਚਿਆ ਰਿਹਾ ਸੀ। ਉਸ ਨੇ ਆਪਣੀ ਆਤਮ ਕਥਾ ਦਾ ਨਿਚੋੜ ਇੰਜ ਪੇਸ਼ ਕੀਤਾ, "ਚੰਗੀ ਸਿਹਤ ਲਈ ਜਿਥੇ ਨਰੋਲ ਤੇ ਲੋੜੀਂਦੀ ਖੁਰਾਕ ਦੀ ਲੋੜ ਹੈ, ਉਥੇ ਪਰਹੇਜ਼ ਤੇ ਚੰਗੇ ਕਿਰਦਾਰ ਦੀ ਵੀ ਬਹੁਤ ਜ਼ਰੂਰਤ ਹੈ। ਕਿਸੇ ਵੀ ਨਸ਼ੀਲੀ ਚੀਜ਼ ਦਾ ਇਸਤੇਮਾਲ ਨਾ ਕਰਨਾ ਸਿਹਤ ਵਾਸਤੇ ਚੰਗੀ ਗੱਲ ਹੈ। ਖ਼ਾਸ ਕਰ ਕੇ ਸ਼ਰਾਬ, ਅਫ਼ੀਮ, ਸਿਗਰਟ, ਭੰਗ ਤੇ ਨਸ਼ੇ ਦੀਆਂ ਗੋਲੀਆਂ ਸਿਹਤ ਵਾਸਤੇ ਅਤੀ ਹਾਨੀਕਾਰਕ ਹਨ। ਜੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਾਕ 'ਤੇ ਅਮਲ ਕੀਤਾ ਜਾਵੇ ਤਾਂ ਇੰਜ ਕਹਿਣਾ ਚਾਹੀਦਾ ਹੈ, ਸਿਹਤ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ...।

...ਚੰਗੀ ਸਿਹਤ ਰੱਖਣ ਲਈ ਇਕ ਗੱਲ ਹੋਰ ਵੀ ਜ਼ਰੂਰੀ ਹੈ ਤੇ ਉਹ ਹੈ ਬੇਫ਼ਿਕਰੀ। ਬੇਫ਼ਿਕਰ ਰਹਿਣਾ ਹੈ ਤਾਂ ਜਿਥੋਂ ਤਕ ਹੋ ਸਕੇ ਸੱਚ ਬੋਲੋ, ਕਿਸੇ ਦੀ ਨਿੰਦਾ ਨਾ ਕਰੋ, ਕੋਈ ਵੀ ਐਸਾ ਕੰਮ ਨਾ ਕਰੋ ਜਿਸ ਨਾਲ ਤੁਹਾਡੀ ਅੰਤਰ ਆਤਮਾ ਨੂੰ ਡਰ ਮਹਿਸੂਸ ਹੁੰਦਾ ਹੋਵੇ। ਨੇਕੀ ਕਰ ਕੂੰਏਂ ਮੇਂ ਡਾਲ ਵਾਲੀ ਕਹਾਵਤ 'ਤੇ ਅਮਲ ਕਰਨ ਵਾਲਾ ਇਨਸਾਨ ਕਦੇ ਦੁਖੀ ਨਹੀਂ ਹੋ ਸਕਦਾ। ਅਸੀਂ ਸਾਰੇ ਦੁਨੀਆਂ ਦਾ ਮੌਜ ਮੇਲਾ ਵੇਖਣ ਆਏ ਹਾਂ, ਸਾਡੇ ਬਜ਼ੁਰਗ ਇਸ ਦੁਨੀਆਂ ਨੂੰ ਸਾਡੇ ਵਾਸਤੇ ਸੁਹਾਵਣੀ ਬਣਾ ਕੇ ਗਏ ਹਨ। ਇਸ ਦਾ ਆਪਾਂ ਸਵਾਦ ਲਈਏ ਤੇ ਆਉਣ ਵਾਲਿਆਂ ਲਈ ਇਸ ਦੁਨੀਆਂ ਨੂੰ ਬਜ਼ੁਰਗਾਂ ਨਾਲੋਂ ਵੀ ਸੋਹਣੀ ਬਣਾ ਕੇ ਛੱਡ ਜਾਈਏ। ਇਹੀ ਜ਼ਿੰਦਗੀ ਹੈ ਤੇ ਏਹੀਓ ਇਸ ਦੀ ਕਹਾਣੀ ਹੈ।"

# ਆਰ.ਐਸ.ਐਸ. ਜਥੇਬੰਦੀ ਦਾ ਏਜੰਡਾ

## ਸੰਪਾਦਕ ਦੀ ਡਾਕ

ਨੱਥੂ ਰਾਮ ਗੋਡਸੇ ਤੇ ਫਿਰ ਵੀਰ ਸਾਵਰਕਰ ਉਪਰ ਲਿਖੇ ਮੇਰੇ ਦੋ ਲੇਖ 'ਪੰਜਾਬ ਟਾਈਮਜ਼' (ਅੰਕ 25 ਤੇ ਅੰਕ 28) ਵਿਚ ਛਪੇ ਤਾਂ ਪਾਠਕਾਂ ਤੋਂ ਭਰਪੂਰ ਹੁੰਗਾਰਾ ਮਿਲਿਆ। ਕਈ ਕੋਣਾਂ ਤੋਂ ਪ੍ਰਤੀਕਰਮ ਆਏ। ਫੋਨ ਅਤੇ ਈ ਮੇਲ ਰਾਹੀਂ ਮੈਥੋਂ ਬਹੁਤ ਸਾਰੇ ਪਾਠਕਾਂ ਨੇ ਪੁੱਛਿਆ ਹੈ ਕਿ ਇਹ ਲੇਖ ਲਿਖਣ ਦਾ ਮਨੋਰਥ ਕੀ ਹੈ? ਪਹਿਲਾ ਮਨੋਰਥ ਤਾਂ ਇਹੋ ਹੈ ਕਿ ਬਹੁਤੇ ਸਿੱਖਾਂ ਨੇ ਆਰ.ਐਸ.ਐਸ. ਦਾ ਨਾਮ ਸੁਣਿਆ ਹੈ ਤੇ ਕਈ ਵਾਰ 'ਸ਼ੇਰ ਆਇਆ, ਸ਼ੇਰ ਆਇਆ' ਦਾ ਰੌਲਾ ਵੀ ਪੈਂਦਾ ਹੈ ਪਰ ਇਸ ਦੇ ਪਿਛੋਕੜ ਅਤੇ ਨੀਤੀ ਦਾ ਪਤਾ ਨਹੀਂ। ਮੇਰੀ ਲਿਖਤ ਸ਼ਾਇਦ ਕੁਝ ਜਾਣਕਾਰੀ ਦੇ ਸਕੇ।

ਮੈਂ ਇਹ ਦੱਸਣਾ ਚਾਹਿਆ ਹੈ ਕਿ:

1. ਮਹਾਤਮਾ ਗਾਂਧੀ ਨੇ ਕੇਵਲ ਗੁਰੂ ਗੋਬਿੰਦ ਸਿੰਘ ਜੀ ਨੂੰ ਭੁੱਲੜ ਦੇਸ ਭਗਤ ਨਹੀਂ ਕਿਹਾ, ਸ੍ਰੀ ਕ੍ਰਿਸ਼ਨ ਅਤੇ ਸ੍ਰੀ ਰਾਮਚੰਦਰ ਬਾਰੇ ਵੀ ਉਨ੍ਹਾਂ ਨੇ ਇਤਰਾਜ਼ਯੋਗ ਟਿੱਪਣੀਆਂ ਦਿੱਤੀਆਂ ਸਨ ਜੋ ਹਿੰਦੂਤਵ ਦੇ ਸਮਰਥਕਾਂ ਨੂੰ ਬੁਰੀਆਂ ਲੱਗੀਆਂ। ਗਾਂਧੀ ਅਨੁਸਾਰ ਕੌਰਵਾਂ ਅਤੇ ਰਾਵਣ ਖਿਲਾਫ ਇਨ੍ਹਾਂ ਅਵਤਾਰਾਂ ਨੂੰ ਯੁੱਧ ਨਹੀਂ ਕਰਨੇ ਚਾਹੀਦੇ ਸਨ।

2. ਗਾਂਧੀ ਪੱਕਾ ਹਿੰਦੂ ਸੀ, ਉਨ੍ਹਾਂ ਦਾ ਸੁਫਨਾ ਰਾਮਰਾਜ ਦਾ ਸੀ। ਰਾਮਰਾਜ ਦੇ ਨੈਣ ਨਕਸ਼ ਉਹੋ ਜਿਹੇ ਸਨ ਜਿਹੋ ਜਿਹੇ ਸਿੱਖਾਂ ਲਈ ਬੇਗਮਪੁਰੇ ਦੇ ਹਨ। ਗਾਂਧੀ ਨੇ ਵਰਣਾਸ਼ਰਮ ਪ੍ਰਥਾ ਤੋਂ ਹਿੰਦੂਆਂ ਨੂੰ ਮੁਕਤ ਕਰਵਾਉਣਾ ਚਾਹਿਆ। ਗਾਂਧੀ ਕਿਉਂਕਿ ਘੱਟ-ਗਿਣਤੀਆਂ ਦਾ ਹਮਦਰਦ ਸੀ, ਇਸ ਕਰ ਕੇ ਆਰ.ਐਸ.ਐਸ. ਦੇ ਕਾਰਕੁਨ ਉਸ ਨੂੰ ਕੈਰੀ ਅੱਖ ਨਾਲ ਦੇਖਦੇ ਸਨ; ਫਲਸਰੂਪ ਵੀਰ ਸਾਵਰਕਰ ਦੇ ਉਪਾਸ਼ਕ ਨੱਥੂ ਰਾਮ ਗੋਡਸੇ ਨੇ ਉਸ ਦੀ ਹੱਤਿਆ ਕਰ ਦਿੱਤੀ।

ਇਸ ਲੇਖ ਦਾ ਮੰਤਵ ਇਹ ਹੈ ਕਿ ਮਹਾਤਮਾ ਗਾਂਧੀ ਜਿਹਾ ਨਰਮਦਲੀਆ ਹਿੰਦੂ ਨੇਤਾ ਆਰ.ਐਸ.ਐਸ. ਨੂੰ ਦੁਸ਼ਮਣ ਲਗਦਾ ਹੈ ਤਾਂ ਘੱਟ-ਗਿਣਤੀਆਂ ਪ੍ਰਤੀ ਉਨ੍ਹਾਂ ਦਾ ਨਜ਼ਰੀਆ ਕੀ ਹੋਵੇਗਾ? ਤਾਂ ਵੀ, ਸਿੱਖ ਚੇਤੰਨ ਰਹਿਣਗੇ ਤਾਂ ਕੋਈ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦਾ। ਹੁਣੇ ਹੁਣੇ ਅਮਰੀਕਾ ਵਿਚ ਧਰਮ ਪ੍ਰਚਾਰ ਹਿਤ ਦੌਰਾ ਕਰਨ ਗਏ ਇਕ ਤੇਜ਼-ਤਰਾਰ ਭਾਰਤੀ ਸਿੱਖ ਵਿਦਵਾਨ ਨੇ ਮੇਰੇ ਉਪਰ ਇਲਜ਼ਾਮ ਲਾਇਆ ਹੈ ਕਿ ਪੰਨੂ ਆਰ.ਐਸ.ਐਸ. ਦਾ ਏਜੰਟ ਹੈ। ਘੱਟ-ਗਿਣਤੀਆਂ ਦੇ ਨੁਮਾਇੰਦੇ ਵਿਰੋਧੀਆਂ ਉਪਰ ਘੱਟ, ਆਪਣਿਆਂ ਉਪਰ ਵਧੀਕ ਇਲਜ਼ਾਮਤ੍ਰਾਸ਼ੀ ਕਰਦੇ ਹੁੰਦੇ ਹਨ। ਅਜਿਹਾ ਸੁਰੱਖਿਆ ਦੀ ਘਾਟ ਅਤੇ ਦਿਮਾਗੀ ਤਵਾਜ਼ਨ ਵਿਗੜਨ ਕਰ ਕੇ ਹੁੰਦਾ ਹੈ। ਮੈਂ ਸਿੱਖ ਅਧਿਐਨ ਦਾ ਪ੍ਰੋਫੈਸਰ ਹਾਂ। ਸਾਰੀਆਂ ਵੰਨਗੀਆਂ ਦੇ ਲੋਕ ਹਿੰਦੂ, ਸਿੱਖ, ਮੁਸਲਮਾਨ, ਈਸਾਈ ਮੈਥੋਂ ਮੇਰੇ ਧਰਮ ਬਾਰੇ ਪੁੱਛਦੇ ਹਨ, ਸੈਮੀਨਾਰਾਂ ਵਿਚ ਬੁਲਾਉਂਦੇ ਹਨ ਤੇ ਮੈਂ ਉਨ੍ਹਾਂ ਦਾ ਸ਼ੁਕਰਾਨਾ ਕਰਦਾ ਹਾਂ। ਜਦੋਂ ਮੈਂ ਗੁਰਮਤਿ ਬਾਰੇ ਮੰਦਭਾਵਨਾ ਤਹਿਤ ਗਲਤ ਜਾਣਕਾਰੀ ਦਿੱਤੀ ਜਾਂ ਕਾਰਜ ਕੀਤਾ, ਉਦੋਂ ਮੈਂ ਜਵਾਬਦੇਹ ਹੋਵਾਂਗਾ।

*-ਡਾ. ਹਰਪਾਲ ਸਿੰਘ ਪੰਨੂ*
*ਫੋਨ: +91-94642-51454*

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

ਵਿਚਾਰ-ਚਰਚਾ

# ਗੁਰਸਤਿਗੁਰ ਕਾ ਜੋ ਸਿਖੁ ਅਖਾਏ



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਨਾਨਕ ਸਾਹਿਬ ਜਪੁਜੀ ਵਿਚ ਹੀ ਦੱਸ ਦਿੰਦੇ ਹਨ ਕਿ ਗੁਰੂ ਦਾ ਉਪਦੇਸ਼ ਸੁਣਨ ਨਾਲ ਮਨੁੱਖ ਦੀ ਸਮਝ ਵਿਚੋਂ ਹੀਰੇ-ਮੋਤੀਆਂ ਵਰਗੇ ਗੁਣ ਪ੍ਰਗਟ ਹੋਣ ਲੱਗ ਪੈਂਦੇ ਹਨ ਅਤੇ ਗੁਰੂ ਦੇ ਸ਼ਬਦ ਦਾ ਜਾਪ ਨਾਲ ਮਨੁੱਖ ਆਪ ਤਰ ਜਾਂਦਾ ਹੈ ਅਤੇ ਹੋਰ ਜੋ ਸਿੱਖਿਆ ਲੈਣ ਆਉਣ, ਉਨ੍ਹਾਂ ਨੂੰ ਵੀ ਤਾਰ ਦਿੰਦਾ ਹੈ। ਗੁਰੂ ਨਾਨਕ ਸਾਹਿਬ ਨੇ ਵੇਲੇ ਦੇ ਪ੍ਰਚਲਿਤ ਧਰਮਾਂ ਦੀਆਂ ਵੱਖ ਵੱਖ ਰਸਮਾਂ ਦੀਆਂ ਉਦਾਹਰਣਾਂ ਰਾਹੀਂ ਦੱਸਿਆ ਹੈ ਕਿ ਸਿੱਖੀ ਦਾ ਚਲਣ ਜਾਂ ਸਿੱਖ ਦਾ ਰਸਤਾ ਕਿਹੋ ਜਿਹਾ ਹੋਣਾ ਚਾਹੀਦਾ ਹੈ। ਕ੍ਰਿਸ਼ਨ ਦੇ ਭਗਤ ਕਈ ਤਰ੍ਹਾਂ ਦੀ ਰਾਸ ਪਾਉਂਦੇ ਅਤੇ ਨੱਚਦੇ ਹਨ।

ਗੁਰੂ ਨਾਨਕ ਦੇਵ ਦੱਸਦੇ ਹਨ ਕਿ ਅਕਾਲ ਪੁਰਖ ਨੂੰ ਰਾਮ ਜਾਂ ਕ੍ਰਿਸ਼ਨ ਆਦਿ ਦੇ ਅਵਤਾਰ ਕਰਕੇ ਮੰਨਣਾ ਠੀਕ ਨਹੀਂ ਹੈ। ਉਹ ਤਾਂ ਇੱਕ ਹੀ ਹੈ ਜੋ ਜਨਮ ਅਤੇ ਮਰਨ ਵਿਚ ਨਹੀਂ ਆਉਂਦਾ। ਉਸ ਅਕਾਲ ਪੁਰਖ ਦੀ ਭਗਤੀ ਕਰਨ ਦਾ ਅਸਲੀ ਤਰੀਕਾ ਹੈ, ਸਿੱਖ ਸੰਗਤ ਵਿਚ ਜਾਣਾ, ਸਤਿਸੰਗਤ ਵਿਚ ਰਹਿ ਕੇ ਗੁਰੂ ਦੀ ਸਿੱਖਿਆ ਨਾਲ ਆਪਣੇ ਅੰਦਰ ਪ੍ਰੇਮ ਪੈਦਾ ਕਰਨਾ, ਗੁਰੂ ਦੇ ਸਨਮੁਖ ਰਹਿ ਕੇ ਅਕਾਲ ਪੁਰਖ ਦਾ ਅਟੱਲ ਨਾਮ ਸਰਵਣ ਕਰਦੇ ਰਹਿਣਾ ਅਤੇ ਉਸ ਦੇ ਨਾਮ ਦਾ ਵਾਰ ਵਾਰ ਸਿਮਰਨ ਕਰਨਾ। ਇਸ ਜੀਵਨ ਰਸਤੇ 'ਤੇ ਤੁਰਨਾ ਅਤੇ ਇਹ ਨਾਚ ਨੱਚਣਾ, ਇਹੀ ਅਸਲੀ ਜੀਵਨ ਅਨੰਦ ਨੂੰ ਮਾਣਨਾ ਹੈ। (ਪੰਨਾ ੩੫੦)

ਸਿੱਖ ਧਰਮ ਚਿੰਤਨ ਅਨੁਸਾਰ ਸੰਗਤ ਦਾ ਸਿੱਖ ਦੇ ਅਧਿਆਤਮਕ ਜੀਵਨ ਨੂੰ ਸਵਾਰਨ ਵਿਚ ਬਹੁਤ ਵੱਡਾ ਰੋਲ ਹੈ ਅਤੇ ਮਨੁੱਖ ਦੀ ਅਧਿਆਤਮਕ ਪ੍ਰਾਪਤੀ ਅਕਾਲ ਪੁਰਖ ਦੀ ਮਿਹਰ ਨਾਲ ਸਤਿਸੰਗਤ ਵਿਚ ਜਾ ਕੇ ਹੁੰਦੀ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਅਕਾਲ ਪੁਰਖ ਗੁਰੂ ਦੇ ਜਿਸ ਸਿੱਖ ਨੂੰ ਆਪਣੀ ਮਿਹਰ ਸਦਕਾ ਸੰਗਤ ਵਿਚ ਮਿਲਾਉਂਦਾ ਹੈ, ਉਹ ਸਿੱਖ ਆਪਣੇ ਭਟਕੇ ਹੋਏ ਮਨ ਦੀ ਰਾਖੀ ਕਰਦਾ ਹੈ, ਉਸ ਨੂੰ ਟਿਕਾਣੇ ਸਿਰ ਲਿਆਉਂਦਾ ਹੈ, ਮਾਇਆ ਵਿਚ ਭਟਕਣ ਨਹੀਂ ਦਿੰਦਾ। ਗੁਰੂ ਦੀ ਸ਼ਰਨ ਆਏ ਬਿਨਾ ਮਨੁੱਖ ਨੂੰ ਸਹੀ ਰਸਤੇ ਦੀ ਪਛਾਣ ਨਹੀਂ ਹੁੰਦੀ, ਉਹ ਜ਼ਿੰਦਗੀ ਦੇ ਰਸਤੇ ਤੋਂ ਖੁੰਝ ਜਾਂਦਾ ਹੈ। ਜਦੋਂ ਅਕਾਲ ਪੁਰਖ ਉਸ 'ਤੇ ਮਿਹਰ ਦੀ ਨਜ਼ਰ ਕਰਦਾ ਹੈ ਤਾਂ ਉਸ ਨੂੰ ਸੰਗਤ ਵਿਚ ਰਲਾ ਕੇ ਆਪਣੇ ਚਰਨਾਂ ਨਾਲ ਜੋੜ ਲੈਂਦਾ ਹੈ। (ਪੰਨਾ ੪੧੨)

ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਦੇ ਗੁਣਾਂ ਦਾ ਵਰਣਨ ਕਰਦਿਆਂ ਸੱਚ ਨੂੰ ਉਸ ਦਾ ਇੱਕ ਗੁਣ ਦੱਸਿਆ ਹੈ ਜੋ ਉਸ ਦੀ ਸਦੀਵੀ ਹੋਂਦ ਦਾ ਸੂਚਕ ਹੈ ਅਤੇ 'ਸਚਿਆਰ' ਹੋਣਾ ਮਨੁੱਖ ਲਈ ਇੱਕ ਆਦਰਸ਼, ਜਿਸ ਦੀ ਉਸ ਨੇ ਪ੍ਰਾਪਤੀ ਕਰਨੀ ਹੈ। 'ਸਚਿਆਰ' ਦਾ ਅਰਥ ਹੈ, ਸੱਚ ਨੂੰ ਆਪਣੇ ਕਰਮਾਚਾਰ ਦਾ ਆਧਾਰ ਬਣਾਉਣਾ। ਇਸੇ 'ਸੱਚ' ਦਾ ਜ਼ਿਕਰ ਗੁਰੂ ਸਾਹਿਬ ਆਸਾ ਦੀ ਵਾਰ ਵਿਚ ਕਰਦੇ ਹਨ। ਮਨੁੱਖ ਨੂੰ ਆਪਣੇ ਅਸਲੇ ਅਰਥਾਤ ਅਕਾਲ ਪੁਰਖ ਦੀ ਸਮਝ ਉਦੋਂ ਆਉਂਦੀ ਹੈ ਜਦੋਂ ਉਹ ਸੱਚਾ ਅਕਾਲ ਪੁਰਖ ਮਨੁੱਖ ਦੇ ਹਿਰਦੇ ਵਿਚ ਟਿਕ ਜਾਂਦਾ ਹੈ। ਇਸ ਨਾਲ ਮਨੁੱਖ ਦੇ ਅੰਦਰੋਂ ਵਿਕਾਰਾਂ ਦੀ ਮੈਲ ਦੂਰ ਹੋ ਜਾਂਦੀ ਹੈ ਜਿਸ ਨਾਲ ਮਨੁੱਖ ਦਾ ਮਨ ਅਤੇ ਤਨ, ਦੋਵੇਂ ਸੁੰਦਰ ਹੋ ਜਾਂਦੇ ਹਨ। ਸੱਚ ਦਾ ਗਿਆਨ ਮਨੁੱਖ ਨੂੰ ਤਾਂ ਪ੍ਰਾਪਤ ਹੁੰਦਾ ਹੈ ਜੇ ਉਹ ਆਪਣੇ ਮਨ ਨੂੰ ਉਸ ਸੱਚੇ ਨਾਲ ਜੋੜਦਾ ਹੈ। ਫਿਰ ਉਸ ਸੱਚੇ ਦਾ ਨਾਮ ਸੁਣ ਕੇ ਮਨੁੱਖ ਦਾ ਮਨ ਖੇੜੇ ਵਿਚ ਆਉਂਦਾ ਹੈ ਅਤੇ ਉਸ ਨੂੰ ਮਾਇਆਵੀ ਬੰਧਨਾਂ ਤੋਂ ਆਜ਼ਾਦ ਹੋਣ ਦੇ ਅਸਲੀ ਰਸਤੇ ਦੀ ਪਛਾਣ ਆ ਜਾਂਦੀ ਹੈ। ਉਸ ਅਕਾਲ ਪੁਰਖ ਦੀ ਸਮਝ ਮਨੁੱਖ ਨੂੰ ਉਦੋਂ ਆਉਂਦੀ ਹੈ, ਜਦੋਂ ਉਸ ਨੂੰ ਜੀਵਨ ਜੁਗਤਿ ਦੀ ਸਮਝ ਲੱਗ ਜਾਂਦੀ ਹੈ ਅਤੇ ਉਹ ਸਰੀਰ ਰੂਪ ਧਰਤੀ ਨੂੰ ਸੁਆਰ ਕੇ ਇਸ ਵਿਚ ਨਾਮ ਦਾ ਬੀਜ ਬੀਜਦਾ ਹੈ। ਇਹ ਜੁਗਤ ਉਦੋਂ ਪਤਾ ਲੱਗਦੀ ਹੈ ਜਦੋਂ ਉਹ ਗੁਰੂ ਦੀ ਸੱਚੀ ਸਿੱਖਿਆ ਲੈ ਕੇ ਦੂਸਰੇ ਲੋਕਾਂ 'ਤੇ ਦਇਆ ਕਰਨੀ ਅਤੇ ਲੋੜਵੰਦਾਂ ਨੂੰ ਕੁਝ ਦੇਣਾ ਸਿੱਖ ਲੈਂਦਾ ਹੈ ਤੇ ਚੰਗੇ ਪੁੰਨ ਦੇ ਕੰਮ ਕਰਦਾ ਹੈ। ਸੱਚ ਅਜਿਹੀ ਦਵਾ ਹੈ ਜੋ ਮਨੁੱਖ ਦੇ ਅੰਦਰੋਂ ਪਾਪਾਂ ਨੂੰ ਧੋ ਕੇ ਬਾਹਰ ਕੱਢ ਦਿੰਦੀ ਹੈ। (ਪੰਨਾ ੪੬੮)

ਗੁਰੂ ਨਾਨਕ ਸਾਹਿਬ ਜੈਨੀ ਸਾਧੂਆਂ, ਜੋ ਗੰਦੇ ਰਹਿੰਦੇ ਹਨ, ਇਸ ਡਰੋਂ ਇਸ਼ਨਾਨ ਨਹੀਂ ਕਰਦੇ ਕਿ ਪਾਣੀ ਵਿਚ ਅਣਦਿਸਦੇ ਕਿਸੇ ਜੀਵ ਦੀ ਹੱਤਿਆ ਨਾ ਹੋ ਜਾਵੇ, ਦੀ ਉਦਾਹਰਣ ਰਾਹੀਂ ਇਸ਼ਨਾਨ ਕਰਨ ਦਾ ਮਹੱਤਵ ਦੱਸਦੇ ਹਨ ਅਤੇ ਨਾਲ ਅਧਿਆਤਮਕ ਇਸ਼ਨਾਨ ਦੀ ਵੀ ਗੱਲ ਕਰਦੇ ਹਨ ਜੋ ਸੰਗਤ ਵਿਚ ਨਾਮ ਸਿਮਰਨ ਰਾਹੀਂ ਆਪਣੇ ਮਨ ਨੂੰ ਸ਼ੁਧ ਕਰਨ ਲਈ ਕੀਤਾ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਸਤਿਗੁਰੂ ਸਮੁੰਦਰ ਹੈ ਅਤੇ ਉਸ ਦੀ ਸਿੱਖੀ ਅਰਥਾਤ ਸਿੱਖ ਸੰਗਤਾਂ ਨਦੀਆਂ ਹਨ ਜਿਨ੍ਹਾਂ ਵਿਚ ਨਹਾਤਿਆਂ ਵਡਿਆਈ ਮਿਲਦੀ ਹੈ ਕਿਉਂਕਿ ਮਨ ਵਿਕਾਰਾਂ ਤੋਂ ਨਿਰਮਲ ਹੋ ਜਾਂਦਾ ਹੈ।

ਗੁਰੂ ਅਮਰਦਾਸ ਸਾਹਿਬ 'ਅਨੰਦੁ' ਬਾਣੀ ਵਿਚ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਸੱਚ ਵਾਲਾ ਅੰਮ੍ਰਿਤਮਈ ਜੀਵਨ ਜਿਉਣ ਦੀ ਗੱਲ ਕਰਦਿਆਂ ਦੱਸਦੇ ਹਨ ਕਿ ਭਗਤੀ ਦੇ ਇਸ ਮਾਰਗ 'ਤੇ ਚੱਲਣ ਵਾਲਿਆਂ ਦਾ ਜੀਵਨ ਦੂਸਰੇ ਲੋਕਾਂ ਤੋਂ ਨਿਰਾਲਾ ਹੁੰਦਾ ਹੈ ਕਿਉਂਕਿ ਇਹ ਮਾਰਗ ਬਹੁਤ ਔਖਾ ਹੈ। ਇਸ ਮਾਰਗ 'ਤੇ ਚੱਲਣ ਲਈ ਮੋਹ, ਲੋਭ, ਅਹੰਕਾਰ ਅਤੇ ਤ੍ਰਿਸ਼ਨਾ ਦਾ ਤਿਆਗ ਕਰਨਾ ਪੈਂਦਾ ਹੈ, ਆਪਣੀ ਕਹਿਣੀ ਤੇ ਕਰਨੀ ਵਿਚ ਸੰਜਮ ਦਾ ਧਾਰਨੀ ਹੋਣਾ ਹੁੰਦਾ ਹੈ। ਭਗਤੀ ਦਾ ਇਹ ਰਸਤਾ ਤਲਵਾਰ ਨਾਲੋਂ ਤਿੱਖਾ ਅਤੇ ਵਾਲ ਨਾਲੋਂ ਵੀ ਵਧੇਰੇ ਬਾਰੀਕ ਹੈ। ਗੁਰੂ ਦੀ ਮਿਹਰ ਨਾਲ ਜਿਹੜੇ ਆਪਾ-ਭਾਵ ਦਾ ਤਿਆਗ ਕਰ ਦਿੰਦੇ ਹਨ, ਅਕਾਲ ਪੁਰਖ ਦੀ ਸ਼ਰਧਾ ਵਿਚ ਸਮਾ ਜਾਂਦੇ ਹਨ, ਉਹ ਇਸ ਮਾਰਗ ਦੇ ਪਾਂਧੀ ਬਣਦੇ ਹਨ। ਤੀਸਰੇ ਪਾਤਿਸ਼ਾਹ ਇਸ ਮਾਰਗ 'ਤੇ ਤੁਰਨ ਲਈ ਗੁਰੂ ਦੀ ਸੱਚੀ ਬਾਣੀ ਨਾਲ ਜੁੜਨ ਦਾ ਉਪਦੇਸ਼ ਕਰਦੇ ਹਨ। ਗੁਰੂ ਦੀ ਬਾਣੀ ਮਨੁੱਖ ਨੂੰ ਅਕਾਲ ਪੁਰਖ ਨਾਲ ਜੋੜਦੀ ਅਤੇ ਅੰਮ੍ਰਿਤਮਈ ਜੀਵਨ ਜਿਉਣ ਦੀ ਜਾਚ ਦੱਸਦੀ ਹੈ। (ਪੰਨਾ ੯੧੮, ੯੨੦)

ਗੁਰੂ ਰਾਮਦਾਸ ਸਾਹਿਬ 'ਸੱਚਾ ਸਿੱਖ ਕਿਹੋ ਜਿਹਾ ਹੋਣਾ ਚਾਹੀਦਾ ਹੈ' ਦੀ ਵਿਆਖਿਆ ਕਰਦੇ ਹਨ ਕਿ ਜੋ ਆਪਣੇ ਆਪ ਨੂੰ ਸਤਿਗੁਰੂ ਦਾ ਸੱਚਾ ਸਿੱਖ ਅਖਵਾਉਂਦਾ ਹੈ, ਉਹ ਸਵੇਰੇ ਅੰਮ੍ਰਿਤ ਵੇਲੇ ਉਠ ਕੇ ਉਸ ਪਰਵਰਦਗਾਰ ਦੇ ਨਾਮ ਦਾ ਸਿਮਰਨ ਕਰਦਾ ਹੈ। ਹਰ ਰੋਜ਼ ਸਵੇਰੇ ਉਠ ਕੇ ਉਦਮ ਕਰਦਾ ਹੈ, ਇਸ਼ਨਾਨ ਕਰਦਾ ਹੈ, ਫਿਰ ਨਾਮ-ਰੂਪੀ ਅੰਮ੍ਰਿਤ ਸਰੋਵਰ ਵਿਚ ਟੁੱਭੀ ਲਾਉਂਦਾ ਹੈ। ਉਹ ਸਤਿਗੁਰੂ ਦੀ ਸਿੱਖਿਆ ਦੇ ਅਨੁਸਾਰ ਚੱਲਦਿਆਂ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ ਜਿਸ ਨਾਲ ਉਸ ਦੇ ਅੰਦਰੋਂ ਹਰ ਤਰ੍ਹਾਂ ਦੇ ਵਿਕਾਰ ਦੂਰ ਹੋ ਜਾਂਦੇ ਹਨ ਅਤੇ ਉਸ ਦਾ ਮਨ ਨਿਰਮਲ ਹੋ ਜਾਂਦਾ ਹੈ। ਬਾਣੀ ਦਾ ਕੀਰਤਨ ਕਰਦਾ ਹੈ ਅਤੇ ਦਿਨ ਸਮੇਂ ਬੈਠਦਿਆਂ-ਉਠਦਿਆਂ ਉਸ ਅਕਾਲ ਪੁਰਖ ਨੂੰ ਯਾਦ ਰੱਖਦਾ ਹੈ। ਸਤਿਗੁਰੂ ਦੇ ਮਨ ਨੂੰ ਅਜਿਹਾ ਸਿੱਖ ਚੰਗਾ ਲੱਗਦਾ ਹੈ। ਗੁਰੂ ਦਾ ਉਪਦੇਸ਼ ਉਸ ਅਕਾਲ ਪੁਰਖ ਦੀ ਮਿਹਰ ਸਦਕਾ ਮਿਲਦਾ ਹੈ ਜਿਸ 'ਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ। ਗੁਰਸਿਖ ਦਾ ਇਹ ਫਰਜ਼ ਬਣਦਾ ਹੈ ਕਿ ਉਹ ਗੁਰੂ ਦਾ ਉਪਦੇਸ਼ ਅੱਗੋਂ ਹੋਰਾਂ ਨੂੰ ਸੁਣਾਵੇ ਅਤੇ ਅਕਾਲ ਪੁਰਖ ਦਾ ਨਾਮ ਜਪਾਵੇ। ਗੁਰੂ ਰਾਮਦਾਸ ਜੀ ਅਜਿਹੇ ਗੁਰਸਿੱਖ ਦੇ ਚਰਨਾਂ ਦੀ ਧੂੜ ਮੰਗਦੇ ਹਨ ਅਰਥਾਤ ਅਜਿਹਾ ਸਿੱਖ ਬਹੁਤ ਹੀ ਸਤਿਕਾਰਯੋਗ ਹੈ ਜੋ ਆਪ ਨਾਮ ਦਾ ਸਿਮਰਨ ਕਰਦਾ ਹੈ ਅਤੇ ਹੋਰਾਂ ਨੂੰ ਵੀ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਵਾਉਂਦਾ ਹੈ। (ਪੰਨਾ ੩੦੫)

ਸਤਿਗੁਰੂ ਅਕਾਲ ਪੁਰਖ ਨਾਲ ਜੁੜਿਆ ਹੋਇਆ ਹੈ ਅਤੇ ਸਿੱਖ ਸਤਿਗੁਰੂ ਨਾਲ ਜੁੜਿਆ ਹੋਇਆ ਹੈ। ਇਸ ਤਰ੍ਹਾਂ ਸਤਿਗੁਰੂ ਰਾਹੀਂ ਸਿੱਖ ਵੀ ਅਕਾਲ ਪੁਰਖ ਨਾਲ ਜੁੜ ਜਾਂਦਾ ਹੈ। ਗੁਰੂ ਰਾਮਦਾਸ ਸਾਹਿਬ ਇਸੇ ਤੱਥ ਨੂੰ ਸਮਝਾਉਂਦੇ ਹਨ ਕਿ ਆਪਣੇ ਸਤਿਗੁਰੂ ਦੀ ਵਡਿਆਈ ਗੁਰੂ ਦੇ ਸਿੱਖਾਂ ਦੇ ਮਨ ਨੂੰ ਚੰਗੀ ਲੱਗਦੀ ਹੈ। ਅਕਾਲ ਪੁਰਖ ਸਤਿਗੁਰੂ ਦੀ ਪੈਜ ਰੱਖਦਾ ਹੈ ਜਿਸ ਨਾਲ ਸਤਿਗੁਰੂ ਦੀ ਵਡਿਆਈ ਦਿਨੋ ਦਿਨ ਵਧਦੀ ਜਾਂਦੀ ਹੈ। ਉਹ ਪਾਰਬ੍ਰਹਮ ਜੋ ਸਭ ਦਾ ਪਰਵਰਦਗਾਰ ਹੈ, ਸਭ ਨੂੰ ਬਚਾਉਣ ਵਾਲਾ ਹੈ, ਉਹ ਸਤਿਗੁਰੂ ਦੇ ਮਨ ਵਿਚ ਵਸਦਾ ਹੈ ਅਤੇ ਸਤਿਗੁਰੂ ਦਾ ਬਲ ਅਤੇ ਆਸਰਾ ਹੈ। ਉਸੇ ਦੀ ਮਿਹਰ ਸਦਕਾ ਜੀਵ ਸਤਿਗੁਰੂ ਦੇ ਅੱਗੇ ਨਿਵਦੇ ਹਨ। ਜਿਹੜੇ ਮਨੁੱਖ ਪ੍ਰੇਮ ਨਾਲ ਸਤਿਗੁਰੂ ਦਾ ਦਰਸ਼ਨ ਕਰਦੇ ਹਨ, ਉਨ੍ਹਾਂ ਦੇ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ। ਉਹ ਖਿੜੇ ਮੱਥੇ ਨਾਲ ਅਕਾਲ ਪੁਰਖ ਦੇ ਦਰਬਾਰ ਵਿਚ ਜਾਂਦੇ ਹਨ ਅਤੇ ਸ਼ੋਭਾ ਖੱਟਦੇ ਹਨ। ਗੁਰੂ ਰਾਮਦਾਸ ਸਾਹਿਬ ਕਹਿੰਦੇ ਹਨ ਕਿ ਜਿਹੜੇ ਮੇਰੇ ਵੀਰ ਵਾਹਿਗੁਰੂ ਦੇ ਸਿੱਖ ਹਨ, ਮੈਂ ਉਨ੍ਹਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ। (ਪੰਨਾ ੩੧੦)

ਚੰਗਾ ਸਿੱਖ ਉਹੀ ਹੈ ਜੋ ਗੁਰੂ ਦੇ ਦੱਸੇ ਹੋਏ ਰਸਤੇ 'ਤੇ ਚੱਲ ਕੇ ਗੁਰੂ ਦੀ ਆਗਿਆ ਅਨੁਸਾਰ ਕਰਮ ਕਰਦਾ ਹੈ। ਗੁਰੂ ਰਾਮਦਾਸ ਇਸੇ ਸਬੰਧ ਵਿਚ ਦੱਸਦੇ ਹਨ ਕਿ ਜਿਹੜਾ ਸਿੱਖ ਸਤਿਗੁਰੂ ਦੀ ਆਗਿਆ ਵਿਚ ਚੱਲਦਾ ਹੈ, ਸਤਿਗੁਰੂ ਦੀ ਦੱਸੀ ਹੋਈ ਕਾਰ ਕਰਦਾ ਹੈ, ਮੈਂ ਉਸ ਦੇ ਗੁਲਾਮਾਂ ਦਾ ਵੀ ਗੁਲਾਮ ਹਾਂ, ਅਜਿਹੇ ਸਿੱਖ ਅਕਾਲ ਪੁਰਖ ਦੇ ਪ੍ਰੇਮ ਵਿਚ ਰੰਗੇ ਹੋਏ ਹੁੰਦੇ ਹਨ ਅਤੇ ਇਹ ਰੰਗ ਉਨ੍ਹਾਂ ਦੀ ਰਹਿਣੀ, ਉਨ੍ਹਾਂ ਦੇ ਵਿਅਕਤਿਤਵ ਵਿਚੋਂ ਵੀ ਸਪੱਸ਼ਟ ਦਿਖਾਈ ਦਿੰਦਾ ਹੈ। ਅਜਿਹੇ ਮਨੁੱਖ ਪਿਆਰ ਨਾਲ ਸੱਚ ਨੂੰ ਵਿਹਾਜਦੇ ਹਨ ਭਾਵ ਉਨ੍ਹਾਂ ਦਾ ਹਰ ਕਰਮ ਸੱਚ ਅਨੁਸਾਰ ਹੁੰਦਾ ਹੈ। ਸੱਚ ਦੇ ਸੌਦੇ ਵਿਚ ਕਦੇ ਘਾਟਾ ਨਹੀਂ ਹੁੰਦਾ, ਲਾਭ ਹੀ ਲਾਭ ਹੁੰਦਾ ਹੈ ਅਜਿਹੇ ਮਨੁੱਖਾਂ ਨੂੰ ਉਹ ਵਾਹਿਗੁਰੂ ਪਿਆਰਾ ਲੱਗਣ ਲੱਗ ਪੈਂਦਾ ਹੈ। (ਪੰਨਾ ੩੧੧)

ਸਿੱਖ ਦੀ ਰਹਿਣੀ ਅੰਦਰੋਂ ਅਤੇ ਬਾਹਰੋਂ ਇੱਕੋ ਜਿਹੀ ਹੁੰਦੀ ਹੈ ਭਾਵ ਗੁਰੂ ਦਾ ਸਿੱਖ ਅਖਵਾਉਣ ਵਾਲੇ ਮਨੁੱਖ ਦੀ ਕਰਨੀ ਤੇ ਕਹਿਣੀ ਵਿਚ ਕੋਈ ਅੰਤਰ ਨਹੀਂ ਹੁੰਦਾ। ਜਿਹੜੇ ਮਨੁੱਖਾਂ ਦੇ ਮਨ ਅੰਦਰ ਖੋਟ ਹੁੰਦੀ ਹੈ ਅਤੇ ਬਾਹਰੋਂ ਗੁਰੂ ਅੱਗੇ ਨਤਮਸਤਕ ਹੁੰਦੇ ਹਨ, ਉਨ੍ਹਾਂ ਨੂੰ ਗੁਰੂ ਦੇ ਸੱਚੇ ਸਿੱਖ ਨਹੀਂ ਕਿਹਾ ਜਾ ਸਕਦਾ। ਗੁਰੂ ਨੇ ਸਿੱਖ ਦੀ ਕਥਨੀ ਤੇ ਕਰਨੀ ਦੇ ਫਰਕ ਨੂੰ ਪਰਵਾਨ ਨਹੀਂ ਕੀਤਾ। ਭਾਵ ਸਿੱਖ ਸਿਰਫ ਦਿੱਖ ਵਿਚ ਹੀ ਸਿੱਖ ਨਹੀਂ ਹੋਣਾ ਚਾਹੀਦਾ, ਉਸ ਦਾ ਹਰ ਕਰਮ ਗੁਰੂ ਦੀ ਸਿੱਖਿਆ ਅਨੁਸਾਰ ਹੋਣਾ ਚਾਹੀਦਾ ਹੈ। ਸੱਚੇ ਸਿੱਖਾਂ ਦੇ ਅੰਦਰ ਸਤਿਗੁਰੂ ਵਰਤਦਾ ਹੈ ਜਦਕਿ ਮਾਇਆਵੀ ਬੰਦਿਆਂ ਦੇ ਅੰਦਰ ਕੂੜ ਦਾ ਪਸਾਰਾ ਹੁੰਦਾ ਹੈ। ਸਿੱਖਾਂ ਅਤੇ ਮਾਇਆਵੀ ਬੰਦਿਆਂ ਦੀ ਪਛਾਣ ਆਪਸ ਵਿਚ ਰਲਦੀ ਨਹੀਂ ਕਿਉਂਕਿ ਉਨ੍ਹਾਂ ਦੀ ਕਰਨੀ ਤੋਂ ਉਸ ਦਾ ਪਤਾ ਚੱਲ ਜਾਂਦਾ ਹੈ। ਰੱਬ ਤੋਂ ਟੁੱਟੇ ਹੋਏ ਅਜਿਹੇ ਬੰਦਿਆਂ ਦਾ ਸਾਥ ਕਰਨਾ ਵੀ ਚੰਗਾ ਨਹੀਂ ਹੁੰਦਾ। (ਪੰਨ ੩੧੨)

ਚੌਥੀ ਨਾਨਕ ਜੋਤਿ ਗੁਰੂ ਰਾਮਦਾਸ ਸਾਹਿਬ ਨੇ ਗੁਰੂ ਅਤੇ ਸਿੱਖ ਦੇ ਇੱਕ-ਸਰੂਪ ਹੋਣ ਦੀ ਗੱਲ ਕੀਤੀ ਹੈ। ਅਕਾਲ ਪੁਰਖ ਸਦੀਵੀ ਕਾਇਮ ਰਹਿਣ ਵਾਲੀ ਹਸਤੀ ਹੈ। ਇਸ ਲਈ ਉਸ ਦਾ ਨਾਮ ਵੀ ਸਦਾ ਕਾਇਮ ਰਹਿਣ ਵਾਲਾ ਹੈ। ਇਸ ਸਦੀਵੀ ਹਸਤੀ ਨਾਲ ਉਸ ਮਨੁੱਖ ਦੀ ਸਾਂਝ ਪੈਂਦੀ ਹੈ ਜਿਹੜਾ ਗੁਰੂ ਦੀ ਸ਼ਰਨ ਵਿਚ ਆ ਜਾਂਦਾ ਹੈ। ਆਪਣਾ ਤਨ ਅਤੇ ਮਨ ਗੁਰੂ ਦੇ ਸਮਰਪਣ ਕਰਕੇ ਪੂਰੀ ਤਰ੍ਹਾਂ ਗੁਰੂ ਦੀ ਸੇਵਾ ਵਿਚ ਲੱਗਾ ਰਹਿੰਦਾ ਹੈ। ਇਸ ਤਰ੍ਹਾਂ ਜਦੋਂ ਤਨ ਅਤੇ ਮਨ ਦੇ ਸਮਰਪਣ ਨਾਲ ਸਿੱਖ ਗੁਰੂ ਦੀ ਸੇਵਾ ਕਰਦਾ ਹੈ ਤਾਂ ਉਸ ਦੇ ਮਨ ਵਿਚ ਗੁਰੂ ਲਈ ਅਥਾਹ ਸ਼ਰਧਾ ਪੈਦਾ ਹੋ ਜਾਂਦੀ ਹੈ। ਇਸ ਸ਼ਰਧਾ ਅਤੇ ਪ੍ਰੇਮ ਸਦਕਾ ਗੁਰੂ ਉਸ ਨੂੰ ਅਕਾਲ ਪੁਰਖ ਨਾਲ ਮਿਲਾ ਦਿੰਦਾ ਹੈ। ਉਹ ਅਕਾਲ ਪੁਰਖ ਜੋ ਸਭ ਦਾ ਦਾਤਾ ਅਤੇ ਮਾਲਕ ਹੈ, ਗੁਰੂ ਰਾਹੀਂ ਹੀ ਮਿਲਦਾ ਹੈ। ਇਸ ਤਰ੍ਹਾਂ ਪ੍ਰੇਮ ਕਰਕੇ ਗੁਰੂ ਅਤੇ ਸਿੱਖ ਇੱਕ ਸਰੂਪ ਹੋ ਜਾਂਦੇ ਹਨ। ਗੁਰੂ ਸਿੱਖ ਨਾਲ ਇੱਕ-ਸਰੂਪ ਹੋ ਜਾਂਦਾ ਹੈ ਅਤੇ ਸਿੱਖ ਗੁਰੂ ਵਿਚ ਲੀਨ ਹੋ ਜਾਂਦਾ ਹੈ। ਇਸ ਤਰ੍ਹਾਂ ਗੁਰੂ ਦੇ ਉਪਦੇਸ਼ ਨੂੰ ਅੱਗੇ ਲੈ ਕੇ ਜਾਂਦਾ ਹੈ। (ਪੰਨਾ ੪੪੪)

ਪੰਜਵੇਂ ਪਾਤਿਸ਼ਾਹ ਸਿੱਖ ਦੀ ਵਿਆਖਿਆ ਕਰਦੇ ਹੋਏ ਦੱਸਦੇ ਹਨ ਕਿ ਸਤਿਗੁਰ ਉਹ ਹੈ ਜਿਸ ਨੇ ਉਸ ਅਕਾਲ ਪੁਰਖ ਨੂੰ ਜਾਣ ਲਿਆ ਹੈ, ਜਿਸ ਨੇ ਉਸ ਦਾ ਅਨੁਭਵ ਕਰ ਲਿਆ ਹੈ ਅਤੇ ਅਜਿਹੇ ਸਤਿਗੁਰੂ ਦੀ ਸਿੱਖਿਆ ਦਾ ਜੋ ਪੁਰਸ਼ ਅਨੁਸਰਨ ਕਰਦਾ ਹੈ, ਜੋ ਉਸ ਦੀ ਸਿੱਖਿਆ 'ਤੇ ਚੱਲਦਾ ਹੈ, ਉਹ ਸਿੱਖ ਉਸ ਅਕਾਲ ਪੁਰਖ ਦੇ ਗੁਣਾਂ ਦਾ ਗਾਇਣ ਕਰਦਾ ਹੋਇਆ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ। ਅਜਿਹੇ ਸਤਿਗੁਰੂ ਦੀ ਸਿੱਖਿਆ 'ਤੇ ਚੱਲਣ ਵਾਲਾ ਮਨੁੱਖ ਸਤਿਗੁਰੂ ਦੀ ਸੰਗਤ ਵਿਚ ਰਹਿ ਕੇ ਤਰ ਜਾਂਦਾ ਹੈ। ਅੱਗੇ ਵਿਸਥਾਰ ਵਿਚ ਇਸ ਦੀ ਵਿਆਖਿਆ ਕਰਦਿਆਂ ਪੰਚਮ ਪਾਤਸ਼ਾਹ ਦੱਸਦੇ ਹਨ ਕਿ ਸਤਿਗੁਰੂ ਸਿੱਖ ਦੀ ਰੱਖਿਆ ਕਰਦਾ ਹੈ ਅਤੇ ਉਸ ਉਤੇ ਮਿਹਰ ਕਰਦਾ ਹੈ। ਸਤਿਗੁਰ ਆਪਣੇ ਸਿੱਖ ਦੀ ਬੁਰੀ ਮੱਤ ਨੂੰ ਦੂਰ ਕਰ ਦਿੰਦਾ ਹੈ ਅਤੇ ਗੁਰੂ ਦੇ ਬਚਨਾਂ ਨੂੰ ਸੁਣ ਕੇ ਸਿੱਖ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ। ਸਤਿਗੁਰੂ ਸਿੱਖ ਦੇ ਮਾਇਆਵੀ ਬੰਧਨਾਂ ਨੂੰ ਤੋੜ ਦਿੰਦਾ ਹੈ ਅਤੇ ਇਸ ਲਈ ਉਹ ਵਿਕਾਰਾਂ ਵੱਲੋਂ ਆਪਣੇ ਮਨ ਨੂੰ ਰੋਕ ਲੈਂਦਾ ਹੈ। ਸਤਿਗੁਰੂ ਪਾਸੋਂ ਸਿੱਖ ਨੂੰ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ, ਜਿਸ ਦਾਤ ਦੇ ਕਾਰਨ ਉਹ ਵੱਡੇ ਭਾਗਾਂ ਵਾਲਾ ਹੋ ਜਾਂਦਾ ਹੈ। ਸਤਿਗੁਰੂ ਆਪਣੇ ਸਿੱਖ ਦਾ ਇਹ ਲੋਕ ਤੇ ਦੂਸਰਾ ਲੋਕ, ਦੋਵੇਂ ਸੰਵਾਰ ਦਿੰਦਾ ਹੈ ਅਤੇ ਸਤਿਗੁਰੂ ਆਪਣੇ ਸਿੱਖ ਨੂੰ ਆਪਣੀ ਜਿੰਦ ਦੇ ਨਾਲ ਯਾਦ ਰੱਖਦਾ ਹੈ। (ਪੰਨਾ ੨੮੬)

ਭਾਈ ਗੁਰਦਾਸ ਨੇ ਗੁਰਸਿੱਖ ਜਾਂ ਸਿੱਖ ਦਾ ਜੋ ਜੀਵਨ ਦੱਸਿਆ ਹੈ, ਉਸ ਨੂੰ ਬਹੁਤ ਹੀ ਸੰਖੇਪ ਵਿਚ ਇਸ ਤਰ੍ਹਾਂ ਦੱਸਿਆ ਜਾ ਸਕਦਾ ਹੈ ਕਿ ਗੁਰਸੰਗਤ ਅਜਿਹੀ ਹੱਟੀ ਹੈ ਜਿਥੋਂ ਸ਼ਬਦ ਅਤੇ ਨਾਮ ਦਾ ਸੌਦਾ ਖਰੀਦਿਆ ਜਾਂਦਾ ਹੈ; ਉਸ ਪੂਰੇ ਪਰਮਾਤਮਾ ਦਾ ਪੈਮਾਨਾ ਵੀ ਪੂਰਾ ਹੈ ਕਿ ਉਸ ਦੀ ਸਿਫਤ-ਸਾਲਾਹ ਕਿਵੇਂ ਕਰਨੀ ਹੈ। ਇਸ ਸੌਦੇ ਵਿਚ ਘਾਟ ਕਦੇ ਨਹੀਂ ਆਉਂਦੀ ਅਤੇ ਇਸ ਵਣਜ ਰਾਹੀਂ ਗੁਰਸਿੱਖ ਪੂਰਨ ਅਕਾਲ ਪੁਰਖ ਵਿਚ ਸਮਾ ਜਾਂਦਾ ਹੈ। ਸਾਧ ਸੰਗਤ ਅਜਿਹਾ ਸਥਾਨ ਹੈ ਜਿੱਥੇ ਜਾ ਕੇ ਸਿੱਖ ਮਾਇਆ ਤੋਂ ਆਪਣੇ ਜੀਵਨ ਨੂੰ ਨਿਰਲੇਪ ਕਰਨਾ ਸਿੱਖਦਾ ਹੈ। ਪੰਜ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ) ਨੂੰ ਕਾਬੂ ਕਰਕੇ ਉਹ ਇਲਾਹੀ ਦਾਤ ਪਾ ਲੈਂਦਾ ਹੈ, ਜਿਵੇਂ ਖੂਹ ਦਾ ਪਾਣੀ ਖੇਤਾਂ ਨੂੰ ਹਰੇ-ਭਰੇ ਰੱਖਦਾ ਹੈ, ਉਸੇ ਤਰ੍ਹਾਂ ਸਿੱਖ ਘਰ ਵਿਚ ਧਰਮ ਕਮਾਉਂਦਾ ਹੈ। ਪੂਰੇ ਗੁਰੂ ਦੀ ਸਿੱਖਿਆ 'ਤੇ ਚੱਲ ਕੇ, ਹਉਮੈ ਨੂੰ ਸਾੜ ਕੇ, ਸ਼ਬਦ ਰਾਹੀਂ ਘਰ ਵਿਚ ਹੀ ਜੋਗ ਕਮਾਉਂਦਾ ਹੈ। (ਵਾਰ ੩/੬,੮)

ਸੰਖੇਪ ਵਿਚ ਨਿਰੀ ਕਹਿਣੀ ਨਾਲ ਨਹੀਂ, ਕਰਨੀ ਵਿਚ ਵੀ ਜੇ ਸਿੱਖ ਆਪਣੇ ਜੀਵਨ ਨੂੰ ਗੁਰੂ ਦੇ ਸ਼ਬਦ ਅਨੁਸਾਰ ਨਹੀਂ ਢਾਲਦਾ ਤਾਂ ਦਿੱਖ ਵਿਚ ਭਾਵੇਂ ਉਹ ਪੂਰਾ ਗੁਰਸਿੱਖ ਨਜ਼ਰ ਆਉਂਦਾ ਹੋਵੇ, ਉਹ ਗੁਰੂ ਦਾ ਸਿੱਖ ਅਖਵਾਉਣ ਦਾ ਹੱਕਦਾਰ ਨਹੀਂ ਹੈ, ਕਿਉਂਕਿ ਗੁਰੂ ਨੇ ਜਿਸ ਕਿਸਮ ਦੇ ਸਮਾਜ ਦੀ ਸਿਰਜਣਾ ਲਈ ਸਿੱਖ ਧਰਮ ਦੀ ਨੀਂਹ ਰੱਖੀ, ਉਸ ਨੂੰ ਅਮਲੀ ਰੂਪ ਦੇਣਾ ਹੈ।

ਬੁੱਧੀਜੀਵੀ ਦਲਜੀਤ ਅਮੀ ਦੇ ਸ਼ਬਦਾਂ ਵਿਚ "ਸਮਾਜਕ ਬਰਾਬਰੀ ਦੀ ਸਿਆਸਤ ਤੁਕਾਂ ਦੇ ਹਵਾਲੇ ਨਾਲ ਨਹੀਂ, ਸਗੋਂ ਸੰਘਰਸ਼ਾਂ ਦੇ ਅਮਲਾਂ ਨਾਲ ਚੱਲਦੀ ਹੈ।"

#

ਗੁਰਬਾਣੀ ਗਿਆਨ

## ਭਾਵਨੁ ਤਿਆਗਿਓ ਰੀ ਤਿਆਗਿਓ

**ਗਉੜੀ ਮਾਲਾ ਮਹਲਾ ੫**

ਭਾਵਨੁ ਤਿਆਗਿਓ ਰੀ ਤਿਆਗਿਓ॥
ਤਿਆਗਿਓ ਮੈ ਗੁਰ ਮਿਲਿ ਤਿਆਗਿਓ॥
ਸਰਬ ਸੁਖ ਆਨੰਦ ਮੰਗਲ ਰਸ
ਮਾਨਿ ਗੋਬਿੰਦੈ ਆਗਿਓ॥੧॥ਰਹਾਉ॥
ਮਾਨੁ ਅਭਿਮਾਨੁ ਦੋਊ ਸਮਾਨੇ
ਮਸਤਕੁ ਡਾਰਿ ਗੁਰ ਪਾਗਿਓ॥
ਸੰਪਤ ਹਰਖੁ ਨ ਆਪਤ ਦੂਖਾ
ਰੰਗੁ ਠਾਕੁਰੈ ਲਾਗਿਓ॥੧॥
ਬਾਸ ਬਾਸਰੀ ਏਕੈ ਸੁਆਮੀ
ਉਦਿਆਨ ਦ੍ਰਿਸਟਾਗਿਓ॥
ਨਿਰਭਉ ਭਏ ਸੰਤ ਭ੍ਰਮੁ ਡਾਰਿਓ
ਪੂਰਨ ਸਰਬਾਗਿਓ॥੨॥
ਜੋ ਕਿਛੁ ਕਰਤੈ ਕਾਰਣੁ ਕੀਨੋ
ਮਨਿ ਬੁਰੋ ਨ ਲਾਗਿਓ॥
ਸਾਧਸੰਗਤਿ ਪਰਸਾਦਿ ਸੰਤਨ ਕੈ
ਸੋਇਓ ਮਨੁ ਜਾਗਿਓ॥੩॥
ਜਨ ਨਾਨਕ ਓੜਿ ਤੁਹਾਰੀ ਪਰਿਓ
ਆਇਓ ਸਰਣਾਗਿਓ॥
ਨਾਮ ਰੰਗ ਸਹਜ ਰਸ ਮਾਣੇ
ਫਿਰਿ ਦੂਖੁ ਨਾ ਲਾਗਿਓ॥੪॥

ਗੁਰਦੇਵ ਜੀ ਆਖਦੇ ਹਨ- ਹੇ ਭੈਣ! ਮੈਂ ਤਿਆਗ ਦਿੱਤਾ ਹੈ, ਸੁੱਖਾਂ ਦੀ ਪ੍ਰਾਪਤੀ ਕਰਨ ਵਾਲਾ ਤੇ ਦੁੱਖਾਂ ਤੋਂ ਡਰਨ ਵਾਲਾ ਉਹ ਵਿਚਾਰ ਹੀ ਤਿਆਗ ਦਿੱਤਾ ਹੈ, ਤੇ ਭੈਣ! ਇਹ ਵਿਚਾਰ ਮੈਂ ਗੁਰੂ ਦੀ ਕ੍ਰਿਪਾ ਨਾਲ ਤਿਆਗਿਆ ਹੈ; ਸਭ ਸੁਖ ਆਨੰਦ ਮੰਗਲ ਰਸ, ਜਦੋਂ ਦੀ ਮੈਂ ਗੁਰੂ ਤੋਂ ਮੱਤ ਲਈ ਹੈ, ਉਦੋਂ ਤੋਂ ਹੀ ਉਸ ਹਰੀ ਪਰਮਾਤਮਾ ਦੀ ਆਗਿਆ ਵਿਚ ਰਹਿ ਕੇ ਮੈਨੂੰ ਹਰ ਜਗ੍ਹਾ ਸੁੱਖ, ਅਨੰਦ, ਖੁਸ਼ੀਆਂ ਤੇ ਮੰਗਲ ਹੀ ਦਿਖਾਈ ਦੇ ਰਹੇ ਹਨ।

ਮਾਨੁ ਅਭਿਮਾਨੁ ਦੋਊ ਸਮਾਨੇ
ਮਸਤਕੁ ਡਾਰਿ ਗੁਰ ਪਾਗਿਓ॥
ਸੰਪਤ ਹਰਖੁ ਨ ਆਪਤ ਦੂਖਾ
ਰੰਗੁ ਠਾਕੁਰੈ ਲਾਗਿਓ॥੧॥

ਸਤਿਗੁਰੂ ਜੀ ਆਖ ਰਹੇ ਹਨ- ਹੇ ਭੈਣ! ਭਾਵੇਂ ਕੋਈ ਮੇਰਾ ਮਾਨ ਸਨਮਾਨ ਕਰੇ ਜਾਂ ਮੇਰਾ ਨਿਰਾਦਰ ਕਰੇ, ਹੁਣ ਇਹ ਦੋਵੇਂ ਮੈਨੂੰ ਇਕੋ ਜੈਸੇ ਹੀ ਲੱਗਦੇ ਹਨ; ਮਸਤਕੁ ਡਾਰਿ ਗੁਰ ਪਾਗਿਓ, ਕਿਉਂਕਿ ਹੁਣ ਮੈਂ ਆਪਣਾ ਸਿਰ ਗੁਰੂ ਦੇ ਚਰਨਾਂ ਉਤੇ ਰੱਖ ਦਿੱਤਾ ਹੈ; ਸੰਪਤ ਹਰਖੁ ਨਾ ਆਪਤ ਦੂਖਾ, ਹੇ ਭੈਣ! ਹੁਣ ਮੈਨੂੰ ਆਉਂਦੀਆਂ ਧਨ-ਦੌਲਤਾਂ ਦੀ ਵੀ ਖੁਸ਼ੀ ਨਹੀਂ ਹੁੰਦੀ, ਤੇ ਨਾ ਹੀ ਆਈਆਂ ਮੁਸੀਬਤਾਂ ਤੇ ਦੁੱਖਾਂ ਤੋਂ ਡਰ ਲੱਗਦਾ ਹੈ, ਕਿਉਂਕਿ ਗੁਰੂ ਕ੍ਰਿਪਾ ਨਾਲ ਮੇਰੀ ਪ੍ਰਭੂ ਨਾਲ ਪ੍ਰੀਤ ਪੈ ਗਈ ਹੈ।

ਬਾਸ ਬਾਸਰੀ ਏਕੈ ਸੁਆਮੀ
ਉਦਿਆਨ ਦ੍ਰਿਸਟਾਗਿਓ॥
ਨਿਰਭਉ ਭਏ ਸੰਤ ਭ੍ਰਮੁ ਡਾਰਿਓ
ਪੂਰਨ ਸਰਬਾਗਿਓ॥੨॥

ਹੇ ਭੈਣ! ਗੁਰੂ ਕ੍ਰਿਪਾ ਸਦਕਾ ਹੁਣ ਮੈਨੂੰ ਸਭ ਥਾਂਵਾਂ 'ਤੇ ਉਹ ਮਿਹਰਵਾਨ ਪ੍ਰਭੂ ਵੱਸਦਾ ਦਿਖਾਈ ਦਿੰਦਾ ਹੈ; ਉਦਿਆਨ ਦ੍ਰਿਸਟਾਗਿਓ, ਭਾਵੇਂ ਉਹ ਘਰ ਹੋਣ ਜਾਂ ਜੰਗਲ, ਮੈਨੂੰ ਪ੍ਰਭੂ ਹੀ ਦਿਖਾਈ ਦਿੰਦਾ ਹੈ; ਨਿਰਭਉ ਭਏ ਸੰਤ ਭ੍ਰਮੁ ਡਾਰਿਓ, ਹੇ ਭੈਣ! ਗੁਰੂ ਸੰਤ ਦੀ ਕ੍ਰਿਪਾ ਸਦਕਾ ਮੇਰੇ ਸਾਰੇ ਭਰਮ-ਭੁਲੇਖੇ ਮੁੱਕ ਗਏ ਹਨ; ਪੂਰਨ ਸਰਬਾਗਿਓ, ਸਭ ਜੀਵਾਂ ਦੇ ਅੰਦਰ ਦੀਆਂ ਜਾਨਣ ਵਾਲੇ ਪ੍ਰਭੂ ਨਾਲ ਪ੍ਰੀਤ ਪਾ ਕੇ ਮੈਂ ਵਿਕਾਰਾਂ ਵੱਲੋਂ ਨਿਡਰ ਹੋ ਗਈ ਹਾਂ।

ਜੋ ਕਿਛੁ ਕਰਤੈ ਕਾਰਣੁ ਕੀਨੋ
ਮਨਿ ਬੁਰੋ ਨ ਲਾਗਿਓ॥
ਸਾਧਸੰਗਤਿ ਪਰਸਾਦਿ ਸੰਤਨ ਕੈ
ਸੋਇਓ ਮਨੁ ਜਾਗਿਓ॥੩॥

ਹੇ ਭੈਣ! ਹੁਣ ਉਸ ਕਰਤਾ ਪੁਰਖ ਦੇ ਹੁਕਮ ਸਦਕਾ ਜੋ ਦੁੱਖ ਜਾਂ ਸੁੱਖ ਆਉਂਦਾ ਹੈ; ਮਨਿ ਬੁਰੋ ਨ ਲਾਗਿਓ, ਹੁਣ ਕੁਝ ਵੀ ਪਿਆ ਹੋਵੇ, ਮੈਨੂੰ ਆਪਣੇ ਮਨ ਵਿਚ ਉਹ ਬੁਰਾ ਵੀ ਨਹੀਂ ਲੱਗਦਾ, ਤੇ ਪ੍ਰਭੂ ਹੁਕਮ ਵਿਚ ਹੁੰਦਾ ਹੀ ਪ੍ਰਤੀਤ ਹੋ ਰਿਹਾ ਹੈ; ਸਾਧਸੰਗਤਿ ਪਰਸਾਦਿ ਸੰਤਨ ਕੈ, ਹੇ ਭੈਣ! ਸੁਣ! ਇਹ ਸਾਰਾ ਕੁਝ ਤਾਂ ਸਾਧ-ਸੰਗਤ ਵਿਚ ਆ ਕੇ ਗੁਰੂ ਕ੍ਰਿਪਾ ਨਾਲ ਹੀ ਹੋਇਆ ਹੈ; ਸੋਇਓ ਮਨੁ ਜਾਗਿਓ, ਮੇਰਾ ਸੁੱਤਾ ਹੋਇਆ ਮਨ ਵੀ ਜਾਗ ਪਿਆ ਹੈ।

ਜਨ ਨਾਨਕ ਓੜਿ ਤੁਹਾਰੀ ਪਰਿਓ
ਆਇਓ ਸਰਣਾਗਿਓ॥
ਨਾਮ ਰੰਗ ਸਹਜ ਰਸ ਮਾਣੇ
ਫਿਰਿ ਦੂਖੁ ਨਾ ਲਾਗਿਓ॥੪॥

ਇਹ ਦਾਸ ਨਾਨਕ ਆਖਦਾ ਹੈ- ਮੇਰੇ ਮਿਹਰਵਾਨ ਪ੍ਰਭੂ ਜੀਓ! ਮੈਂ ਆਪਣੇ ਗੁਰੂ ਦੀ ਕ੍ਰਿਪਾ ਨਾਲ ਤੇਰੀ ਓਟ ਲੈ ਲਈ ਹੈ; ਆਇਓ ਸਰਣਾਗਿਓ, ਹੇ ਮੇਰੇ ਪ੍ਰਭੂ ਜੀਓ! ਹੁਣ ਮੈਂ ਤੇਰੀ ਸ਼ਰਨ ਵਿਚ ਆਇਆ ਹਾਂ; ਨਾਮ ਰੰਗ ਸਹਜ ਰਸ ਮਾਣੇ, ਹੇ ਮੇਰੇ ਪ੍ਰਭੂ ਜੀਓ! ਤੇਰੇ ਨਾਮ ਦੀ ਬਖਸ਼ਿਸ਼ ਸਦਕਾ ਮੈਂ ਅਨੰਦ ਮਾਣ ਰਿਹਾ ਹਾਂ, ਉਚੀ ਆਤਮਿਕ ਅਵਸਥਾ ਦੇ ਸੁੱਖ ਮਾਣ ਰਿਹਾ ਹਾਂ। ਹੇ ਪ੍ਰਭੂ! ਤੇਰੀ ਕ੍ਰਿਪਾ ਸਦਕਾ ਹੁਣ ਮੈਨੂੰ ਕੋਈ ਵੀ ਦੁੱਖ ਨਹੀਂ ਸਤਾਉਂਦਾ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਦੇਵਿੰਦਰ ਸਤਿਆਰਥੀ-7

# ਕਾਟ ਕਾਟ ਕੇ ਲਿਖਤਾ ਰਹਿਤਾ !



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

***ਦੇਵਿੰਦਰ ਸਤਿਆਰਥੀ ਨੇ ਹਿੰਦੀ, ਉਰਦੂ ਅਤੇ ਪੰਜਾਬੀ-ਤਿੰਨਾਂ ਹੀ ਭਾਸ਼ਾਵਾਂ ਵਿਚ ਸਾਹਿਤ ਰਚਨਾ ਕੀਤੀ। ਉਨ੍ਹਾਂ ਦਾ ਅਸਲ ਨਾਂ ਦੇਵਿੰਦਰ ਬੱਤਾ ਸੀ। ਦੇਸ਼ ਦੇ ਕੋਨੇ ਕੋਨੇ ਦੀ ਯਾਤਰਾ ਕਰ ਕੇ ਉਥੋਂ ਦੇ ਲੋਕ ਜੀਵਨ, ਲੋਕ ਸਾਹਿਤ, ਗੀਤਾਂ ਅਤੇ ਪਰੰਪਰਾਵਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਉਨ੍ਹਾਂ ਕਿਤਾਬਾਂ ਅਤੇ ਵਾਰਤਾਵਾਂ ਵਿਚ ਸਾਂਭ ਦਿੱਤੀ। ਦਿੱਲੀ ਦੇ ਸਾਹਿਤਕ ਹਲਕਿਆਂ ਵਿਚ ਉਨ੍ਹਾਂ ਦੀ ਸਾਹਿਤ ਰਚਨਾ ਲਈ ਖਬਤ ਕਰਕੇ ਉਨ੍ਹਾਂ ਬਾਰੇ ਕਈ ਲਤੀਫੇ ਬਣੇ ਹੋਏ ਸਨ। ਨਾਮੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ 'ਸਤਿਯੁਗੀ ਬੰਦੇ' ਨਾਂ ਦੀ ਆਪਣੀ ਲੇਖ ਲੜੀ ਵਿਚ ਇਕ ਲੇਖ ਸਤਿਆਰਥੀ ਬਾਰੇ ਲਿਖਿਆ ਸੀ। ਇਸ ਲੜੀ ਨੂੰ ਅਗੇ ਤੋਰਦਿਆਂ ਉਨ੍ਹਾਂ ਮਰਹੂਮ ਦੇਵਿੰਦਰ ਸਤਿਆਰਥੀ ਬਾਰੇ ਕੁਝ ਹੋਰ ਲੇਖ ਭੇਜੇ ਹਨ। -ਸੰਪਾਦਕ***

ਸਤਿਆਰਥੀ ਜੀ ਦੀ ਇਕ ਹਿੰਦੀ ਕਵਿਤਾ ਦਾ ਬੰਦ ਹੈ:

ਦੇਸ਼ਕਾਲ ਕੀ ਵਹੀ ਪੁਰਾਨੀ ਚਾਲ
ਸੁਨੀ-ਸੁਨਾਈ ਕਹਿਤਾ ਰਹਿਤਾ
ਕਾਟ ਕਾਟ ਕੇ ਲਿਖਤਾ ਰਹਿਤਾ
ਰਚਨਾ ਤੋ ਅਨੁਭਵ ਕੀ ਬਾਤ
ਨਾ ਵੇਤਨ ਨਾ ਭੱਤਾ
ਚੇਪੀ ਚੇਪੀ ਨਈ ਲਿਖਾਵਟ
ਕਾਗਜ਼ ਬਨ ਗਿਆ ਗੱਤਾ।

ਇਹ ਆਪਣੀ ਰਚਨਾ ਜੋ ਵੀ ਹੱਥ ਲਗੇ, ਉਸੇ ਨੂੰ ਸੁਣਾਉਂਦੇ ਰਹਿੰਦੇ ਸਨ। ਉਹ ਸਾਹਿਤਕਾਰ ਹੋਵੇ ਜਾਂ ਸਾਹਿਤ-ਰਸੀਆ, ਪਾਠਕ ਹੋਵੇ ਜਾਂ ਅਨਪੜ੍ਹ ਸਰੋਤਾ, ਮਿਹਤਰਾਨੀ ਹੋਵੇ ਜਾਂ ਮਿਸ਼ਰਾਨੀ, ਰੱਦੀ ਵਾਲਾ ਹੋਵੇ ਜਾਂ ਬਸ ਕੰਡਕਟਰ। ਇਨ੍ਹਾਂ ਦੀ ਇਹ ਆਦਤ ਏਨੀ ਪੱਕ ਚੁੱਕੀ ਸੀ ਕਿ ਸੁਣਨ ਵਾਲੇ ਦੇ ਪੜ੍ਹੇ-ਅਨਪੜ੍ਹ ਹੋਣ ਦਾ, ਸਾਹਿਤ ਵਿਚ ਕੋਈ ਰੁਚੀ ਹੋਣ ਜਾਂ ਨਾ ਹੋਣ ਦਾ, ਸਾਹਿਤ ਦੀ ਕੋਈ ਸਮਝ ਹੋਣ ਜਾਂ ਨਾ ਹੋਣ ਦਾ ਇਨ੍ਹਾਂ ਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ। ਸਾਹਿਤ ਤੋਂ ਪੂਰੀ ਤਰ੍ਹਾਂ ਅਭਿੱਜ, ਸਾਹਿਤ ਦੇ ੳ-ਅ ਦੇ ਅਗਿਆਨੀ ਸਰੋਤਿਆਂ, ਜਿਹੋ ਜਿਹਿਆਂ ਨੂੰ ਲੋਕ ਇੱਲ੍ਹ ਤੇ ਕੁੱਕੜ ਦਾ ਫ਼ਰਕ ਪਤਾ ਨਾ ਹੋਣ ਦੀ ਗੱਲ ਕਰਦੇ ਹਨ, ਨੂੰ ਵੀ ਉਸੇ ਉਤਸਾਹ, ਦਿਲਚਸਪੀ ਅਤੇ ਚਾਅ ਨਾਲ ਸੁਣਾਉਂਦੇ ਜਿਸ ਨਾਲ ਲੇਖਕਾਂ ਨੂੰ।

ਪਹਿਲਾਂ ਇਹ ਲੰਮੇ ਕੋਟ ਦੀਆਂ ਵੱਡੀਆਂ ਜੇਬਾਂ ਵਿਚ ਰਬੜ, ਬਲੇਡ, ਪੈਨਸਿਲ ਅਤੇ ਪੈਨ ਰਖਦੇ ਸਨ। ਜਦੋਂ ਸਰੋਤਾ ਕਿਸੇ ਤਬਦੀਲੀ ਦਾ ਸੁਝਾਅ ਦਿੰਦਾ, ਇਹ ਪਾਠ ਉਥੇ ਹੀ ਰੋਕ ਦਿੰਦੇ ਸਨ। ਜੇ ਲਿਖਤ ਪੈਨਸਿਲ ਨਾਲ ਲਿਖੀ ਹੋਈ ਹੁੰਦੀ, ਜੇਬ ਵਿਚੋਂ ਰਬੜ ਕੱਢ ਕੇ ਸਬੰਧਿਤ ਸਤਰ ਮਿਟਾਉਂਦੇ ਅਤੇ ਸਰੋਤੇ ਦੇ ਦੱਸੇ ਹੋਏ ਸ਼ਬਦ ਪੈਨਸਿਲ ਨਾਲ ਲਿਖ ਲੈਂਦੇ। ਸਿਆਹੀ ਦੇ ਖਰੜੇ ਦੇ ਸ਼ਬਦ ਇਹ ਬਲੇਡ ਨਾਲ ਖੁਰਚਦੇ ਅਤੇ ਉਸੇ ਥਾਂ ਸਰੋਤੇ ਦੀ ਰਾਏ ਲਿਖ ਲੈਂਦੇ। ਕਈ ਲੋਕ ਕਹਿੰਦੇ ਸਨ ਕਿ ਮਗਰੋਂ ਇਹ ਸਰੋਤੇ ਦੀ ਪੈਨਸਿਲ ਨਾਲ ਲਿਖੀ ਰਾਏ ਮਿਟਾ ਕੇ ਜਾਂ ਸਿਆਹੀ ਨਾਲ ਲਿਖੀ ਰਾਏ ਖੁਰਚ ਕੇ ਆਪਣੇ ਪਹਿਲਾਂ ਵਾਲੇ ਸ਼ਬਦ ਹੀ ਫੇਰ ਲਿਖ ਲੈਂਦੇ ਹਨ।

ਇਸ ਮਿਹਣੇ ਤੋਂ ਬਚਣ ਵਾਸਤੇ ਇਹ ਜੇਬ ਵਿਚ ਛੋਟੇ-ਛੋਟੇ ਕੋਰੇ ਕਾਗਜ਼, ਨਿੱਕੀ ਜਿਹੀ ਕੈਂਚੀ ਅਤੇ ਲੇਵੀ ਦੀ ਸ਼ੀਸ਼ੀ ਰੱਖਣ ਲੱਗੇ। ਹੁਣ ਇਹ ਖਰੜੇ ਨੂੰ ਮੇਸਣ ਜਾਂ ਖੁਰਚਣ ਦੀ ਥਾਂ ਬਦਲਣ ਵਾਲੇ ਸ਼ਬਦਾਂ ਉਤੇ ਲਾਉਣ ਲਈ ਕੈਂਚੀ ਨਾਲ ਲੋੜੀਂਦੇ ਆਕਾਰ ਦਾ ਕਾਗ਼ਜ਼ ਕਟਦੇ ਤੇ ਲੇਵੀ ਨਾਲ ਸਰੋਤੇ ਦੀ ਰਾਇ ਦੀ ਚੇਪੀ ਲਾ ਦਿੰਦੇ। ਆਮ ਲੇਖਕਾਂ ਦੇ ਉਲਟ ਇਨ੍ਹਾਂ ਨੂੰ ਰਚਨਾ ਛਪਵਾਉਣ ਦੀ ਕਾਹਲ ਕਦੀ ਨਹੀਂ ਸੀ ਹੋਈ। ਖਰੜਾ ਸਾਲਾਂ ਤੱਕ ਹੀ ਨਹੀਂ, ਦਹਾਕਿਆਂ ਤੱਕ ਇਨ੍ਹਾਂ ਦੀ ਕੁੱਛੜ ਵਾਲੀ ਆਫ਼ਰੀ ਹੋਈ ਫ਼ਾਈਲ ਵਿਚ ਰਹਿ ਸਕਦਾ ਸੀ। ਇਸ ਸਮੇਂ ਵਿਚ ਹਰ ਰਚਨਾ ਨੂੰ ਸੁਣ ਕੇ ਰਾਏ ਦੇਣ ਵਾਲੇ ਸਰੋਤਿਆਂ ਦੀ ਗਿਣਤੀ ਦਾ ਹਿਸਾਬ ਲਾਉਣਾ ਕੋਈ ਔਖੀ ਗੱਲ ਨਹੀਂ। ਤੇ ਇਨ੍ਹਾਂ ਅਨਗਿਣਤ ਸਰੋਤਿਆਂ ਦੀ ਰਾਏ ਦੇ ਸਤਿਕਾਰ ਵਜੋਂ ਹਰ ਸਤਰ ਵਿਚ ਚੇਪੀ ਉਤੇ ਚੇਪੀ ਅਤੇ ਉਸ ਚੇਪੀ ਉਤੇ ਹੋਰ ਚੇਪੀ ਲੱਗ ਕੇ ਕਾਗਜ਼ ਅੰਤ ਨੂੰ ਗੱਤਾ ਬਣ ਜਾਂਦਾ ਸੀ। ਇਸ ਲੇਖ ਦੇ ਸ਼ੁਰੂ ਵਿਚ ਦਿੱਤੀਆਂ ਗਈਆਂ ਇਨ੍ਹਾਂ ਦੀ ਇਕ ਹਿੰਦੀ ਕਵਿਤਾ ਦੀਆਂ ਸਤਰਾਂ ਇਸੇ ਅਮਲ ਦਾ ਪ੍ਰਗਟਾਵਾ ਹਨ। ਇਸੇ ਕਰਕੇ ਲੋਕ ਮਾਤਾ ਇਨ੍ਹਾਂ ਦੇ ਖਰੜਿਆਂ ਵੱਲ ਦੇਖ ਕੇ ਨੱਕ ਚਾੜ੍ਹਦੀ ਸੀ, "ਇਹ ਮੇਰਾ ਮੈਦੇ ਦਾ ਪੀਪਾ ਖਾ ਗਏ, ਅਜੇ ਇਨ੍ਹਾਂ ਦਾ ਢਿੱਡ ਨਹੀਂ ਭਰਿਆ।"

ਸੋਧ-ਦਰ-ਸੋਧ ਹੋਣ ਨਾਲ ਬਹੁਤ ਵਾਰ ਵਾਕ-ਬਣਤਰ ਵਿਗੜ ਜਾਂਦੀ ਅਤੇ ਵਿਆਕਰਣ ਵਿਚ ਗੜਬੜ ਹੋ ਜਾਂਦੀ। ਕਈ ਵਾਰ ਕਿਸੇ ਇਸਤਰੀ-ਲਿੰਗ ਸ਼ਬਦ ਦੀ ਥਾਂ ਪੁਲਿੰਗ ਜਾਂ ਪੁਲਿੰਗ ਸ਼ਬਦ ਦੀ ਥਾਂ ਇਸਤਰੀ-ਲਿੰਗ ਸ਼ਬਦ ਪਾ ਦਿੰਦੇ ਸਨ, ਪਰ ਬਾਕੀ ਵਾਕ ਉਵੇਂ ਹੀ ਰਹਿ ਜਾਂਦਾ ਸੀ। ਕਿਉਂਕਿ ਖਰੜੇ ਦੀ ਸੋਧ-ਸੁਧਾਈ ਨਿਰੰਤਰ ਚਲਦੀ ਰਹਿੰਦੀ ਸੀ, ਇਹ ਦੁਬਾਰਾ ਕਦੀ ਉਹਨੂੰ ਪੂਰਾ ਪੜ੍ਹ ਕੇ ਠੀਕ ਨਹੀਂ ਸਨ ਕਰਦੇ। ਸੋਧ-ਸੁਧਾਈ ਪੂਰੀ ਹੋਵੇ, ਤਦ ਹੀ ਸਹਿਜ ਨਾਲ ਬੈਠ ਕੇ ਸੰਪੂਰਨ ਪਾਠ ਕਰਨ ਅਤੇ ਵਿਆਕਰਣ ਠੀਕ ਹੋਵੇ!

ਇਕ ਵਾਰ ਇਨ੍ਹਾਂ ਨੇ ਇਕ ਕਹਾਣੀ ਸੁਣਾਉਣੀ ਸ਼ੁਰੂ ਕੀਤੀ। ਇਕ ਵਾਕ ਆਇਆ: "ਮਾਇਆ ਝੱਟ ਛਲੀਏ ਨੂੰ ਘੂਰਨ ਲੱਗੀ, ਅਸੀਂ ਬੜੇ-ਬੜੇ ਦੇਖੇ ਨੇ, ਹਜ਼ੂਰ, ਤੁਸੀਂ ਕਿਸ ਬਾਗ਼ ਦੀ ਮੂਲੀ ਹੋ!" ਮੈਂ ਕਿਹਾ, "ਸਤਿਆਰਥੀ ਜੀ, ਛਲੀਆ ਨਾਂ ਦਾ ਪਾਤਰ ਤਾਂ ਮਰਦ ਹੈ, ਮੂਲੀ ਜ਼ਨਾਨੀ ਹੈ। ਇਹ ਠੀਕ ਨਹੀਂ। ਮਰਦ ਪਾਤਰ ਦੀ ਤੁਲਨਾ ਕਰਨ ਵਾਸਤੇ ਜ਼ਨਾਨੀ ਮੂਲ਼ੀ ਦੀ ਥਾਂ ਮਰਦਾਵਾਂ ਸ਼ਲਗਮ ਕਰ ਦੇਵੋ।" ਉਨ੍ਹਾਂ ਨੇ ਖ਼ੁਸ਼ ਹੋ ਕੇ ਪੂਰੀ ਲੰਮੀ ਦਾੜ੍ਹੀ ਉਤੇ ਹੱਥ ਫੇਰਿਆ ਅਤੇ ਬੋਲੇ, "ਵਾਹ!" ਮੂਲੀ ਦੀ ਥਾਂ ਸ਼ਲਗਮ ਕਰ ਕੇ ਵਾਕ ਸੁਣਾਉਣ ਲਗੇ, "ਅਸੀਂ ਬੜੇ-ਬੜੇ ਦੇਖੇ ਨੇ, ਹਜ਼ੂਰ, ਤੁਸੀਂ ਕਿਸ ਬਾਗ਼ ਦੀ ਸ਼ਲਗ...ਆਂ (ਭਾਵ, ਕੁਛ ਗੜਬੜ ਹੋ ਗਈ)... ਨਹੀਂ (ਭਾਵ, 'ਦੀ' ਠੀਕ ਨਹੀਂ)...ਹਾਂ (ਪੈਨ ਖੋਲ੍ਹ ਕੇ 'ਦੀ' ਨੂੰ 'ਦੇ' ਬਣਾਉਂਦਿਆਂ ਅਤੇ ਇਹ ਸੋਚ ਕੇ ਖੁਸ਼ ਹੁੰਦਿਆਂ ਕਿ ਵਾਕ ਠੀਕ ਹੋ ਗਿਆ, ਹੁਣ ਗੱਡੀ ਅੱਗੇ ਤੁਰ ਪਵੇਗੀ)...ਕਿਸ ਬਾਗ਼ ਦੇ ਸ਼ਲਗਮ ਹੋ! ਤੁਸੀਂ ਇਨ੍ਹਾਂ ਦੀ ਕੋਈ ਰਚਨਾ ਸੁਣਦੇ ਸੀ, ਹਰ ਵਾਕ 'ਚ ਵਾਕੋਂ-ਬਾਹਰਲੀ ਆਂ... ਨਹੀਂ...ਹਾਂ ਜੀ, ਉਂ...ਅੱਛਾ ਜੀ, ਸ਼ਾਮਲ ਹੁੰਦੀ ਸੀ। ਤਾਰਾ ਸਿੰਘ ਠੀਕ ਹੀ ਕਹਿੰਦਾ ਸੀ, "ਸਤਿਆਰਥੀ ਕਹਾਣੀ ਇਸ ਤਰ੍ਹਾਂ ਸੁਣਾਉਂਦਾ ਹੈ, ਜਿਵੇਂ ਘੱਟ ਪੜ੍ਹਿਆ ਪੰਡਿਤ ਕਥਾ ਕਰ ਰਿਹਾ ਹੋਵੇ।"

ਮੈਂ ਪੁੱਛਿਆ, "ਲੋਕਾਂ ਕੋਲ ਤੁਹਾਡਾ ਖਰੜੇ ਪੜ੍ਹਨ ਦਾ ਰਹੱਸ ਕੀ ਹੈ? ਤੁਸੀਂ ਸਰੋਤੇ ਦੀ ਰਾਏ ਨੂੰ ਅਸਲ ਵਿਚ ਕਿੰਨਾ ਮਹੱਤਵ ਦਿੰਦੇ ਹੋ?"

ਇਨ੍ਹਾਂ ਦੀ ਉਹੋ ਖਚਰੀ ਮੁਸਕਰਾਹਟ, "ਦੇਖੋ ਭੁੱਲਰ ਜੀ, ਪਾਠਕ ਹੋਵੇ ਜਾਂ ਸਰੋਤਾ, ਉਹ ਤਾਂ ਲੇਖਕ ਵਾਸਤੇ ਭਗਵਾਨ ਹੋਇਆ। ਉਹਦਾ ਵਚਨ ਕਿਵੇਂ ਟਾਲ਼ਿਆ ਜਾ ਸਕਦਾ ਹੈ!"

"ਤੇ ਫੇਰ ਇਹ ਰਬੜ, ਬਲੇਡ, ਚੇਪੀਆਂ? ਜਦੋਂ ਦੂਜੇ ਸਰੋਤੇ ਦੀ ਰਾਏ ਦੀ ਚੇਪੀ ਲਾਉਂਦੇ ਹੋ, ਉਹਦੇ ਹੇਠ ਦੱਬੀ ਗਈ ਪਹਿਲੇ ਸਰੋਤੇ ਦੀ ਰਾਏ ਦੀ ਕੀ ਕੀਮਤ ਰਹਿ ਜਾਂਦੀ ਹੈ? ਤੁਹਾਡੀ ਇਹ ਸਾਰੀ ਮਿਹਨਤ ਤਾਂ ਫੇਰ ਨਿਹਫਲ ਹੋਈ? ਇਹ ਸਭ ਖਿੱਚ-ਧੂਹ ਕਾਹਦੇ ਲਈ?" ਮੈਂ ਇਸ ਬਹੁਚਰਚਿਤ ਅਤੇ ਚਿਰਾਂ-ਪੁਰਾਣੇ ਰਹੱਸ ਦਾ ਵੀ ਉਦਘਾਟਨ ਕਰਵਾ ਲੈਣਾ ਚਾਹਿਆ।

ਮੇਰੀ ਆਸ ਦੇ ਉਲਟ ਉਨ੍ਹਾਂ ਨੂੰ ਇਹ ਭੇਤ ਖੋਲ੍ਹਣ ਵਿਚ ਕੋਈ ਬਹੁਤਾ ਸੰਕੋਚ ਨਹੀਂ ਸੀ। ਕਹਿੰਦੇ, "ਦਰਅਸਲ ਜੀ ਲੋਕ ਮਾਤਾ ਤਾਂ ਇਹਨੂੰ ਮੇਰੀ ਆਤਮ-ਵਿਸ਼ਵਾਸ ਦੀ ਘਾਟ ਆਖਦੀ ਹੈ। ਰਬੜ, ਬਲੇਡ ਤਾਂ ਹੁਣ ਮੈਂ ਛਡ ਦਿਤੇ। ਲੋਕ ਕਹਿ ਦਿੰਦੇ ਸੀ ਕਿ ਮੈਂ ਮਗਰੋਂ ਫੇਰ ਮੇਸ ਜਾਂ ਖੁਰਚ ਦਿੰਦਾ ਹਾਂ। ਹੁਣ ਤਾਂ ਪੱਕੀ ਚੇਪੀ ਲਾਉਂਦਾ ਹਾਂ।"

ਮੈਂ ਉਨ੍ਹਾਂ ਦੀ ਗੱਲ ਵਿਚੋਂ ਘੁੰਡੀ ਫੜੀ, "ਪਰ ਚੇਪੀ ਉਤੇ ਵੀ ਤਾਂ ਤੁਸੀਂ ਚੇਪੀ ਲਾਉਂਦੇ ਹੋ, ਤੇ ਉਸ ਉਤੇ ਹੋਰ ਚੇਪੀ? ਫੇਰ ਸਰੋਤਿਆਂ ਦੀਆਂ ਹੇਠ-ਉਤੇ ਲਗੀਆਂ ਸਾਰੀਆਂ ਚੇਪੀਆਂ ਉਤੇ ਅੰਤ ਨੂੰ ਤੁਹਾਡੀ ਆਪਣੀ ਚੇਪੀ ਲੱਗਣੀ ਕੀ ਮੁਸ਼ਕਿਲ ਹੋ ਸਕਦੀ ਹੈ?"

ਉਹ ਥੋੜੀ ਜਿਹੀ ਝੇਪ ਨਾਲ ਮੁਸਕਰਾਏ, "ਗੱਲ ਇਹ ਹੈ ਭੁੱਲਰ ਜੀ, ਇਨ੍ਹਾਂ ਬਰੀਕੀਆਂ ਦਾ ਤਾਂ ਆਪਾਂ ਭਦੌੜ-ਪਿਥੋ ਵਾਲਿਆਂ ਨੂੰ ਹੀ ਪਤਾ ਹੈ, ਆਮ ਸਰੋਤਾ ਇਹ ਗੱਲਾਂ ਨਹੀਂ ਸਮਝਦਾ। ਨਾਲੇ ਜੀ ਮੈਨੂੰ ਤਾਂ ਮੁੜ-ਮੁੜ ਵਿਚਾਰ ਆਉਂਦਾ ਹੈ ਕਿ ਸਾਡਾ ਸਰੋਤਾ ਤੇ ਪਾਠਕ ਕੌਣ ਹੈ ਤੇ ਕਿਥੇ ਹੈ! ਇਸ ਸਵਾਲ ਦਾ ਜਵਾਬ ਲੱਭਣ ਲਈ ਹੀ ਮੈਂ ਪਤਾ ਨਹੀਂ ਕਿੰਨੇ ਵਰ੍ਹਿਆਂ ਤੋਂ ਅੱਜ ਤਕ ਛਾਪਣ ਤੋਂ ਪਹਿਲਾਂ ਆਪਣੀ ਰਚਨਾ ਜਣੇ-ਖਣੇ ਨੂੰ ਸੁਣਾਉਣ ਦਾ ਰੋਗ ਪਾਲ ਰਖਿਆ ਹੈ। ਕਿਸੇ ਦਾ ਸੁਝਾਅ ਲਿਖ ਲੈਣਾ ਤੇ ਫੇਰ ਰਬੜ ਜਾਂ ਬਲੇਡ ਨਾਲ ਮੇਸ ਦੇਣਾ ਜਾਂ ਚੇਪੀ ਨਾਲ ਢੱਕ ਦੇਣਾ ਠੀਕ ਹੀ ਤਾਂ ਹੈ ਕਿਉਂਕਿ ਅੰਤਿਮ ਫੈਸਲਾ ਤਾਂ ਲੇਖਕ ਦਾ ਅੰਤਰ-ਮਨ ਹੀ ਕਰਦਾ ਹੈ। ਅੰਤਿਮ ਚੇਪੀ ਦਾ ਅਧਿਕਾਰ ਤਾਂ ਜੀ ਆਖ਼ਰ ਲੇਖਕ ਦਾ ਹੀ ਹੋਇਆ ਨਾ! ਵੈਸੇ ਜੀ ਮੈਂ ਕਈ ਵਾਰ ਫੈਸਲਾ ਕਰਦਾ ਹਾਂ ਕਿ ਅੱਜ ਤੋਂ ਬਾਅਦ ਕਿਸੇ ਨੂੰ ਆਪਣੀ ਰਚਨਾ ਨਹੀਂ ਸੁਣਾਵਾਂਗਾ, ਪਰ ਹੋਰ ਫੈਸਲਿਆਂ ਵਾਂਗ ਇਹ ਫੈਸਲਾ ਵੀ ਮੁੜ-ਮੁੜ ਟੁੱਟ ਜਾਂਦਾ ਹੈ।"

ਇਕ ਪਲ ਰੁਕ ਕੇ ਇਨ੍ਹਾਂ ਨੇ ਇਕ ਕਾਰਨ ਹੋਰ ਵੀ ਦੱਸਿਆ, "ਇਕ ਗੱਲ ਇਹ ਵੀ ਹੈ ਜੀ ਕਿ ਇੰਡੀਅਨ ਕੌਂਸਲ ਆਫ਼ ਐਗਰੀਕਲਚਰਲ ਰੀਸਰਚ ਤੇ 'ਆਜ ਕਲ' ਵਿਚ ਸੰਪਾਦਨ ਦੇ ਕੰਮ ਵਿਚ ਲਾਏ ਦਸ ਕੁ ਵਰ੍ਹਿਆਂ ਨੇ ਜੋ ਸੰਪਾਦਕੀ ਸੂਝ ਮੇਰੇ ਅੰਦਰ ਪੈਦਾ ਕਰ ਦਿੱਤੀ, ਉਹ ਜਿਥੇ ਮੇਰੀ ਮਦਦ ਕਰਦੀ ਐ, ਉਥੇ ਮੇਰੀ ਦੁਸ਼ਮਣ ਵੀ ਬਣ ਗਈ ਹੈ। ਹੋਰਾਂ ਦੀਆਂ ਰਚਨਾਵਾਂ ਦੀ ਗੱਲ ਤਾਂ ਛੱਡੋ, ਛੇਤੀ ਕੀਤਿਆਂ ਮੈਨੂੰ ਆਪਣੀ ਹੀ ਕੋਈ ਰਚਨਾ ਪਸੰਦ ਨਹੀਂ ਆਉਂਦੀ। ਮੁੜਮੁੜ ਇਕੋ ਰਚਨਾ ਨੂੰ ਲਿਖੀ ਜਾਣ ਦੀ ਵਾਦੀ ਮੇਰੇ ਅੰਦਰਲੇ ਆਲੋਚਕ ਤੇ ਸੰਪਾਦਕ ਦੇ ਡਰ ਦਾ ਸਿੱਟਾ ਹੈ। ਆਪਣਾ ਆਲੋਚਕ ਵੀ ਤਾਂ ਜੀ ਆਪ ਹੀ ਬਣਨਾ ਪੈਂਦਾ ਹੈ!"

ਛੇਤੀ ਹੀ ਉਹ ਪਹਿਲਾਂ ਵਾਲੇ ਰਉਂ ਵਿਚ ਆ ਗਏ, "ਜਿਥੋਂ ਤਕ ਦੂਜਿਆਂ ਨੂੰ ਰਚਨਾ ਸੁਣਾਉਣ ਤੇ ਉਨ੍ਹਾਂ ਦੀ ਰਾਏ ਲੈਣ ਦੀ ਗੱਲ ਹੈ, ਜੀ ਮੈਂ ਤਾਂ ਸਭ ਨੂੰ ਇਕੋ ਸਰੋਤਾ ਮੰਨਦਾ ਹਾਂ, ਇਕੋ ਸਮੂਹਿਕ ਸਰੋਤਾ। ਉਸੇ ਨੂੰ ਮੈਂ ਰਚਨਾ ਵਾਰ-ਵਾਰ ਸੁਣਾਉਂਦਾ ਰਹਿੰਦਾ ਹਾਂ। ਮੈਂ ਤਾਂ ਜੀ ਸਾਰੇ ਸਰੋਤਿਆਂ ਵਿਚੋਂ ਇਕੋ ਸਰੋਤੇ ਦਾ ਸਾਂਝਾ ਚਿਹਰਾ ਦੇਖਦਾ ਹਾਂ।"

ਮੈਂ ਪੈਂਤਰਾ ਬਦਲਿਆ, "ਗੁਰੂਦੇਵ, ਰਚਨਾ ਤਾਂ ਰਚਨਾਕਾਰ ਵਾਸਤੇ, ਸਰੀਰੋਂ ਜਾਈ ਔਲਾਦ ਵਾਂਗ, ਮਨੋਂ ਜਾਈ ਔਲਾਦ ਹੁੰਦੀ ਹੈ। ਤੁਸੀਂ ਬੇਪਰਵਾਹੀ ਨਾਲ, ਸਗੋਂ ਲਾਪਰਵਾਹੀ ਨਾਲ ਉਸ ਉਤੇ ਰਬੜ, ਬਲੇਡ, ਚੇਪੀ ਜਿਹੇ ਭਾਂਤ ਭਾਂਤ ਦੇ ਸ਼ਸਤਰ ਕਿਵੇਂ ਚਲਾ ਲੈਂਦੇ ਹੋ?"

ਉਹ ਇਕਦਮ ਗੰਭੀਰ ਹੋ ਗਏ, "ਰਚਨਾਕਾਰੀ ਬੜੀਆਂ ਕੁਰਬਾਨੀਆ ਮੰਗਦੀ ਹੈ, ਭੁੱਲਰ ਜੀ, ਭਾਂਤ ਭਾਂਤ ਦੀਆਂ ਕੁਰਬਾਨੀਆਂ! ਅਸੀਂ ਤਾਂ ਜੀ ਉਹ ਹਾਂ ਜੋ ਖਿੜੇ-ਮੱਥੇ ਰਚਨਾ ਦੇ ਬੰਦ-ਬੰਦ ਕਟਾਉਂਦੇ ਹਾਂ। ਰਚਨਾ ਨੂੰ ਰਬੜ ਤੇ ਬਲੇਡ ਨਾਲ ਰਗੜਨਾ ਘੋਟਣੇ ਨਾਲ ਮਹਿੰਦੀ ਰਗੜਨ ਵਾਂਗ ਹੈ। ਜਿੰਨੀ ਰਗੜੋ, ਓਨਾ ਰੰਗ ਫੜਦੀ ਹੈ, ਓਨੀ ਲਿਸ਼ਕਦੀ ਹੈ। ਦੇਖੋ ਭੁੱਲਰ ਜੀ, ਮੇਰੇ ਬੂਟਾਂ 'ਤੇ ਪਾਲਿਸ਼ ਨਹੀਂ, ਪਰ ਰਚਨਾ ਨੂੰ ਲਿਸ਼ਕਾਉਣ ਲਈ ਉਸ ਦੇ ਸ਼ਬਦ-ਸ਼ਬਦ ਉਤੇ ਮੈਂ ਵਾਰ-ਵਾਰ ਪਾਲਿਸ਼ ਕਰਦਾ ਹਾਂ!"

---

# ਮ੍ਰਿਤਕ ਮਛਲੀਆਂ ਤੇ ਜੀਵਤ ਜਲਪਰੀਆਂ ਦੀ ਗੱਲ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਖਬਰਾਂ ਅਨੁਸਾਰ ਹਿਮਾਚਲ ਪ੍ਰਦੇਸ਼ ਦੇ ਰਿਵਾਲਸਰ ਦੀ ਮਿੰਨੀ ਝੀਲ ਦੀਆਂ ਮੱਛੀਆਂ ਆਕਸੀਜਨ ਦੀ ਘਾਟ ਕਾਰਨ ਮਰ ਰਹੀਆਂ ਹਨ। ਪਿਛਲੇ ਦਿਨਾਂ ਵਿਚ ਮੱਛੀ ਪਾਲਣ ਵਿਭਾਗ ਦੇ ਮੁਲਾਜ਼ਮਾਂ ਨੇ ਇਕ ਕੁਇੰਟਲ ਮਰੀਆਂ ਹੋਈਆਂ ਮੱਛੀਆਂ ਕੱਢੀਆਂ ਸਨ। ਇਹ ਝੀਲ ਰਿਵਾਲਸਰ ਦੇ ਗੁਰਦਵਾਰਾ ਸਾਹਿਬ ਦੇ ਸਾਹਮਣੇ ਹੈ ਤੇ ਇਸ ਦੀਆਂ ਮੱਛੀਆਂ ਨੂੰ ਸ਼ਰਧਾਵਾਨ ਲੋਕ ਖਾਣੇ ਦੀਆਂ ਵਸਤਾਂ ਪਾਉਂਦੇ ਰਹਿੰਦੇ ਹਨ। ਜਿਹੜਾ ਖਾਣਾ ਮੱਛੀਆਂ ਦੀ ਪਕੜ ਵਿਚ ਨਹੀਂ ਆਉਂਦਾ ਥੱਲੇ ਗਿਰ ਕੇ ਗਲ ਸੜ ਜਾਂਦਾ ਹੈ ਤੇ ਇਸ ਨਾਲ ਗੰਧਲਾਏ ਹੋਏ ਪਾਣੀ ਦੀ ਆਕਸੀਜਨ ਘਟ ਜਾਂਦੀ ਹੈ। ਆਕਸੀਜਨ ਦੀ ਘਾਟ ਮੱਛੀਆਂ ਦੀ ਮੌਤ ਦਾ ਕਾਰਣ ਬਣਦੀ ਹੈ।

ਉਂਜ ਵੀ ਰਿਵਾਲਸਰ ਦੀਆਂ ਮੱਛੀਆਂ ਨੂੰ ਇਥੋਂ ਦੇ ਵਸਨੀਕ ਪਾਕਿ-ਪਵਿਤਰ ਮੰਨਦੇ ਹੋਣ ਕਾਰਨ ਇਨ੍ਹਾਂ ਨੂੰ ਖਾਣ ਵਾਸਤੇ ਕੁੰਡੀ ਨਹੀਂ ਲਾਉਂਦੇ। ਨਤੀਜੇ ਵਜੋਂ ਇਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਚੁੱਕੀ ਹੈ ਜਿਸ ਨੂੰ ਝੀਲ ਦਾ ਪਾਣੀ ਸਾਂਭਣ ਦੇ ਸਮਰੱਥ ਨਹੀਂ। ਮੱਛੀਆਂ ਦਾ ਮਰਨਾ ਕੁਦਰਤੀ ਹੈ। ਮੱਛੀ ਪਾਲਣ ਵਾਲਿਆਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਮੱਛੀਆਂ ਨੂੰ ਕਿਧਰੇ ਹੋਰ ਬਦਲਣ ਦੀ ਸੋਚਣ। ਇਹ ਸਬੱਬ ਦੀ ਗੱਲ ਹੈ ਕਿ ਮੇਰੇ ਕਵੀ ਮਿੱਤਰ ਤੇ ਦੂਰਦਰਸ਼ਨ ਦੇ ਸਾਬਕਾ ਅਧਿਕਾਰੀ ਜਸਵੰਤ ਦੀਦ ਨੇ ਕੈਨੇਡਾ ਰਹਿੰਦੇ ਇਕਬਾਲ ਰਾਮੂਵਾਲੀਆ ਦੀ ਕਹਾਣੀ 'ਜਲਪਰੀ' ਦੀ ਇਕ ਫਿਲਮ ਤਿਆਰ ਕੀਤੀ ਹੈ ਜਿਸ ਨੂੰ ਸਾਹਿਤ ਅਕਾਡਮੀ ਨੇ ਪੰਜਾਬ ਯੂਨੀਵਰਸਿਟੀ ਦੇ ਸਿਲਵਰ ਜੁਬਲੀ ਆਡੀਟੋਰੀਅਮ ਵਿਚ ਦਿਖਾਇਆ ਹੈ। ਮੇਰੀਆਂ ਅੱਖਾਂ ਸਾਹਮਣੇ ਰਿਵਾਲਸਰ ਦੀਆਂ ਮੱਛੀਆਂ ਘੁੰਮਣ ਲਗ ਪਈਆਂ।

ਫਿਲਮ ਵਿਚ ਇੰਦਰ ਤੇ ਸਿਮਰਨ ਨਾਂ ਦੀ ਇੱਕ ਜੋੜੀ ਨੇ ਘਰ ਵਿਚ ਮੱਛੀਆਂ ਪਾਲ ਰੱਖੀਆਂ ਹਨ। ਉਹ ਦੋਵੇਂ ਅੱਠ ਦਸ ਦਿਨ ਲਈ ਘਰੋਂ ਬਾਹਰ ਜਾਂਦੇ ਹਨ ਤਾਂ ਆਕਸੀਜਨ ਵਾਲੀ ਮੋਰੀ ਵਿਚ ਆਏ ਨੁਕਸ ਕਾਰਣ ਸਭ ਦੀਆਂ ਸਭ ਪਾਲਤੂ ਮੱਛੀਆਂ ਮਰ ਜਾਂਦੀਆਂ ਹਨ। ਸਿਮਰਨ ਨੂੰ ਉਨ੍ਹਾਂ ਦੀ ਮੌਤ ਏਨਾ ਝੰਬ ਸੁਟਦੀ ਹੈ ਕਿ ਉਹ ਸਮਾਂ ਪਾ ਕੇ ਬਿਸਤਰ ਨਾਲ ਬਿਸਤਰ ਹੋ ਜਾਂਦੀ ਹੈ ਤੇ ਮੱਛੀ ਦੀ ਗੰਧ ਉਕਾ ਹੀ ਬਰਦਾਸ਼ਤ ਨਹੀਂ ਕਰ ਸਕਦੀ। ਇਸ ਦੇ ਉਲਟ ਉਸ ਦਾ ਪਤੀ ਇੰਦਰ ਮੀਟ ਮੱਛੀ ਦਾ ਏਨਾ ਆਦੀ ਹੋ ਚੁੱਕਿਆ ਹੈ ਕਿ ਮੱਛੀ ਬਿਨਾ ਖਾਣਾ ਹੀ ਨਹੀਂ ਖਾ ਸਕਦਾ। ਸਿਮਰਨ ਅਪਣੇ ਘਰ ਵਿਚ ਮੱਛੀ ਦੀ ਗੰਧ ਬਰਦਾਸ਼ਤ ਨਹੀਂ ਕਰ ਸਕਦੀ ਤਾਂ ਇੰਦਰ ਨੂੰ ਮੱਛੀ ਤਲਣ ਤੇ ਖਾਣ ਵਾਸਤੇ ਦਿਨ ਦਾ ਬਹੁਤਾ ਹਿੱਸਾ ਬੇਸਮੈਂਟ ਵਿਚ ਹੀ ਰਹਿਣਾ ਪੈਂਦਾ ਹੈ ਜਿਥੇ ਪੈਮ ਨਾਂ ਦੀ ਇਕ ਚਾਲੂ ਮਹਿਲਾ ਉਹਦਾ ਦੁਖ ਵੰਡਾਉਂਦੀ ਘਰ ਦੀ ਮਾਲਕ ਬਣ ਬਹਿੰਦੀ ਹੈ। ਸਮਾਂ ਪਾ ਕੇ ਉਹ ਇੰਦਰ ਨੂੰ ਏਨਾ ਆਪਣਾ ਸਮਝਣ ਲੱਗ ਜਾਂਦੀ ਹੈ ਕਿ ਇੰਦਰ ਨੂੰ ਸਿਮਰਨ ਤੋਂ ਬੇਮੁਖ ਹੋਣ ਦਾ ਹੁਕਮ ਦੇ ਦਿੰਦੀ ਹੈ।

ਪੈਮ ਨੂੰ ਇੰਦਰ ਮੌਜ ਮੇਲੇ ਦੇ ਬਦਲ ਵਜੋਂ ਤਾਂ ਠੀਕ ਸਮਝਦਾ ਸੀ ਪਰ ਇੱਕ ਨਵੇਂ ਅਵਤਾਰ ਵਜੋਂ ਉਕਾ ਹੀ ਨਹੀਂ। ਪੈਮ ਦੀ ਇਹ ਰੁੱਚੀ ਇੰਦਰ ਦੇ ਮਨ ਵਿਚ ਧੁਰ ਅੰਦਰ ਤੱਕ ਵਸੀ ਹੋਈ ਸਿਮਰਨ ਨੂੰ ਮੁੜ ਜੀਵਤ ਕਰ ਦਿੰਦੀ ਹੈ। ਬਿਸਤਰ ਨਾਲ ਬਿਸਤਰ ਹੋਈ ਸਿਮਰਨ ਉਸ ਨੂੰ ਉਸ ਜਲਪਰੀ ਦਾ ਰੂਪ ਲੱਗਣ ਲਗ ਜਾਂਦੀ ਹੈ ਜਿਸ ਦੇ ਧੜ ਦਾ ਹੇਠਲਾ ਹਿੱਸਾ ਤਾਂ ਮੱਛੀ ਹੈ ਤੇ ਉਪਰਲਾ ਖੂਬਸੂਰਤ ਮਹਿਲਾ ਵਾਲਾ। ਉਹ ਪੈਮ ਨੂੰ ਦੁਰਕਾਰ ਕੇ ਅਪਣੀ ਅਪੰਗ ਹੋਈ ਸਿਮਰਨ ਵਲ ਪਰਤ ਆਉਂਦਾ ਹੈ।



ਅਨਿਸਚਿਤ ਵਰਖਾ ਦੀ ਮਾਰੀ ਏਸ ਵਰ੍ਹੇ ਦੀ ਬਰਸਾਤ ਮੈਨੂੰ ਇਹੋ ਜਿਹੀਆਂ ਮੱਛੀਆਂ ਤੇ ਜਲਪਰੀਆਂ ਵਿਚ ਘੁਮਾਉਂਦੀ ਫਿਰੇਗੀ, ਮੈਂ ਸੋਚਿਆ ਹੀ ਨਹੀਂ ਸੀ।

**ਫੋਰਲੇਨ ਹਾਈਵੇਅ ਬਨਾਮ ਮੁਰੰਮਤ ਮੰਗਦੇ ਮਾਰਗ:** ਖੰਨਾ-ਨਵਾਂ ਸ਼ਹਿਰ ਸ਼ਾਹ ਰਾਹ ਉਤੇ ਉਧੋਵਾਲ ਪਿੰਡ ਦੇ ਨੇੜੇ ਸਾਢੇ ਚਾਰ ਸੌ ਰਸੋਈ ਗੈਸ ਸਿਲੰਡਰਾਂ ਵਾਲੇ ਟਰੱਕ ਨੂੰ ਅੱਗ ਲਗਣ ਦਾ ਹਾਦਸਾ ਅੰਤਾਂ ਦਾ ਭਿਆਨਕ ਰੂਪ ਧਾਰ ਸਕਦਾ ਸੀ। ਇੱਕ ਇੱਕ ਕਰਕੇ ਸਿਲੰਡਰਾਂ ਦਾ ਫਟਣਾ ਤੇ ਉਨ੍ਹਾਂ ਦੇ ਟੁਕੜੇ ਵਸਦੇ ਘਰਾਂ ਵਿਚ ਗਿਰਨਾ ਵਸਨੀਕਾਂ ਦੇ ਸਾਹ ਸੂਤਣ ਤੋਂ ਘਟ ਨਹੀਂ। ਰਸੋਈ ਗੈਸ ਦੇ ਮਾਮੂਲੀ ਲੀਕ ਕਰਨ ਨਾਲ ਮਰਨ ਦੀਆਂ ਵਾਰਦਾਤਾਂ ਆਮ ਹੀ ਹੁੰਦੀਆਂ ਰਹਿੰਦੀਆਂ ਹਨ। ਸੈਂਕੜੇ ਸਿਲੰਡਰਾਂ ਦਾ ਹਵਾ ਵਿਚ ਉੜਨਾ ਤੇ ਫਟਣਾ ਕਿਤੇ ਵੱਧ ਭਿਆਨਕ ਹੈ। ਖੇਤਾਂ ਦੀ ਖੁਲ੍ਹੀ ਹਵਾ ਨਾ ਮਿਲਦੀ ਤਾਂ ਜਾਨੀ ਤੇ ਮਾਲੀ ਨੁਕਸਾਨ ਦਾ ਅੰਤ ਨਹੀਂ ਸੀ ਰਹਿਣਾ।

ਮਾੜੀ ਗਲ ਇਹ ਕਿ ਹਾਦਸੇ ਦਾ ਕਾਰਨ ਸ਼ਾਹ ਰਾਹ ਵਿਚ ਪਏ ਖੱਡੇ ਹਨ ਜਿਸ ਦੇ ਝਟਕੇ ਨਾਲ ਸਲੰਡਰ ਇਕ ਦੂਜੇ ਵਿਚ ਟਕਰਾਏ ਤੇ ਘਟਨਾ ਵਾਪਰੀ। ਮੈਂ ਇਨ੍ਹਾ ਖੱਡਿਆਂ ਵਿਚੋਂ ਪਿਛਲੇ ਹਫਤੇ ਬੜੀ ਮੁਸ਼ਕਲ ਨਾਲ ਅਪਣੀ ਕਾਰ ਕੱਢੀ ਸੀ। ਉਸ ਦਿਨ ਵੀ ਦੋ ਵੱਡੇ ਟਰੱਕਾਂ ਦੀਆਂ ਕਮਾਨੀਆਂ ਟੁੱਟਣ ਕਾਰਨ ਉਹ ਸੜਕ ਦੇ ਅੱਧ ਵਿਚਕਾਰ ਲੱਦੇ ਲਦਾਏ ਟੇਢੇ ਮੇਢੇ ਖੜੇ ਸਨ।

ਕੇਂਦਰ ਦੀ ਵਰਤਮਾਨ ਸਰਕਾਰ ਇੱਕ ਇੱਕ ਕਰਕੇ ਕਈ ਸੜਕਾਂ ਨੂੰ ਚਹੁੰ-ਮਾਰਗੀ ਤੇ ਛੇ-ਮਾਰਗੀ ਕਰਨ ਦੇ ਐਲਾਨਾਂ ਨਾਲ ਅਪਣੀ ਕਾਰਗੁਜ਼ਾਰੀ ਪਾਈ ਜਾ ਰਹੀ ਹੈ ਪਰ ਉਨ੍ਹਾਂ ਸੜਕਾਂ ਨੂੰ ਭੁਲਾਈ ਬੈਠੀ ਹੈ ਜਿਹੜੀਆਂ ਬੁਰੀ ਤਰ੍ਹਾਂ ਟੁੱਟ ਚੁੱਕੀਆਂ ਹਨ। ਰਾਹੋਂ ਤੇ ਮਾਛੀਵਾੜੇ ਦਾ ਇਹ ਟੋਟਾ ਪਹਿਲਾਂ ਵੀ ਟੁੱਟਦਾ ਫੁਟਦਾ ਰਿਹਾ ਹੈ ਪਰ ਉਦੋਂ ਇਨ੍ਹਾਂ ਦੀ ਮੁਰੱਮਤ ਵਲ ਏਨੀ ਅਣਗਹਿਲੀ ਨਹੀਂ ਸੀ ਵਰਤੀ ਜਾਂਦੀ। ਏਸ ਘਟਨਾ ਤੋਂ ਇਹ ਸਬਕ ਸਿੱਖਣ ਦੀ ਲੋੜ ਹੈ ਕਿ ਨਵੇਂ ਐਲਾਨਾਂ ਨਾਲ ਨੰਬਰ ਬਣਾਉਣ ਦੀ ਥਾਂ ਪੁਰਾਣੇ ਮਾਰਗਾਂ ਦੀ ਮੁਰੱਮਤ ਵਧੇਰੇ ਧਿਆਨ ਦੀ ਮੰਗ ਕਰਦੀ ਹੈ।

**ਚਲੋ ਚਲੀ ਦੀ ਰੁੱਤ:** ਸਾਹਿਤ, ਕਲਾ ਤੇ ਪਤਰਕਾਰੀ ਦੀ ਦੁਨੀਆਂ ਲਈ ਇਸ ਵਰ੍ਹੇ ਦੀ ਵਰਖਾ ਰੁੱਤ ਬਹੁਤ ਹੀ ਮੰਦਭਾਗੀ ਰਹੀ ਹੈ। ਬਹੁ-ਪੱਖੀ ਸ਼ਖਸੀਅਤ ਜਗਜੀਤ ਸਿੰਘ ਆਨੰਦ, ਸ਼ਿਲਪਕਾਰ ਸ਼ਿਵ ਸਿੰਘ ਅਤੇ ਕਵੀ ਤੇ ਫਿਲਮਕਾਰ ਸਰਦਾਰ ਅੰਜੁਮ ਦੇ ਚਲਾਣੇ ਦੀ ਖਬਰ ਹਾਲੀ ਠੰਢੀ ਨਹੀਂ ਸੀ ਹੋਈ ਕਿ ਤਿੰਨ ਦਹਾਕੇ ਪੰਜਾਬੀ ਟ੍ਰਿਬਿਊਨ ਨਾਲ ਕੰਮ ਕਰ ਚੁਕਿਆ ਅਸ਼ੋਕ ਸ਼ਰਮਾ ਵੀ ਉਸੇ ਰਾਹ ਤੁਰ ਗਿਆ ਹੈ। ਇਸ ਦੁਨੀਆਂ ਨੂੰ ਅਲਵਿਦਾ ਕਹਿਣ ਤੋਂ ਥੋੜ੍ਹੇ ਦਿਨ ਪਹਿਲਾਂ ਉਹ ਪ੍ਰਤਾਪ ਸਿੰਘ ਕੈਰੋਂ ਸਰਕਾਰ ਵਿਚ ਗ੍ਰਹਿ ਮੰਤਰੀ ਰਹਿ ਚੁੱਕੇ ਪੰਡਤ ਮੋਹਨ ਲਾਲ ਨਾਲ ਸਬੰਧਤ ਇੱਕ ਰਚਨਾ 'ਪੰਜਾਬ ਦੀ ਵੰਡ' ਦਾ ਪੰਜਾਬੀ ਰੂਪ ਮੈਨੂੰ ਦੇਣ ਆਇਆ ਸੀ। ਸਾਨੂੰ ਦੋਨਾਂ ਨੂੰ ਇਹ ਨਹੀਂ ਸੀ ਪਤਾ ਕਿ ਇਹ ਸਾਡੀ ਆਖਰੀ ਮਿਲਣੀ ਸੀ। ਮੇਰੀ ਇੱਛਾ ਹੈ ਕਿ ਚਲੋ ਚਲੀ ਦੇ ਇਸ ਪੈਂਡੇ ਨੂੰ ਠਲ੍ਹ ਪਵੇ ਤੇ ਅਸੀਂ ਭਲੇ ਦਿਨਾਂ ਨੂੰ ਚੇਤੇ ਕਰ ਸਕੀਏ।

**ਅੰਤਿਕਾ:** (ਸੁਲੱਖਣ ਸਰਹੱਦੀ)
ਬੰਦਾ ਹੈ ਕਿ ਅਪਣੀ ਅੱਖ ਦਾ
ਪਾਣੀ ਮਾਰ ਕੇ ਰਖਦਾ ਏ,
ਔਰਤ ਹੈ ਕਿ ਛਾਤੀ ਅੰਦਰ
ਦੁੱਧ ਸਮਾਈ ਰਖਦੀ ਹੈ।

# ਜ਼ਿੰਦਗੀ ਜ਼ਿੰਦਾਬਾਦ ਹੈ...

## ਰੰਗਕਰਮੀ ਸੈਮੂਅਲ ਜੌਹਨ ਨਾਲ ਗੱਲਾਂ-ਬਾਤਾਂ

***ਨੌਜਵਾਨ ਰੰਗਕਰਮੀ ਸੈਮੂਅਲ ਜੌਹਨ ਦਾ ਰੰਗ-ਮੰਚ ਇਕ ਦਮ ਧਿਆਨ ਖਿੱਚਦਾ ਹੈ। ਉਹਨੇ ਦਰਸ਼ਕਾਂ ਦੀ ਉਡੀਕ ਨਹੀਂ ਕੀਤੀ, ਸਗੋਂ ਖੁਦ ਉਨ੍ਹਾਂ ਦੇ ਵਿਹੜੇ ਜਾ ਵੜਿਆ ਹੈ। ਉਹਦੇ ਨਾਟਕਾਂ ਵਿਚ ਧੜਕਦੀ, ਤੜਫਦੀ ਤੇ ਮੜ੍ਹਕਦੀ ਜ਼ਿੰਦਗੀ ਦੀਆਂ ਬਾਤਾਂ ਹਨ। ਉਹਦਾ ਨਾਟਕ ਦੇਖ ਕੇ ਜ਼ਿਹਨ ਵਿਚ ਕੋਈ ਚਿਣਗ ਫੁੱਟਦੀ ਹੈ, ਖੌਰੂ ਪੈਂਦਾ ਹੈ। ਇਹ ਨਾਟਕ ਦਰੜੇ ਜਾ ਰਹੇ ਲੋਕਾਂ ਲਈ ਹੋਕਾ ਹਨ। ਹੁਣੇ ਜਿਹੇ ਉਹ ਕੈਨੇਡਾ ਵਿਚ ਆਪਣੀ ਕਲਾ ਦਾ ਜਲੌਅ ਦਿਖਾ ਕੇ ਆਇਆ ਹੈ। ਕੈਨੇਡਾ ਵੱਸਦੇ ਨੌਜਵਾਨ ਕਹਾਣੀਕਾਰ ਹਰਪ੍ਰੀਤ ਸੇਖਾ ਨੇ ਉਹਦੇ ਨਾਟਕਾਂ, ਪਾਤਰਾਂ ਅਤੇ ਉਹਦੀ ਜ਼ਿੰਦਗੀ ਦੇ ਕੁਝ ਪੱਖਾਂ ਬਾਰੇ ਗੱਲਾਂ-ਬਾਤਾਂ ਆਪਣੀ ਇਸ ਮੁਲਾਕਾਤ ਵਿਚ ਕੀਤੀਆਂ ਹਨ। ਇਸ ਮੁਲਾਕਾਤ ਵਿਚ ਨਾਟਕ ਕਲਾ ਤੇ ਹਕੀਕਤਾਂ ਦੇ ਨਾਲ ਨਾਲ ਆਮ ਲੋਕਾਂ ਅਤੇ ਉਨ੍ਹਾਂ ਦੇ ਸਰੋਕਾਰਾਂ ਬਾਰੇ ਬੜੀਆਂ ਅਹਿਮ ਗੱਲਾਂ ਛੋਹੀਆਂ ਗਈਆਂ ਹਨ। -ਸੰਪਾਦਕ***



**ਹਰਪ੍ਰੀਤ:** ਜੇ ਸੈਮੂਅਲ ਦਲਿਤ ਵਿਹੜੇ ਵਿਚ ਨਾ ਪੈਦਾ ਹੋਇਆ ਹੁੰਦਾ, ਫਿਰ ਵੀ ਉਹਨੇ ਅਜਿਹੇ ਨਾਟਕ ਦਲਿਤ ਵਿਹੜਿਆਂ ਵਿਚ ਜਾ ਜਾ ਕੇ ਖੇਡਣੇ ਸਨ?

**ਸੈਮੂਅਲ:** ਮੈਨੂੰ ਲਗਦਾ ਹੈ ਕਿ ਸਮਝ ਨਾਲ ਬਹੁਤ ਫਰਕ ਪੈਂਦਾ ਹੈ। ਬਚਪਨ ਵਿਚ ਸਮਝ ਨਹੀਂ ਸੀ। ਦਿਹਾੜੀ ਗਿਆਂ ਤੋਂ ਆਪਣਾ ਭਾਂਡਾ ਨਾਲ ਲੈ ਕੇ ਜਾਂਦੇ ਸੀ। ਰੋਟੀ ਵੀ ਦੂਰੋਂ ਹੱਥ 'ਤੇ ਸੁੱਟਦੇ ਸੀ। ਉਦੋਂ ਇਹ ਗੱਲਾਂ ਤੰਗ ਨਹੀਂ ਸੀ ਕਰਦੀਆਂ। ਹੁਣ ਜਦੋਂ ਸਮਝ ਪਈ ਤਾਂ ਇਹ ਗੱਲਾਂ ਤੰਗ ਕਰਦੀਆਂ ਹਨ। ਜਿਹੜੇ ਲੋਕ ਐਨੀ ਮਿਹਨਤ ਕਰਦੇ ਆ, ਉਹ ਢਿੱਡ ਭਰ ਕੇ ਖਾ ਵੀ ਨਹੀਂ ਸਕਦੇ! ਸੋ ਮਸਲਾ ਸਮਝ ਨਾਲ ਜੁੜਿਆ ਹੋਇਐ। ਭਗਤ ਸਿੰਘ ਨੂੰ ਕੀ



**ਹਰਪ੍ਰੀਤ ਸੇਖਾ**
**ਫੋਨ:** 001-778-213-1189
**ਈ-ਮੇਲ:** hsekha@hotmail.com

ਲੋੜ ਸੀ ਇਨਕਲਾਬ ਲਈ ਲੜਨ ਦੀ, ਉਹ ਤਾਂ ਚੰਗੇ ਖਾਂਦੇ-ਪੀਂਦੇ ਘਰ ਵਿਚ ਪੈਦਾ ਹੋਇਆ ਸੀ।

**?** ਉਸ ਸੈਮੂਅਲ ਦਾ ਬਚਪਨ ਕਿਹੋ-ਜਿਹਾ ਸੀ ਜਿਸ ਨੂੰ ਇਨ੍ਹਾਂ ਗੱਲਾਂ ਦੀ ਹਾਲੇ ਸਮਝ ਨਹੀਂ ਸੀ ਪਈ?

-ਜੰਮਿਆ ਪਲਿਆ ਮੈਂ ਪਿੰਡ ਢਿੱਲਵਾਂ ਕਲਾਂ ਹਾਂ। ਪੰਜਵੀਂ ਤੱਕ ਮੈਂ ਨਾਨਕੀਂ ਮੋਰਾਂਵਾਲੀ ਪੜ੍ਹਿਆਂ। ਫਿਰ ਦਸਵੀਂ ਤੱਕ ਪਿੰਡ ਹੀ ਰਿਹਾ। ਨੌਵੀਂ ਵਿਚ ਪੜ੍ਹਦਿਆਂ ਅਸੀਂ ਨਸ਼ਿਆਂ 'ਤੇ ਨਾਟਕ ਖੇਡਿਆ, ਜਦੋਂ ਹਾਈ ਸਕੂਲਾਂ ਵਿਚ ਦਸਵੀਂ ਜਮਾਤ ਨੂੰ ਵਿਦਾਇਗੀ ਪਾਰਟੀ ਦੇਈਦੀ ਆ। ਨਾਟਕ ਕਰਦਿਆਂ ਮੀਂਹ ਲਹਿ ਪਿਆ। ਮੈਂ ਸਾਰਿਆਂ ਨੂੰ ਹਾਕ ਮਾਰ ਕੇ ਸਕੂਲ ਦੇ ਛਤੜੇ ਜਿਹੇ 'ਚ ਲੈ ਗਿਆ ਤੇ ਉਥੇ ਈ ਨਾਟਕ ਸ਼ੁਰੂ ਕਰ ਦਿੱਤਾ। ਹੁਣ ਲਗਦਾ ਹੈ ਕਿ ਜਿਹੜੀ ਫੋਰਮ ਹੁਣ ਮੈਂ ਬਣਾ ਰਿਹਾਂ, ਬਚਪਨ ਵਿਚ ਅਚੇਤ ਹੀ ਉਹ ਬਣ ਗਈ ਸੀ। ਦਸਵੀਂ ਤੋਂ ਬਾਅਦ ਮੈਂ ਪੜ੍ਹਨਾ ਨਹੀਂ ਸੀ ਚਾਹੁੰਦਾ, ਨਾਟਕ ਕਰਨੇ ਚਾਹੁੰਦਾ ਸੀ। ਮੇਰਾ ਜੀਅ ਕਰਦਾ ਸੀ ਕਿ ਦਿਨੇ ਖੇਤੀ ਕਰਾਂ, ਰਾਤ ਨੂੰ ਰਿਹਰਸਲਾਂ; ਜਾਂ ਫਿਰ ਆਸੇ-ਪਾਸੇ ਦੇ ਚਾਰ-ਪੰਜ ਪਿੰਡਾਂ ਜਿਵੇਂ ਮੱਲਕੇ, ਸਿਵੀਆਂ, ਬਰਗਾੜੀ ਵਿਚ ਡਰਾਮੇ ਕਰਾਂ। ਫਿਰ ਲੱਗਾ, ਜੇ ਨਾਟਕ ਕਰਨੇ ਆ ਤਾਂ ਪੜ੍ਹਨਾ ਪਊ।

**?** ਕਿੱਥੇ ਪੜ੍ਹਨ ਲੱਗੇ ਫਿਰ?

-ਕੋਟਕਪੂਰੇ ਭਗਤ ਸਿੰਘ ਕਾਲਜ ਵਿਚ ਬੀ ਏ ਕਰਨ ਲੱਗ ਪਿਆ। ਕਾਲਜ ਵਿਚ ਢਾਈ-ਤਿੰਨ ਸਾਲ ਮੈਨੂੰ ਮੌਕਾ ਨ੍ਹੀਂ ਮਿਲਿਆ ਨਾਟਕ ਕਰਨ ਦਾ। ਸੀਨੀਅਰ ਮੁੰਡੇ ਕਰਦੇ ਸੀ। ਪਿੱਛੋਂ ਜਿਹੇ ਆ ਕੇ ਮੌਕਾ ਮਿਲ ਗਿਆ। ਕੋਟਕਪੂਰੇ ਸਾਡੀ ਨਾਟਕਕਾਰਾਂ ਦੀ ਟੀਮ ਵੀ ਬਣ ਗਈ। ਬੱਚਿਆਂ ਦੇ ਨੁੱਕੜ ਨਾਟਕ ਅਸੀਂ ਕਰਦੇ ਹੁੰਦੇ ਸੀ। ਇਕ ਵਾਰ ਕੋਟਕਪੂਰੇ ਭੰਗੀਆਂ ਦੇ ਵਿਹੜੇ ਵਿਚੋਂ ਲੰਘਿਆ। ਮੀਂਹ ਪੈ ਕੇ ਹਟਿਆ ਸੀ। ਚਰਗਲ ਵੱਜਿਆ ਹੋਇਆ, ਮੱਖੀਆਂ ਭਿਣਕਣ, ਮੁਸ਼ਕ ਮਾਰੇ। ਚਿੱਤ ਵਿਚ ਆਈ, ਇਹ ਲੋਕ ਸਾਰੇ ਸ਼ਹਿਰ ਦਾ ਗੰਦ ਸਾਫ ਕਰਦੇ ਐ, ਆਪ ਇਹ ਕਿੰਨੇ ਗੰਦੇ ਥਾਂ 'ਤੇ ਰਹਿ ਰਹੇ ਆ। ਸੋਚਿਆ, ਇਥੇ ਨਾਟਕ ਕਰੀਏ, ਪਰ ਨਾਲ ਦੇ ਸਾਥੀ ਡਰ ਗਏ। ਕਹਿੰਦੇ, ਜੇ ਘਰਦਿਆਂ ਨੇ ਦੇਖ ਲਿਆ ਤਾਂ ਛਿਤਰੌਲ ਫੇਰਨਗੇ, ਬਈ ਭੰਗੀਆਂ ਦੀ ਬਸਤੀ 'ਚ ਫਿਰਦੇ ਆਂ। ਬੰਦੇ ਉਹ ਸਾਰੇ ਹੀ ਵਧੀਆ ਸੀ। ਨਾਟਕ ਟੀਮਾਂ ਵਿਚ ਇਹ ਨ੍ਹੀਂ ਹੁੰਦਾ ਕਿ ਮੈਂ ਉਚੀ ਜਾਤ ਦਾਂ ਜਾਂ ਅਮੀਰ ਹਾਂ। ਬਹੁਤੇ ਮਤਭੇਦ ਨ੍ਹੀਂ ਹੁੰਦੇ, ਖਾਸ ਕਰ ਕੇ ਜਿਹੜੇ ਇਨਕਲਾਬੀ ਵਿਚਾਰਧਾਰਾ ਨਾਲ ਜੁੜੇ ਹੁੰਦੇ ਆ, ਪਰ ਉਨ੍ਹਾਂ ਸਾਥੀਆਂ ਨੂੰ ਬਾਪੂਆਂ ਦਾ ਡਰ ਸੀ। ਸਾਲ ਕੁ ਮੈਂ ਵਿਹਲਾ ਰਿਹਾ। ਫਿਰ 1991 ਵਿਚ ਪਟਿਆਲੇ ਚਲਾ ਗਿਆ। ਥੀਏਟਰ ਐਂਡ ਟੀ.ਵੀ. ਵਿਚ ਪੰਜਾਬੀ ਯੂਨੀਵਰਸਿਟੀ ਤੋਂ ਐਮ.ਏ. ਕੀਤੀ। ਫਿਰ ਉਥੇ ਹੀ ਰੈਪਰੇਟਰੀ ਆਰਟਿਸਟ ਹੋ ਗਿਆ ਸੀ। ਦੋ ਕੁ ਸਾਲ ਉਥੇ ਰਿਹਾ।

**?** ਪਰਿਵਾਰ ਵੱਲੋਂ ਸਹਿਯੋਗ ਮਿਲਦਾ ਸੀ?

-ਮੇਰੇ ਘਰਦੇ ਪੜ੍ਹੇ-ਲਿਖੇ ਨ੍ਹੀਂ। ਪਿਓ ਮੇਰਾ ਸੜਕ ਮਹਿਕਮੇ ਵਿਚ ਬੇਲਦਾਰ ਸੀ। ਉਨ੍ਹਾਂ ਨੂੰ ਇਉਂ ਸੀ, ਬੱਸ ਆਵਦੇ ਹਿਸਾਬ ਨਾਲ ਪੜ੍ਹ-ਲਿਖ ਕੇ ਕਿਸੇ ਕੰਮ ਧੰਦੇ ਲੱਗ ਜਾਵਾਂ। ਉਨ੍ਹਾਂ ਨੇ ਕਦੇ ਪ੍ਰੈਸ਼ਰ ਨ੍ਹੀਂ ਪਾਇਆ। ਮਾੜਾ-ਮੋਟਾ ਜਿਹਾ ਕਹਿ ਦਿੰਦੇ-ਭਾਈ ਸਾਰਾ ਦਿਨ ਨਾਟਕ ਜਏ ਨਾ ਕਰਦਾ ਰਿਹਾ ਕਰ, ਕਿਸੇ ਨੌਕਰੀ 'ਤੇ ਲੱਗ। ਆਹ ਹੁਣ ਹਟੇ ਆ ਪਿਛਲੇ ਚਾਰ-ਪੰਜ ਸਾਲ ਤੋਂ।

**?** ਭੈਣ-ਭਰਾ ਵੀ ਗਏ ਸਕੂਲ-ਕਾਲਜ?

-ਮੇਰੀ ਇਕ ਭੈਣ ਆ, ਪਰਮਜੀਤ। ਉਹ ਕੋਟਕਪੂਰੇ ਵਿਆਹੀ ਆ। ਇਕ ਭਰਾ ਰਿਕਸ਼ਾ ਚਲਾਉਂਦੈ, ਮੰਦਰ ਹੈ ਉਹਦਾ ਨਾਂ। ਇਕ ਹੋਰ ਭਰਾ ਗੁਰਮੀਤ ਸਿੰਘ ਲੇਬਰ ਦਾ ਕੰਮ ਕਰਦੈ। ਮੇਰੀ ਮਾਂ ਹੁਣ ਤੱਕ ਦਿਹਾੜੀ 'ਤੇ ਕਣਕਾਂ ਵੱਢਦੀ ਰਹੀ ਐ। ਕੋਟਕਪੂਰੇ ਪੜ੍ਹਦਿਆਂ ਮੈਂ ਆਪ ਲੇਬਰ ਕਰਦਾ ਸੀ। ਦਿਹਾੜੀ ਲੱਭਣ ਲਈ ਲੇਬਰ ਚੌਕ 'ਚ ਖੜ੍ਹਦਾ। ਉਥੇ ਮੇਰੇ ਜਮਾਤੀ ਮੈਨੂੰ ਚਾਹ-ਪਾਣੀ ਦੇ ਜਾਂਦੇ। ਮੈਂ ਲੁਕਾਉਂਦਾ ਨ੍ਹੀਂ ਸੀ, ਬਈ ਮੈਂ ਦਿਹਾੜੀ ਜਾਨਾਂ।

**?** ਨਾਟਕ 'ਜੂਠ' ਖੇਡਦਿਆਂ ਜਦੋਂ ਤੁਸੀਂ ਡਾਇਲਾਗ ਬੋਲਦੇ ਹੋ, ਉਦੋਂ ਤੁਹਾਡੀ ਆਵਾਜ਼ ਵਿਚਲੇ ਦਰਦ ਤੋਂ ਪ੍ਰਭਾਵ ਪੈਂਦਾ ਹੈ ਕਿ ਇਹ ਸੱਲ੍ਹ ਤੁਸੀਂ ਆਪਣੇ ਪਿੰਡੇ 'ਤੇ ਹੰਢਾਏ ਹੋਣਗੇ।

-ਮਾੜੀਆਂ ਮੋਟੀਆਂ ਗੱਲਾਂ ਤਾਂ ਹੁੰਦੀਆਂ ਹੀ ਰਹਿੰਦੀਆਂ ਸੀ, ਪਰ ਇਉਂ ਨ੍ਹੀਂ ਸੀ ਕਿ ਜੱਟ ਜਾਂ ਹੋਰ ਉਚੀਆਂ ਜਾਤੀਆਂ ਵਾਲੇ ਡੌਮੀਨੇਟ ਕਰਦੇ ਹੋਣ। ਜੇ ਕੋਈ ਮਾੜੀ ਮੋਟੀ ਹਰਕਤ ਕਰਦਾ ਵੀ ਸੀ, ਤਾਂ ਵਿਹੜੇ ਆਲੇ ਉਹਦੀ ਕੁੱਟ-ਫੈਂਟ ਵੀ ਕਰ ਦਿੰਦੇ। ਕਾਰਨ ਇਹ ਸੀ ਕਿ ਸਾਡੇ ਪਿੰਡ ਵਿਹੜੇ ਆਲਿਆਂ ਕੋਲ ਵੀ ਜ਼ਮੀਨਾਂ ਸਨ। ਇਹ ਨ੍ਹੀਂ ਪਤਾ ਕਿ ਉਨ੍ਹਾਂ ਕੋਲ ਕਿਵੇਂ ਆਈਆਂ। ਮੇਰਾ ਇਕ ਤਾਇਆ ਸੀ ਤੇਜਾ ਸਿੰਘ। ਮੇਰੇ ਦਾਦੇ ਦੇ ਭਰਾ ਦਾ ਮੁੰਡਾ। ਕਾਮਰੇਡ ਸੀ ਉਹ। ਉਹਦੇ ਕੋਲ ਤੀਹ-ਪੈਂਤੀ ਕਿੱਲੇ ਜ਼ਮੀਨ ਸੀ। ਮੇਰੇ ਦਾਦੇ ਕੋਲ ਵੀ ਸੁਣਦੇ ਆਂ ਕਿ ਥੋੜ੍ਹੀ ਬਹੁਤੀ ਜ਼ਮੀਨ ਸੀ, ਪਰ ਖਿਸਕ ਗਈ ਕਿਸੇ ਹਿਸਾਬ।

**?** ਪਟਿਆਲੇ ਪੜ੍ਹਦਿਆਂ ਕੀ ਸੁਪਨੇ ਸੀ?

-ਕਾਲਜ ਤੱਕ ਮੇਰਾ ਨਿਸ਼ਾਨਾ ਸੀ, ਸਮਾਜਕ ਨਾਟਕ ਕਰਾਂ, ਲੋਕਾਂ ਨੂੰ ਜਾਗ੍ਰਿਤ ਕਰਨ ਵਾਲੇ। ਯੂਨੀਵਰਸਿਟੀ ਪੜ੍ਹਦਿਆਂ ਇਹ ਗੱਲ ਹਾਵੀ ਹੋ ਗਈ ਕਿ ਬੱਸ ਐਕਟਰ ਬਣਾਂ। ਤਕਨੀਕਾਂ ਸਿੱਖੀਆਂ ਐਕਟਿੰਗ ਦੀਆਂ। ਯੂਨੀਵਰਸਿਟੀ ਦੀ ਪੜ੍ਹਾਈ ਨੇ ਮੈਨੂੰ ਸਮਾਜਕ ਕੰਮਾਂ ਨਾਲੋਂ ਤੋੜ ਦਿੱਤਾ। ਉਥੇ ਕੋਈ ਅਜਿਹਾ ਅਧਿਆਪਕ ਵੀ ਨਹੀਂ ਸੀ ਜਿਹੜਾ ਕਲਾ ਰਾਹੀਂ ਸਮਾਜ ਨਾਲ ਜੁੜਨ ਦੀ ਗੱਲ ਕਰਦਾ ਹੋਵੇ। ਮੇਰੇ ਅੰਦਰ ਇਹ ਗੱਲ ਵੀ ਸੀ ਕਿ ਸਿਨਮਾ ਵੀ ਕਰਾਂ, ਪਰ ਮੇਰੀ ਪਰਸਨੈਲਿਟੀ ਬਹੁਤਾ ਥਿਏਟਰ ਕਰਨ ਲਈ ਪ੍ਰੇਰਦੀ ਹੈ।

**?** ਮੁੜ ਸਮਾਜਕ ਨਾਟਕ ਵੱਲ ਕਿਵੇਂ ਮੁੜੇ?

-ਅਚਾਨਕ ਇਕ ਘਟਨਾ ਵਾਪਰੀ, ਅਯੁੱਧਿਆ ਵਿਚ ਮਸਜਿਦ ਢਾਹੁਣ ਵਾਲੀ। ਮੇਰਾ ਦੋਸਤ ਬਲਰਾਮ ਮੈਨੂੰ ਆਪਣੇ ਨਾਲ ਲੈ ਗਿਆ ਅਯੁੱਧਿਆ ਨੁੱਕੜ ਨਾਟਕ ਕਰਨ। ਉਥੇ ਨਾਟਕ ਕਰਦਿਆਂ ਮੈਨੂੰ ਮੁੜ ਅਹਿਸਾਸ ਹੋਇਆ ਕਿ ਇਹ ਹੈ ਆਰਟਿਸਟ ਦਾ ਧਰਮ, ਰਹਿਣਯੋਗ ਸਮਾਜ ਦੀ ਉਸਾਰੀ ਲਈ ਕੰਮ ਕਰਨਾ। ਉਸ ਪਿਛੋਂ ਜਦੋਂ ਬੰਬੇ ਗਿਆ, ਇਹ ਅਹਿਸਾਸ ਹੋਰ ਡੂੰਘਾ ਹੋਇਆ। ਉਦੋਂ ਉਥੇ ਦੰਗੇ ਹੋ ਕੇ ਹਟੇ ਸਨ। ਮੈਂ ਬੱਚਿਆਂ ਨਾਲ ਗੱਲਾਂ ਕਰਦਾ। ਇਕ ਦਿਨ ਪੁੱਛਿਆ, ਜਦੋਂ ਦੰਗੇ-ਫਸਾਦ ਹੁੰਦੇ ਆ, ਤੁਸੀਂ ਕੀ ਮਹਿਸੂਸ ਕਰਦੇ ਹੋ? ਉਹ ਕਹਿੰਦੇ, ਅਸੀਂ ਖੇਡ ਨਹੀਂ ਸਕਦੇ। ਕਮਾਲ ਐ ਯਾਰ! ਬੱਚੇ ਖੇਡ ਹੀ ਨਹੀਂ ਸਕਦੇ। ਖੇਡ ਤਾਂ ਜ਼ਿੰਦਗੀ ਹੁੰਦੀ ਐ ਬੱਚਿਆਂ ਦੀ। ਇਸ ਗੱਲ ਨੇ ਮੈਨੂੰ ਬਹੁਤ ਕੁਰੇਦਿਆ। ਇਸ ਬਾਰੇ ਮੈਂ ਨਾਟਕ ਤਿਆਰ ਕੀਤਾ ਤੇ ਨਾਂ ਰੱਖਿਆ 'ਹਮ ਤੋ ਖੇਲੇਂਗੇ'। ਇਹਦੀ ਵਿਰੋਧੀ ਟੋਨ ਸੀ, ਬਈ ਹਮ ਤੋ ਖੇਲੇਂਗੇ...ਅਸੀਂ ਕੋਈ ਹਿੰਦੂ ਨ੍ਹੀਂ, ਅਸੀਂ ਕੋਈ ਮੁਸਲਮਾਨ ਨ੍ਹੀਂ। ਇਸ ਨਾਟਕ 'ਚ 45 ਬੱਚੇ ਸੀ।

**?** ਮੁੰਬਈ ਜਾਣ ਦਾ ਕੀ ਸਬੱਬ ਬਣਿਆ?

-ਕਿਸੇ ਦੋਸਤ ਨੂੰ ਬੰਬੇ ਲਈ ਗੱਡੀ ਚੜ੍ਹਾਉਣ ਲੁਧਿਆਣੇ ਗਿਆ ਸੀ, ਉਹ ਨਾਲ ਹੀ ਬੰਬੇ ਲੈ ਗਿਆ। ਫਿਲਮਾਂ ਵਿਚ ਕੰਮ ਲੱਭਣ ਲਈ ਮਾੜਾ-ਮੋਟਾ ਭਾਵੇਂ ਕਿਸੇ ਨੂੰ ਮਿਲਿਆ ਹੋਵਾਂ, ਪਰ ਉਸ ਲੈਵਲ 'ਤੇ ਨ੍ਹੀਂ। ਜਿਵੇਂ ਪਹਿਲਾਂ ਦੱਸਿਆ, ਥਿਏਟਰ ਮੈਨੂੰ ਜ਼ਿਆਦਾ ਖਿੱਚ ਪਾਉਂਦਾ। ਪ੍ਰਿਥਵੀ ਥਿਏਟਰ ਵਿਚ ਨਾਟਕ ਦੇਖਣ ਜਾਂਦਾ। ਬੱਚਿਆਂ ਨਾਲ ਨੁੱਕੜ ਨਾਟਕ ਕਰਦਾ। ਦੋ-ਢਾਈ ਸਾਲ ਰਿਹਾ ਉਥੇ।



***ਜਦੋਂ ਬੰਬੇ ਗਿਆ, ਇਹ ਅਹਿਸਾਸ ਹੋਰ ਡੂੰਘਾ ਹੋ ਗਿਆ। ਉਦੋਂ ਉੱਥੇ ਦੰਗੇ ਹੋ ਕੇ ਹਟੇ ਸਨ। ਮੈਂ ਬੱਚਿਆਂ ਨਾਲ ਗੱਲਾਂ ਕਰਦਾ। ਇੱਕ ਦਿਨ ਪੁੱਛਿਆ, ਜਦੋਂ ਦੰਗੇ-ਫਸਾਦ ਹੁੰਦੇ ਆ, ਤੁਸੀਂ ਕੀ ਮਹਿਸੂਸ ਕਰਦੇ ਹੋ? ਉਹ ਕਹਿੰਦੇ, ਅਸੀਂ ਖੇਡ ਨਹੀਂ ਸਕਦੇ। ਕਮਾਲ ਐ ਯਾਰ! ਬੱਚੇ ਖੇਡ ਹੀ ਨਹੀਂ ਸਕਦੇ। ਖੇਡ ਤਾਂ ਜ਼ਿੰਦਗੀ ਹੁੰਦੀ ਐ ਬੱਚਿਆਂ ਦੀ। ਇਸ ਗੱਲ ਨੇ ਮੈਨੂੰ ਬਹੁਤ ਕੁਰੇਦਿਆ। ਇਸ ਬਾਰੇ ਮੈਂ ਨਾਟਕ ਤਿਆਰ ਕੀਤਾ ਤੇ ਨਾਂ ਰੱਖਿਆ 'ਹਮ ਤੋ ਖੇਲੇਂਗੇ'। ਇਹਦੀ ਵਿਰੋਧੀ ਟੋਨ ਸੀ... ਬਈ ਹਮ ਤੋ ਖੇਲੇਂਗੇ... ਅਸੀਂ ਕੋਈ ਹਿੰਦੂ ਨ੍ਹੀਂ, ਅਸੀਂ ਕੋਈ ਮੁਸਲਮਾਨ ਨ੍ਹੀਂ। ਇਸ ਨਾਟਕ ਵਿਚ ਪੰਤਾਲੀ ਬੱਚੇ ਸਨ।***

**?** ਰੋਟੀ-ਪਾਣੀ ਦਾ ਕਿਵੇਂ ਚੱਲਦਾ ਸੀ?

-ਜਿਹੜਾ ਦੋਸਤ ਲੈ ਕੇ ਗਿਆ ਸੀ, ਉਹਦੇ ਕੋਲ ਹੀ ਰਹਿੰਦਾ ਸੀ। ਜਦੋਂ ਬੰਬੇ ਨੂੰ ਤੁਰਿਆ, ਅੱਠ ਰੁਪਏ ਸੀ ਕੋਲ। ਬੂਟ ਟੁੱਟੇ ਹੋਏ। ਉਵੇਂ ਹੀ ਰਿਹਾਂ ਉਥੇ। ਘਰੋਂ ਵੀ ਪੈਸੈ ਨਹੀਂ ਮੰਗਵਾਏ। ਇਕ ਫਿਲਮ ਮਿਲ ਗਈ- 'ਢੂੰਡਤੇ ਰਹਿ ਜਾਓਗੇ'। ਛੋਟਾ ਜਿਹਾ ਰੋਲ ਸੀ, ਪਰ ਪੈਸੇ ਚੰਗੇ ਮਿਲ ਗਏ।

**?** ਜਿਹੜੀਆਂ ਤੁਸੀਂ ਪੰਜਾਬੀ ਫਿਲਮਾਂ ਕੀਤੀਆਂ, ਉਹ ਮੁੰਬਈ ਰਹਿੰਦਿਆਂ ਹੀ ਕੀਤੀਆਂ?

-ਨਹੀਂ, ਉਦੋਂ ਪੰਜਾਬ ਆ ਗਿਆ ਸੀ।

**?** ਪੰਜਾਬੀ ਫਿਲਮਾਂ ਦਾ ਕੀ ਸਬੱਬ ਬਣਿਆ?

-ਮੇਰੇ ਲਈ ਵਿਸ਼ੇ ਅਹਿਮ ਹਨ। ਫਿਲਮ 'ਅੰਨ੍ਹੇ ਘੋੜੇ ਦਾ ਦਾਨ' ਗੁਰਦਿਆਲ ਸਿੰਘ ਦੇ ਨਾਵਲ ਉਪਰ ਬਣੀ ਹੈ। ਮੈਨੂੰ ਲੱਗਾ, ਜੇ ਕੋਈ ਜਾਤਪਾਤ ਦੇ ਵਿਸ਼ੇ 'ਤੇ ਇਸ ਤਰ੍ਹਾਂ ਫਿਲਮ ਬਣਾਉਂਦਾ ਹੈ, ਮੈਂ ਉਸ ਵਿਚ ਕੰਮ ਕਰਾਂ। ਪੰਜਾਬ ਤੋਂ ਬਾਹਰ ਦੇ ਬੰਦੇ ਨੇ ਇਹ ਫਿਲਮ ਬਣਾਉਣ ਬਾਰੇ ਸੋਚਿਆ। ਪੰਜਾਬ ਵਾਲੇ ਨੂੰ ਤਾਂ ਇਹ ਨਾਵਲ ਦਿਸਿਆ ਹੀ ਨਹੀਂ। ਮੈਨੂੰ ਲੱਗਾ ਕਿ ਇਹ ਕੰਮ ਵੀ ਮੇਰੇ ਕੰਮ ਨਾਲ ਮਿਲਦਾ-ਜੁਲਦਾ ਹੈ। ਇਵੇਂ ਹੀ 'ਮਿੱਟੀ' ਫਿਲਮ ਹੈ, 'ਆਤੂ ਖੋਜੀ' ਹੈ।

**?** ਤੁਹਾਡੀ ਕੰਮ ਕਰਨ ਦੀ ਵਿਧਾ ਬੜੀ ਸਰਲ ਹੈ। ਤੁਸੀਂ ਆਪ ਵੀ ਸਿੱਧੇ ਤੇ ਸਪਸ਼ਟ ਹੋ, ਪਰ ਫਿਲਮ 'ਅੰਨ੍ਹੇ ਘੋੜੇ ਦਾ ਦਾਨ' ਬੜੀ ਗੁੰਝਲਦਾਰ ਹੈ, ਇਹ ਫਿਲਮ ਆਮ ਦਰਸ਼ਕ ਵਾਸਤੇ ਤਾਂ ਨਹੀਂ...।

-ਫਿਲਮ ਦੇ ਡਾਇਰੈਕਟਰ ਦਾ ਕੰਮ ਕਰਨ ਦਾ ਆਪਣਾ ਤਰੀਕਾ ਹੈ। ਉਸ ਨੇ ਇਹ ਫਿਲਮ ਇਨਾਮੀ ਮੁਕਾਬਲੇ ਵਾਸਤੇ ਬਣਾਈ ਸੀ। ਮੈਨੂੰ ਬਾਕਾਇਦਾ ਚੰਗੇ ਪੈਸੇ ਦਿੱਤੇ ਫਿਲਮ ਲਈ। ਮੈਨੂੰ ਪਤਾ ਸੀ ਕਿ ਇਹ ਫਿਲਮ ਆਮ ਦਰਸ਼ਕ ਵਾਸਤੇ ਨਹੀਂ ਹੈ, ਪਰ ਮੇਰੇ ਲਈ ਵਿਸ਼ਾ ਮਹੱਤਵਪੂਰਨ ਸੀ। ਮੇਰੇ ਅੰਦਰਲੇ ਅਦਾਕਾਰ ਲਈ ਵੰਗਾਰ ਸੀ।

**?** ਇਸ ਫਿਲਮ ਵਿਚ ਕੰਮ ਕਰ ਕੇ ਸੰਤੁਸ਼ਟ ਹੋਏ?

-ਹਾਂ ਬਿਲਕੁਲ। ਵੱਖਰਾ ਤਜਰਬਾ ਸੀ।

**?** ਮੁੰਬਈ ਤੋਂ ਮੁੜ ਕਿਉਂ ਆਏ?

-ਮੇਰੇ ਇਕ ਮਿੱਤਰ ਨੇ ਚਮਕੌਰ ਸਾਹਿਬ ਬੁਲਾ ਲਿਆ, ਬੱਚਿਆਂ ਦਾ ਨਾਟਕ ਤਿਆਰ ਕਰਨਾ ਸੀ। ਨਾਟਕ ਤਿਆਰ ਕਰਦੇ ਕਰਦੇ ਮਹੀਨਾ ਲੱਗ ਗਿਆ। ਜਦੋਂ ਚਮਕੌਰ ਸਾਹਿਬ ਤੋਂ ਵਾਪਸ ਬੰਬੇ ਮੁੜਨ ਲੱਗਾ ਤਾਂ ਸਾਰੇ ਜਵਾਕ ਇਕੱਠੇ ਹੋ ਕੇ ਰੋਣ ਲੱਗ ਪਏ। ਮੇਰਾ ਮਿੱਤਰ ਕਹਿੰਦਾ, ਤੂੰ ਨਾਟਕ ਹੀ ਕਰਨੇ ਆਂ, ਇਥੇ ਕਰ ਲੈ। ਮੈਂ ਕਿਹਾ ਚੱਲ, ਇਥੇ ਹੀ ਕਰ ਲੈਨੇ ਆਂ। ਆਪਾਂ ਮੁੜ ਕੇ ਬੰਬੇ ਜੁੱਲੀ-ਬਿਸਤਰਾ ਵੀ ਨ੍ਹੀਂ ਚੁੱਕਣ ਗਏ (ਹੱਸਦਾ ਹੈ)।

**?** ਚਮਕੌਰ ਸਾਹਿਬ ਵਾਲੇ ਨਾਟਕਾਂ ਦੇ ਵਿਸ਼ੇ ਕਿਹੋ ਜਿਹੇ ਸਨ?

-ਚਾਰ ਕੁ ਸਾਲ ਚੇਤਨਾ ਕਲਾ ਮੰਚ ਚਮਕੌਰ ਸਾਹਿਬ ਨਾਲ ਨਾਟਕ ਕਰਦਾ ਰਿਹਾ। ਫਿਰ ਪਟਿਆਲੇ ਆ ਗਿਆ ਤੇ ਆਪਣੀ ਟੀਮ ਬਣਾਈ। ਮੇਰੀ ਪਤਨੀ ਜਸਵਿੰਦਰ ਵੀ ਟੀਮ ਵਿਚ ਸ਼ਾਮਿਲ ਹੋ ਗਈ।

**?** (ਵਿਚੋਂ ਟੋਕ ਕੇ) ਵਿਆਹ ਕਦੋਂ ਕਰਵਾਇਆ?

-ਪਟਿਆਲੇ ਆ ਕੇ ਹੀ। ਜਸਵਿੰਦਰ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਮੇਰੀ ਜ਼ਿੰਦਗੀ ਤਾਂ ਨਾਟਕਾਂ ਲਈ ਹੀ ਹੈ। ਘਰ ਦੀ ਹਾਲਤ ਵੀ ਦੱਸੀ ਹੋਈ ਸੀ। ਹੁਣ ਉਹ ਚੰਡੀਗੜ੍ਹ ਟੀਚਰ ਐ।

**?** ਪਟਿਆਲੇ ਤੁਹਾਡੀ ਟੀਮ ਵਿਚ ਕਿੰਨੇ ਕੁ ਜਣੇ ਹੁੰਦੇ ਸੀ?

-ਦੋ ਮੁੰਡੇ ਹੋਰ ਸੀ। ਜਸਵਿੰਦਰ ਦੀ ਭੈਣ ਵੀ ਪਟਿਆਲੇ ਆ ਗਈ ਸੀ ਥੀਏਟਰ ਦੀ ਐਮ.ਏ. ਕਰਨ।

**?** ਪਟਿਆਲਾ ਤੋਂ ਲਹਿਰਾਗਾਗਾ ਜਾਣ ਮਗਰੋ ਪਿੰਡਾਂ ਵਿਚ ਨਾਟਕ ਕਰਨ ਦਾ ਤੌਰ-ਤਰੀਕਾ ਬਦਲਿਆ ਜਾਂ ਪਟਿਆਲੇ ਵਾਂਗ ਨੁੱਕੜ ਨਾਟਕ ਹੀ ਕਰਦੇ ਹੋ?

-ਜਿਉਂ ਜਿਉਂ ਮੈਂ ਨਾਟਕ ਕਰਦਾਂ, ਨਿੱਤ ਨਵਾਂ ਸਿੱਖਦਾਂ। ਪਹਿਲਾਂ ਅਸੀਂ ਵੀਹ-ਪੱਚੀ ਜਣੇ ਹੋ ਗਏ ਸੀ ਟੀਮ ਵਿਚ। ਫਿਰ ਸੋਚਿਆ, ਕਿਵੇਂ ਕੋਈ ਨਿੱਤ ਐਡੀ ਟੀਮ ਦੇ ਨਾਟਕ ਕਰਵਾ ਲਊ? ਇਹ ਵੀ ਸਵਾਲ ਸੀ ਕਿ ਸਿੱਧਾ ਕਿਵੇਂ ਦਰਸ਼ਕਾਂ 'ਚ ਪਹੁੰਚਿਆ ਜਾਵੇ। ਨਾਟਕ ਕਰਵਾਉਣ ਵਾਲੇ ਵਿਚਲੇ ਬੰਦੇ 'ਤੇ ਨਿਰਭਰ ਨਾ ਹੋਇਆ ਜਾਵੇ। ਹੌਲੀ ਹੌਲੀ ਟੀਮ ਬਦਲ ਲਈ। ਪੰਜ-ਸੱਤ ਬੰਦਿਆਂ ਤੋਂ ਹੁੰਦਾ ਹੋਇਆ ਮੈਂ ਇਕ-ਦੋ ਬੰਦਿਆ 'ਤੇ ਆ ਗਿਆ। ਫਿਰ ਦਲਿਤ ਵਿਹੜੇ ਚੁਣ ਲਏ। ਬਿਨਾਂ ਕਿਸੇ ਦੇ ਸੱਦੇ ਆਪ ਹੀ ਚਲੇ ਜਾਣਾ। ਸੱਥਾਂ ਤੋਂ ਬਾਅਦ ਫਿਰ ਕਿਸੇ ਦੇ ਘਰੀਂ ਵੜ ਜਾਈਦੈ। ਥੋੜ੍ਹੀ ਜਿਹੀ ਤਾਂ ਥਾਂ ਚਾਹੀਦੀ ਐ। ਮੈਂ ਚਾਹੁੰਨਾ, ਦਰਸ਼ਕ ਤੇ ਸਾਡੇ ਵਿਚ ਵਿੱਥ ਨਾ ਰਹੇ। ਉਹ ਸਾਨੂੰ ਆਪਣੇ ਹੀ ਕੋਈ ਘਰ ਦਾ ਜੀਅ ਸਮਝਣ।

**?** ਇਹ ਵਿੱਥ, ਸੱਥ ਜਾਂ ਹੋਰ ਸਾਂਝੇ ਥਾਵਾਂ 'ਤੇ ਡਰਾਮੇ ਕਰ ਕੇ ਨਹੀਂ ਖਤਮ ਹੋ ਸਕਦੀ? ਘਰ ਅੰਦਰ ਵੜ ਕੇ ਹੀ ਕਿਉਂ?

-ਟੈਲੀਵਿਜ਼ਨ ਵੀ ਤਾਂ ਲੋਕਾਂ ਦੇ ਘਰਾਂ ਦੇ ਅੰਦਰ ਹੀ ਪਿਆ ਨਾ? ਸਰਮਾਏਦਾਰ ਆਪਣੀਆਂ ਚੀਜ਼ਾਂ ਦੇ ਇਸ਼ਤਿਹਾਰ ਲੋਕਾਂ ਦੇ ਘਰਾਂ ਅੰਦਰ ਵੜ ਕੇ ਹੀ ਤਾਂ ਦੇ ਰਿਹਾ। ਅਸੀਂ ਲੋਕਾਂ ਨਾਲ ਘਰ ਵਾਲੀ ਸਾਂਝ ਪਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦੀ ਗੱਲ ਕਰਦੇ ਹਾਂ।

**?** ਤੇ ਇਹ ਨਾਟਕ ਕਰਵਾਉਣ ਵਾਲੇ ਵਿਚਲੇ ਬੰਦੇ ਨੂੰ ਪਾਸੇ ਕਰਨ ਦਾ ਕੀ ਕਾਰਨ ਸੀ?

-ਸਾਨੂੰ ਇਕ ਗੱਲ ਸਮਝ ਲੈਣੀ ਬਹੁਤ ਜ਼ਰੂਰੀ ਹੈ ਕਿ ਜੇ ਸਾਹਮਣੇ ਦੇਖਣ ਵਾਲਾ ਕੋਈ ਨਹੀਂ, ਤਾਂ ਰੰਗ-ਮੰਚ ਦੀ ਕੋਈ ਹੋਂਦ ਨਹੀਂ। ਦਰਸ਼ਕਾਂ ਨੂੰ ਮਹੱਤਤਾ ਦੇਣੀ ਪਵੇਗੀ। ਉਨ੍ਹਾਂ ਨਾਲ ਰਿਸ਼ਤਾ ਹੋਰ ਪੀਡਾ ਕਰਨਾ ਪਵੇਗਾ। ਇਹ ਰਿਸ਼ਤਾ ਫਿਰ ਵਧੇਗਾ, ਜੇ ਅਸੀਂ ਵਿਚਲੀ ਤਾਮਝਾਮ ਘਟਾਵਾਂਗੇ ਤੇ ਨਾਟਕਾਂ ਵਿਚ ਉਨ੍ਹਾਂ ਦੀ ਹਿੱਸੇਦਾਰੀ ਪਵਾਵਾਂਗੇ। ਨਹੀਂ ਤਾਂ ਉਹ ਤੁਹਾਨੂੰ ਮਹਾਨ ਜਿਹੇ ਮੰਨੀ ਜਾਣਗੇ। ਜਿਵੇਂ ਨਾਟਕ ਖਤਮ ਹੋਏ ਤੋਂ ਉਹ ਪੈਸੇ, ਆਟੇ, ਦਾਣੇ ਨਾਲ ਭਾਈਵਾਲੀ ਪਾਉਂਦੇ ਆ, ਉਸੇ ਤਰ੍ਹਾਂ ਚਲਦੇ ਨਾਟਕ ਵਿਚ ਉਨ੍ਹਾਂ ਤੋਂ ਹੁੰਗਾਰੇ ਭਰਵਾ ਕੇ, ਦਰਸ਼ਕ ਤੇ ਕਲਾਕਾਰ ਵਾਲਾ ਪਾੜਾ ਖਤਮ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਦੂਜਾ ਇਹ ਵਿਚਕਾਰਲੇ ਬੰਦੇ ਜਿਵੇਂ ਕੋਈ ਮਜ਼ਦੂਰ ਜੱਥੇਬੰਦੀ, ਨੌਜਵਾਨ ਸਭਾ ਜਾਂ ਹੋਰ ਇਸ ਤਰ੍ਹਾਂ ਦੀਆਂ ਜੱਥੇਬੰਦੀਆਂ ਕਿੰਨੇ ਕੁ ਨਾਟਕ ਕਰਵਾ ਲੈਣਗੇ? ਮਹੀਨੇ ਵਿਚ ਇਕ ਦੋ ਦਿਨ। ਬਾਕੀ ਦੇ ਦਿਨ ਮੈਂ ਕੀ ਕਰਾਂ? ਸੋਚਿਆ ਜਿਵੇਂ ਕੋਈ ਮਜ਼ਦੂਰ ਆਦਮੀ ਹਰ ਰੋਜ਼ ਦਿਹਾੜੀ ਕਰਨ ਜਾਂਦਾ, ਮੈਂ ਕਿਉਂ ਨਾ ਇਸ ਤਰ੍ਹਾਂ ਜਾਵਾਂ। ਮਜ਼ਦੂਰ ਦਿਹਾੜੀ ਲੱਭਣ ਚੌਕ ਵਿਚ ਜਾਂਦੈ, ਮੈਂ ਲੋਕਾਂ ਦੇ ਘਰਾਂ, ਵਿਹੜਿਆਂ ਵਿਚ ਜਾਨਾਂ। ਇਸ ਵਿਚੋਂ ਪ੍ਰਬੰਧਕ ਗਾਇਬ ਹੋ ਗਿਆ।

**?** ਜਦੋਂ ਤੁਸੀਂ ਲੋਕਾਂ ਦੇ ਘਰਾਂ ਵਿਚ ਜਾ ਕੇ ਇਸ ਤਰ੍ਹਾਂ ਨਾਟਕ ਕਰਦੇ ਹੋ, ਤੇ ਉਨ੍ਹਾਂ ਨੂੰ ਆਪਣੇ ਪਾਤਰ ਬਣਾਉਂਦੇ ਹੋ, ਉਨ੍ਹਾਂ ਵਾਸਤੇ ਇਹ ਸਭ ਕੁਝ ਨਵਾਂ ਹੁੰਦਾ। ਉਹ ਕੁਝ ਸੰਗ ਵਗੈਰਾ ਮਹਿਸੂਸ ਕਰਦੇ ਹੋਣਗੇ। ਤੁਸੀਂ ਕਿਵੇਂ ਉਨ੍ਹਾਂ ਨੂੰ ਸਾਵਾਂ ਮਹਿਸੂਸ ਕਰਵਾਉਨੇ ਆਂ ਫਿਰ?

-ਉਹ ਪਹਿਲਾਂ ਪਹਿਲਾਂ ਓਪਰਾ ਜਿਹਾ ਮਹਿਸੂਸ ਕਰਦੇ ਆ, ਪਰ ਜਦੋਂ ਉਹ ਦੇਖਦੇ ਆ

*(ਬਾਕੀ ਅਗਲੇ ਸਫੇ 'ਤੇ)*

# ਉੱਲੀ ਲਹਿਣ ਲੱਗੀ

## ਸ਼ਿਵ ਕੁਮਾਰ ਬਟਾਲਵੀ ਦੀ ਇਕ ਯਾਦ



ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

*ਕਾਨਾ ਸਿੰਘ ਨੇ ਐਤਕੀਂ ਸ਼ਿਵ ਕੁਮਾਰ ਬਟਾਲਵੀ ਅਤੇ ਉਹਦੀ ਸ਼ਾਇਰੀ ਬਾਰੇ ਦੋ ਗੱਲਾਂ ਸਾਂਝੀਆਂ ਕੀਤੀਆਂ ਹਨ। ਮੁੰਬਈ ਵਰਗੇ ਸ਼ਹਿਰ ਵਿਚ ਪੰਜਾਬੀ ਲਈ ਤਰਸਦੀ ਲੇਖਕਾ ਨੂੰ ਸ਼ਿਵ ਦੀ ਸ਼ਾਇਰੀ ਮਾਨੋ ਰੱਬ ਬਣ ਕੇ ਬਹੁੜਦੀ ਹੈ ਅਤੇ ਉਹ ਆਪਣੇ ਚੇਤੇ ਦੀਆਂ ਤਹਿਆਂ ਫਰੋਲਣ ਲਗਦੀ ਹੈ। ਅਸੀਂ ਸ਼ਿਵ ਬਟਾਲਵੀ ਦੇ ਜਨਮ ਦਿਨ (23 ਜੁਲਾਈ) ਮੌਕੇ 'ਉੱਲੀ ਲਹਿਣ ਲੱਗੀ' ਨਾਂ ਦਾ ਇਹ ਲੇਖ ਪਾਠਕਾਂ ਨਾਲ ਸਾਂਝ ਕਰ ਰਹੇ ਹਾਂ। -ਸੰਪਾਦਕ*

ਕਾਨਾ ਸਿੰਘ ਨੇ ਐਤਕੀਂ ਸ਼ਿਵ ਕੁਮਾਰ ਬਟਾਲਵੀ ਅਤੇ ਉਹਦੀ ਸ਼ਾਇਰੀ ਬਾਰੇ ਦੋ ਗੱਲਾਂ ਸਾਂਝੀਆਂ ਕੀਤੀਆਂ ਹਨ। ਮੁੰਬਈ ਵਰਗੇ ਸ਼ਹਿਰ ਵਿਚ ਪੰਜਾਬੀ ਲਈ ਤਰਸਦੀ ਲੇਖਕਾ ਨੂੰ ਸ਼ਿਵ ਦੀ ਸ਼ਾਇਰੀ ਮਾਨੋ ਰੱਬ ਬਣ ਕੇ ਬਹੁੜਦੀ ਹੈ ਅਤੇ ਉਹ ਆਪਣੇ ਚੇਤੇ ਦੀਆਂ ਤਹਿਆਂ ਫਰੋਲਣ ਲਗਦੀ ਹੈ। ਅਸੀਂ ਸ਼ਿਵ ਬਟਾਲਵੀ ਦੇ ਜਨਮ ਦਿਨ (23 ਜੁਲਾਈ) ਮੌਕੇ 'ਉਲੀ ਲਹਿਣ ਲੱਗੀ' ਨਾਂ ਦਾ ਇਹ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ

ਸ਼ਿਵ ਬਟਾਲਵੀ ਨਾਲ ਮੇਰੀ ਇਕ, ਤੇ ਇਕੋ ਇਕ ਮੁਲਾਕਾਤ ਨਾਨਕ ਸਿੰਘ ਨਾਵਲਕਾਰ ਦੇ ਘਰ ਹੋਈ। ਸ਼ਾਇਦ ਸੰਨ 1960 ਜਾਂ 61 ਹੋਵੇ। ਉਦੋਂ ਮੇਰੀਆਂ ਨਜ਼ਮਾਂ ਤੇ ਕਹਾਣੀਆਂ ਕਾਨਾ ਜੀਤੀ ਦੇ ਨਾਂ ਨਾਲ ਹੋਰ ਮਾਸਕ ਪੱਤਰਾਂ ਤੋਂ ਇਲਾਵਾ ਨਾਨਕ ਸਿੰਘ ਸੰਪਾਦਿਤ 'ਲੋਕ-ਸਾਹਿਤ' ਵਿਚ ਵੀ ਛਪਦੀਆਂ ਸਨ।

ਰਚਨਾਵਾਂ ਸਬੰਧੀ ਖਤੋ-ਖਤਾਬਤ ਕੰਵਲਜੀਤ ਸੂਰੀ ਕਰਦਾ ਸੀ, ਨਾਨਕ ਸਿੰਘ ਦਾ ਸਪੂਤ ਤੇ ਮੇਰਾ ਮੂੰਹ-ਬੋਲਾ ਭਾਈ, ਵੀਰ।

ਪਹਿਲੀ ਅੰਮ੍ਰਿਤਸਰ ਫੇਰੀ ਦੌਰਾਨ ਅਚਾਨਕ ਹੀ ਹਰਿਮੰਦਰ ਸਾਹਿਬ ਵਿਚ ਕੰਵਲਜੀਤ ਨਾਲ ਮੇਲ ਹੋਇਆ ਤੇ ਫਿਰ ਉਸ ਨਾਲ ਗਈ ਦਾ ਉਨ੍ਹਾਂ ਦੇ ਅੰਮ੍ਰਿਤਸਰ ਦੇ ਭੀੜੀ ਗਲੀ ਵਾਲੇ ਘਰ ਵਿਚ ਸ਼ਿਵ ਬਟਾਲਵੀ ਨਾਲ ਵੀ। ਉਦੋਂ ਅਸਾਂ ਇਕ ਦੂਜੇ ਦਾ ਨਾਂ ਪਰਚਿਆਂ ਵਿਚ ਹੀ ਵੇਖਿਆ ਪੜ੍ਹਿਆ ਸੀ। ਮੈਂ ਸ਼ਿਵ ਨੂੰ ਆਪਣੀ ਨਵ-ਰਚਿਤ ਪੋਠੋਹਾਰੀ ਨਜ਼ਮ 'ਹੱਥ ਕੰਘਣੀ' ਸੁਣਾਈ ਤੇ ਸ਼ਿਵ ਨੇ 'ਪੀੜਾਂ ਦਾ ਪਰਾਗਾ'। ਸ਼ਿਵ ਨੇ ਮੇਰੀ ਸ਼ਬਦ-ਘਾੜ 'ਹੱਥ ਕੰਘਣੀ' ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਛੇਤੀ ਹੀ ਸ਼ਿਵ ਦਾ ਕਾਵਿ ਸੰਗ੍ਰਹਿ 'ਪੀੜਾਂ ਦਾ ਪਰਾਗਾ' ਆ ਗਿਆ। ਮੈਂ ਦਿੱਲੀ ਯੂਨੀਵਰਸਿਟੀ ਵਿਚ ਐਮ. ਏ. (ਪੰਜਾਬੀ) ਦੀ ਵਿਦਿਆਰਥਣ ਸਾਂ। ਫਖ਼ਰ ਨਾਲ ਆਪਣੇ ਸਹਿਪਾਠੀਆਂ ਨੂੰ ਦੱਸਦੀ ਕਿ ਸ਼ਿਵ ਨੂੰ ਮੈਂ ਮਿਲ ਚੁੱਕੀ ਹਾਂ।

ਹੁਣ ਸ਼ਿਵ ਦਾ ਜਾਦੂ ਅਸਾਂ ਸਾਰਿਆਂ 'ਤੇ ਸਵਾਰ ਸੀ।

ਸਤੰਬਰ 1962 ਵਿਚ ਮੇਰੀ ਸ਼ਾਦੀ ਹੋ ਗਈ। ਮੈਂ ਮੁੰਬਈ ਵਸ ਗਈ। ਮੇਰੇ ਪਤੀ ਜਿਨ੍ਹਾਂ ਨੂੰ ਮੰਗਣੀ ਤੋਂ ਪਹਿਲਾਂ ਮਿੱਥੀ ਮੁਲਾਕਾਤ ਦੌਰਾਨ ਮੈਂ ਆਪਣਾ ਪੰਜਾਬੀ ਸਾਹਿਤ ਨਾਲ ਲਗਾਓ ਦੱਸ ਚੁੱਕੀ ਸਾਂ, ਤੇ ਆਪਣੀਆਂ ਨਜ਼ਮਾਂ ਸੁਣਾ ਕੇ ਉਨ੍ਹਾਂ ਦੀ ਵਾਹ ਵਾਹ ਵੀ ਖੱਟ ਚੁੱਕੀ ਸਾਂ, ਵਿਆਹ ਮਗਰੋਂ ਤੁਰੰਤ ਹੀ ਉਹ ਪੰਜਾਬੀ ਸਾਹਿਤ ਨੂੰ ਲੱਚਰ ਸਾਹਿਤ ਅਤੇ ਪੰਜਾਬੀ ਬੋਲੀ, ਖ਼ਾਸ ਕਰ ਕੇ ਮੇਰੀ ਪੋਠੋਹਾਰੀ ਜ਼ੁਬਾਨ ਨੂੰ ਪੇਂਡੂ ਆਖ ਆਖ ਕੇ ਨਿੰਦਣ ਲੱਗੇ। ਉਹ ਪੰਜਾਂ ਬਾਣੀਆਂ ਦਾ ਪਾਠ ਵੀ ਉਰਦੂ ਦੇ ਗੁਟਕੇ ਵਿਚੋਂ ਕਰਦੇ ਸਨ। ਹੋਣ ਵਾਲੇ ਬੱਚਿਆਂ ਨਾਲ ਮਾਂ ਬੋਲੀ ਵਿਚ ਗੱਲ ਕਰਨ ਦੀ ਮੈਨੂੰ ਮਨਾਹੀ ਹੋ ਗਈ ਸੀ ਭਾਵੇਂ ਉਹ ਆਪ ਅੰਗਰੇਜ਼ੀ ਬੋਲਣ ਦੀ ਮੁਹਾਰਤ ਨਹੀਂ ਸਨ ਰੱਖਦੇ ਤੇ ਮੁੰਬਈਆ ਹਿੰਦੀ-ਨੁਮਾ ਭਾਸ਼ਾ ਹੀ ਉਨ੍ਹਾਂ ਨੂੰ ਵਧੇਰੇ ਮਾਫ਼ਕ ਸੀ।

ਬੱਚੇ ਪੈਦਾ ਹੋਏ, ਛੇ ਸਾਲਾਂ ਵਿਚ ਦੋ। ਮੁੰਬਈ ਦੇ ਕਾਨਵੈਂਟ ਸਕੂਲਾਂ ਵਿਚ ਅੰਗਰੇਜ਼ੀ ਦਾ ਸੰਚਾਰ ਲਾਜ਼ਮੀ ਹੋਣ ਕਾਰਨ ਮੈਂ ਵੀ ਉਨ੍ਹਾਂ ਨਾਲ ਅੰਗਰੇਜ਼ੀ ਮਾਧਿਅਮ ਨਾਲ ਗੱਲਬਾਤ ਕਰਦੀ। ਅਸਾਂ ਮਾਪਿਆਂ ਦੀ ਆਪਸੀ ਬਾਤ-ਚੀਤ ਪੰਜਾਬੀ ਵਿਚ ਹੋਣੀ ਕੁਦਰਤੀ ਸੀ। ਵਕਤ ਪਾ ਕੇ ਸਾਡੇ ਬਾਲਕ ਹਿੰਦੀ, ਅੰਗਰੇਜ਼ੀ ਅਰ ਪੰਜਾਬੀ ਦੇ ਨਾਲ ਨਾਲ ਗੁਜਰਾਤੀ, ਮਰਾਠੀ ਅਤੇ ਸਿੰਧੀ ਨੂੰ ਵੀ ਮੂੰਹ ਮਾਰਨ ਲੱਗੇ। ਲਿਖਣਾ ਪੜ੍ਹਨਾ ਤਾਂ ਕੀ, ਮੈਂ ਪੰਜਾਬੀ ਬੋਲਣ ਲਈ ਵੀ ਤਰਸ ਜਾਂਦੀ। ਮੁੰਬਈ ਵਿਚ ਹੀ ਰਹਿੰਦੀਆਂ ਭੈਣਾਂ, ਮਾਸੀਆਂ, ਚਾਚੀਆਂ ਨੂੰ ਮਿਲਦਿਆਂ ਮੂੰਹੋਂ-ਮੂੰਹ ਪੋਠੋਹਾਰੀ ਬੋਲ ਕੇ ਜੀਭ ਦੀ ਉਲੀ ਲਾਹੁੰਦੀ ਨੂੰ ਰੱਜ ਨਾ ਆਉਂਦਾ।

ਫ਼ਿਲਮਾਂ ਦੇ ਸ਼ੌਕੀਨ, ਮੇਰੇ ਡਾਕਟਰ ਪਤੀ ਦਾ ਬਾਹਲਾ ਉਠਣ-ਬੈਠਣ ਫਿਲਮੀ ਲੋਕਾਂ ਨਾਲ ਹੀ ਸੀ। ਬਹੁਤੇ ਮਰੀਜ਼ ਵੀ ਫਿਲਮਾਂ ਦੇ ਸਥਾਪਤ, ਪ੍ਰਵਾਨਤ ਜਾਂ ਜਦੋਜਹਿਦ ਕਰ ਰਹੇ ਡਾਇਰੈਕਟਰ, ਸੰਗੀਤ ਨਿਰਦੇਸ਼ਕ, ਸੰਵਾਦ ਲੇਖਕ, ਗੀਤਕਾਰ, ਕਲਾਕਾਰ ਜਾਂ ਐਕਸਟਰਾ ਹੀ ਹੁੰਦੇ।

ਦਵਾਖ਼ਾਨੇ ਦਾ ਟਾਈਮ ਹੁੰਦਾ ਸੀ ਛੇ ਤੋਂ ਨੌਂ। ਰੋਜ਼ ਜਿਉਂ ਜਿਉਂ ਸ਼ਾਮ ਤੋਂ ਰਾਤ ਹੋਣ ਲੱਗਦੀ, ਆਮ ਗਾਹਕ ਭੁਗਤਦੇ ਜਾਂਦੇ ਤੇ ਫਿਲਮ ਇੰਡਸਟਰੀ ਨਾਲ ਜੁੜੇ ਗਾਹਕ, ਮਿੱਤਰ ਜਾਂ ਚਮਚੇ ਵਧਦੇ ਜਾਂਦੇ। ਫਿਲਮੀ ਸ਼ੋਸ਼ਿਆਂ ਦੇ ਨਾਲ ਨਾਲ ਸ਼ੇਅਰੋ ਸ਼ਾਇਰੀ ਵੀ ਚਲਦੀ ਰਹਿੰਦੀ ਅਤੇ ਚਾਹ ਦੇ ਕੱਪਾਂ ਨਾਲ ਟੀਕੇ ਦਵਾਈਆਂ ਵੀ।



ਸ਼ਿਵ ਬਟਾਲਵੀ

ਰਾਤੀਂ ਨੌਂ-ਦਸ ਵਜੇ ਮੈਨੂੰ ਡਿਸਪੈਂਸਰੀ ਪੁੱਜਣ ਲਈ ਫੋਨ ਆਉਂਦਾ; ਤਫ਼ਰੀਹ ਕਰਨ ਲਈ, ਜੁਹੂ ਤੱਟ ਦੀ ਸੈਰ ਕਰਨ ਲਈ ਜਾਂ ਮਰੀਜ਼ਾਂ ਨੂੰ ਘਰ ਵੇਖਣ ਜਾਣ ਲਈ ਪਤੀ ਦਾ ਸਾਥ ਦੇਣ ਲਈ।

ਵਿਆਹ ਦੀ ਵੀਹਵੀਂ ਵਰ੍ਹੇਗੰਢ ਸੀ। ਫੋਨ ਆਇਆ, "ਚੰਗੀ ਤਰ੍ਹਾਂ ਤਿਆਰ ਹੋ ਕੇ ਆ ਜਾ। ਅੱਜ 'ਸੀ ਰੌਕ' ਹੋਟਲ ਵਿਚ ਡਿਨਰ ਕਰਾਂਗੇ।"

ਚਾਈਂ ਚਾਈਂ ਪੈਰ ਪਾਇਆ ਦਵਾਖ਼ਾਨੇ ਵਿਚ। ਮਿੱਤਰਾਂ ਵਿਚ ਘਿਰੇ ਹੋਏ ਸਨ ਸ੍ਰੀਮਾਨ ਜੀ। ਅੱਖਾਂ ਬੰਦ ਤੇ 'ਹਾਇ ਹਾਇ' 'ਮਾਰ ਸੁਟਿਆ ਈ' 'ਸਦਕੇ' 'ਵਾਹ ਵਾਹ' 'ਜੀਓ' ਕਰ ਕਰ ਝੂਮਦੇ।

ਚਿਤਰਾ ਤੇ ਜਗਜੀਤ ਦੀ ਆਵਾਜ਼ ਵਿਚ ਕੈਸੇਟ ਲੱਗੀ ਹੋਈ ਸੀ:

ਮਾਏ ਨੀ ਮਾਏ
ਮੈਂ ਇਕ ਸ਼ਿਕਰਾ ਯਾਰ ਬਣਾਇਆ...।
ਇਹ ਮੇਰਾ ਗੀਤ ਕਿਸੇ ਨਾ ਗਾਣਾ...।
ਇਕ ਕੁੜੀ ਜਿਦ੍ਹਾ ਨਾਮ ਮੁਹੱਬਤ...।
ਅਸਾਂ ਤਾਂ ਜੋਬਨ ਰੁੱਤੇ ਮਰਨਾ...।
ਯਾਰੜਿਆਂ ਰੱਬ ਕਰ ਕੇ ਮੈਨੂੰ
ਪੈਣ ਬ੍ਰਿਹੋਂ ਦੇ ਕੀੜੇ ਵੇ,
ਨੈਣਾਂ ਦੇ ਦੋ ਸੰਦਲੀ ਬੂਹੇ
ਜਾਣ ਸਦਾ ਲਈ ਭੀੜੇ ਵੇ...।

ਇਕ ਪਾਸੇ ਸ਼ਿਵ ਤੇ ਦੂਜੇ ਪਾਸੇ ਮੇਰੀ ਸ਼ਾਦੀ ਦੀ ਵਰ੍ਹੇਗੰਢ ਦਾ ਜਸ਼ਨ ਬ੍ਰਿਹਾ ਦੇ ਕੀੜਿਆਂ ਨਾਲ ਮਨਾਇਆ ਜਾ ਰਿਹਾ, ਹੱਸਾਂ ਕਿ ਰੋਵਾਂ?

ਪਤੀ ਦੇਵ ਨੇ ਪਹਿਲੀ ਵਾਰ ਹੀ ਸ਼ਿਵ ਦਾ ਨਾਂ ਸੁਣਿਆ ਸੀ ਅਤੇ ਧੁਰ ਅੰਦਰ ਤਕ ਕੀਲੇ ਗਏ ਸਨ ਤੇ ਮੈਂ ਯਾਦਾਂ ਦੇ ਝੁਰਮੁਟ ਵਿਚ ਇੰਜ ਫਸੀ ਹੋਈ ਸਾਂ ਜਿਵੇਂ ਚੱਕਰਵਿਊ ਵਿਚ ਅਭਿਮੰਨਿਊ!

ਉਧਰ ਸ਼ਿਵ ਦੀ ਕੈਸੇਟ ਚਲਦੀ ਰਹੀ, ਇਧਰ ਮੇਰੀ, ਤੇ ਇਸ ਤਰ੍ਹਾਂ ਮਨਾਈ ਅਸਾਂ ਸ਼ਾਦੀ ਦੀ ਵਰ੍ਹੇਗੰਢ। ਸ਼ਿਵ ਬਟਾਲਵੀ ਦੇ ਦੀਵਾਨੇ ਹੋਏ ਸ੍ਰੀਮਾਨ ਜੀ ਹੁਣ ਪੰਜਾਬੀ ਬੋਲੀ ਨੂੰ ਨਿੰਦਦੇ ਵੀ ਤਾਂ ਕਿਸ ਮੂੰਹ ਨਾਲ!

'ਜੀਓ ਸ਼ਿਵ ਜੀਓ...ਸਦਕੇ ਕੁਰਬਾਨ...ਇਹੋ ਜਿਹਾ ਕੁਝ ਤੜਫਦਾ ਲਿਖੇਂ ਤਾਂ ਮੰਨਾਂ ਕਿ ਤੂੰ ਵੀ ਕਵਿੱਤਰੀ ਏਂ...ਉਫ਼! ਹਾਇ ਹਾਇ...।'

ਤੇ ਹੁਣ ਸ੍ਰੀਮਾਨ ਜੀ ਸ਼ਿਵ ਦੀ ਹੋਰ ਕਵਿਤਾ ਸੁਣਨੀ ਚਾਹੁੰਦੇ, ਹੋਰ ਹੋਰ ਹੋਰ...।

ਦੂਜੇ ਦਿਨ ਹੀ ਮੈਂ ਕਿੰਗ ਸਰਕਲ ਲਈ ਰਵਾਨਾ ਹੋ ਗਈ। ਖ਼ਾਲਸਾ ਕਾਲਜ ਦੀ ਲਾਇਬਰੇਰੀ ਫਰੋਲੀ ਤੇ ਚੁੱਕ ਲਿਆਈ 'ਪੀੜਾਂ ਦਾ ਪਰਾਗਾ।' ਪੜ੍ਹ ਕੇ ਸੁਣਾਉਣ ਲੱਗੀ।

ਹੁਣ ਖ਼ਾਲਸਾ ਕਾਲਜ ਦੇ ਚੱਕਰ ਮਤਵਾਤਰ ਹੋਣ ਤੇ ਵਧਣ ਲੱਗੇ। ਕਦੇ ਸ਼ਿਵ, ਕਦੇ ਅੰਮ੍ਰਿਤਾ, ਕਦੇ ਡਾ. ਹਰਿਭਜਨ ਸਿੰਘ ਤੇ ਕਦੇ ਬਾਵਾ ਬਲਵੰਤ। ਹੁਣ ਮੈਨੂੰ ਖੁੱਲ੍ਹੀ ਛੁੱਟੀ ਮਿਲ ਗਈ ਸੀ ਪੰਜਾਬੀ ਪੜ੍ਹਨ ਤੇ ਲਿਖਣ ਦੀ।

ਹੌਲੀ ਹੌਲੀ ਮੇਰੀ ਜ਼ੁਬਾਨ ਦੀ ਉੱਲੀ ਲਹਿਣ ਲੱਗੀ ਅਤੇ ਕਲਮ ਹਰਕਤ ਕਰਨ ਲੱਗੀ।

ਛੇਤੀ ਹੀ ਮੈਥੋਂ ਸਿਰਜ ਹੋ ਗਈਆਂ ਨਜ਼ਮਾਂ 'ਰੱਖ ਛੱਡੀ', 'ਬਣ ਜਾ ਗੁਆਂਢੀ', 'ਸਾਥ ਵਡੇਰਾ' ਤੇ ਫਿਰ ਹੋਰ ਹੋਰ। ਜਿਵੇਂ ਹੜ੍ਹ ਹੀ ਆ ਗਿਆ ਹੋਵੇ।

ਸ਼ੁਕਰੀਆ ਸ਼ਿਵ!
ਸਦਕੇ ਕੁਰਬਾਨ!!
ਸੁਬਹਾਨ ਅੱਲਾਹ!!!

---

# ਜ਼ਿੰਦਗੀ ਜ਼ਿੰਦਾਬਾਦ

*(ਪਿਛਲੇ ਸਫੇ ਦੀ ਬਾਕੀ)*

ਕਿ ਇਹ ਤਾਂ ਉਨ੍ਹਾਂ ਦੀ ਗੱਲ ਹੋ ਰਹੀ ਹੈ, ਉਨ੍ਹਾਂ ਦੇ ਹੀ ਮਸਲੇ ਹਨ, ਉਹ ਖੁੱਲ੍ਹ ਜਾਂਦੇ ਆ। ਮੁੜਨ ਲੱਗਿਆਂ ਨੂੰ ਸਾਡੇ ਵਿਛਾਏ ਪੱਲੇ ਵਿਚ ਆਟਾ ਦਾਣਾ ਪਾ ਦਿੰਦੇ ਆ। ਫਿਰ ਆਖ ਦਿੰਦੇ...ਬਈ ਆਉਂਦੇ ਮਹੀਨੇ ਫਿਰ ਆ ਜਾਇਓ।

? ਇਹ ਪੱਲਾ ਵਿਛਾਉਣ ਵਾਲਾ ਕੰਮ ਕਿਵੇਂ ਤੁਹਾਡੇ ਦਿਮਾਗ ਵਿਚ ਆਇਆ? ਤੁਹਾਨੂੰ ਔਖਾ ਨੀਂ ਲੱਗਿਆ ਕਿ ਯੂਨੀਵਰਸਿਟੀ ਦਾ ਪੜ੍ਹਿਆ, ਖੇਡਾਂ ਪਾਉਣ ਵਾਲਿਆਂ ਵਾਂਗ ਪੱਲਾ ਵਿਛਾ ਰਿਹੈ?

-ਪੱਲਾ ਵਿਛਾਉਣ ਵਾਲੀ ਗੱਲ ਨੇ ਹੀ ਮੈਨੂੰ ਬਚਾ ਲਿਆ ਭਾਈ। ਪੱਲਾ ਵਿਛਾ ਦੇਣ ਨਾਲ ਤੁਹਾਡੀ ਹਉਮੈ ਦੇ ਖਲੇਪੜ ਵੀ ਤਾਂ ਲਹਿੰਦੇ ਆ। ਜਿਵੇਂ ਗੁਰੂ ਸਹਿਬਾਨ ਦਾ, ਬਾਬੇ ਨਾਨਕ ਦਾ ਕਿਰਤ ਕਰਨ ਦਾ ਫ਼ਲਸਫ਼ਾ ਜੀਹਨੇ ਸਮਝ ਲਿਆ, ਉਹ ਨਾ ਤਾਂ ਹੀਣ-ਭਾਵਨਾ ਦਾ ਸ਼ਿਕਾਰ ਹੋਵੇਗਾ, ਨਾ ਹੀ ਕਿਰਤ ਕਰਨ ਤੋਂ ਘਬਰਾਵੇਗਾ। ਮੈਨੂੰ ਨੀਂ ਇੱਦਾਂ ਕੋਈ ਨੀਵਾਂਪਣ ਮਹਿਸੂਸ ਹੁੰਦਾ। ਨਾ ਹੀ ਨਾਟਕ ਕਰਨਾ ਕੋਈ ਮਹਾਨ ਗੱਲ ਲਗਦਾ ਹੈ। ਮਹਾਨ ਕੀ ਹੈ? ਜ਼ਿੰਦਗੀ ਮਹਾਨ ਹੈ। ਜ਼ਿੰਦਗੀ ਜ਼ਿੰਦਾਬਾਦ ਹੈ। ਉਸ ਨਾਲੋਂ ਵੀ ਕਿਰਤ ਕਰਨ ਵਾਲੇ ਮਹਾਨ ਹਨ। ਤੁਹਾਨੂੰ ਇਕ ਗੱਲ ਸੁਣਾਉਨਾ, ਮੇਰੀ ਬੇਟੀ ਦਾ ਪ੍ਰੀ-ਮਚਿਓਰ ਜਨਮ ਹੋਇਆ ਸੀ। ਬਲੂੰਗੜੀ ਜਿਹੀ। ਡਾਕਟਰ ਕਹਿੰਦੇ, ਲੁਧਿਆਣੇ ਲਿਜਾਓ ਜਾਂ ਚੰਡੀਗੜ੍ਹ। ਮੇਰੀ ਜੇਬ ਵਿਚ ਡੱਕਾ ਨੀਂ ਸੀ। ਮੈਂ ਲੁਧਿਆਣੇ ਪਹੁੰਚ ਗਿਆ। ਮੇਰੀ ਇੱਕ ਦੋਸਤ ਇੰਡੀਅਨ ਐਕਸਪ੍ਰੈਸ ਵਿਚ ਕੰਮ ਕਰਦੀ ਸੀ, ਅੰਮ੍ਰਿਤਾ ਚੌਧਰੀ। ਮੇਰੇ ਕੰਮ ਦੀ ਬਹੁਤ ਕਦਰ ਕਰਦੀ ਸੀ। ਜਦੋਂ ਮੈਂ ਡੀ.ਐਮ.ਸੀ. ਦੇ ਗੇਟ ਉਤੇ ਉਤਰਿਆ, ਉਹ ਮੂਹਰੇ ਖੜ੍ਹੀ ਸੀ। ਉਹ ਮੈਥੋਂ ਬੇਟੀ ਨੂੰ ਲੈ ਕੇ ਭੱਜ ਲਈ। ਉਹ ਸੀਨ ਮੈਂ ਹਾਲੇ ਤੱਕ ਭੁੱਲ ਨੀਂ ਸਕਿਆ। ਤੇ ਜਦੋਂ ਮੈਂ ਤੰਦਰੁਸਤ ਬੇਟੀ ਨੂੰ ਲੈ ਕੇ ਘਰ ਪਹੁੰਚਿਆ, ਮੇਰੇ ਕੋਲ ਅਠਾਰਾਂ-ਵੀਹ ਹਜ਼ਾਰ ਰੁਪਏ ਸੀ। ਮੈਂ ਕਿਸੇ ਤੋਂ ਪੈਸੇ ਮੰਗੇ ਨੀਂ। ਮੈਂ ਪੱਲਾ ਵਿਛਾ ਦਿੰਨਾਂ। ਪਰੰਪਰਾ ਹੈ ਮੇਰੀ ਇਹ। ਮੇਰਾ ਮੰਨਣਾ ਹੈ ਕਿ ਤੁਸੀਂ ਬੱਸ ਆਪਣਾ ਕੰਮ ਕਰੀ ਜਾਉ, ਜਿਨ੍ਹਾਂ ਵਾਸਤੇ ਤੁਸੀਂ ਕੰਮ ਕਰਦੇ ਹੋ, ਉਹ ਤੁਹਾਨੂੰ ਭੁੱਖਾ ਨੀਂ ਮਰਨ ਦਿੰਦੇ।

? ਇਸ ਵਿਚਾਰਧਾਰਾ ਦਾ ਤੁਹਾਡੇ ਨਾਲ ਕਿੱਥੇ ਕੁ ਮੁੱਢ ਬੱਝਾ?

-ਜਦੋਂ ਮੈਂ ਬੰਬੇ ਸੀ, ਇਕ ਦਿਨ ਨਾਟਕ ਖੇਡਦਿਆਂ ਮੈਂ ਚੱਕਰ ਖਾ ਕੇ ਡਿੱਗ ਪਿਆ। ਕੁਝ ਦਿਨਾਂ ਤੋਂ ਚੱਜ ਨਾਲ ਕੁਝ ਖਾਧਾ-ਪੀਤਾ ਨਹੀਂ ਸੀ। ਜਵਾਕਾਂ ਨੇ ਮੈਨੂੰ ਸਾਂਭ ਲਿਆ। ਉਸ ਦਿਨ ਤੋਂ ਬਾਅਦ ਮੇਰਾ ਕਮਰਾ ਸਾਰਿਆਂ ਦਾ ਸਾਂਝਾ ਬਣ ਗਿਆ। ਕੋਈ ਉਥੇ ਚਾਹ ਰੱਖ ਜਾਂਦਾ, ਕੋਈ ਰੋਟੀ। ਜੀਹਦਾ ਜੀਅ ਕਰਦਾ, ਕਮਰਾ ਸਾਫ ਕਰ ਦਿੰਦਾ; ਜਾਣੀ ਮੇਰਾ ਪਰਿਵਾਰ ਬਣ ਗਿਆ। ਮੈਨੂੰ ਲਗਦੈ ਉਦੋਂ ਜਿਹੇ ਕਿਤੇ ਸ਼ੁਰੂਆਤ ਹੋ ਗਈ। ਹੋ ਸਕਦਾ ਹੈ, ਅਚੇਤ ਵਿਚ ਕਿਤੇ ਪਿੰਡਾਂ ਵਿਚ ਬਾਜ਼ੀ ਪਾਉਣ ਆਉਂਦੇ ਬਾਜ਼ੀਗਰਾਂ ਦੇ ਕੰਮ ਕਰਨ ਦਾ ਤਰੀਕਾ ਵੀ ਰਿਹਾ ਹੋਵੇ। ਬਚਪਨ ਵਿਚ ਦੇਖਦੇ ਸੀ ਨਾ, ਸਾਰਾ ਪਿੰਡ ਬਾਜ਼ੀ ਪਾਉਣ ਆਏ ਬਾਜ਼ੀਗਰਾਂ ਨੂੰ ਦਾਣਾ-ਫੱਕਾ ਪਾਉਂਦਾ ਸੀ।

? ਤੁਸੀਂ ਲਹਿਰਾਗਾਗਾ ਦੇ ਇਲਾਕੇ ਵਿਚ ਆਪਣੇ ਨਾਟਕਾਂ ਤੋਂ ਬਾਅਦ ਕੋਈ ਤਬਦੀਲੀ ਵੀ ਦੇਖਦੇ ਹੋ?

-ਨਾਲ ਦੀ ਨਾਲ ਰਿਜ਼ਲਟ ਮਿਲਦੇ ਆ ਯਾਰ। ਤਬਦੀਲੀ ਕੀ ਹੁੰਦੀ ਐ? ਮਨੁੱਖ ਦਾ ਦੂਜੇ ਪ੍ਰਤੀ ਵਿਹਾਰ, ਹਮਦਰਦੀ ਭਾਵ ਪੈਦਾ ਕਰਨਾ। ਲੋਕ ਭਾਵੇਂ ਲੱਖ ਇਕ ਦੂਜੇ ਨਾਲ ਗੁੱਸੇ ਹੋਣ, ਉਹ ਇਕੱਠੇ ਬੈਠ ਕੇ ਨਾਟਕ ਦੇਖਦੇ ਐ। ਇਹ ਆਪਣੇ ਆਪ ਵਿਚ ਬਿਊਟੀ ਐ। ਜੇ ਕਿਸੇ ਕੋਲ ਘਰੇ ਸਿਰਫ ਦੋ ਕਿਲੋ ਆਟਾ ਹੈ, ਨਾਟਕ ਦੇਖ ਕੇ ਜੇ ਅਗਲੇ ਨੇ ਉਹਦੇ ਵਿਚੋਂ ਹੀ ਬਾਟੀ ਭਰ ਕੇ ਤੁਹਾਨੂੰ ਪਾ ਦਿੱਤੀ, ਇਹੀ ਤਾਂ ਫਿਰ ਤਬਦੀਲੀ ਹੈ। ਹੋਰ ਆਪਾਂ ਕਿਹੜੀ ਤਬਦੀਲੀ ਕਰਨੀ ਐ। ਮੇਰਾ ਨਿਸ਼ਾਨਾ ਹੈ, ਦੱਬੇ-ਕੁਚਲੇ ਲੋਕਾਂ ਵਿਚ ਚੇਤਨਾ ਆਵੇ। ਗਰੀਬ ਲੋਕ ਇਕ ਕਮਰੇ ਦੇ ਘਰ ਵਿਚ ਸਾਰਾ ਟੱਬਰ ਗੁਜ਼ਾਰਾ ਕਰਦਾ ਹੈ। ਉਥੇ ਹੀ ਪਸ਼ੂ ਐ। ਨਵਾਂ ਵਿਆਹਿਆ ਧੀ-ਪੁੱਤ ਪਿਆ ਹੈ। ਬਾਲ ਬੱਚੇ ਐ। ਨੂੰਹਾਂ-ਧੀਆਂ ਦੇ ਨਹਾਉਣ-ਧੋਣ ਲਈ ਕੋਈ ਥਾਂ ਨਹੀਂ। ਨਰਕ ਐ, ਨਿਰਾ ਨਰਕ। ਮੈਂ ਚਾਹੁੰਨਾਂ, ਲੋਕਾਂ ਵਿਚ ਸਮਝ ਪੈਦਾ ਹੋਵੇ। ਉਹ ਆਪਣੇ ਹੱਕਾਂ ਲਈ ਲੜਨ। ਮੈਨੂੰ ਇਸ ਗੱਲ ਦਾ ਭਰਮ ਤਾਂ ਨਹੀਂ ਕਿ ਮੇਰੇ ਜਿਉਂਦੇ ਜੀਅ ਇਹ ਤਬਦੀਲੀ ਵਾਪਰੇਗੀ, ਪਰ ਮੈਂ ਜ਼ਮੀਨ ਤਿਆਰ ਕਰਨ ਵਿਚ ਹਿੱਸੇਦਾਰੀ ਤਾਂ ਪਾ ਰਿਹਾਂ। ਨਾਲੇ ਜਿਹੜੀ ਇਨਕਲਾਬੀ ਤਬਦੀਲੀ ਐ ਨਾ, ਉਹ ਤਾਂ ਸਿਆਸੀ ਵਿਚਾਰਧਾਰਾ ਨਾਲ ਈ ਆਉਣੀ ਐ। ਅਸੀਂ ਤਾਂ ਸਭਿਆਚਾਰ ਵਾਲੇ ਬੰਦੇ ਹਾਂ, ਜ਼ਮੀਨ ਤਿਆਰ ਕਰ ਰਹੇ ਹਾਂ ਕਿਸੇ ਇਨਕਲਾਬ ਲਈ।

? ਇਹ ਗੱਲਾਂ ਤੁਸੀਂ ਕਦੇ ਪਹਿਲਾਂ ਸੋਚੀਆਂ ਸੀ ਕਿ ਤੁਹਾਡੇ ਇਸ ਤਰ੍ਹਾਂ ਲੋਕਾਂ ਵਿਚ ਵਿਚਰਨ ਨਾਲ ਇਸ ਤਰ੍ਹਾਂ ਦੇ ਪ੍ਰਭਾਵ ਪੈਣਗੇ?

-ਪਹਿਲਾਂ ਤੈਅ ਕੁਝ ਨਹੀਂ ਸੀ। ਬੱਸ ਕੰਮ ਕਰਦਿਆਂ ਹੀ ਰਾਹ ਬਣਦੇ ਗਏ।

? ਰੀਹਰਸਲਾਂ ਵਗੈਰਾ 'ਤੇ ਕਿੰਨਾ ਕੁ ਸਮਾਂ ਲਾਉਂਦੇ ਹੋ?

-ਦੇਖੋ ਮੇਰੇ ਕੋਲ ਕੋਈ ਸਾਜ਼ੋ-ਸਮਾਨ ਤਾਂ ਹੈ ਨਹੀਂ। ਮੈਂ ਆਪਣਾ ਸਾਰਾ ਕੰਮ ਆਵਾਜ਼ ਤੇ ਬੌਡੀ ਲੈਂਗੂਏਜ ਤੋਂ ਲੈਣਾ ਹੁੰਦਾ। ਇਸ ਲਈ ਮੈਨੂੰ ਅਭਿਆਸ ਬਹੁਤ ਕਰਨਾ ਪੈਂਦਾ। ਸਵੇਰੇ ਪੰਜ ਵਜੇ ਉਠਦਾਂ, ਫਿਰ ਵੀ ਮੈਨੂੰ ਲੱਗਦਾ ਹੈ ਕਿ ਮੈਂ ਮਜ਼ਦੂਰ ਜਿੰਨੀ ਮਿਹਨਤ ਨਹੀਂ ਕਰ ਰਿਹਾ। ਮੇਰਾ ਤਾਂ ਨਾਂ ਵੀ ਹੋ ਜਾਂਦਾ, ਲੋਕ ਇੱਜ਼ਤ ਵੀ ਕਰਦੇ ਆ, ਪਰ ਜਿਹੜਾ ਮਜ਼ਦੂਰ ਐਨੀ ਮਿਹਨਤ ਕਰਦਾ ਹੈ, ਉਹਨੂੰ ਢਿੱਡ ਭਰ ਕੇ ਰੋਟੀ ਵੀ ਨੀਂ ਮਿਲਦੀ। ਧੰਨ ਨੇ ਕਿਰਤੀ ਲੋਕ।



? ਤੁਹਾਡੇ ਕੋਲ ਖੇਡਣ ਲਈ ਕਿੰਨੇ ਕੁ ਨਾਟਕ ਤਿਆਰ ਹਨ?

-ਬਾਗਾਂ ਦਾ ਰਾਖਾ, ਘਸਿਆ ਹੋਇਆ ਆਦਮੀ, ਮੈਂ ਨਰਕ 'ਚੋਂ ਬੋਲਦਾਂ, ਛਿਪਣ ਤੋਂ ਪਹਿਲਾਂ, ਜੂਠ, ਕਿਰਤੀ...ਇਸ ਤਰ੍ਹਾਂ ਦੇ ਹੋਰ ਨਾਟਕ ਵੀ ਹਨ।

? ਤੁਸੀਂ ਘਰੋਂ ਤਿਆਰ ਹੋ ਕੇ ਜਾਂਦੇ ਹੋ ਕਿ ਆਹ ਨਾਟਕ ਅੱਜ ਕਰਨਾ, ਜਾਂ ਮੌਕਾ ਤੇ ਥਾਂ ਦੇਖ ਕੇ ਉਸੇ ਵਕਤ ਹੀ ਫੈਸਲਾ ਕਰਦੇ ਓ?

-ਪਹਿਲਾਂ ਮਿਥਿਆ ਈ ਹੁੰਦੈ ਕਿ ਕਿਹੜਾ ਨਾਟਕ ਕਰਨੈ, ਕਦੇ ਕਦੇ ਮੌਕੇ ਮੁਤਾਬਕ ਬਦਲ ਵੀ ਦਿੰਨੇ ਆਂ।

? ਦਲਿਤ ਵਿਹੜਿਆਂ ਤੋਂ ਬਿਨਾਂ ਤੁਸੀਂ ਹੋਰ ਕਿੱਥੇ ਨਾਟਕ ਕਰਦੇ ਹੋ? ਸਟੇਜ ਵਗੈਰਾ 'ਤੇ?

-ਜਦੋਂ ਕੋਈ ਨਾਟਕ ਮੇਲਿਆਂ 'ਤੇ, ਜਾਂ ਕੋਈ ਸੰਸਥਾ ਬੁਲਾ ਲਵੇ, ਉਥੇ ਵੀ ਚਲਿਆ ਜਾਨਾਂ। ਸਰਕਾਰੀ ਸਕੂਲਾਂ ਵਿਚ ਮੈਂ ਬਹੁਤ ਜਾਨਾਂ। ਅਧਿਆਪਕ ਦੋਸਤਾਂ ਨੂੰ ਪਹਿਲਾਂ ਦੱਸ ਦਿੰਨਾਂ ਕਿ ਅੱਜ ਤੁਹਾਡੇ ਇਲਾਕੇ ਦੇ ਸਕੂਲਾਂ ਵਿਚ ਆਉਣਾ ਹੈ। ਸਰਕਾਰੀ ਸਕੂਲਾਂ ਵਿਚ ਤਾਂ ਹੁਣ ਗਰੀਬ ਤੋਂ ਗਰੀਬ ਮਾਪਿਆਂ ਦੇ ਬੱਚੇ ਹੀ ਪੜ੍ਹਦੇ ਆ। ਉਨ੍ਹਾਂ ਵਾਸਤੇ ਨਾਟਕ ਖੇਡਣੇ ਬਹੁਤ ਜ਼ਰੂਰੀ ਐ।

? ਸਕੂਲਾਂ ਵਿਚ ਕਿਸ ਤਰ੍ਹਾਂ ਦੇ ਨਾਟਕ ਕਰਦੇ ਹੋ?

-ਬੱਚਿਆਂ ਦੀਆਂ ਕਹਾਣੀਆਂ ਜਾਂ ਸਿਲੇਬਸ ਵਿਚੋਂ ਕਹਾਣੀਆਂ ਨੂੰ ਨਾਟਕੀ ਰੂਪ ਦੇ ਦਿੰਨੇ ਆਂ।

? ਸਕੂਲਾਂ ਵਾਲੇ ਨਾਟਕ ਕਿੰਨੇ ਕੁ ਸਮੇਂ ਦੇ ਹੁੰਦੇ ਹਨ?

- ਪੰਦਰਾਂ-ਵੀਹ ਮਿੰਟ ਦੇ।

? ਸਕੂਲਾਂ ਵਿਚ ਨਾਟਕ ਕਰਨ ਲਈ ਕੋਈ ਥੋੜ੍ਹਾ-ਬਹੁਤਾ ਸਾਜ਼ੋ-ਸਮਾਨ ਵੀ ਲਿਜਾਂਦੇ ਹੋ?

-ਮੈਂ ਆਪ ਹੀ ਹੁੰਨਾਂ। ਨਾਟਕ ਲਈ ਕੀ ਜ਼ਰੂਰੀ ਹੈ? ਤੁਹਾਡਾ ਦਿਮਾਗ, ਆਵਾਜ਼ ਤੇ ਇਸ਼ਾਰੇ। ਬਾਕੀ ਹੋਰ ਤਾਂ ਸਭ ਪਸਾਰ ਹੈ। ਲਾਈਟਾਂ-ਲੂਈਟਾਂ। ਹੁਣ ਜਦੋਂ ਮੈਂ ਸਕੂਲਾਂ 'ਚ ਨਾਟਕ ਖੇਡਦਾਂ, ਮੰਨ ਲਓ...ਕਾਂ ਤੇ ਚਿੜੀ ਦੀ ਕਹਾਣੀ ਦੱਸਣੀ ਐ...ਕੀ ਜ਼ਰੂਰਤ ਐ ਮਹਿੰਗੇ ਕਾਸਟਿਊਮ ਦੀ। ਕਾਂ ਕਾਂ ਦੀ ਆਵਾਜ਼ ਕੱਢ ਲਓ। ਬਾਹਾਂ ਹਿਲਾ ਕੇ ਖੰਭ ਬਣਾ ਲਓ। ਕਾਂ ਬਣ ਗਿਆ (ਹੱਸਦਾ ਹੈ)। ਇਵੇਂ ਚਿੜੀ। ਦਾਣਿਆਂ ਦਾ ਕੁੱਪ ਬਣਾਉਣੈ, ਤਾਂ ਦੋ-ਤਿੰਨ ਜਣੇ ਉਪਰ ਹੱਥ ਚੁੱਕ ਕੇ ਇਕ ਦੂਜੇ ਨਾਲ ਜੋੜ ਲਓ, ਕੁੱਪ ਬਣ ਗਿਆ। ਮੈਂ ਬਹੁਤਾ ਜ਼ੋਰ ਬੱਚਿਆਂ ਨੂੰ ਨਾਲ ਜੋੜਨ 'ਤੇ ਲਾਉਨਾਂ। ਉਨ੍ਹਾਂ ਤੋਂ ਹੁੰਗਾਰੇ ਭਰਾਉਨਾਂ। ਨਾਟਕ ਖੇਡਣ ਤੋਂ ਪਹਿਲਾਂ ਕਿਸੇ ਕਹਾਣੀ ਨੂੰ ਨਾਟਕੀ ਰੂਪ ਦੇਣ ਦੇ ਢੰਗ ਤਰੀਕੇ ਸਾਂਝੇ ਕਰਦਾਂ।

? ਤੁਹਾਡੇ ਰੰਗ-ਮੰਚ ਦਾ ਮੁੱਖ ਮਕਸਦ?

- ਜਾਤਪਾਤ ਤੋੜ ਕੇ ਸਾਡੇ ਮਜ਼ਦੂਰ ਕਿਸਾਨ ਇਕੱਠੇ ਹੋਣ, ਕਿਰਤ ਕਰਨ ਵਾਲੇ ਲੋਕ ਆਪਣੇ ਹੱਕਾਂ ਦੀ ਲੜਾਈ ਲੜਨ।

? ਭਵਿੱਖ ਦੀਆਂ ਯੋਜਨਾਵਾਂ?

-ਜਿਵੇਂ ਕੋਈ ਗੋਹਾ-ਕੂੜਾ ਕਰਨ ਵਾਲੀ ਔਰਤ ਹੈ, ਉਹ ਆਪਣੀ ਜ਼ਿੰਦਗੀ ਬਾਰੇ ਆਪ ਕਹਾਣੀ ਪੇਸ਼ ਕਰੇ, ਕੋਈ ਹੋਰ ਐਕਟਰ ਨਾ ਹੋਵੇ। ਇਵੇਂ ਹੀ ਮੈਂ ਸੋਚਦਾਂ ਕਿ ਗਰੀਬ ਘਰਾਂ ਦੇ ਬੱਚੇ ਜਿਹੜੇ ਜਾਤ-ਪਾਤ ਦੇ ਲੈਵਲ 'ਤੇ ਦਰਦ ਹੰਢਾ ਰਹੇ ਨੇ। ਗਰੀਬ ਬੰਦਾ ਦੂਹਰਾ ਕਸ਼ਟ ਹੰਢਾਉਂਦਾ। ਗਰੀਬੀ ਦਾ ਤੇ ਜਾਤ ਦਾ। ਬੱਚਿਆਂ 'ਤੇ ਕੀ ਅਸਰ ਹੋ ਰਿਹਾ ਹੈ, ਗਰੀਬੀ ਤੇ ਜਾਤ ਸਿਸਟਮ ਦਾ। ਇਸ ਬਾਰੇ ਗਰੀਬ ਬੱਚਿਆਂ ਨੂੰ ਲੈ ਕੇ ਮੈਂ ਕੰਮ ਕਰ ਰਿਹਾਂ। ਦੋ ਤਿੰਨ ਬੱਚੀਆਂ ਹਨ। ਉਨ੍ਹਾਂ ਨੂੰ ਮੈਂ ਆਉਣ ਵਾਲੇ ਸਮੇਂ ਵਿਚ ਮੰਚ 'ਤੇ ਲਿਆਉਣਾ ਹੈ। ਇਸੇ ਤਰ੍ਹਾਂ ਖੇਤਾਂ ਵਿਚ ਕੰਮ ਕਰਨ ਵਾਲੀਆਂ ਔਰਤਾਂ ਬਾਰੇ ਸੋਚਦਾਂ, ਉਹ ਆਪਣੀ ਕਹਾਣੀ ਆਪ ਪੇਸ਼ ਕਰਨ, ਪਰ ਹੁਣ ਦਿੱਕਤ ਇਹ ਹੈ ਕਿ ਉਹ ਦਿਹਾੜੀ ਜਾਂਦੀਆਂ ਹਨ, ਉਨ੍ਹਾਂ ਦੀ ਦਿਹਾੜੀ ਛੁਡਾ ਕੇ ਉਹ ਖਰਚਾ ਮੈਂ ਨੀਂ ਝੱਲ ਸਕਦਾ। ਇਹ ਮੈਨੂੰ ਮੌਸਮ ਮੁਤਾਬਕ ਦੇਖਣਾ ਪਊ ਕਿ ਉਹ ਕਿਸ ਮੌਸਮ ਵਿਚ ਵਿਹਲੀਆਂ ਹੁੰਦੀਆਂ।

? ਉਹ ਨਾਟਕ ਕਿੱਥੇ ਖੇਡਣਾ ਚਾਹੁੰਦੇ ਹੋ?

-ਪਹਿਲਾਂ ਤਾਂ ਵਿਹੜਿਆਂ ਵਿਚ ਹੀ। ਫਿਰ ਬਾਕੀ ਥਾਵਾਂ 'ਤੇ।

? ਆਪਣੇ ਹੁਣ ਤੱਕ ਦੇ ਕੰਮ ਨੂੰ ਮਿਲੇ ਹੁੰਗਾਰੇ ਤੋਂ ਸੰਤੁਸ਼ਟ ਹੋ?

-(ਹੱਸ ਕੇ ਕੁਝ ਪਲਾਂ ਦੀ ਚੁੱਪ ਤੋਂ ਬਾਅਦ) ਇਕ ਗੱਲ ਬਾਰੇ ਮੈਨੂੰ ਕੋਈ ਭਰਮ ਨਹੀਂ ਕਿ ਮੇਰੀ ਆਰਥਿਕ ਹਾਲਤ ਉਨ੍ਹਾਂ ਲੋਕਾਂ ਤੋਂ ਵੱਖ ਹੋ ਜਾਊ ਜਿਨ੍ਹਾਂ ਲਈ ਮੈਂ ਨਾਟਕ ਕਰਦਾਂ। ਫਿਰ ਗੜਬੜ ਹੋ ਜਾਊ। ਮੈਨੂੰ ਲਗਦਾ, ਮੈਨੂੰ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਤੋਂ ਵੱਖ ਨੀਂ ਸਮਝਣਾ ਚਾਹੀਦਾ। ਫਿਰ ਹੀ ਮੈਂ ਇਹ ਕਰਦਾ ਰਹਿ ਸਕਦਾਂ, ਨਹੀਂ ਤਾਂ ਨਹੀਂ। ਮੈਂ ਤਾਂ ਆਪਣੇ ਆਪ ਨੂੰ ਸਭ ਤੋਂ ਹੇਠਲੇ ਬੰਦੇ ਨਾਲ ਜੋੜ ਕੇ ਦੇਖਦਾਂ। ਇਹੀ 'ਜ਼ਿੰਦਗੀ ਜ਼ਿੰਦਾਬਾਦ' ਹੈ।

# ਪਿੰਡ ਅਤੇ ਪਿੰਡ ਦੇ ਰਿਆੜ

## ਚੇਤੇ ਦੀ ਬਾਰੀ

ਅਪਰੈਲ 1972 ਦੀ ਗੱਲ ਹੈ। ਸਾਡੇ ਪਿੰਡ ਹਰਦੋ ਫਰਾਲ੍ਹਾ (ਜ਼ਿਲ੍ਹਾ ਜਲੰਧਰ) ਦੇ ਮੋਹਤਬਰ ਲੋਕ ਚੜ੍ਹਦੀ ਪੱਤੀ ਵਾਲੀ ਡਿਊੜੀ ਦੇ ਸਾਹਮਣੇ ਵੱਡ ਆਕਾਰੀ ਗੋਲ ਥੜ੍ਹੇ ਉਪਰ ਪਿੱਪਲ ਥੱਲੇ ਬੈਠੇ ਗੱਲਾਂ ਕਰ ਰਹੇ ਸਨ। ਉਹ ਮੁੜ-ਘਿੜ ਕੇ ਡਿਊੜੀ ਦੀ ਕੰਧ ਵੱਲ ਵੀ ਦੇਖ ਰਹੇ ਸਨ। ਮੈਂ ਅਤੇ ਰਿਆੜਾਂ ਦਾ ਨਿੰਦੀ (ਨਰਿੰਦਰ ਰਿਆੜ, ਜੋ ਉਸੇ ਸਾਲ ਇੰਗਲੈਂਡ ਵਿਆਹ ਕਰਾ ਕੇ ਉਥੋਂ ਦਾ ਬਾਸ਼ਿੰਦਾ ਬਣ ਗਿਆ) ਵੀ ਖੜ੍ਹ ਕੇ ਸੂਹ ਲੈਣ ਲੱਗ ਪਏ।

ਪਿੰਡ ਦਾ ਇਕ ਨਵਾਂ ਨਵਾਂ ਬਣਿਆ ਜਥੇਦਾਰ ਸਭ ਤੋਂ ਵੱਧ ਬੋਲ ਵੀ ਰਿਹਾ ਸੀ ਤੇ ਕਦੇ ਸਾਡੇ ਵੱਲ ਤੇ ਕਦੇ ਸਾਹਮਣੀ ਕੰਧ ਵੱਲ ਦੇਖ ਰਿਹਾ ਸੀ। ਦੂਜੇ ਲੋਕ ਕੁਝ ਗੰਭੀਰ ਹੋ ਕੇ ਤੇ ਕੁਝ ਮਖੌਲ ਨਾਲ ਉਸ ਨੂੰ ਨਾ ਚਾਹੁੰਦਿਆਂ ਵੀ ਸੁਣ ਰਹੇ ਸਨ। ਜਥੇਦਾਰ ਕਿਸੇ ਦਾ ਨਾਂ ਨਹੀਂ ਸੀ ਲੈ ਰਿਹਾ ਪਰ ਜਿਸ ਤਰ੍ਹਾਂ ਵਾਰ ਵਾਰ ਸਾਡੇ ਵੱਲ ਦੇਖ ਰਿਹਾ ਸੀ, ਸਾਫ ਜਾਹਰ ਸੀ ਕਿ



**ਰਵਿੰਦਰ ਸਹਿਰਾਅ**
Email : ravisahra@gmail.com

ਉਸ ਦਾ ਇਸ਼ਾਰਾ ਸਾਡੇ ਵੱਲ ਹੀ ਸੀ। ਉਂਜ ਇਹ ਕੋਈ ਪੰਚਾਇਤ ਦਾ ਰਸਮੀ ਇਕੱਠ ਨਹੀਂ ਸੀ, ਬੱਸ ਚੜ੍ਹਦੀ ਪੱਤੀ ਦੇ ਗਿਣਵੇਂ-ਚੁਣਵੇਂ ਬੰਦੇ ਆਪਣਾ ਵਿਹਲਾ ਵਕਤ ਗੁਜ਼ਾਰਨ ਲਈ ਇਧਰ-ਉਧਰ ਦੀਆਂ ਗੱਲਾਂ ਜਾਂ ਤਾਸ਼ ਦੀਆਂ ਬਾਜ਼ੀਆਂ ਲਾਉਣ ਲਈ ਪਿੱਪਲ ਥੱਲੇ ਅਕਸਰ ਬੈਠੇ ਨਜ਼ਰ ਆਉਂਦੇ ਸਨ।

ਅਸਲ ਵਿਚ ਹੋਇਆ ਇਹ ਕਿ ਇਕ ਰਾਤ ਪਹਿਲਾਂ ਹੀ ਮੈਂ ਅਤੇ ਨਿੰਦੀ ਨੇ ਉਨ੍ਹਾਂ ਦੇ ਖੂਹ ਤੋਂ ਇੰਜਣ ਦਾ ਕਾਲਾ ਤੇਲ ਇਕ ਬਾਲਟੀ ਵਿਚ ਭਰ ਕੇ ਤੇ ਕੁਝ ਬੁਰਸ਼ ਲੈ ਕੇ ਆਪਣੇ ਪਿੰਡ ਤੋਂ ਇਲਾਵਾ ਆਲੇ-ਦੁਆਲੇ ਦੇ ਤਿੰਨ ਪਿੰਡਾਂ-ਰਾਏਪੁਰ, ਮਹੇੜੂ ਤੇ ਕੁੱਕੜ ਦੀਆਂ ਮੁੱਖ ਥਾਂਵਾਂ 'ਤੇ ਨਾਅਰੇ ਲਿਖ ਦਿਤੇ, ਜੋ ਇਸ ਤਰ੍ਹਾਂ ਸਨ:

ਨਕਸਲਬਾੜੀ ਘੋਲ-ਜ਼ਿੰਦਾਬਾਦ।
ਸਰਕਾਰੀ ਦਹਿਸ਼ਤ-ਮੁਰਦਾਬਾਦ।
ਝੂਠੇ ਪੁਲਿਸ ਮੁਕਾਬਲੇ-ਬੰਦ ਕਰੋ।
ਜਿਹੜਾ ਕਰੂਗਾ ਮੁਖਬਰੀ,
ਕਰਾਂਗੇ ਉਹਦੀ ਹਾਲਤ ਬੁਰੀ।
ਤੁਰ ਪਏ ਜਦ ਲੋਕਾਂ ਦੇ ਢਾਣੇ,
ਮੂੰਹ ਸੰਗੀਨਾਂ ਦੇ ਘੁੰਮ ਜਾਣੇ।

ਤ੍ਰਿਕਾਲਾਂ ਦੇ ਘੁਸਮੁਸੇ ਵਿਚ ਰੋਟੀ-ਪਾਣੀ ਤੋਂ ਵਿਹਲੇ ਹੋ ਕੇ ਮੈਂ ਅਤੇ ਨਿੰਦੀ ਬਾਲਟੀ ਅਤੇ ਬੁਰਸ਼ ਲੈ ਕੇ ਸਾਈਕਲ 'ਤੇ ਸਾਂ। ਨਾਅਰੇ ਲਿਖਣ ਸਮੇਂ ਨਿੰਦੀ ਨੇ ਸਾਈਕਲ ਕੋਲ ਇੰਜ ਬੈਠ ਜਾਣਾ ਕਿ ਕਿਸੇ ਨੂੰ ਲੱਗੇ, ਉਹ ਚੇਨ ਵਗੈਰਾ ਠੀਕ ਕਰ ਰਿਹਾ ਹੈ। ਮੈਂ ਫਟਾ-ਫਟ ਆਲਾ-ਦੁਆਲਾ ਦੇਖ ਕੇ ਆਪਣਾ ਕੰਮ ਕਰੀ ਜਾਣਾ। ਕਾਲਾ ਤੇਲ ਗਰਮ ਇੱਟਾਂ ਤੇ ਪਲਸਤਰ ਕੀਤੀਆਂ ਕੰਧਾਂ ਵਿਚ ਇੰਜ ਰਚ ਜਾਣਾ ਜਿਵੇਂ ਤਪਦੀ ਦੁਪਹਿਰੇ ਰੇਤੇ ਵਿਚ ਕਣੀਆਂ ਰਚ ਜਾਂਦੀਆਂ ਹਨ। ਫਿਰ ਕੋਈ ਜਿੰਨੀਆਂ ਮਰਜ਼ੀ ਕੂਚੀਆਂ ਫੇਰੇ ਉਹ ਅੱਖਰ ਮੁੜ ਉਘੜ ਆਉਂਦੇ। ਇਹੋ ਜੁਗਤ ਅਸੀਂ ਰਾਮਗੜ੍ਹੀਆ ਕਾਲਜ, ਫਗਵਾੜਾ ਤੇ ਹੋਰ ਕਾਲਜਾਂ ਦੀਆਂ ਕੰਧਾਂ 'ਤੇ ਵੀ ਵਰਤੀ ਸੀ। ਪ੍ਰਬੰਧਕਾਂ ਨੇ ਕਲੀ ਕਰਵਾ ਕਰਵਾ ਕੇ ਥੱਕ ਜਾਣਾ ਪਰ ਕਾਲਾ ਤੇਲ ਫੇਰ ਝਾਤੀਆਂ ਮਾਰਨ ਲੱਗ ਪੈਂਦਾ।

ਪਿੰਡ ਰਾਏਪੁਰ ਦੇ ਇਕ ਵਲੈਤੀਏ ਮਿਸਤਰੀ ਨੇ ਆਪਣੇ ਨਵੇਂ ਬਣੇ ਮਕਾਨ 'ਤੇ ਤਾਜ਼ਾ ਤਾਜ਼ਾ ਰੰਗ ਕਰਵਾਇਆ ਸੀ। ਉਸ ਦੀਆਂ ਸੜਕ ਨਾਲ ਲੱਗਦੀਆਂ ਕੰਧਾਂ ਅਸੀਂ ਖੁਸ਼ ਖਤ ਲਿਖਾਈ ਨਾਲ ਫੁੱਲਾਂ-ਬੂਟਿਆਂ ਵਾਂਗ ਨਾਅਰੇ ਲਿਖ ਕੇ ਸ਼ਿੰਗਾਰ ਦਿੱਤੀਆਂ। ਕਾਲਜ ਜਾਣ ਲਈ ਜਦੋਂ ਅਸੀਂ ਸਾਈਕਲਾਂ 'ਤੇ ਉਥੋਂ ਦੀ ਲੰਘਣਾ ਤਾਂ ਉਸ ਨੇ ਉਚੀ ਉਚੀ ਸਾਨੂੰ ਸੁਣਾ ਕੇ ਕਹਿਣਾ, "ਮੈਨੂੰ ਸਭ ਪਤੈ ਇਹ ਕਿਨ੍ਹਾਂ ਦਾ ਕੰਮ ਆ। ਇਕ ਵਾਰੀ ਰੰਗੇ ਹੱਥੀਂ ਫੜੇ ਗਏ ਤਾਂ ਕਚਹਿਰੀ ਵਿਚ ਐਸਾ ਘਸੀਟੂੰ ਕਿ ਸਾਰੀ ਉਮਰ ਚੇਤੇ ਰੱਖਣਗੇ।" ਕਦੀ ਕਹਿਣਾ, "ਇਹ ਸਾਡਾ ਮੁਲਕ ਈ ਨਿਕੰਮਾ। ਜੇ ਇਹ ਕੰਮ ਵਲੈਤ ਵਿਚ ਹੋਇਆ ਹੁੰਦਾ ਤਾਂ ਪੁਲਿਸ ਨੇ ਦੂਜੇ ਦਿਨ ਹੀ ਸਾਰਿਆਂ ਨੂੰ ਫੜ ਲੈਣਾ ਸੀ।"

ਅਸੀਂ ਮਨ ਹੀ ਮਨ ਖਚਰੀ ਹਾਸੀ ਹਸਦਿਆਂ ਕਹਿਣਾ, "ਭਾਈਆ ਜੇ ਇਹ ਮੁਲਕ ਨਿਕੰਮਾ ਨਾ ਹੁੰਦਾ ਤਾਂ ਅਸੀਂ ਕਾਹਨੂੰ ਤੇਰੀਆਂ ਕੰਧਾਂ ਕਾਲੀਆਂ ਕਰਦੇ ਤੇ ਕਾਹਨੂੰ ਰਾਤਾਂ ਦੇ ਜਗਰਾਤੇ ਕੱਟਦੇ। ਖੈਰ, ਮੁੜ ਪਿੰਡ ਦੀ ਸੱਥ ਵੱਲ ਆਉਂਦੇ ਹਾਂ।

ਗੁਰਦੁਆਰੇ ਨਾਲ ਲਗਦੀ ਡਿਊੜੀ ਦੀ ਬਾਹਰਲੀ ਕੰਧ ਜਿਸ ਦਾ ਮੱਥਾ ਥੜ੍ਹੇ ਵੱਲ ਸੀ, ਉਹ ਜਗ੍ਹਾ ਚੁਰੱਸਤੇ ਦੀ ਹੈ। ਉਸੇ ਕੰਧ ਨੂੰ ਅਸੀਂ ਨਾਅਰਿਆਂ ਲਈ ਚੁਣਿਆ ਸੀ। ਸਾਫ ਲਿਖਾਈ ਵਿਚ ਅਸੀਂ ਲਿਖਿਆ,

ਚੂੰਕਾਰ ਅਜ ਹਮਾ ਹੀਲਤੇ ਦਰ ਗੁਜਸ਼ਤ॥
ਹਲਾਲ ਅਸਤ ਬੁਰਦਨ-ਬ-ਸ਼ਮਸ਼ੀਰ ਦਸਤ॥ -ਗੁਰੂ ਗੋਬਿੰਦ ਸਿੰਘ
ਭਾਵ ਜਦ ਹੀਲੇ ਸਭ ਹੋਵਣ ਬੇਕਾਰ,
ਚੁੱਕਣੀ ਜਾਇਜ਼ ਉਦੋਂ ਤਲਵਾਰ।
ਗੁਰੂ ਗੋਬਿੰਦ ਸਿੰਘ ਦਾ ਰਾਹ, ਸਾਡਾ ਰਾਹ।

ਜਥੇਦਾਰ ਬੋਲੀ ਜਾ ਰਿਹਾ ਸੀ। ਆਖਰ ਉਸ ਨੂੰ ਚੁੱਪ ਕਰਾਉਂਦਿਆਂ ਰਿਆੜਾਂ ਦਾ ਸੁਰੈਣ ਸਿੰਘ ਆਪਣਾ ਮੂੰਹ ਚਾਨਣ ਸਿੰਘ ਅਮਲੀ ਵੱਲ ਕਰਦਿਆਂ ਉਚੀ ਆਵਾਜ਼ ਵਿਚ ਬੋਲਿਆ, "ਭਾਈ ਤੂੰ ਬੋਲੀ ਜਾਵੇਂਗਾ ਕਿ ਕੁਝ ਦੱਸੇਗਾ ਬੀ? ਤੂੰ 'ਕੱਠ ਕਿਹੜੀ ਗੱਲ ਦਾ ਕੀਤੈ?" ਜਥੇਦਾਰ ਜੋ ਕੋਰਾ ਅਨਪੜ੍ਹ ਸੀ, ਪਰ ਪਿੰਡ ਦੇ ਗ੍ਰੰਥੀ ਕੋਲੋਂ ਗੁਰਮੁਖੀ ਦੇ ਅੱਖਰ ਉਠਾਲਣੇ ਤਾਜ਼ਾ ਤਾਜ਼ਾ ਸਿੱਖਿਆ ਸੀ, ਨੇ ਕੰਧ ਵੱਲ ਤੇ ਫਿਰ ਸਾਡੇ ਵੱਲ ਦੇਖਿਆ। ਆਪਣੇ ਦਾੜ੍ਹੇ 'ਤੇ ਹੱਥ ਫੇਰਦਿਆਂ ਕਹਿਣ ਲੱਗਾ, "ਲੈ ਬਈ ਕਰ ਲਓ ਗੱਲ! ਆਹ ਦਿਸਦੀਆਂ ਨਹੀਂ ਗੁਰੂ ਘਰ ਦੀਆਂ ਕੰਧਾਂ ਕਾਲੀਆਂ ਕਰ'ਤੀਆਂ ਤੇ ਤੁਸੀਂ ਕਹਿੰਦੇ ਓ ਕਿ ਹੋਇਆ ਕੀ ਆ?" ਵਿਚੋਂ ਚਾਨਣ ਸਿੰਘ ਅਮਲੀ (ਰਿਆੜ) ਬੋਲ ਪਿਆ, "ਭਾਈ ਲਿਖਿਆ ਕੀ ਆ ਸਾਨੂੰ ਇਹ ਤਾਂ ਦੱਸ?"

ਜਥੇਦਾਰ ਨੇ ਹੌਲੀ ਹੌਲੀ ਅੱਖਰ ਉਠਾਲਣੇ ਸ਼ੁਰੂ ਕੀਤੇ ਪਰ ਗੱਲ ਨਾ ਬਣੀ। ਉਹਨੂੰ ਵਿਚੋਂ ਟੋਕ ਕੇ ਸੁਰੈਣ ਸਿੰਘ ਦਾ ਵੱਡਾ ਮੁੰਡਾ ਗਿਆਨ ਕਹਿੰਦਾ, "ਓ ਭਾਈ ਤੂੰ ਰਹਿਣ ਦੇ, ਅਸੀਂ ਆਪਣੇ ਪਾੜ੍ਹੇ ਕੋਲੋਂ ਪੜ੍ਹਾ ਲੈਨੇ ਆਂ।" ਤੇ ਉਹਨੇ ਨਿੰਦੀ ਦੇ ਵੱਡੇ ਭਰਾ ਦੀਪ, ਜੋ ਸੱਤ-ਅੱਠ ਜਮਾਤਾਂ ਪੜ੍ਹ ਚੁਕਾ ਸੀ, ਨੂੰ ਕਿਹਾ, "ਲੈ ਬਈ ਪਾੜ੍ਹਿਆ ਤੂੰ ਦੱਸ ਸਾਰਿਆਂ ਨੂੰ ਤੇ ਨਾਲੇ ਭਾਈ ਨੂੰ ਕਿ ਇਹ ਲਿਖਿਆ ਕੀ ਆ?" ਦੀਪ ਉਠਿਆ ਤੇ ਕੰਧ ਕੋਲ ਜਾ ਕੇ ਉਚੀ ਆਵਾਜ਼ ਵਿਚ ਪੜ੍ਹਨ ਲੱਗਾ,

ਗੁਰੂ ਗੋਬਿੰਦ ਸਿੰਘ ਦਾ ਰਾਹ, ਸਾਡਾ ਰਾਹ।



ਮੰਗਾ ਬਾਸੀ

ਜਦ ਹੀਲੇ ਸਭ ਹੋਵਣ ਬੇਕਾਰ
ਚੁੱਕਣੀ ਜਾਇਜ਼ ਉਦੋਂ ਤਲਵਾਰ।

ਸੁਰੈਣ ਸਿੰਘ ਸੁਣ ਕੇ ਏਨੀ ਉਚੀ ਹੱਸਿਆ ਕਿ ਉਹਨੂੰ ਖੰਘ ਛਿੜ ਪਈ। ਕਹਿੰਦਾ, "ਓ ਭਾਈ ਤੇਰਾ ਡਮਾਕ ਠੀਕ ਆ। ਇਹ ਤਾਂ ਜੀਹਨੇ ਬੀ ਲਿਖਿਆ ਉਹ ਸ਼ਾਬਾਸ਼ ਦਾ ਹੱਕਦਾਰ ਆ। ਇਹ ਤਾਂ ਦਸਮੇ ਗੁਰੂ ਦੀ ਬਾਣੀ ਲਿਖੀਓ ਆ।" ਸਾਰਾ 'ਕੱਠ ਖਿੜ-ਖਿੜਾ ਕੇ ਹੱਸ ਪਿਆ। ਜਥੇਦਾਰ ਨਿੰਮੋਝੂਣਾ ਜਿਹਾ ਹੋ ਕੇ ਸਾਡੇ ਵੱਲ ਕੈੜਾ ਕੈੜਾ ਦੇਖਦਾ ਖਿਸਕਦਾ ਬਣਿਆ।

ਅੰਦਰਖਾਤੇ ਸਭ ਜਾਣਦੇ ਸਨ ਕਿ ਇਹ ਕੰਮ ਸਾਡਾ ਹੀ ਸੀ ਪਰ ਕੋਈ ਖੁੱਲ੍ਹ ਕੇ ਨਹੀਂ ਸੀ ਕਹਿੰਦਾ। ਦੀਪ ਸਾਡੇ ਕੋਲ ਆਇਆ ਤੇ ਕਹਿੰਦਾ, "ਪਤੰਦਰੋ ਕੁਝ ਕਰਨ ਤੋਂ ਪਹਿਲਾਂ ਮੇਰੇ ਕੰਨੀਂ ਤਾਂ ਭਿਣਕ ਪਾ ਦਿਆ ਕਰੋ। ਅਸੀਂ ਆਪੇ ਸਾਂਭ ਲਿਆ ਕਰਾਂਗੇ।" ਅਸੀਂ ਚੁੱਪ ਕਰ ਕੇ ਉਨ੍ਹਾਂ ਦੇ ਖੂਹ ਨੂੰ ਚੱਲ ਪਏ ਤਾਂ ਜੋ ਰਾਤ ਦਾ ਉਨੀਂਦਰਾ ਲਾਹ ਸਕੀਏ। ਸਾਡੇ ਪਿੰਡ ਤੇ ਨਾਲ ਲਗਦੇ ਚਾਰ ਪਿੰਡ ਰਾਏਪੁਰ, ਸਲਾਰਪੁਰ, ਦੌਲਤਪੁਰ ਅਤੇ ਚਾਚੋਵਾਲ ਜਲੰਧਰ ਤਹਿਸੀਲ ਦੇ ਆਖਰੀ ਪਿੰਡ ਹਨ। ਇਨ੍ਹਾਂ ਤੋਂ ਅੱਗੇ ਫਗਵਾੜਾ ਤਹਿਸੀਲ ਤੇ ਪੱਛਮ ਵੱਲ ਨਕੋਦਰ ਤਹਿਸੀਲ ਸ਼ੁਰੂ ਹੋ ਜਾਂਦੀ ਹੈ। ਮਾੜੀ ਗੱਲ ਇਹ ਕਿ ਇਨ੍ਹਾਂ ਆਖਰੀ ਪੰਜ ਪਿੰਡਾਂ ਨੂੰ ਚਹੇੜੂ ਵਾਲੀ ਵੇਈਂ ਦੂਜੀ ਤਹਿਸੀਲ ਤੋਂ ਅਲੱਗ ਕਰ ਦਿੰਦੀ ਹੈ।

1970 ਦੇ ਕਰੀਬ ਵੇਈਂ 'ਤੇ ਪੁਲ ਬਣਨ ਤੋਂ ਪਹਿਲਾਂ ਇਨ੍ਹਾਂ ਪਿੰਡਾਂ ਦਾ ਕੋਈ ਵਿਕਾਸ ਨਾ ਹੋ ਸਕਿਆ। ਯਾਦ ਹੈ ਜਦੋਂ ਬਰਸਾਤਾਂ ਵਿਚ ਹੜ੍ਹ ਆ ਜਾਣੇ ਤਾਂ ਇਕੋ-ਇਕ ਬੇੜੀ ਹੀ ਸੀ ਜਿਸ 'ਤੇ ਚੜ੍ਹ ਕੇ ਲੋਕੀਂ ਦਵਾ-ਦਾਰੂ ਲਈ ਪਿੰਡ ਕੁੱਕੜ ਦੇ ਹਕੀਮ ਵੈਦ ਬਿਕਰਮ ਸਿੰਘ ਕੋਲ ਜਾਂਦੇ। ਜਾਂ ਅਸੀਂ ਛੁੱਟੀਆਂ ਵਿਚ ਡੰਗਰ ਚਾਰਦਿਆਂ ਮੱਝਾਂ ਦੀਆਂ ਪੂਛਾਂ ਫੜ ਕੇ ਦੂਜੇ ਪਾਰ ਚਲੇ ਜਾਣਾ। ਚਾਚੋਵਾਲ ਤਾਂ ਕਈ ਕਈ ਹਫਤੇ ਦੂਜੇ ਪਿੰਡਾਂ ਨਾਲੋਂ ਟੁੱਟਿਆ ਰਹਿੰਦਾ। ਪਿੰਡ ਵਿਚ ਬਹੁਤੇ ਘਰ ਜੱਟਾਂ ਦੇ ਬਾਠ ਗੋਤ ਦੇ ਹਨ। ਪੰਜ ਛੇ ਘਰ ਰਿਆੜਾਂ ਦੇ, ਦੋ ਬ੍ਰਾਹਮਣਾਂ ਦੇ, ਸੱਤ-ਅੱਠ ਤਰਖਾਣਾਂ ਦੇ, ਦੋ ਨਾਈਆਂ ਦੇ ਤੇ ਬਾਕੀ ਦਲਿਤਾਂ ਦੇ।

ਜਦੋਂ ਅਸੀਂ ਚੌਥੀ-ਪੰਜਵੀਂ ਵਿਚ ਸਾਂ ਤਾਂ ਸੁਣਦੇ ਹੁੰਦੇ ਸੀ ਕਿ ਬ੍ਰਾਹਮਣਾਂ ਦਾ ਲਹੌਰੀ ਰਾਮ ਤੇ ਦੁਰਗਾ ਦਾਸ ਬਹੁਤ ਸਿਆਣੇ ਬੰਦੇ ਹਨ। ਲਹੌਰੀ ਦਾ ਸਾਰਾ ਟੱਬਰ ਵਲੈਤ ਚਲਾ ਗਿਆ। ਦੁਰਗਾ ਦਾਸ ਜੋ ਮੈਟ੍ਰਿਕ ਪਾਸ ਸੀ, ਹਿੰਦੁਸਤਾਨ ਕੰਪਨੀ ਵਿਚ ਸੁਪਰਵਾਈਜ਼ਰ ਸੀ। ਆਪਣੀ ਸਿਆਣਪ ਨਾਲ ਹੀ ਉਸ ਨੇ ਪਿੰਡ ਦੇ ਕੁਝ ਦਸਵੀਂ ਪਾਸ ਨੌਜਵਾਨਾਂ ਨੂੰ ਆਪਣੀ ਕੰਪਨੀ ਵਿਚ ਕੰਮ ਦੇ ਦਿੱਤਾ। ਇਨ੍ਹਾਂ ਵਿਚੋਂ ਬੰਤਾ ਸਿੰਘ, ਮਾਸਟਰ ਦਲੀਪ ਸਿੰਘ, ਅਰਜੁਨ ਸਿੰਘ, ਮੋਹਨ ਸਿੰਘ ਆਦਿ ਸਾਰੇ ਬਾਠ ਸਨ। ਜਦੋਂ ਮੈਂ ਮਿਡਲ ਸਕੂਲ ਵਿਚ ਮਹੇੜੂ ਦਾਖਲਾ ਲਿਆ ਤਾਂ ਪੰਡਤ ਦੁਰਗਾ ਦਾਸ ਰਿਟਾਇਰ ਹੋ ਕੇ ਪਿੰਡ ਆ ਗਿਆ ਤੇ ਨਵਾਂ ਮਕਾਨ, ਚੁਬਾਰਾ ਬਣਾ ਕੇ ਰਹਿਣ ਲੱਗ ਪਿਆ। ਸਾਰਾ ਦਿਨ ਉਸ ਨੇ ਘਰ ਦੇ ਮੂਹਰੇ ਕਿੱਕਰਾਂ ਤੇ ਸ਼ਰੀਂਹ ਦੇ ਥੱਲੇ ਮੰਜੇ ਡਾਹ ਕੇ ਪਿੰਡ ਦੇ ਲੋਕਾਂ ਨਾਲ ਤਾਸ਼ ਖੇਡਣੀ। ਜੇ ਕਿਸੇ ਨੇ ਚਲਾਕੀ ਕਰਨੀ ਤਾਂ ਉਸ ਦਾ ਇਕੋ ਡਾਇਲਾਗ ਹੁੰਦਾ, "ਯੂ ਬਲਡੀ ਫੂਲ।" ਉਸ ਦੀ ਪਿੱਠ ਪਿੱਛੇ ਸਾਰਿਆਂ ਨੇ ਉਸ ਦੀ ਸਾਂਗ ਲਾਉਣੀ। ਪਰ ਉਸ ਦਾ ਏਨਾ ਰੋਅਬ ਸੀ ਕਿ ਮੂੰਹ 'ਤੇ ਕੁਝ ਕਹਿਣ ਦੀ ਕਦੀ ਕਿਸੇ ਨੇ ਹਿੰਮਤ ਨਹੀਂ ਸੀ ਕੀਤੀ। ਅਸੀਂ ਰਾਤ ਨੂੰ ਉਸ ਕੋਲ ਅੰਗਰੇਜ਼ੀ ਸਿੱਖਣ ਜਾਂਦੇ। ਉਸ ਨੇ ਕਦੀ ਕਿਸੇ ਕੋਲੋਂ ਕੋਈ ਵਗਾਰ ਨਾ ਪੁਆਈ, ਨਾ ਕੋਈ ਪੈਸਾ ਲਿਆ। ਉਸ ਦੀ ਆਪਣੀ ਕੋਈ ਔਲਾਦ ਨਹੀਂ ਸੀ ਤੇ ਉਹਨੇ ਰਿਸ਼ਤੇਦਾਰੀ ਵਿਚੋਂ ਆਪਣਾ ਇਕ ਭਾਣਜਾ ਤੇ ਉਸ ਦਾ ਪਰਿਵਾਰ ਕੋਲ ਰੱਖਿਆ ਹੋਇਆ ਸੀ। ਬਾਹਰਲੀ ਬਸਤੀ ਵਾਲਿਆਂ 'ਚੋਂ ਜਿਵੇਂ ਬਹੁਤ ਪਿੰਡਾਂ ਵਿਚ ਆਮ ਦੇਖਿਆ ਜਾਂਦਾ ਹੈ, ਕੋਈ ਮਾਅਰਕੇ ਵਾਲੀ ਗੱਲ ਕਰਨ ਵਾਲਾ ਘੱਟ ਹੀ ਮਿਲਦਾ ਹੈ ਪਰ ਏਥੇ ਗੁਰਦੇਵ ਰਾਮ ਉਰਮ ਡਿਪਟੀ ਜੋ ਭਾਵੇਂ ਸਾਡੇ ਤੋਂ ਬਹੁਤਾ ਵੱਡਾ ਨਹੀਂ, ਦਾ ਜ਼ਿਕਰ ਜ਼ਰੂਰ ਕਰਨਾ ਬਣਦਾ ਹੈ। ਖੇਤੀ ਮਾਹਰ ਤੇ ਪੰਚਾਇਤ ਮੈਂਬਰ ਹੋਣ ਕਰ ਕੇ ਇਕ ਵੇਰ ਜਲੰਧਰ ਰੇਡੀਓ ਵਾਲੇ ਉਸ ਦੀ ਇੰਟਰਵਿਊ ਕਰਨ ਆ ਗਏ। ਉਸ ਨੇ ਖੇਤੀ ਅਫਸਰਾਂ ਤੇ ਹੋਰ ਮਹਿਕਮਿਆਂ ਵਲੋਂ ਕੀਤੀ ਜਾਂਦੀ ਧਾਂਦਲੀ ਦੇ ਉਹ ਪੱਤਰੇ ਫੋਲੇ ਕਿ ਜ਼ਿਲ੍ਹਾ ਪੱਧਰ ਦੇ ਅਫਸਰਾਂ ਨੂੰ ਭਾਜੜਾਂ ਪੈ ਗਈਆਂ। ਬਹੁਤਾ ਸਮਾਂ ਪਿੰਡ ਦੀ ਸਰਪੰਚੀ ਭਗਤ ਸਿੰਘ (ਬਾਠ) ਕੋਲ ਹੀ ਰਹੀ। ਉਹ ਨਿਹਾਇਤ ਅਮਨ ਪਸੰਦ ਵਿਅਕਤੀ ਸੀ। ਉਸ ਦਾ ਵੱਡਾ ਲੜਕਾ ਸੁਰਜੀਤ ਸਿੰਘ ਬਾਠ ਪਿੰਡ ਦਾ ਪਹਿਲਾ ਬੀ.ਏ. ਪਾਸ ਸੀ, ਜਿਸ ਨੇ 1968-69 ਵਿਚ ਰਾਮਗੜ੍ਹੀਆ ਕਾਲਜ ਫਗਵਾੜਾ ਤੋਂ ਵਿਦਿਆ ਲਈ ਤੇ ਅੱਜ ਕੱਲ੍ਹ ਵੈਨਕੂਵਰ ਵਸਦਾ ਸੂਝਵਾਨ ਸਾਹਿਤ ਰਸੀਆ ਹੈ। ਵੈਨਕੂਵਰ ਵਿਚ ਬਸੰਤ ਮੋਟਰਜ਼ ਵਾਲੇ ਬਲਦੇਵ ਸਿੰਘ ਬਾਠ ਤੇ 'ਸੁੱਖੀ ਮੋਟਰਜ਼' ਵਾਲੇ ਸੁੱਖੀ ਬਾਠ ਅਰਜਨ ਸਿੰਘ ਬਾਠ ਦੇ ਲੜਕੇ ਹਨ। ਇਨ੍ਹਾਂ ਦਾ ਹੀ ਇਕ ਚਚੇਰਾ ਭਰਾ ਮੋਹਨ ਸਿੰਘ ਦਾ ਲੜਕਾ ਕੁਲਵਿੰਦਰ ਬਾਠ ਪਿੰਡ ਦਾ ਪਹਿਲਾ ਐਮ.ਐਸ.ਸੀ. ਪੀ.ਐਚ.ਡੀ. ਹੈ ਜੋ ਅੱਜ ਕੱਲ੍ਹ ਕੈਲੀਫੋਰਨੀਆ ਵਿਚ ਰੁਤਬੇ ਵਾਲੀ ਨੌਕਰੀ ਕਰਦਾ ਹੈ। ਪਰ ਸਭ ਤੋਂ ਵੱਧ ਦਿਲਚਸਪ ਤੇ ਅਲੋਕਾਰੀਆਂ ਕਰਨ ਵਾਲੇ ਟੱਬਰ ਰਿਆੜਾਂ ਦੇ ਹੀ ਹਨ।

ਇਨ੍ਹਾਂ ਦੇ ਵਡੇਰੇ ਬੰਤਾ ਸਿੰਘ, ਲਛਮਣ ਸਿੰਘ, ਰਤਨ ਸਿੰਘ, ਬੂਟਾ ਸਿੰਘ, ਹਰਨਾਮ ਸਿੰਘ ਤੇ ਸੌਣ ਸਿੰਘ ਸਨ ਜਿਨ੍ਹਾਂ ਵਿਚੋਂ ਅੱਜ ਕੋਈ ਵੀ ਇਸ ਦੁਨੀਆਂ ਵਿਚ ਨਹੀਂ ਹੈ। ਬੰਤਾ ਸਿੰਘ ਬਹੁਤ ਤਾਕਤਵਰ ਸੀ। ਉਹ ਹਰ ਰੋਜ਼ ਮੁਧਗਰ ਚੁੱਕਦਾ। ਆਲੇ-ਦੁਆਲੇ ਦੇ ਪਿੰਡਾਂ ਨੂੰ ਉਸ ਦਾ ਚੈਲੰਜ ਸੀ ਕਿ ਜੇ ਉਸ ਮੁਧਗਰ ਨੂੰ ਕੋਈ ਚੁੱਕ ਕੇ ਦਿਖਾਏ ਤਾਂ ਉਹ ਦੇਸੀ ਘਿਓ ਦਾ ਪੀਪਾ ਦੇਵੇਗਾ। ਕਹਿੰਦੇ ਹਨ, ਆਪਣੇ ਲੜਕੇ ਨਰੰਜਣ ਸਿੰਘ ਨੂੰ ਜਦ ਉਹ ਜਲੰਧਰ ਛਾਉਣੀ ਨੇੜਲੇ ਪਿੰਡ ਪਰਸਰਾਮਪੁਰ ਵਿਆਹੁਣ ਗਿਆ ਤਾਂ ਉਹ ਆਪਣੇ ਨਾਲ ਬੇਹੱਦ ਭਾਰੇ ਮੁਧਗਰ ਵੀ ਗੱਡੇ 'ਤੇ ਲੱਦ ਕੇ ਲੈ ਗਿਆ। ਬਰਾਤਾਂ ਉਨ੍ਹੀਂ ਦਿਨੀਂ ਕਿੰਨੇ-ਕਿੰਨੇ ਦਿਨ ਠਹਿਰਿਆ ਕਰਦੀਆਂ ਸਨ। ਉਥੇ ਵੀ ਉਸ ਨੇ ਚੈਲੰਜ ਕੀਤਾ ਪਰ ਪੰਜ ਛੇ ਦਿਨਾਂ ਵਿਚ ਕੋਈ ਵੀ ਉਸ ਦਾ ਮੁਕਾਬਲਾ ਨਾ ਕਰ ਸਕਿਆ। ਦਸਦੇ ਹਨ, ਮੁਧਗਰ ਦੇ ਥੱਲੇ ਮੋਰੀ ਕਰ ਕੇ ਉਸ ਵਿਚ ਲੋਹਾ ਭਰਿਆ ਹੋਇਆ ਸੀ।

ਸੌਣ ਸਿੰਘ ਦੀਆਂ ਬਚਪਨ ਵਿਚ ਸੁਣੀਆਂ



ਸੁਰੈਣ ਸਿੰਘ



ਚਾਨਣ ਸਿੰਘ ਉਰਫ ਅਮਲੀ

ਦੋ ਗੱਲਾਂ ਚੇਤੇ ਕਰ ਕੇ ਅੱਜ ਵੀ ਮੱਲੋ-ਮੱਲੀ ਹਾਸਾ ਨਿਕਲ ਜਾਂਦਾ ਹੈ। ਇਕ ਵਾਰੀ ਉਹਨੂੰ ਸਖਤ ਬੁਖਾਰ ਚੜ੍ਹ ਗਿਆ। ਸਉਣ, ਭਾਦੋਂ ਦਾ ਮਹੀਨਾ। ਵੇਂਈਂ ਵਿਚ ਹੜ੍ਹ ਆਇਆ ਹੋਇਆ। ਉਹਨੇ ਕੋਈ ਵੀ ਦਵਾ ਦਾਰੂ ਲੈਣ ਤੋਂ ਮਨ੍ਹਾਂ ਕਰ ਦਿੱਤਾ। ਕਹੀ ਚੁੱਕ ਕੇ ਕਮਾਦ ਗੁੱਡਣ ਲੱਗ ਪਿਆ। ਕਹਿੰਦਾ ਜਦੋਂ ਤਕ ਮੈਂ ਆਪ ਬਾਹਰ ਨਾ ਆਵਾਂ, ਕੋਈ 'ਵਾਜ਼ ਨਾ ਮਾਰਿਓ। ਦੋ-ਤਿੰਨ ਘੰਟਿਆਂ ਬਾਅਦ ਉਹ ਪਸੀਨੇ ਨਾਲ ਨੁਚੜਦਾ ਕਮਾਦ 'ਚੋਂ ਬਾਹਰ ਆਇਆ। ਤੰਦਰੁਸਤ।

ਕਹਿੰਦਾ, "ਸਹੁਰੇ ਤਾਪ ਨੂੰ ਮੈਂ ਕਮਾਦ ਵਿਚ ਹੀ ਗੱਡ ਆਇਆਂ, ਹੁਣ ਬਾਹਰ ਆਵੇ ਤਾਂ?" ਇਸੇ ਤਰ੍ਹਾਂ ਇਕ ਵੇਰ ਉਹਦੀ ਦੋਹਤੀ ਆਪਣੇ ਨਿੱਕੇ ਬੱਚੇ ਨੂੰ ਨਾਲ ਲੈ ਕੇ ਆਈ ਹੋਈ ਸੀ।

ਦੁਪਹਿਰੇ ਅੰਤਾਂ ਦੀ ਗਰਮੀ। ਬੱਚਾ ਰੋਵੇ ਕੁਰਲਾਵੇ ਪਰ ਗਰਮੀ ਨਾਲ ਨੀਂਦ ਨਾ ਆਵੇ। ਸੌਣ ਕਿਸੇ ਕੰਮ ਖੇਤਾਂ 'ਚੋਂ ਘਰ ਆਇਆ। ਕਹਿੰਦਾ, "ਕੁੜੀਏ ਨਿਆਣਾ ਕਿਉਂ ਰੋਂਦਾ?" ਉਹ ਕਹਿੰਦੀ, "ਨਾਨਾ ਇਹ ਸੌਣ ਨੂੰ ਰੋਂਦਾ।" ਉਹਨੇ ਲੋਹੇ ਲਾਖੇ ਹੋਏ ਨੇ ਡਾਂਗ ਚੁੱਕ ਲਈ, "ਅਖੇ ਇਹ ਮੈਨੂੰ ਕਿਉਂ ਰੋਵੇ। ਰੋਵੇ ਆਪਣੇ ਦਾਦਕਿਆਂ ਨੂੰ। ਚੱਲ ਭੱਜ ਇੱਥੋਂ। ਅਖੇ ਨਾਨਾ ਇਹ ਸੌਣ ਨੂੰ ਰੋਂਦਾ।"

ਰਿਆੜਾਂ ਦਾ ਚਾਨਣ ਸਿੰਘ 'ਅਮਲੀ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਬੜੀਆਂ ਖਰੀਆਂ ਗੱਲਾਂ ਕਰਨ ਵਾਲਾ। ਭਾਵੇਂ ਕਿਸੇ ਦੇ ਗੋਡੇ ਲੱਗੇ, ਕਿਸੇ ਦੇ ਗਿੱਟੇ, ਉਹਨੇ ਉਹੀ ਗੱਲ ਕਰਨੀ ਜਿਹੜੀ ਸਹੀ ਹੋਣੀ। ਜਨਵਰੀ 1974 ਵਿਚ ਲੁਧਿਆਣਾ ਖੇਤੀ 'ਵਰਸਿਟੀ ਦੇ ਇੰਸਪੈਕਟਰਾਂ ਦੀ ਹੜਤਾਲ ਦੀ ਹਮਾਇਤ ਵਿਚ ਅਸੀਂ ਫਗਵਾੜੇ ਰਾਮਗੜ੍ਹੀਆ ਕਾਲਜ ਵਿਚ ਰੈਲੀ ਕਰ ਰਹੇ ਸੀ ਤਾਂ ਪੁਲਿਸ ਨੇ ਸਾਨੂੰ ਪੰਜ ਜਣਿਆਂ ਨੂੰ ਗ੍ਰਿਫਤਾਰ ਕਰ ਕੇ ਕਪੂਰਥਲਾ ਜੇਲ੍ਹ ਵਿਚ ਬੰਦ ਕਰ ਦਿੱਤਾ। ਪਿਛੋਂ ਸਾਡੀ ਪੈਲੀ 'ਤੇ ਪਿੰਡ ਦੇ ਹੀ ਇਕ ਬਦਮਾਸ਼ ਕਿਸਮ ਦੇ ਬੰਦੇ ਨੇ ਕਬਜ਼ਾ ਕਰ ਲਿਆ। ਤਿੰਨ-ਚਾਰ ਮਹੀਨਿਆਂ ਬਾਅਦ ਅਸੀਂ ਬਾਹਰ ਆਏ ਤਾਂ ਪਿੰਡ ਇਕੱਠਾ ਕੀਤਾ।

ਚਾਨਣ ਸਿੰਘ ਨੇ ਉਸ ਨਾਲ ਬੜੀ ਕੁਪੱਤ ਕੀਤੀ। ਉਸ ਵੇਲੇ ਤਾਂ ਉਹ ਜ਼ਮੀਨ ਛੱਡਣ ਲਈ ਮੰਨ ਗਿਆ ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਫਿਰ ਅਸੀਂ ਬਲਦੇਵ ਰਹਿਪੇ ਦੀ ਅਗਵਾਈ ਵਿਚ ਉਸ ਨੂੰ ਉਸ ਦੇ ਘਰ ਜਾ ਕੇ ਚੈਲੰਜ ਕਰ ਕੇ ਖੇਤ ਵਾਹੁਣ ਚਲੇ ਗਏ। ਫਿਰ ਕੀਹਨੇ ਆਉਣਾ ਸੀ।

ਪਿੰਡ ਵਿਚ ਅਸੀਂ 'ਨੌਜਵਾਨ ਭਾਰਤ ਸਭਾ' ਦੀ ਇਕਾਈ ਬਣਾਈ। ਪਿੰਡ ਦੇ ਕਲਕੱਤੇ ਵਸਦੇ ਠੇਕੇਦਾਰ ਤਾਰਾ ਸਿੰਘ ਪਨੇਸਰ ਨੇ ਸਾਡੀ ਆਰਥਕ ਮਦਦ ਕੀਤੀ। ਅਸੀਂ ਲਾਇਬਰੇਰੀ ਲਈ ਤਿੰਨ-ਚਾਰ ਅਖਬਾਰਾਂ (ਅਜੀਤ, ਨਵਾਂ ਜ਼ਮਾਨਾ, ਇੰਡੀਅਨ ਐਕਸਪ੍ਰੈਸ, ਜੱਗ ਬਾਣੀ) ਆਦਿ ਲੁਆ ਲਈਆਂ। ਇਹ ਅਸੀਂ ਪਿੰਡ ਦੀ ਡਿਊੜੀ ਵਿਚ ਹੀ ਰੱਖ ਦਿੰਦੇ ਤਾਂ ਕਿ ਹਰ ਕੋਈ ਪੜ੍ਹ ਸਕੇ। ਪਰ ਜ਼ਿਆਦਾਤਰ ਮੈਂ ਹੀ ਪੜ੍ਹ ਕੇ ਸੁਣਾਉਂਦਾ। ਸੁਰੈਣ ਸਿੰਘ, ਚਾਨਣ ਸਿੰਘ, ਉਹਦੇ ਨਾਲ ਸੁਰੈਣ ਸਿੰਘ ਦੇ ਦੋਵੇਂ ਮੁੰਡੇ ਗਿਆਨ ਤੇ ਗਿੰਦੋ ਹੁੱਕਾ ਵੀ ਪੀਂਦੇ ਸਨ। ਹਰ ਰੋਜ਼ ਸਵੇਰੇ ਉਨ੍ਹਾਂ ਹੁੱਕਾ ਪੀਂਦਿਆਂ ਤਾਜ਼ੀਆਂ ਖਬਰਾਂ ਸੁਣਨੀਆਂ। ਕਸ਼ਮੀਰ ਦਾ ਮਸਲਾ ਹਮੇਸ਼ਾ ਹੀ ਖਬਰਾਂ ਵਿਚ ਰਿਹਾ ਹੈ। ਇਕ ਵੇਰ ਅਜਿਹੀ ਖਬਰ ਪੜ੍ਹ ਰਿਹਾ ਸੀ ਤਾਂ ਚਾਨਣ ਸਿੰਘ ਅਮਲੀ ਟੋਕ ਕੇ ਕਹਿੰਦਾ, "ਸੋਹਣਿਆਂ, ਇਹ ਪਾਕਿਸਤਾਨ ਚਾਹੁੰਦਾ ਕੀ ਆ? ਕਾਹਤੋਂ ਚਿੰਜੜੀਆਂ ਛੇੜਦਾ ਰਹਿੰਦਾ?" ਮੇਰੇ ਜੁਆਬ ਦੇਣ ਤੋਂ ਪਹਿਲਾਂ ਹੀ ਸੁਰੈਣ ਸਿੰਘ ਹੁੱਕੇ ਦੀ ਨੜੀ ਆਪਣੇ ਮੁੰਡੇ ਵੱਲ ਮੋੜਦਿਆਂ ਕਹਿੰਦਾ, "ਓਏ ਅਮਲੀਆ ਇਹ ਪਾਕਿਸਤਾਨ ਸਾਡੇ ਤੋਂ ਖੂਹ ਮੁਢਲਾ ਖੇਤ ਮੰਗਦਾ। (ਭਾਵ ਕਸ਼ਮੀਰ ਤੋਂ ਸੀ) ਭਲਾ ਖੂਹ ਮੁਢਲਾ ਖੇਤ ਕੌਣ ਛਡਦਾ।" ਕਿੰਨੀ ਸੱਚਾਈ ਸੀ ਉਸ ਦੀ ਇਸ ਗੱਲ ਵਿਚ।

ਪੁਰਾਣੇ ਜ਼ਮਾਨੇ ਵਿਚ ਡੰਗਰ ਆਦਿ ਖੂਹ ਮੁਢਲੇ ਖੇਤਾਂ ਵਿਚ ਹੀ ਬੰਨ੍ਹੇ ਜਾਂਦੇ ਸਨ। ਉਨ੍ਹਾਂ ਦਾ ਗੋਹਾ-ਕੂੜਾ ਅਤੇ ਹਲਟਾਂ ਦਾ ਪਾਣੀ ਆਸਾਨੀ ਨਾਲ ਪਹੁੰਚ ਜਾਣ ਕਾਰਨ ਖੂਹ ਮੁਢਲੇ ਖੇਤ ਬੜੇ ਉਪਜਾਊ ਹੁੰਦੇ ਸਨ। ਚਾਲੀ ਵਰ੍ਹੇ ਪਹਿਲਾਂ ਸੁਰੈਣ ਸਿੰਘ ਦੀ ਇਹ ਤਸ਼ਬੀਹ ਮੈਨੂੰ ਅੱਜ ਵੀ ਹੈਰਾਨ ਕਰ ਰਹੀ ਹੈ। ਜੇ ਕਿਤੇ ਹਾਲਾਤ ਵਫਾ ਕਰਦੇ, ਉਸ ਕੋਲ ਵਕਾਲਤ ਦੀ ਡਿਗਰੀ ਹੁੰਦੀ ਤਾਂ ਉਹ ਬਿਨਾਂ ਸ਼ੱਕ ਪੰਜਾਬ ਦੇ ਚੋਟੀ ਦੇ ਵਕੀਲਾਂ ਵਿਚੋਂ ਹੁੰਦਾ।

ਸੁਰੈਣ ਸਿੰਘ ਦੇ ਦੋਵੇਂ ਮੁੰਡੇ ਕੋਰੇ ਅਨਪੜ੍ਹ। ਗਿਆਨ ਤੇ ਗਿੰਦੋ। ਵੱਡਾ ਗਿਆਨ ਛੇ ਫੁੱਟ ਤੋਂ ਵੀ ਉੱਚਾ। ਨਿੱਕੀ ਰਗੜੀ ਹੋਈ ਦਾੜ੍ਹੀ ਤੇ ਵੱਡੀਆਂ-ਵੱਡੀਆਂ ਮੁੱਛਾਂ ਨਾਲ ਜਦੋਂ ਚਿੱਟਾ ਚਾਦਰਾ-ਕੁੜਤਾ ਤੇ ਗਲ ਵਿਚ ਕੈਂਠਾ ਪਾ, ਹੱਥ ਵਿਚ ਖੂੰਡਾ ਫੜ ਕੇ ਮੇਲੇ ਨੂੰ ਜਾਂਦਾ ਤਾਂ ਮਿਰਜ਼ੇ ਤੋਂ ਘੱਟ ਨਾ ਲਗਦਾ। ਅਸੀਂ ਨਿਆਣੇ ਉਸ ਨੂੰ ਦੇਖ ਕੇ ਡਰ ਜਾਂਦੇ। ਸੁਰੈਣ ਸਿੰਘ ਦੀ ਇਕ ਭੈਣ ਪ੍ਰੀਤੋ ਰੁੜਕੇ ਲਾਗੇ ਪਿੰਡ ਬੀੜ ਬਾਂਸੀਆਂ ਵਿਆਹੀ ਗਈ। ਅੱਜ ਕੱਲ੍ਹ ਉਹ ਵੈਨਕੂਵਰ ਹੈ।

ਅਸੀਂ ਸਾਰੇ ਉਸ ਨੂੰ ਭੂਆ ਕਹਿੰਦੇ ਹਾਂ। ਪਿੰਡ ਦੀਆਂ ਢੇਰ ਸਾਰੀਆਂ ਯਾਦਾਂ ਉਸ ਕੋਲ ਸਾਂਭੀਆਂ ਪਈਆਂ ਹਨ। ਮੇਰੀਆਂ ਵੱਡੀਆਂ ਭੈਣਾਂ ਤੇ ਚਾਚੇ-ਤਾਇਆਂ ਬਾਰੇ ਉਹ ਮੈਥੋਂ ਵੀ ਜ਼ਿਆਦਾ ਜਾਣਦੀ ਹੈ। ਉਸ ਦਾ ਇਕਲੌਤਾ ਲੜਕਾ ਮੰਗਾ ਬਾਸੀ ਪੰਜਾਬੀ ਦਾ ਚਰਚਿਤ ਕਵੀ ਹੈ, ਤੇ ਸਫਲ ਵਪਾਰੀ। ਪੰਜਾਬੀ ਦਾ ਕੋਈ ਵੀ ਅਜਿਹਾ ਲੇਖਕ ਨਹੀਂ ਹੋਣਾ, ਜਿਸ ਨੇ ਕੈਨੇਡਾ ਫੇਰੀ ਸਮੇਂ ਉਸ ਦੀ ਸੰਗਤ ਨਾ ਮਾਣੀ ਹੋਵੇ। ਇਕ ਵੇਰ ਮੈਂ ਤੇ ਉਹ ਸਾਡੇ ਪਿੰਡ ਵਾਲੇ ਬਲਦੇਵ ਬਾਠ ਨੂੰ ਮਿਲਣ ਗਏ ਤੇ ਉਥੇ ਗੱਲ ਗਿਆਨ ਰਿਆੜ ਦੀ ਚੱਲ ਪਈ। ਬਲਦੇਵ ਬਾਠ ਤ੍ਰਭਕ ਕੇ ਸੀਟ ਤੋਂ ਉਠ ਖੜਾ ਹੋਇਆ, ਕਹਿੰਦਾ, "ਉਹ ਮੰਗੇ ਮੇਰੇ ਵੀਰ ਬੱਸ ਕਰ ਬਈ। ਗਿਆਨ ਦਾ ਨਾਂ ਨਾ ਲੈ, ਉਹਦਾ ਨਾਂ ਸੁਣ ਕੇ ਤੇ ਸਾਨੂੰ ਰਾਤੀਂ ਨੀਂਦ ਨਹੀਂ ਆਉਣੀ।" ਅਸੀਂ ਸਾਰੇ ਖਿੜ ਖਿੜ ਕੇ ਹੱਸ ਪਏ।

ਸਾਡੇ ਪਿੰਡਾਂ ਬਾਰੇ ਕਹਾਵਤ ਮਸ਼ਹੂਰ ਸੀ ਕਿ "ਚਾਚੋਵਾਲ ਨੂੰ ਰਾਹ ਨਹੀਂ ਤੇ ਫਰੌਲੇ ਨਿਆਂ ਨਹੀਂ।" 1975 ਦੀ ਐਮਰਜੈਂਸੀ ਪਿਛੋਂ ਰਿਹਾ ਹੋ ਕੇ ਜਦ ਮੈਂ 1978 ਦੇ ਮਾਰਚ-ਅਪਰੈਲ ਵਿਚ ਬਾਹਰ ਆਇਆ ਤਾਂ ਸਭਾ ਵਾਲਿਆਂ ਅਗਲੀਆਂ ਪੰਚਾਇਤ ਚੋਣਾਂ ਲੜਨ ਦਾ ਫੈਸਲਾ ਕਰ ਲਿਆ। ਮੀਸਾ ਲੱਗਾ ਹੋਣ ਕਾਰਨ ਚਾਰ ਸਾਲ ਪੜ੍ਹਾਈ ਦੇ ਵੀ ਖੂਹ ਵਿਚ ਪੈ ਗਏ ਕਿਉਂਕਿ ਸਾਨੂੰ ਬਾਹਰ

(ਬਾਕੀ ਅਗਲੇ ਸਫੇ 'ਤੇ)

ਕਹਾਣੀ

# ਕਮਲੀ

*'ਕਮਲੀ' ਕੋਮਲ ਪਿਆਰ ਦੀ ਕੋਮਲ ਕਹਾਣੀ ਹੈ, ਪਰ ਇਸ ਕਹਾਣੀ ਦਾ ਸੱਚ ਬਹੁਤ ਕਰੜਾ ਤੇ ਕੌੜਾ ਹੈ। ਜਾਪਦਾ ਹੈ, ਧੜਕਦੀ ਜ਼ਿੰਦਗੀ ਹੁਣ ਰੁਕੀ ਕਿ ਹੁਣ! ਕੁਲਦੀਪ ਤੱਖਰ ਨੇ ਕਮਲੀ ਦੀ ਇਹ ਕਥਾ ਬੜੇ ਜ਼ਬਤ ਨਾਲ ਸੁਣਾਈ ਹੈ। ਇਤਨਾ ਸਹਿਜ ਤੇ ਸੱਚਾ ਪਿਆਰ ਤਾਂ ਬਰੇਤਿਆਂ ਵਿਚ ਵੀ ਫੁਹਾਰਾਂ ਲਾਉਣ ਦੀ ਤਾਕਤ ਰੱਖਦਾ ਹੈ। ਇਹੀ ਤਾਂ ਪਿਆਰ ਦੀ ਕੂਲੀ ਛੋਹ ਦਾ ਕ੍ਰਿਸ਼ਮਾ ਹੁੰਦਾ ਹੈ। -ਸੰਪਾਦਕ*

ਮੈਨੂੰ ਇੰਨਾ ਚਾਅ ਅਮਰੀਕਾ ਆਉਣ ਦਾ ਨਹੀਂ ਸੀ ਜਿੰਨਾ ਇਥੇ ਆ ਕੇ ਗੋਰਿਆਂ ਨਾਲ ਅੰਗਰੇਜ਼ੀ ਬੋਲਣ ਦਾ ਸੀ। ਤੇ ਜਿਹੜੇ ਘਰ ਮੈਂ ਠਹਿਰਿਆ ਸਾਂ, ਮੈਨੂੰ ਪਤਾ ਲੱਗਾ ਕਿ ਉਥੇ ਕੋਈ ਗੋਰੀ ਵੀ ਰਹਿੰਦੀ ਏ। ਮੈਂ ਸਮਝਿਆ, ਇਹ ਤਾਂ ਰੱਬ ਨੇ ਨੇੜਿਓਂ ਹੋ ਕੇ ਸੁਣੀ ਏ। ਨਾਲੇ ਦੇਵੀ ਦਰਸ਼ਨ, ਨਾਲੇ ਵੰਙਾਂ ਦਾ ਵਪਾਰ।

ਤਿੰਨ-ਮੰਜ਼ਿਲਾ ਮਕਾਨ ਸੀ। ਉਸ ਵਿਚ ਕਿੰਨੇ ਕੁ ਕਮਰੇ ਸਨ, ਮੈਥੋਂ ਅਜੇ ਤੱਕ ਨਹੀਂ ਸੀ ਗਿਣੇ ਗਏ। ਰਸੋਈ ਸਭ ਤੋਂ ਥੱਲੇ ਵਾਲੇ ਫਰਸ਼ 'ਤੇ ਸੀ। ਮੈਨੂੰ ਕਿੰਨਾ ਚਿਰ ਇਹ ਵੀ ਨਾ ਪਤਾ ਲੱਗਾ ਕਿ ਉਹਦੇ ਵਿਚ ਬੰਦੇ ਰਹਿੰਦੇ ਕਿੰਨੇ ਕੁ ਨੇ! ਜਦੋਂ ਕਦੇ ਇਕ ਦੂਜੇ ਨਾਲ ਮੇਲ ਹੁੰਦਾ ਤਾਂ ਉਹ ਰਸੋਈ ਵਿਚ ਹੀ ਹੁੰਦਾ ਤੇ ਉਥੇ ਹੀ ਅਸੀਂ ਇਕ ਦੂਜੇ ਦਾ ਨਾਂ ਸਰਨਾਵਾਂ ਪੁੱਛਦੇ।

ਇਹ ਤਾਂ ਮੈਨੂੰ ਪਤਾ ਲੱਗ ਗਿਆ ਸੀ ਕਿ ਉਥੇ ਗੋਰੀ ਵੀ ਰਹਿੰਦੀ ਏ ਪਰ ਕਿਸ ਕਮਰੇ ਵਿਚ ਏ, ਇਹ ਮੈਂ ਝਕਦਿਆਂ ਕਿਸੇ ਕੋਲੋਂ ਨਾ ਪੁੱਛਦਾ। ਅਸਲ ਵਿਚ ਜਦੋਂ ਸਾਰੇ ਜਣੇ ਕੰਮ 'ਤੇ ਚਲੇ ਜਾਂਦੇ, ਤਾਂ ਹੀ ਉਹ ਰਸੋਈ ਵਿਚ ਆਉਂਦੀ। ਮੈਂ ਅਜੇ ਕਿਸੇ ਕੰਮ 'ਤੇ ਨਹੀਂ ਸਾਂ ਲੱਗਾ, ਇਸ ਕਰ ਕੇ ਬਿੜਕ



ਕੁਲਦੀਪ ਤੱਖਰ

ਰੱਖਦਾ ਕਿ ਉਹ ਕਦੋਂ ਰਸੋਈ ਵਿਚ ਜਾਂਦੀ ਏ।

'ਗੁੱਡ ਮਾਰਨਿੰਗ', ਇਕ ਦਿਨ ਜਦ ਸਵੇਰੇ ਉਹ ਹੇਠਾਂ ਆਉਂਦੀ ਪੌੜੀਆਂ ਵਿਚ ਟੱਕਰੀ ਤਾਂ 'ਗੁੱਡ ਮਾਰਨਿੰਗ' ਦਾ 'ਕੱਲਾ 'ਕੱਲਾ ਅੱਖਰ ਮੈਂ ਉਹਦੇ ਗਿੱਟਿਆਂ 'ਤੇ ਮਾਰਿਆ, ਪਰ ਉਸ ਨੇ ਇਸ ਦਾ ਜਵਾਬ ਦੇਣ ਦੀ ਥਾਂ ਆਪਣੇ ਸਿਰ ਵਾਲੇ ਰੁਮਾਲ ਨਾਲ ਮੂੰਹ ਢੱਕ ਲਿਆ ਤੇ ਮੇਰੇ ਵੱਲ ਪਿੱਠ ਕਰ ਕੇ ਪੌੜੀਆਂ ਨਾਲ ਇਕ ਪਾਸੇ ਲੱਗ ਕੇ ਖਲੋ ਗਈ। ਹੈਰਾਨ ਹੋ ਕੇ ਜਦ ਮੈਂ ਕੋਲੋਂ ਦੀ ਲੰਘ ਗਿਆ ਤਾਂ ਉਸ ਨੇ ਰੁਮਾਲ ਮੂੰਹ ਉਤੋਂ ਲਾਹ ਲਿਆ ਤੇ ਫਿਰ ਰਸੋਈ ਵੱਲ ਪੌੜੀਆਂ ਉਤਰਨੀਆਂ ਸ਼ੁਰੂ ਕਰ ਦਿੱਤੀਆਂ। ਮੈਂ ਸਾਰੀ ਦਿਹਾੜੀ ਉਸ ਦੇ ਅਜੀਬ ਵਰਤਾਓ ਬਾਰੇ ਸੋਚਦਾ ਰਿਹਾ, ਪਰ ਮੇਰਾ ਇੰਨਾ ਹੀਆ ਨਾ ਪਿਆ ਕਿ ਉਸ ਨੂੰ ਇਸ ਦਾ ਕਾਰਨ ਪੁੱਛ ਲਵਾਂ।

ਦੂਜੇ ਦਿਨ ਐਨ ਉਸੇ ਵੇਲੇ ਉਹ ਮੈਨੂੰ ਉਸੇ ਥਾਂ ਪੌੜੀਆਂ ਵਿਚ ਮਿਲ ਗਈ ਤਾਂ ਕੱਲ੍ਹ ਵਾਂਗ ਹੀ ਮੈਂ ਫਿਰ ਉਸ ਨੂੰ 'ਗੁਡ ਮਾਰਨਿੰਗ' ਆਖੀ ਤਾਂ ਉਹ ਫਿਰ ਮੂੰਹ ਸਿਰ ਵਲੇਟ ਕੇ ਇਕ ਪਾਸੇ ਲੱਗ ਕੇ ਖਲੋ ਗਈ। ਅੱਜ ਮੇਰੇ ਪਿੱਛੇ ਪਿੱਛੇ ਜੈਲਾ ਵੀ ਆ ਰਿਹਾ ਸੀ, ਪਰ ਮੈਂ ਉਸ ਨੂੰ ਨਹੀਂ ਸੀ ਵੇਖਿਆ।

"ਓ ਸਾਲਿਆ, ਇਹਨੂੰ ਮੌਰਨਿੰਗ ਮੁਰਨਿੰਗ ਨਾ ਬੁਲਾਈਂ ਮੁੜ ਕੇ, ਇਹ ਤਾਂ ਸਾਲੀ ਕਮਲੀ ਆ। ਇਹਨੂੰ ਕਿਤੇ ਕੁਝ ਹੋਰ ਨਾ ਆਖ ਬੈਠੀਂ।" ਮੈਥੋਂ ਛੋਟੇ ਹੁੰਦਿਆਂ ਵੀ ਉਸ ਨੇ ਮੈਨੂੰ ਤਾੜਨਾ ਕੀਤੀ।

ਜਿਉਂ ਜਿਉਂ ਉਸ ਬਾਰੇ ਕੁਝ ਹੋਰ ਜਾਣਨ ਦੀ ਮੇਰੀ ਉਤਸੁਕਤਾ ਵਧਦੀ ਗਈ, ਤਿਉਂ ਤਿਉਂ ਉਹ ਆਪਣੇ ਆਪ ਨੂੰ ਮੇਰੇ ਕੋਲੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦੀ ਗਈ। ਉਹ ਉਸ ਮਕਾਨ ਦੇ ਬਿਲਕੁਲ ਖੂੰਜੇ ਵਾਲੇ ਕਮਰੇ ਵਿਚ ਰਹਿੰਦੀ ਸੀ। ਉਸ ਪਾਸੇ ਕਿਸੇ ਦਾ ਆਮ ਆਉਣਾ ਜਾਣਾ ਵੀ ਨਹੀਂ ਸੀ। ਵਾਹ ਲੱਗਦੀ, ਉਹ ਹਰ ਵੇਲੇ ਆਪਣੇ ਕਮਰੇ ਵਿਚ ਹੀ ਰਹਿੰਦੀ। ਜੇ ਕਦੇ ਛੋਟੇ ਮੋਟੇ ਕੰਮ ਲਈ ਰਸੋਈ ਵਿਚ ਆਉਣਾ ਵੀ ਪੈਂਦਾ ਤਾਂ ਹਮੇਸ਼ਾ ਸਿਰ 'ਤੇ ਰੁਮਾਲ ਲੈ ਕੇ ਆਉਂਦੀ, ਤੇ ਜੇ ਕਦੇ ਕੋਈ ਪੌੜੀਆਂ ਵਿਚ ਚੜ੍ਹਦਾ-ਉਤਰਦਾ ਮਿਲ ਜਾਂਦਾ ਤਾਂ ਉਹ ਆਪਣਾ ਮੂੰਹ-ਸਿਰ ਵਲੇਟ ਕੇ ਇਕ ਪਾਸੇ ਖਲੋ ਜਾਂਦੀ ਤੇ ਜਦੋਂ ਉਹ ਲੰਘ ਜਾਂਦਾ, ਤਦ ਉਥੋਂ ਹਿੱਲਦੀ। ਛੇਤੀ ਛੇਤੀ ਆਪਣਾ ਕੰਮ ਮੁਕਾ ਕੇ ਫਿਰ ਕਮਰੇ ਵਿਚ ਜਾ ਵੜਦੀ। ਉਸ ਦੀ ਦੋ ਕੁ ਸਾਲ ਦੀ ਬੜੀ ਪਿਆਰੀ ਬੱਚੀ ਵੀ ਸੀ। ਬਹੁਤੀ ਨਾਜ਼ੁਕ ਜਿਹੀ। ਪਤਲੇ ਪਤਲੇ ਉਹਦੇ ਨੈਣ-ਨਕਸ਼, ਕਾਲੇ ਵਾਲ ਤੇ ਕਾਲੀਆਂ ਹੀ ਮੋਟੀਆਂ ਮੋਟੀਆਂ ਅੱਖਾਂ। ਆਪਣੀ ਮਾਂ ਵਾਂਗ ਉਹ ਵੀ ਕਦੇ ਕਮਰਿਓਂ ਬਾਹਰ ਨਹੀਂ ਸੀ ਆਈ, ਪਰ ਜਦ ਕਦੇ ਉਸ ਬਾਰੇ ਘਰ ਵਿਚ ਕੋਈ ਗੱਲ ਹੁੰਦੀ, ਸਾਰੇ ਉਸ ਨੂੰ 'ਮੈਗੀ ਮੈਗੀ' ਕਰ ਕੇ ਸੱਦਦੇ।

ਘਰ ਵਿਚ ਅਸੀਂ ਜਿੰਨੇ ਜਣੇ ਰਹਿੰਦੇ ਸਾਂ, ਸਾਰਿਆਂ ਦੇ ਉਸ ਗੋਰੀ ਬਾਰੇ ਵੱਖੋ-ਵੱਖਰੇ ਕਿਆਫੇ ਸਨ। ਬਹੁਤੇ ਤਾਂ ਉਸ ਨੂੰ ਕਮਲੀ ਸਮਝਦੇ। ਇਕ ਦਿਨ ਜੈਲੇ ਨੇ ਪਤਾ ਨਹੀਂ ਉਸ ਨੂੰ ਕੀ ਕਹਿ ਦਿੱਤਾ, ਉਸ ਨੇ ਭਰੀ-ਭਰਾਤੀ ਤੱਤੇ ਪਾਣੀ ਵਾਲੀ ਕੇਤਲੀ ਜੈਲੇ ਦੇ ਵਗਾਹ ਮਾਰੀ। ਜੈਲਾ ਕਈ ਦਿਨ ਆਪਣੇ ਛਾਲਿਆਂ 'ਤੇ ਮੱਲ੍ਹਮ ਪੱਟੀ ਕਰਦਾ ਰਿਹਾ ਸੀ।

ਕੋਈ ਕਹਿੰਦਾ, ਉਹ ਸਾਡੇ ਲੋਕਾਂ ਨੂੰ ਨਫ਼ਰਤ ਕਰਦੀ ਏ। ਸਾਡੇ ਕਿਸੇ ਬੰਦੇ ਨਾਲ ਨਾ ਬੋਲ ਕੇ ਰਾਜ਼ੀ ਏ, ਨਾ ਮੂੰਹ ਵਿਖਾ ਕੇ ਖੁਸ਼ ਏ। ਇਸੇ ਕਰ ਕੇ ਘਰੋਂ ਬਾਹਰ ਵੀ ਜਦੋਂ ਉਸ ਨੂੰ ਕੋਈ ਸਾਡਾ ਬੰਦਾ ਟੱਕਰ ਜਾਂਦਾ ਤਾਂ ਉਹਦੇ ਵੱਲ ਪਿੱਠ ਕਰ ਕੇ ਉਨਾ ਚਿਰ ਖਲੋਤੀ ਰਹਿੰਦੀ ਏ, ਜਿੰਨਾ ਚਿਰ ਉਹ ਲੰਘ ਨਹੀਂ ਜਾਂਦਾ। ਇਕ ਦਿਨ ਜਦੋਂ ਉਹ ਸਟੋਰ ਵਿਚੋਂ ਸੌਦਾ-ਪੱਤਾ ਲੈ ਕੇ ਘਰ ਪਰਤ ਰਹੀ ਸੀ, ਰਾਹ ਵਿਚ ਉਸ ਨੂੰ ਜੈਲਾ ਮਿਲ ਪਿਆ। ਜੈਲੇ ਨੂੰ ਵੇਖ ਕੇ ਉਹ ਕੰਧ ਵੱਲ ਮੂੰਹ ਕਰ ਕੇ ਖਲੋ ਗਈ। ਸ਼ਰਾਰਤ ਵਜੋਂ ਜੈਲਾ ਵੀ ਉਥੇ ਹੀ ਖਲੋ ਗਿਆ ਤੇ ਉਹ ਘੰਟਾ ਭਰ ਉਥੇ ਖਲੋਤੇ ਰਹੇ।

ਉਸ ਦੀਆਂ ਇਹੋ ਜਿਹੀਆਂ ਹਰਕਤਾਂ ਵੇਖ ਕੇ ਮੈਂ ਸੋਚਦਾ ਕਿ ਸੱਚਮੁੱਚ ਹੀ ਉਹ ਕਮਲੀ ਏ, ਪਰ ਜਦ ਮੈਂ ਉਸ ਨੂੰ ਮੈਗੀ ਨਾਲ ਗੱਲਾਂ ਕਰਦੀ ਸੁਣਦਾ, ਜਾਂ ਜਿਹੜੇ ਤਰੀਕੇ ਨਾਲ ਉਹ ਉਸ ਦੀ ਦੇਖ-ਭਾਲ ਕਰਦੀ, ਉਸ ਤੋਂ ਮੈਨੂੰ ਯਕੀਨ ਨਹੀਂ ਸੀ ਆਉਂਦਾ ਕਿ ਉਹ ਸੱਚਮੁੱਚ ਕਮਲੀ ਏ।

*ਆਪਣੀ ਗੱਲ ਜਾਰੀ ਰਖਦਿਆਂ ਉਸ ਕਿਹਾ, ਇਕ ਦਿਨ ਅਚਾਨਕ ਹੀ ਭਾਰਤ ਤੋਂ ਬਲਬੀਰ ਦੀ ਘਰਵਾਲੀ ਆ ਗਈ। ਦੋ ਉਸ ਦੇ ਬੱਚੇ ਸਨ, ਪਰ ਮੈਂ ਬਲਬੀਰ ਨੂੰ ਇਸ ਦਾ ਕੋਈ ਦੋਸ਼ ਨਾ ਦਿੱਤਾ, ਕਿਉਂਕਿ ਉਹਦੇ ਵਿਆਹ ਬਾਰੇ ਮੈਂ ਕਦੇ ਉਸ ਨੂੰ ਪੁੱਛਿਆ ਹੀ ਨਹੀਂ ਸੀ। ਮੈਂ ਤੇ ਸਿਰਫ਼ ਉਸ ਨੂੰ ਪਿਆਰ ਕਰਦੀ ਸਾਂ, ਤੇ ਹੁਣ ਵੀ ਕਰਦੀ ਹਾਂ। ਇਹ ਮੈਗੀ ਮੇਰੇ ਪਿਆਰ ਦੀ ਨਿਸ਼ਾਨੀ ਏ। ਮੈਨੂੰ ਹੁਣ ਵੀ ਕੋਈ ਪਛਤਾਵਾ ਨਹੀਂ।*

ਦੂਜਿਆਂ ਵਾਂਗ ਮੈਂ ਵੀ ਇਹੋ ਸੋਚਣ ਲੱਗ ਪਿਆ ਕਿ ਸ਼ਾਇਦ ਉਹ ਸਾਡੇ ਲੋਕਾਂ ਨੂੰ ਨਫ਼ਰਤ ਕਰਦੀ ਏ, ਪਰ ਉਸ ਵੇਲੇ ਮੇਰੇ ਦਿਮਾਗ ਵਿਚ ਆਉਂਦਾ ਕਿ ਜੇ ਨਫ਼ਰਤ ਕਰਦੀ ਏ ਤਾਂ ਫਿਰ ਇਸ ਘਰ ਵਿਚ ਰਹਿੰਦੀ ਕਿਉਂ ਏ?

ਉਸ ਘਰ ਵਿਚ ਰਹਿੰਦਿਆਂ ਮੈਨੂੰ ਸਾਲ ਭਰ ਹੋ ਚੱਲਿਆ ਸੀ। ਉਹ ਗੋਰੀ ਜਦੋਂ ਵੀ ਮੈਨੂੰ ਹਨੇਰੇ-ਸਵੇਰੇ ਮਿਲਦੀ, ਮੈਂ ਉਸ ਨੂੰ ਸਮੇਂ ਅਨੁਸਾਰ 'ਸ਼ੁਭ ਇੱਛਾ' ਆਖ ਦਿੰਦਾ, ਪਰ ਉਸ ਨੇ ਕਦੇ ਵੀ ਜਵਾਬ ਨਾ ਦਿੱਤਾ, ਤੇ ਨਾ ਹੀ ਉਸ ਦੀਆਂ ਇਨ੍ਹਾਂ ਅਜੀਬ ਹਰਕਤਾਂ ਵਿਚ ਕੋਈ ਬਦਲਾਅ ਆਇਆ।

ਇਕ ਦਿਨ ਸਵੇਰੇ ਸਵੇਰੇ ਮੈਂ ਤੇ ਜੈਲਾ ਪੌੜੀਆਂ ਉਤਰ ਰਹੇ ਸਾਂ ਜਦੋਂ ਉਹ ਸਾਨੂੰ ਪੌੜੀਆਂ ਦੇ ਅੱਧ ਵਿਚ ਮਿਲ ਪਈ। ਜੈਲੇ ਤੋਂ ਝਕਦਿਆਂ ਅੱਜ ਮੈਂ ਉਸ ਨੂੰ ਕੋਈ 'ਸ਼ੁਭ ਇੱਛਾ' ਨਾ ਆਖੀ, ਤੇ ਉਹਨੇ ਬੜੀ ਡੂੰਘੀ ਨਜ਼ਰ ਭਰ ਕੇ ਮੇਰੇ ਵੱਲ ਵੇਖਿਆ। ਜਿਵੇਂ ਆਖ ਰਹੀ ਹੋਵੇ, "ਤੂੰ ਵੀ ਮੈਨੂੰ 'ਕੱਲੀ ਨੂੰ ਹੀ ਬੁਲਾ ਕੇ ਖੁਸ਼ ਏਂ?" ਤੇ ਜਿਹੜੀ ਗੱਲੋਂ ਮੈਂ ਡਰਦਾ ਸਾਂ, ਜੈਲੇ ਨੇ ਇਕਦਮ ਮੈਨੂੰ ਆਖ ਦਿੱਤਾ ਕਿ ਤੇਰੇ ਵੱਲ ਤਾਂ ਬੜੀ ਘੂਰ ਘੂਰ ਕੇ ਵੇਖਦੀ ਆ, ਕੋਈ ਗੜਬੜੀ ਤਾਂ ਨਹੀਂ? ਪਰ ਮੈਂ ਅਜੇ ਵੀ ਉਸ ਦੀਆਂ ਮੋਟੀਆਂ ਝੀਲ ਵਰਗੀਆਂ ਅੱਖਾਂ ਬਾਰੇ ਸੋਚ ਰਿਹਾ ਸਾਂ, ਜੋ ਦੱਭ ਦੇ ਸੂਏ ਵਾਂਗ ਮੇਰੇ ਦਿਲ ਨੂੰ ਵਿੰਨ੍ਹ ਗਈਆਂ ਸਨ। ਉਸ ਦਿਨ ਸਾਰੀ ਦਿਹਾੜੀ ਕੰਮ ਵਿਚ ਮੇਰਾ ਜੀਅ ਨਾ ਲੱਗਾ।

"ਤੁਹਾਨੂੰ ਮੈਂ ਇਕ ਗੱਲ ਪੁੱਛਾਂ।" ਨੇਮ ਅਨੁਸਾਰ ਇਕ ਦਿਨ ਸਵੇਰੇ ਸਵੇਰੇ ਜਦ ਉਹ ਮੈਨੂੰ ਰਸੋਈ ਵਿਚ ਮਿਲ ਪਈ ਤਾਂ ਮੈਂ ਡਰਦੇ ਡਰਦੇ ਨੇ ਇੰਨੀ ਕੁ ਦਲੇਰੀ ਕਰ ਲਈ। ਉਸ ਨੇ ਇਕ ਵਾਰ ਫਿਰ ਉਸੇ ਨਜ਼ਰ ਨਾਲ ਨੀਝ ਲਾ ਕੇ ਮੇਰੇ ਵੱਲ ਵੇਖਿਆ ਤੇ ਗੱਲ ਦਾ ਜਵਾਬ ਦਿੱਤੇ ਬਗੈਰ ਝਟਪਟ ਕਮਰੇ ਵਿਚ ਜਾ ਵੜੀ।

"ਮੈਂ ਤੁਹਾਨੂੰ ਇਕ ਗੱਲ ਪੁੱਛਣਾ ਚਾਹੁੰਦਾ ਹਾਂ", ਦੂਜੇ ਦਿਨ ਜਦ ਮੈਂ ਫਿਰ ਉਹੀ ਸਵਾਲ ਕੀਤਾ ਤਾਂ ਉਹ ਉਥੋਂ ਭੱਜੀ ਨਹੀਂ, ਤੇ ਮੈਨੂੰ ਆਪਣੇ ਕੰਨਾਂ 'ਤੇ ਯਕੀਨ ਨਹੀਂ ਸੀ ਆਇਆ, ਜਦ ਉਸ ਨੇ ਕਿਹਾ, "ਕੀ ਪੁੱਛਣਾ ਚਾਹੁੰਦੇ ਹੋ?" ਮੈਨੂੰ ਗੱਲ ਹੀ ਵਿਸਰ ਗਈ ਕਿ ਮੈਂ ਕੀ ਪੁੱਛਣਾ ਚਾਹੁੰਦਾ ਸਾਂ, ਮੈਂ ਬੌਂਦਲ ਗਿਆ।

"ਮੈਂ ਮੈਂ, ਤੁਹਾਨੂੰ...।" ਲਫ਼ਜ਼ ਅਜੇ ਮੇਰੇ ਮੂੰਹ ਵਿਚ ਹੀ ਸਨ ਕਿ "ਹੁਣ ਨਹੀਂ, ਫਿਰ ਕਦੇ ਪੁੱਛ ਲਿਓ", ਆਖ ਕੇ ਉਹ ਰਸੋਈ ਵਿਚੋਂ ਤੁਰ ਗਈ। ਮੈਨੂੰ ਆਪਣੀ ਬੇਸਮਝੀ ਤੇ ਬੇਵਕੂਫ਼ੀ 'ਤੇ ਬੜਾ ਗੁੱਸਾ ਆਇਆ, ਪਰ ਨਾਲ ਹੀ ਦਿਲ ਨੂੰ ਕੁਝ ਢਾਰਸ ਵੀ ਬੱਝੀ, ਚਲੋ ਉਸ ਨੇ ਮੇਰੇ ਨਾਲ ਜ਼ੁਬਾਨ ਤੇ ਸਾਂਝੀ ਕੀਤੀ!

ਦੁੱਧ ਚਿੱਟੀ ਚਾਨਣੀ ਰਾਤ ਸੀ। ਹਵਾ ਬਿਲਕੁਲ ਬੰਦ ਹੋਣ ਕਰ ਕੇ ਵਿਹੜੇ ਵਿਚਲਾ ਤੂਤ ਵਰਗਾ ਰੁੱਖ ਕਿਸੇ ਬੁੱਢੇ ਬੋਹੜ ਵਾਂਗ ਖਲੋਤਾ ਸੀ। ਉਹਦੀ ਸੰਘਣੀ ਛਾਂ ਥੱਲੇ ਬੰਦਾ ਖਲੋਤਾ ਨਹੀਂ ਸੀ ਦਿਸਦਾ। ਮੇਰੇ ਅੰਦਰ ਅਜੀਬ ਜਿਹੀ ਬੇਚੈਨੀ ਸੀ। ਪਰਦਾ ਹਟਾ ਕੇ ਕਦੇ ਮੈਂ ਬਾਹਰ ਵੱਲ ਝਾਕਦਾ ਤਾਂ ਗਲੀ ਦਾ ਸੁੰਨਾਪਨ ਮੇਰੀ ਇਸ ਬੇਚੈਨੀ ਨੂੰ ਹੋਰ ਵੀ ਤਿੱਖਿਆਂ ਕਰਦਾ। ਕਦੇ ਸੋਚਦਾ ਕਿ ਹੁਣੇ ਜਾ ਕੇ ਕਮਲੀ ਦਾ ਬੂਹਾ ਖੜਕਾਵਾਂ ਤੇ ਉਸ ਨੂੰ ਸਾਰੀ ਗੱਲ ਪੁੱਛਾਂ ਜਿਹੜੀ ਮੇਰੇ ਅੰਦਰ ਉਸਲਵੱਟੇ ਲੈ ਰਹੀ ਸੀ, ਪਰ ਕਿਤੇ ਗਲ ਈ ਨਾ ਪੈ ਜਾਵੇ, ਇਸ ਡਰੋਂ ਫਿਰ ਮੰਜੇ ਉਤੇ ਟੇਢਾ ਹੋ ਜਾਂਦਾ। ਇਨ੍ਹਾਂ ਸੋਚਾਂ ਵਿਚ ਹੀ ਪਤਾ ਨਹੀਂ ਕਦੋਂ ਮੈਂ ਉਸ ਦਾ ਬੂਹਾ ਜਾ ਠਕੋਰਿਆ। ਜਿਵੇਂ ਉਹ ਪਹਿਲਾਂ ਹੀ ਮੈਨੂੰ ਉਡੀਕ ਰਹੀ ਹੋਵੇ, ਉਸ ਨੇ ਝੱਟ ਬੂਹਾ ਖੋਲ੍ਹ ਦਿੱਤਾ। ਮੂੰਹ ਉਤੇ ਉਂਗਲ ਰੱਖ ਕੇ ਚੁੱਪ ਰਹਿਣ ਦਾ ਇਸ਼ਾਰਾ ਕਰਦਿਆਂ ਉਸ ਨੇ ਪੌੜੀਆਂ ਉਤਰਨੀਆਂ ਸ਼ੁਰੂ ਕਰ ਦਿੱਤੀਆਂ। ਮੈਂ ਵੀ ਪਿੱਛੇ ਪਿੱਛੇ ਹੋ ਗਿਆ।

ਅਸੀਂ ਚੁੱਪ-ਚੁਪੀਤੇ ਤੂਤ ਦੇ ਰੁੱਖ ਥੱਲੇ ਜਾ ਖਲੋਤੇ। ਚੁੱਪ ਤੋੜਦਿਆਂ ਉਸ ਨੇ ਬੜੀ ਨਿੰਮੀ ਜਿਹੀ ਆਵਾਜ਼ ਵਿਚ ਕਿਹਾ, "ਮੈਨੂੰ ਪਤਾ ਸੀ ਤੁਸੀਂ ਅੱਜ ਜ਼ਰੂਰ ਆਵੋਗੇ। ਮੈਂ ਇਸੇ ਕਰ ਕੇ ਅੰਦਰੋਂ ਕੁੰਡਾ ਨਹੀਂ ਸੀ ਲਾਇਆ, ਤਾਂ ਕਿ ਕੁੰਡ ਖੋਲ੍ਹਣ ਨਾਲ ਮੈਗੀ ਨਾ ਜਾਗ ਜਾਵੇ।"

ਮੈਨੂੰ ਫਿਰ ਦੰਦਲ ਪੈ ਗਈ, "ਮੈਂ ਤੁਹਾਨੂੰ ਪੁੱਛਣਾ ਚਾਹੁੰਨਾਂ...।"

"ਕਿ ਮੈਂ ਕਿਸੇ ਨਾਲ ਬੋਲਦੀ ਕਿਉਂ ਨਹੀਂ, ਇਹੋ ਈ ਨਾ?" ਉਸ ਨੇ ਮੇਰਾ ਵਾਕ ਆਪ ਹੀ ਪੂਰਾ ਕਰ ਦਿੱਤਾ। ਮੈਂ 'ਹਾਂ' ਵਿਚ ਸਿਰ ਹਿਲਾਇਆ ਤਾਂ ਉਸ ਨੇ ਪਹਿਲਾਂ ਲੰਮਾ ਹਉਕਾ ਲਿਆ, ਤੇ ਫਿਰ ਤੂਤ ਦੇ ਬੂਟੇ ਨਾਲ ਢਾਸਣਾ ਲਾ ਕੇ ਖਲੋ ਗਈ। ਮੈਂ ਵੀ ਬਿਲਕੁਲ ਉਹਦੇ ਨਾਲ ਜਾ ਖਲੋਤਾ, ਇੰਨਾ ਨੇੜੇ ਕਿ ਉਹਦੇ ਤੱਤੇ ਤੱਤੇ ਸਾਹ ਮੇਰੇ ਸਾਹਾਂ ਨਾਲ ਰਲ ਰਹੇ ਸਨ। ਤੂਤ ਦੀ ਸੰਘਣੀ ਛਾਂ ਵਿਚ ਵੀ ਮੈਂ ਉਹਦੀਆਂ ਮੋਟੀਆਂ ਮੋਟੀਆਂ ਅੱਖਾਂ ਆਪਣੇ ਵੱਲ ਤੱਕਦੀਆਂ ਵੇਖ ਰਿਹਾ ਸਾਂ।

"ਤੁਸੀਂ ਸਾਡੇ ਲੋਕਾਂ ਨੂੰ ਨਫ਼ਰਤ ਕਰਦੇ ਹੋ?"

"ਨਹੀਂ।"

"ਫਿਰ ਤੁਸੀਂ ਘਰ ਵਿਚ ਕਿਸੇ ਨਾਲ ਬੋਲਦੇ ਕਿਉਂ ਨਹੀਂ, ਤੁਹਾਨੂੰ ਕਦੇ ਕਿਸੇ ਨੇ ਕੋਈ ਦੁੱਖ ਪਹੁੰਚਾਇਆ ਏ?"

"ਮਿਸਟਰ ਸਿੰਘ", ਉਸ ਨੇ ਬੜੀ ਮੱਧਮ, ਪਰ ਸਾਫ਼ ਆਵਾਜ਼ ਵਿਚ ਆਖਣਾ ਸ਼ੁਰੂ ਕੀਤਾ, "ਮੈਂ ਤੁਹਾਡੇ ਕਹਿਣ 'ਤੇ ਪਤਾ ਨਹੀਂ ਕਿਉਂ ਬਾਹਰ ਆ ਗਈ, ਪਰ ਤੁਹਾਡਾ ਤਰਲਾ ਕਰਦੀ ਹਾਂ ਕਿ ਤੁਸੀਂ ਮੇਰੇ ਜ਼ਖ਼ਮਾਂ ਨੂੰ ਹੋਰ ਨਾ ਉਧੇੜੋ।"

"ਮੈਂ ਤੁਹਾਡੇ ਦੁੱਖ ਦਾ ਸਾਂਝੀ ਬਣਨਾ ਚਾਹੁੰਨਾਂ, ਤੇ ਇਹ ਸਾਂਝ ਤਦ ਹੀ ਪੈ ਸਕਦੀ ਏ, ਜੇ ਤੁਸੀਂ ਮੈਨੂੰ ਆਪਣੇ ਅੰਦਰ ਝਾਤੀ ਪਾਉਣ ਦਿਓ।" ਨਾਂ ਪਤਾ ਨਾ ਹੋਣ ਕਰ ਕੇ ਮੈਂ ਉਸ ਨੂੰ 'ਤੁਸੀਂ' ਕਹਿ ਕੇ ਹੀ ਸੰਬੋਧਨ ਕਰਦਾ।

"ਅੱਗੇ ਵੀ ਕਿਸੇ ਨੇ ਇਸੇ ਤਰ੍ਹਾਂ ਮੇਰੀ ਜ਼ਿੰਦਗੀ ਦਾ ਸਾਂਝੀਵਾਲ ਹੋਣ ਦਾ ਇਕਰਾਰ ਕੀਤਾ ਸੀ, ਤੇ ਇਹ ਉਸੇ ਸਾਂਝੀਵਾਲਤਾ ਦਾ ਹੀ ਸਿੱਟਾ ਏ ਜਿਹੜਾ ਮੈਂ ਅੱਜ ਤੱਕ ਭੋਗ ਰਹੀ ਹਾਂ।" ਤੇ ਇਸ ਪਿੱਛੋਂ ਉਸ ਨੇ ਬੜੇ ਵਿਸਥਾਰ ਨਾਲ ਆਪਣੀ ਤੇ ਬਲਬੀਰ ਦੀ ਕਹਾਣੀ ਸੁਣਾਈ।

ਉਹਦੇ ਵਿਚ ਪਤਾ ਨਹੀਂ ਕਿਹੋ ਜਿਹੀ ਖਿੱਚ ਸੀ। ਹਨੇਰੇ ਸਵੇਰੇ ਜਦ ਕਦੇ ਵੀ ਉਹ ਮੈਨੂੰ ਪੌੜੀਆਂ ਜਾਂ ਰਸੋਈ ਵਿਚ ਮਿਲ ਜਾਂਦਾ, ਮੇਰਾ ਜੀਅ ਕਰਦਾ ਕਿ ਮੈਂ ਭੱਜ ਕੇ ਉਹਦੇ ਨਾਲ ਚੰਬੜ ਜਾਵਾਂ। ਡਰਦੀ ਵੀ ਸਾਂ ਪਰ ਮਨ ਅੱਥਰਾ ਫਿਰ ਵੀ ਕਾਬੂ ਵਿਚ ਨਾ ਰਹਿੰਦਾ। ਉਹ ਪੱਗ ਬੜੀ ਸੋਹਣੀ ਬੰਨ੍ਹਦਾ ਸੀ ਤੇ ਜੀਅ ਕਰਦਾ, ਮੈਂ ਉਹਨੂੰ ਪੱਗ ਬੰਨ੍ਹਦੇ ਨੂੰ ਵੇਖਾਂ। ਖੁੱਲ੍ਹੀ ਦਾੜ੍ਹੀ ਨਾਲ ਉਹ ਕੋਈ ਹਿੰਦੁਸਤਾਨੀ ਰਾਜਾ ਲੱਗਦਾ। ਬਾਹਰ ਵੀ ਜਦ ਕਦੇ ਮੈਂ ਕਿਸੇ ਪੱਗ ਵਾਲੇ ਨੂੰ ਵੇਖਦੀ, ਮੈਨੂੰ ਭੁਲੇਖਾ ਪੈਂਦਾ...ਉਹ ਬਲਬੀਰ ਹੀ ਏ, ਤੇ ਭੱਜ ਕੇ ਉਹਦੇ ਨਾਲ ਜਾ ਰਲਦੀ, ਪਰ ਬਹੁਤੀ ਵਾਰੀ ਕੋਈ ਹੋਰ ਹੀ ਹੁੰਦਾ। ਮੈਨੂੰ ਪਿੱਛੋਂ ਪੱਗ ਦੀ ਪਛਾਣ ਨਾ ਕਰਨੀ ਆਉਂਦੀ। ਇਕ ਦਿਨ ਮੈਨੂੰ ਪਤਾ ਨਹੀਂ ਕੀ ਝੱਲ ਕੁਦਿਆ...ਅੱਧੀ ਰਾਤੀਂ ਉਸ ਦਾ ਜਾ ਬੂਹਾ ਖੜਕਾਇਆ। ਉਸ ਵੇਲੇ ਮੈਨੂੰ ਆਪਣੇ ਕਮਰੇ ਵਿਚ ਵੇਖ ਕੇ ਪਹਿਲਾਂ ਤਾਂ ਉਹ ਬਹੁਤ ਹੈਰਾਨ ਹੋਇਆ, ਪਰ ਜਦ ਮੈਂ ਬਿਨਾਂ ਕਿਸੇ ਝਿਜਕ ਉਸ ਦੀ ਮੰਜੀ ਉਤੇ ਜਾ ਬੈਠੀ ਤਾਂ ਉਸ ਦੇ ਚਿਹਰੇ ਉਤੇ ਪਹਿਲਾਂ ਵਰਗੀ ਹੈਰਾਨੀ ਨਾ ਰਹੀ। ਉਹਦੇ ਕਮਰੇ ਦੀ ਹਰ ਸ਼ੈਅ ਮੈਨੂੰ ਆਪਣੀ ਆਪਣੀ ਲੱਗੀ। ਮੈਂ ਉਸ ਦੇ ਹੋਰ ਨੇੜੇ ਹੋਈ ਤਾਂ ਉਹ ਮੈਥੋਂ ਪਰ੍ਹਾਂ ਨਹੀਂ ਸਰਕਿਆ, ਤੇ ਫਿਰ ਪਤਾ ਨਹੀਂ ਕਿਹੜੇ ਵੇਲੇ ਮੇਰੀਆਂ ਦੋਵੇਂ ਬਾਹਾਂ ਉਹਦੇ ਗਲ ਨੂੰ ਜਾ ਚੰਬੜੀਆਂ। ਮੇਰੀ ਸੋਚ ਦੇ ਉਲਟ ਉਸ ਨੇ ਮੇਰੀਆਂ ਦੋਵੇਂ ਬਾਹਾਂ ਸਵੀਕਾਰ ਕਰ ਲਈਆਂ, ਤੇ ਫਿਰ ਮੈਂ ਉਸ ਨੂੰ ਹਰ ਰਾਤ ਮਿਲਣਾ ਸ਼ੁਰੂ ਕਰ ਦਿੱਤਾ। ਪੂਰੇ ਨੌਂ ਮਹੀਨਿਆਂ ਬਾਅਦ ਮੇਰੇ ਘਰ ਮੈਗੀ ਨੇ ਜਨਮ ਲਿਆ। ਮੈਂ ਬੜੀ ਖੁਸ਼ ਸਾਂ ਕਿ ਉਹ ਬਲਬੀਰ ਦੀ ਮੈਗੀ ਸੀ, ਮੈਗੀ ਨੂੰ ਪਾ ਕੇ ਉਹ ਵੀ ਬੜਾ ਖੁਸ਼ ਸੀ।

ਇਸ ਤੋਂ ਅੱਗੇ ਉਸ ਕਮਲੀ ਦੀ ਆਵਾਜ਼ ਘੱਗੀ ਹੋ ਗਈ ਤੇ ਅੱਥਰੂ ਕਿਸੇ ਝਰਨੇ ਵਾਂਗ ਵਹਿ ਤੁਰੇ। ਮੈਂ ਆਪਣੇ ਰੁਮਾਲ ਨਾਲ ਉਸ ਦੀਆਂ ਅੱਖਾਂ ਪੂੰਝੀਆਂ। ਕੰਬਦੀ ਆਵਾਜ਼ ਵਿਚ ਉਸ ਨੇ ਆਪਣੀ ਗੱਲ ਮੁਕਾਈ।

ਆਪਣੀ ਗੱਲ ਜਾਰੀ ਰਖਦਿਆਂ ਉਸ ਕਿਹਾ, ਇਕ ਦਿਨ ਅਚਾਨਕ ਹੀ ਭਾਰਤ ਤੋਂ ਬਲਬੀਰ ਦੀ ਘਰਵਾਲੀ ਆ ਗਈ। ਦੋ ਉਸ ਦੇ ਬੱਚੇ ਸਨ, ਪਰ ਮੈਂ ਬਲਬੀਰ ਨੂੰ ਇਸ ਦਾ ਕੋਈ ਦੋਸ਼ ਨਾ ਦਿੱਤਾ, ਕਿਉਂਕਿ ਉਹਦੇ ਵਿਆਹ ਬਾਰੇ ਮੈਂ ਕਦੇ ਉਸ ਨੂੰ ਪੁੱਛਿਆ ਹੀ ਨਹੀਂ ਸੀ। ਮੈਂ ਤੇ ਸਿਰਫ਼ ਉਸ ਨੂੰ ਪਿਆਰ ਕਰਦੀ ਸਾਂ, ਤੇ ਹੁਣ ਵੀ ਕਰਦੀ ਹਾਂ। ਇਹ ਮੈਗੀ ਮੇਰੇ ਪਿਆਰ ਦੀ ਨਿਸ਼ਾਨੀ ਏ। ਮੈਨੂੰ ਹੁਣ ਵੀ ਕੋਈ ਪਛਤਾਵਾ ਨਹੀਂ।

ਉਸੇ ਹਫ਼ਤੇ ਬਲਬੀਰ ਆਪਣੇ ਬੱਚਿਆਂ ਸਮੇਤ ਕਿਤੇ ਦੂਰ ਚਲਾ ਗਿਆ। ਉਸ ਦੀ ਇਸ ਨਿੱਕੀ ਜਿਹੀ ਨਿਸ਼ਾਨੀ ਨੂੰ ਲੈ ਕੇ ਮੈਂ ਆਪਣੇ ਦਿਨ ਲੰਘਾ ਰਹੀ ਹਾਂ। ਕਈ ਵਾਰੀ ਦਿਲ ਕੀਤਾ ਕਿ ਇਥੋਂ ਕਿਤੇ ਦੂਰ ਚਲੀ ਜਾਵਾਂ, ਪਰ ਜਦੋਂ ਇਰਾਦਾ ਕਰਦੀ ਹਾਂ, ਮੇਰੇ ਵਾਸਤੇ ਇਹ ਘਰ ਛੱਡਣਾ ਔਖਾ ਹੋ ਜਾਂਦਾ ਏ। ਇਸ ਘਰ ਵਿਚ ਮੈਂ ਅਜੇ ਵੀ ਬਲਬੀਰ ਦੀ ਹੋਂਦ ਨੂੰ ਉਸੇ ਤਰ੍ਹਾਂ ਅਨੁਭਵ ਕਰਦੀ ਹਾਂ। ਇਸ ਘਰ ਨਾਲ ਮੇਰੀਆਂ ਇੰਨੀਆਂ ਯਾਦਾਂ ਨੇ ਕਿ ਹੁਣ ਮੇਰੇ ਲਈ ਇਹ ਘਰ ਛੱਡਣਾ ਔਖਾ ਹੋ ਗਿਆ ਏ। ਮੈਂ ਤੁਹਾਡੇ ਲੋਕਾਂ ਨੂੰ ਨਫ਼ਰਤ ਨਹੀਂ ਕਰਦੀ ਪਰ ਮੈਂ ਇਹ ਵੀ ਨਹੀਂ ਚਾਹੁੰਦੀ ਕਿ ਹੁਣ ਕੋਈ ਹੋਰ ਬਲਬੀਰ ਮੇਰੀ ਜ਼ਿੰਦਗੀ ਦਾ ਸਾਂਝੀਵਾਲ ਬਣੇ। ਇਸੇ ਕਰ ਕੇ ਮੈਂ ਕਦੇ ਕਿਸੇ ਨੂੰ ਆਪਣਾ ਮੂੰਹ ਨਹੀਂ ਵਿਖਾਉਂਦੀ, ਤੇ ਨਾ ਹੀ ਕਿਸੇ ਦਾ ਵੇਖਦੀ ਹਾਂ।

ਥੋੜ੍ਹੀ ਜਿਹੀ ਠੰਢ ਹੋਣ ਕਰ ਕੇ ਮੈਂ ਬੂਟੇ ਦੇ ਮੁੱਢ ਨਾਲ ਲੱਗਾ ਹੋਇਆ ਸਾਂ, ਤੇ ਉਹ ਕਮਲੀ ਮੇਰੀਆਂ ਬਾਹਾਂ ਵਿਚ ਜਕੜੀ ਹੋਈ ਸੀ।

ਗੱਲ ਸੁਣਦਿਆਂ ਮੈਂ ਕਈ ਵਾਰ ਉਹਦਾ ਮੱਥਾ ਚੁੰਮਿਆ, ਤੇ ਜਦ ਉਹ ਸੁਣਾ ਚੁੱਕੀ ਤਾਂ ਮੈਂ ਉਹਦੇ ਬੁੱਲ੍ਹ ਵੀ ਚੁੰਮਣੇ ਚਾਹੇ, ਪਰ ਮੂੰਹ ਲਾਗੇ ਜਾਣ 'ਤੇ ਉਸ ਨੇ ਆਪਣਾ ਮੂੰਹ ਪਰ੍ਹੇ ਕਰ ਲਿਆ, "ਨਹੀਂ ਇਹ ਤੁਸੀਂ ਨਾ ਕਰੋ, ਮੈਂ ਇਕ ਵਾਰ ਬਲਬੀਰ ਨੂੰ ਕਿਹਾ ਸੀ ਕਿ ਮੈਂ ਉਸ ਦੇ ਬੁੱਲ੍ਹਾਂ ਤੋਂ ਬਗੈਰ ਕਦੇ ਕਿਸੇ ਹੋਰ ਦੇ ਬੁੱਲ੍ਹ ਨਹੀਂ ਚੁੰਮਾਂਗੀ। ਇਸੇ ਕਰ ਕੇ ਮੈਂ ਕਦੇ ਮੈਗੀ ਨੂੰ ਵੀ ਬੁੱਲ੍ਹਾਂ ਤੋਂ ਨਹੀਂ ਚੁੰਮਿਆ।" ਉਹਦੇ ਅੱਥਰੂਆਂ ਨਾਲ ਹਿੱਕ ਤੋਂ ਮੇਰੀ ਕਮੀਜ਼ ਨੁੱਚੜ ਚੁੱਕੀ ਸੀ। ਬਿਨਾਂ ਕੁਝ ਹੋਰ ਆਖਿਆਂ ਜਾਂ ਪੁੱਛਿਆਂ ਮੈਂ ਆਪਣੀਆਂ ਬਾਹਾਂ ਦਾ ਆਸਰਾ ਦੇ ਕੇ ਉਹਨੂੰ ਕਮਰੇ ਤੱਕ ਲੈ ਆਇਆ ਤੇ ਬਿਨਾਂ ਕੁਝ ਆਖਿਆਂ ਆਪਣੇ ਮੰਜੇ 'ਤੇ ਜਾ ਲੇਟਿਆ।

ਮਨ ਦੀ ਇਸ ਬੇਚੈਨੀ ਵਿਚ ਰਾਤ ਦਾ ਬਾਕੀ ਹਿੱਸਾ ਉਸਲਵੱਟੇ ਲੈਂਦਿਆਂ ਲੰਘ ਗਿਆ। ਤੜਕੇ ਜਾ ਕੇ ਕਿਤੇ ਅਜੇ ਅੱਖ ਲੱਗੀ ਹੀ ਸੀ ਕਿ ਜੈਲੇ ਨੇ ਆਣ ਬੂਹਾ ਖੜਕਾਇਆ, "ਓਏ ਵੱਡਿਆ ਆਸ਼ਕਾ! ਉਹ ਤੇਰੀ ਕੁਝ ਲੱਗਦੀ ਕਮਲੀ ਰਾਤੋ ਰਾਤ ਪਤਾ ਨਹੀਂ ਕਿੱਥੇ ਚਲੀ ਗਈ। ਮੇਰਾ ਪਿਛਲੇ ਹਫ਼ਤੇ ਦਾ ਕਿਰਾਇਆ ਵੀ ਨਹੀਂ ਦੇ ਕੇ ਗਈ।"

# ਪਿੰਡ ਅਤੇ ਪਿੰਡ ਦੇ ਰਿਆੜ

*(ਪਿਛਲੇ ਸਫੇ ਦੀ ਬਾਕੀ)*

ਆਉਣ ਦੀ ਇਜਾਜ਼ਤ ਨਹੀਂ ਸੀ। ਜ਼ਮੀਨ 'ਤੇ ਦੁਬਾਰਾ ਕਬਜ਼ਾ ਕਰ ਲਿਆ ਗਿਆ ਸੀ। ਅੱਗੋਂ ਪੜ੍ਹਾਈ ਜਾਰੀ ਰੱਖਣੀ ਸੀ। ਮੇਰੇ ਨਾਂਹ ਕਰਦਿਆਂ ਵੀ ਪਿੰਡ ਵਾਲਿਆਂ ਸਰਬਸੰਮਤੀ ਨਾਲ ਮੈਨੂੰ ਸਰਪੰਚ ਚੁਣ ਲਿਆ। ਉਪਰੋਂ ਅੰਦਰਖਾਤੇ ਅਕਾਲੀਆਂ ਤੇ ਜਨਤਾ ਪਾਰਟੀ ਵਲੋਂ ਜਲੰਧਰ ਛਾਉਣੀ ਤੋਂ ਅਗਲੇਰਾ ਉਮੀਦਵਾਰ ਬਣਾਉਣ ਦਾ ਲਾਲਚ ਵੀ ਦਿੱਤਾ ਗਿਆ। ਮੇਰੇ ਚੁਣੇ ਜਾਣ ਤੋਂ ਬਾਅਦ ਅਗਲੇ ਦਿਨ ਗੁਆਂਢੀ ਪਿੰਡ ਰਾਏਪੁਰ ਵਾਲਿਆਂ ਵੀ ਮੇਰੇ ਆੜੀ ਪਰਮਜੀਤ ਸਿੰਘ ਰਾਏਪੁਰ ਨੂੰ ਸਰਪੰਚ ਚੁਣ ਲਿਆ। ਅਸੀਂ ਦੋਵੇਂ ਪੰਜਾਬ ਦੇ ਸਭ ਤੋਂ ਛੋਟੀ ਉਮਰ ਦੇ ਸਰਪੰਚ ਬਣੇ ਸਾਂ। ਸਾਡੇ ਪਿੰਡ ਵੇਈਂ ਕੰਢੇ 'ਬਾਬਾ ਦੇਸਰ' ਦੀ ਜਗ੍ਹਾ 'ਤੇ ਵਿਸਾਖੀ ਦਾ ਮੇਲਾ ਲਗਦਾ ਜਿਥੇ ਆਲੇ-ਦੁਆਲੇ ਦੇ 15-20 ਪਿੰਡਾਂ ਦੇ ਲੋਕ ਆਉਂਦੇ। ਜਲੰਧਰ ਛਾਉਣੀ ਦੇ ਦੁਕਾਨਦਾਰ ਆਪਣੀਆਂ ਦੁਕਾਨਾਂ ਲਾਉਂਦੇ। ਸ਼ਾਮ ਨੂੰ ਛਿੰਝ ਪੈਂਦੀ। ਕੋਈ ਗੜਬੜ ਨਾ ਹੋਵੇ, ਪੰਚਾਇਤ ਵਲੋਂ ਪੁਲਿਸ ਵੀ ਬੁਲਾਈ ਜਾਂਦੀ। ਵਰ੍ਹਿਆਂ ਤੋਂ ਪੁਲਿਸ ਵਾਲੇ ਸ਼ਾਮ ਨੂੰ ਦੁਕਾਨਦਾਰਾਂ ਤੋਂ ਜਬਰੀ ਉਗਰਾਹੀ ਕਰਨ ਆਉਂਦੇ। ਅਸੀਂ ਪਹਿਲੀ ਵੇਰ ਇਹ ਧੱਕਾ ਬੰਦ ਕਰਵਾ ਕੇ ਸੈਂਕੜੇ ਦੁਕਾਨਦਾਰਾਂ ਨੂੰ ਸੁੱਖ ਦਾ ਸਾਹ ਦੁਆਇਆ ਜਿਸ ਦਾ ਇਲਾਕੇ ਭਰ ਵਿਚ ਬਹੁਤ ਚਰਚਾ ਹੋਇਆ। ਪਰਮਜੀਤ ਸਿੰਘ ਰਾਏਪੁਰ ਦੀ ਹਿੰਮਤ ਨਾਲ ਚਾਚੋਵਾਲ ਵੀ ਪੱਕੀ ਸੜਕ ਨਾਲ ਜੋੜ ਦਿੱਤਾ ਗਿਆ। ਹੋਰ ਵੀ ਬਹੁਤ ਸਾਰੇ ਫੈਸਲੇ ਸਨ, ਜਿਸ ਕਰ ਕੇ ਪੁਰਾਣੀ ਕਹਾਵਤ ਕਿ 'ਚਾਚੋਵਾਲ ਨੂੰ ਰਾਹ ਨਹੀਂ ਤੇ ਫਰੋਲੇ 'ਚ ਨਿਆਂ ਨਹੀਂ' ਅਸੀਂ ਝੂਠੀ ਕਰ ਦਿਖਾਈ।

ਯਾਦ ਹੈ, ਜਦੋਂ ਮੈਂ ਸਰਪੰਚੀ ਕਰਦਿਆਂ ਹੀ 1980 ਵਿਚ ਖਾਲਸਾ ਕਾਲਜ ਜਲੰਧਰ ਪੰਜਾਬੀ ਦੀ ਐਮ.ਏ. ਵਿਚ ਦਾਖਲਾ ਲਿਆ ਤਾਂ ਲੋਕੀਂ ਆਪਣੀਆਂ ਅਰਜ਼ੀਆਂ ਤਸਦੀਕ ਕਰਵਾਉਣ ਲਈ ਮੇਰੇ ਪੀਰੀਅਡ ਖਤਮ ਹੋਣ ਦੀ ਬਾਹਰ ਲਾਅਨ ਵਿਚ ਬਹਿ ਕੇ ਉਡੀਕ ਕਰਿਆ ਕਰਦੇ ਸਨ।

ਗਿਆਨ ਦੇ ਮੁੰਡੇ ਸਮਝਦਾਰ ਨਿਕਲੇ। ਇਕ ਨੂੰਹ ਪਿੰਡ ਦੀ ਸਰਪੰਚ ਵੀ ਬਣੀ। ਗਿੰਦੋ ਦੇ ਮੁੰਡਿਆਂ ਦੇ ਬੋਸਟਨ ਵਿਚ ਪੀਜ਼ਾ ਸਟੋਰ ਹਨ। ਨਰਿੰਦਰ ਰਿਆੜ ਇੰਗਲੈਂਡ ਵਿਚ ਅੱਜ ਵੀ ਅਗਾਂਹਵਧੂ ਸਰਗਰਮੀਆਂ ਵਿਚ ਹਿੱਸਾ ਲੈਂਦਾ ਹੈ। ਬੰਤਾ ਸਿੰਘ ਦੇ ਪੋਤਰੇ ਪਿੰਡ ਵਿਚ ਹੀ ਗੁਜ਼ਾਰਾ ਕਰਦੇ ਹਨ। ਚਾਨਣ ਸਿੰਘ ਦੀਆਂ ਦੋ ਧੀਆਂ ਹੀ ਸਨ, ਜੋ ਆਪਣੇ ਸਹੁਰੇ ਘਰੀਂ ਸੁੱਖੀ ਵਸਦੀਆਂ ਹਨ। ਲਛਮਣ ਸਿੰਘ, ਜਿਸ ਦਾ ਜ਼ਿਕਰ ਨਹੀਂ ਹੋਇਆ, ਉਸ ਦੇ ਪੁੱਤ ਪੋਤੇ ਵੀ ਇੰਗਲੈਂਡ ਹੀ ਰਹਿੰਦੇ ਹਨ। ਰਤਨ ਸਿੰਘ ਦਾ ਪਰਿਵਾਰ ਵੀ ਖੇਰੂੰ-ਖੇਰੂੰ ਹੋ ਗਿਆ।

# ਰੱਟੇਬਾਜ਼ ਜ਼ਿੰਦਾਬਾਦ

ਤੁਸੀਂ ਵੀ ਅਧਿਆਪਕਾਂ ਦੀ ਹਦਾਇਤ ਸੁਣੀ ਹੋਵੇਗੀ, ਮੈਂ ਵੀ ਸੁਣਦਾ ਰਿਹਾਂ ਕਿ ਰੱਟੇ ਨਾ ਮਾਰੋ, ਸਮਝ ਕੇ ਪਾਠ ਯਾਦ ਕਰੋ। ਇਹ ਗੱਲ ਸੁਣਨ ਸੁਣਾਉਣ ਲਈ ਆਸਾਨ ਹੈ, ਕਈਆਂ ਨੂੰ ਠੀਕ ਲੱਗਦੀ ਹੋਵੇਗੀ। ਮੈਨੂੰ ਨਾ ਸਕੂਲ ਵਿਚ ਇਹ ਸਲਾਹ ਸਹੀ ਲੱਗੀ, ਨਾ ਯੂਨੀਵਰਸਿਟੀ ਵਿਚ; ਤੇ ਨਾ ਹੀ ਅਧਿਆਪਕ ਲੱਗਣ ਪਿੱਛੋਂ। ਮੈਂ ਆਪਣੇ ਵਿਦਿਆਰਥੀਆਂ ਨੂੰ ਕਦੀ ਰੱਟੇ ਮਾਰਨੋਂ ਨਹੀਂ ਵਰਜਿਆ।

ਪ੍ਰਾਇਮਰੀ ਜਮਾਤਾਂ ਵਿਚ ਬੱਚਿਆਂ ਨੂੰ ਬਹੁਤੀਆਂ ਗੱਲਾਂ ਦੀ ਸਮਝ ਨਹੀਂ ਹੁੰਦੀ। ਊੜੇ ਨੂੰ ਊੜਾ ਅਤੇ ਕੱਕੇ ਨੂੰ ਕੱਕਾ ਕਿਉਂ ਕਿਹਾ ਜਾਂਦਾ ਹੈ ਤੇ ਜੋ ਇਨ੍ਹਾਂ ਅੱਖਰਾਂ ਦੀਆਂ ਸ਼ਕਲਾਂ ਸਾਨੂੰ ਸਿੱਖਾਈਆਂ ਗਈਆਂ, ਉਹੀ ਸ਼ਕਲਾਂ ਕਿਉਂ ਠੀਕ ਹਨ? ਇਸ ਦਾ ਉਤਰ ਇਹ ਹੈ ਕਿ ਸਾਨੂੰ ਦੱਸਿਆ ਗਿਆ



**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਸੀ, ਊੜੇ ਦੀ ਸ਼ਕਲ ਇਹ ਹੈ, ਇਹੋ ਸ਼ਕਲ ਵਾਹੁਣੀ ਹੈ ਤੇ ਵਾਹੀ ਗਈ ਇਹ ਸ਼ਕਲ ਦੇਖੋ ਤਾਂ ਸਮਝ ਜਾਓ ਕਿ ਇਹ ਊੜਾ ਹੈ। ਪਾਠਕ ਕਿਰਪਾ ਕਰ ਕੇ ਇਹ ਦੱਸਣ ਕਿ ਇਥੇ ਸਮਝਣ ਵਾਲੀ ਕਿਹੜੀ ਰਮਜ਼ ਹੈ?

ਗੁਰਮਤਿ ਸਾਹਿਤ ਦਾ ਨਿਸ਼ਾਨ ਹੈ ੴ, ਜਿਸ ਬੰਦੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਹੈ ਪਰ ਗੁਰਮਤਿ ਦੀ ਜਾਣਕਾਰੀ ਨਹੀਂ, ਉਸ ਨੂੰ ਜਦੋਂ ਕਹਾਂਗੇ ਦੱਸੋ ਇਹ ਕੀ ਲਿਖਿਆ ਹੈ, ਉਹ ਉਤਰ ਦੇਵੇਗਾ-ਇਹ ਇਕ ਊੜਾ ਲਿਖਿਆ ਹੋਇਆ ਹੈ। ਸਾਨੂੰ ਵੱਡਿਆਂ ਨੇ ਦੱਸਿਆ ਸੀ ਕਿ ਜਿਥੇ ਇਸ ਤਰ੍ਹਾਂ ਦਾ ਏਕਾ ਅਤੇ ਓ ਲਿਖਿਆ ਹੋਵੇ ਉਸ ਨੂੰ ਏਕੋਂਕਾਰ ਪੜ੍ਹਨਾ ਹੈ। ਪਾਠਕਾਂ ਨੂੰ ਇਹ ਵੀ ਦੱਸ ਦੇਈਏ ਕਿ ਏਕੋਂਕਾਰ ਦਾ ਕਿਸੇ ਦੂਜੀ ਭਾਸ਼ਾ ਵਿਚ ਅਨੁਵਾਦ ਨਹੀਂ ਹੁੰਦਾ, 'ਏਕੋਂਕਾਰ' ਸ਼ਬਦ ਦਾ ਅਨੁਵਾਦ ਹੋ ਸਕਦਾ ਹੈ, ਅਰਥ ਹੋ ਸਕਦਾ ਹੈ, ਨਿਸ਼ਾਨ ਕੇਵਲ ਪਛਾਣਿਆ ਜਾਂਦਾ ਹੈ, ਤੇ ਉਸ ਨੂੰ ਅਰਥ ਦੀ ਮੁਥਾਜੀ ਨਹੀਂ। ਸੰਸਾਰ ਦੀਆਂ ਸਭ ਲਿਪੀਆਂ ਅਤੇ ਵਿਆਕਰਨ ਨੂੰ ਰੱਟੇ ਲਾਏ ਜਾਂਦੇ ਹਨ।

ਦੋ ਇਤਿਹਾਸਿਕ ਵਰ੍ਹੇ ਹਨ 1469 ਅਤੇ 1539, ਇਨ੍ਹਾਂ ਦੋ ਸਾਲਾਂ ਨੂੰ ਰੱਟਾ ਲਾਉਣਾ ਪਵੇਗਾ ਤੇ ਨਾਲੇ ਇਹ ਵੀ ਰਟਣਾ ਪਵੇਗਾ ਕਿ ਇਹ ਸਾਲ ਗੁਰੂ ਨਾਨਕ ਦੇਵ ਨਾਲ ਸਬੰਧਤ ਹਨ। ਸਕੂਲ ਦਾ ਜਿਹੜਾ ਵਿਦਿਆਰਥੀ ਗੁਰੂ ਗੋਬਿੰਦ ਸਿੰਘ ਦੀ ਜੀਵਨੀ ਲਿਖ ਰਿਹਾ ਹੈ, ਜੇ ਉਸ ਨੇ ਦਸਮ ਪਾਤਸ਼ਾਹ ਦਾ ਪ੍ਰਕਾਸ਼ 1469 ਤੇ ਜੋਤੀ ਜੋਤ 1539 ਸਾਲ ਲਿਖ ਦਿੱਤੇ ਤਾਂ ਉਹ ਮੂਰਖ ਸਾਬਤ ਨਹੀਂ ਹੋਇਆ। ਉਸ ਨੇ ਰੱਟਾ ਤਾਂ ਠੀਕ ਲਾਇਆ ਸੀ ਪਰ ਉਲਝ ਗਿਆ। ਉਲਝਣ ਦਾ ਸ਼ਿਕਾਰ ਤਾਂ ਬਹੁਤ ਵੱਡੇ ਦਾਨਸ਼ਵਰ ਵੀ ਹੋ ਜਾਇਆ ਕਰਦੇ ਹਨ, ਸਗੋਂ ਵੱਡੇ ਬੰਦੇ ਵੱਡੀਆਂ ਉਲਝਣਾਂ ਦਾ ਸ਼ਿਕਾਰ ਹੁੰਦੇ ਹਨ। ਕੰਪਿਊਟਰ ਇਸ ਬੱਚੇ ਨੂੰ ਫੇਲ੍ਹ ਕਰ ਦਏਗਾ, ਮੈਂ ਪਾਸ ਹੋਣ ਦਿਆਂਗਾ। ਇਕ ਪ੍ਰਸੰਗ ਯਾਦ ਆ ਗਿਆ।

ਰੇਡੀਓ ਅਨਾਊਂਸਰ ਇਕ ਪ੍ਰੋਗਰਾਮ ਵਿਚ ਆਪੋ ਆਪਣੀਆਂ ਗਲਤੀਆਂ ਦਾ ਜ਼ਿਕਰ ਕਰ ਰਹੇ ਸਨ। ਭਾਰਤ ਦਾ ਬਹੁਤ ਵੱਡਾ ਉਸਤਾਦ ਗਿਟਾਰ-ਵਾਦਕ ਹਜ਼ਾਰਾ ਸਿੰਘ ਹੋਇਆ ਕਰਦਾ ਸੀ। ਗਿਟਾਰ ਤੋਂ ਗੱਲਾਂ ਕਰਵਾ ਦਿਆ ਕਰਦਾ ਸੀ, ਇਉਂ ਸਮਝੋ। ਅਨਾਊਂਸਰ ਬੀਬੀ ਨੇ ਦੱਸਿਆ, ਇਕ ਦਿਨ ਮੈਂ ਰੇਡੀਓ ਉਪਰ ਇਹ ਐਲਾਨ ਕਰਨਾ ਸੀ-ਅਬ ਆਪ ਹਜ਼ਾਰਾ ਸਿੰਘ ਸੇ ਗਿਟਾਰ ਸੁਨੀਏ। ਮੈਥੋਂ ਇਹ ਆਖ ਹੋ ਗਿਆ-ਅਬ ਆਪ ਗਿਟਾਰਾ ਸਿੰਘ ਸੇ ਹਜ਼ਾਰ ਸੁਨੀਏ। ਇਹ ਇਸ ਤਰ੍ਹਾਂ ਦੀ ਗਲਤੀ ਸੀ ਕਿ ਬੇਸ਼ੱਕ ਮੈਨੂੰ ਤੁਰੰਤ ਪਤਾ ਲੱਗ ਗਿਆ ਕਿ ਭਾਰੀ ਕੁਤਾਹੀ ਹੋ ਗਈ ਹੈ, ਪਰ ਇਸ ਨੂੰ ਦਰੁਸਤ ਕਰਨ ਦੀ ਹਿੰਮਤ ਵੀ ਨਾ ਰਹੀ। ਜਵਾਬ-ਤਲਬੀ ਤਾਂ ਹੋਈ, ਕਿਉਂਕਿ ਵੱਡੇ ਬੰਦੇ ਦਾ ਨਾਮ ਲੈਣ ਵਕਤ ਜ਼ਿੰਮੇਵਾਰ ਹੋਣਾ ਬਣਦਾ ਸੀ, ਪਰ ਖਿਮਾ ਮਿਲ ਗਈ, ਕਿਉਂਕਿ ਅਜਿਹੀ ਗਲਤੀ ਹੋਣ ਦੀ ਸੰਭਾਵਨਾ ਹੋ ਸਕਦੀ ਹੈ, ਫਾਰ ਦੀ ਚਾੜੀ (ਆਚਾਰ ਦੀ ਫਾੜੀ), ਜੈਲੀ ਗਿਆਨ ਸਿੰਘ (ਗਿਆਨੀ ਜੈਲ ਸਿੰਘ), ਭੁਰਤ ਸੁੱਲ ਗਈ (ਸੁਰਤ ਭੁੱਲ ਗਈ), ਮੈਂ ਹਾਂ ਕਾਲੀ ਚਾਚੀਆ, (ਮੈਂ ਹਾਂ ਚਾਚੀ ਕਾਲੀਆ) ਆਦਿ ਆਦਿ।

ਮੇਰਾ ਸਕੂਲ-ਕਾਲਜ ਦਾ ਇਕ ਜਮਾਤੀ ਬਥੇਰੇ ਰੱਟੇ ਲਾਉਂਦਾ, ਤਾਂ ਵੀ ਕਿਸ਼ਤਾਂ ਵਿਚ ਬੀ.ਏ. ਕੀਤੀ। ਨਕਲ ਮਾਰਨ ਦੇ ਜੁਗਾੜ ਪੱਕੇ ਹੁੰਦੇ। ਉਹ ਜਾਣਦਾ ਹੁੰਦਾ, ਸੈਂਟਰ ਸੁਪਰਡੈਂਟ ਦੇ ਨਾਨਕੇ-ਦਾਦਕੇ ਤੇ ਸਹੁਰੇ ਕਿਥੇ ਕਿਥੇ ਹਨ। ਇਮਤਿਹਾਨਾਂ ਵਿਚ ਅਜਿਹਾ ਯੱਗ ਰਚਦਾ ਕਿ ਹੋਰ ਵੀ ਬਥੇਰੇ ਤੀਰਥ ਇਸ਼ਨਾਨ ਕਰ ਲੈਂਦੇ। ਪੁਲਿਸ ਵਿਚ ਭਰਤੀ ਹੋ ਕੇ ਇੰਸਪੈਕਟਰ ਦੇ ਰੁਤਬੇ ਤੇ ਪੁੱਜਿਆ ਤਾਂ ਮੈਂ ਉਹਨੂੰ ਮਿਲਣ ਚਲਾ ਗਿਆ। ਘਰੇ ਇਕੱਲਾ ਸੀ। ਪੁਲਿਸ ਅਤੇ ਮਾਲ ਵਿਭਾਗ ਦੇ ਅਫਸਰ ਆਪਣੇ ਬੱਚਿਆਂ ਤੋਂ ਦੂਰ ਇਕੱਲੇ ਰਿਹਾ ਕਰਦੇ ਹਨ ਤਾਂ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਦੇਖ ਦੇਖ ਕਿਤੇ ਵਿਗੜ ਨਾ ਜਾਣ।

ਚਾਹ ਬਣਾਉਣ ਦੀ ਤਿਆਰੀ ਹੋਈ, ਦੇਖਿਆ ਸਟੋਵ ਵਿਚ ਤੇਲ ਨਹੀਂ। ਤੇਲ ਪਾਉਣ ਲੱਗਾ। ਜਾਮ ਢੱਕਣ ਖੁੱਲ੍ਹੇ ਨਾ। ਉਹਨੇ ਚਾਕੂ ਚੁੱਕਿਆ ਤੇ ਚਾਕੂ ਦੇ ਪਿਛਲੇ ਪਾਸੇ ਨਾਲ ਢੱਕਣ ਘੁਮਾਉਣ ਲੱਗਾ। ਤੜਾਕ ਚਾਕੂ ਟੁੱਟ ਗਿਆ।

ਮੈਂ ਪੁੱਛਿਆ-ਤੇਰੇ ਕੋਲ ਪੇਚਕਸ ਨਹੀਂ? ਉਹਨੇ ਅਲਮਾਰੀ ਖੋਲ੍ਹੀ, ਦੋ ਸ਼ਾਨਦਾਰ ਪੇਚਕਸ ਕੱਢ ਕੇ ਦਿਖਾਏ। ਮੈਂ ਕਿਹਾ-ਜੇ ਪੇਚਕਸ ਰੱਖੇ ਹਨ, ਫਿਰ ਚਾਕੂ ਦੀ ਵਰਤੋਂ ਕਿਉਂ ਕੀਤੀ? ਉਹ ਹੱਸ ਪਿਆ-ਤੂੰ ਤਾਂ ਬਚਪਨ ਦਾ ਦੋਸਤ ਹੈਂ, ਇਹ ਮੇਰੀ ਤਾਲੀਮ ਦਾ ਅਸਰ ਹੈ। ਜਿਹੜੇ ਸਵਾਲਾਂ ਦੇ ਜਵਾਬ ਮੈਨੂੰ ਯਾਦ ਹੋਇਆ ਕਰਦੇ, ਉਹ ਵੀ ਮੈਂ ਨਕਲ ਮਾਰ ਕੇ ਹੱਲ ਕਰਿਆ ਕਰਦਾ। ਕੀਮਤੀ ਚਾਕੂ ਤੋੜਨ ਪਿੱਛੇ ਮੇਰਾ ਨਹੀਂ, ਮੇਰੀ ਵਿੱਦਿਆ ਦਾ ਕਸੂਰ ਹੈ।

ਮੇਰਾ ਸਕੂਲੀਆ ਬੇਟਾ ਹਿਸਾਬ ਦੇ ਸੂਤਰਾਂ ਅਤੇ ਸੰਗੀਤ ਦੀਆਂ ਸਰਗਮਾਂ ਨੂੰ ਨਿਰੰਤਰ ਰੱਟੇ ਮਾਰਦਾ ਕਿਹਾ ਕਰਦਾ, "ਪਾਪਾ, ਮਿਊਜ਼ਕ ਅਤੇ ਮੈਥ ਵਿਚ ਕੋਈ ਫਰਕ ਨਹੀਂ। ਇਕ ਸਟੈਪ ਗਲਤ ਹੋ ਗਿਆ ਤਾਂ ਸਾਰਾ ਮਹਿਲ ਡਿਗ ਪਿਆ।" ਮੇਰੇ ਦੋਸਤ ਆਉਂਦੇ ਤਾਂ ਮੈਂ ਦੱਸਦਾ, ਇਹ ਮੁੰਡਾ ਬੜਾ ਲਾਇਕ ਹੈ, ਇਹਨੂੰ ਪੜ੍ਹਨ ਦਾ ਬੜਾ ਸ਼ੌਕ ਹੈ। ਇਕ ਦਿਨ ਦੋਸਤਾਂ ਦੇ ਜਾਣ ਪਿਛੋਂ ਮੈਨੂੰ ਕਹਿਣ ਲੱਗਾ, "ਨਾ ਮੈਨੂੰ, ਨਾ ਕਿਸੇ ਹੋਰ ਬੱਚੇ ਨੂੰ ਪੜ੍ਹਨ ਦਾ ਕੋਈ ਸ਼ੌਕ ਹੁੰਦਾ ਹੈ। ਅਸੀਂ ਸਾਰੇ ਮਾਪਿਆਂ ਅਤੇ ਟੀਚਰਾਂ ਕੋਲੋਂ ਡਰਦੇ ਪੜ੍ਹਦੇ ਹਾਂ, ਸ਼ਾਬਾਸ਼ ਲੈਣ ਦੀ ਖਾਤਰ ਰੱਟੇ ਮਾਰਦੇ ਹਾਂ। ਕੀ ਪਤਾ ਵੱਡਿਆਂ ਨੂੰ ਪੜ੍ਹਨ ਦਾ ਸ਼ੌਕ ਹੁੰਦਾ ਹੋਵੇ?"

ਟੈਗੋਰ ਦਾ ਬਾਲ ਗੀਤ ਹੈ-
ਬੱਚਿਆਂ ਦੇ ਕੰਮ ਦੀ ਚੀਜ਼ ਨਹੀਂ ਵਿੱਦਿਆ
ਆਉਂਦੀ ਹੋਵੇਗੀ ਵੱਡਿਆਂ ਦੇ ਕੰਮ
ਜਦੋਂ ਵੱਡਾ ਹੋ ਗਿਆ ਪੜ੍ਹ ਲਵਾਂਗਾ ਮੈਂ ਵੀ
ਹੁਣ ਮੈਨੂੰ ਖੇਡਣ ਦੇ ਮਾਂ।

ਪਿਤਾ, ਮਹਿਤਾ ਕਲਿਆਣ ਰਾਇ ਅਕਸਰ ਦੁਖੀ ਹੁੰਦਾ- ਮੇਰਾ ਬੇਟਾ ਕਿਸੇ ਕੰਮ ਦਾ ਨਹੀਂ, ਪਾਂਧੇ ਤੋਂ ਸੰਸਕ੍ਰਿਤ ਨਹੀਂ ਸਿੱਖੀ, ਮੌਲਵੀ ਤੋਂ ਫਾਰਸੀ ਨਹੀਂ, ਕੀ ਬਣੇਗਾ ਇਸ ਦਾ? ਸਾਖੀਆਂ ਤੋਂ ਜਾਣਿਆ ਕਿ ਸਾਰੀ ਉਮਰ ਗੁਰੂ ਨਾਨਕ ਦੇਵ ਨੇ ਆਪਣੀ ਜੇਬ ਵਿਚ ਪੈਸਾ ਨਹੀਂ ਰੱਖਿਆ। ਜਿਹੜੀਆਂ ਚੀਜ਼ਾਂ ਹਮੇਸ਼ਾਂ ਆਪਣੇ ਕੋਲ ਰੱਖੀਆਂ, ਉਹ ਸਨ ਕਲਮ, ਦਵਾਤ ਤੇ ਕਾਗਜ਼। ਏਸ਼ੀਆ ਦਾ ਦੌਰਾ ਕਰਦਿਆਂ ਵੀ ਇਹ ਤਿੰਨ ਚੀਜ਼ਾਂ ਉਨ੍ਹਾਂ ਦੇ ਅੰਗ-ਸੰਗ ਰਹੀਆਂ। ਮਾਪਿਆਂ ਨੂੰ ਜਿਹੜੇ ਨਾਲਾਇਕ ਜਾਪੇ, ਗੈਰ-ਜ਼ਿੰਮੇਵਾਰ ਲੱਗੇ; ਉਨ੍ਹਾਂ ਦੀਆਂ ਲਿਖਤਾਂ ਸਾਡੇ ਸਿਰਹਾਣੇ ਪਈਆਂ ਰਹਿੰਦੀਆਂ ਹਨ। ਉਨ੍ਹਾਂ ਦੇ ਸਿਰਜੇ ਅੱਖਰ ਦੋ ਜਹਾਨਾਂ ਦੀਆਂ ਮੁਸ਼ਕਿਲਾਂ ਤੋਂ ਪਾਰ ਲਿਜਾਂਦੇ ਹਨ।

ਰੱਟਾ ਮਾਰਨ ਤੋਂ ਬਗੈਰ ਕੀ ਬਾਣੀ ਕਿਸੇ ਨੂੰ ਕੰਠ ਹੋ ਜਾਂਦੀ ਹੈ? ਇਹੋ ਜਿਹਾ ਮਹਾਂਪੁਰਖ ਅਜੇ ਤੱਕ ਤਾਂ ਦਿਸਿਆ ਨਹੀਂ ਕੋਈ। ਜਿਨ੍ਹਾਂ ਨੂੰ ਰੱਬ ਨੇ ਸੂਰਜ ਜਿੱਡਾ ਦਿਮਾਗ ਦਿੱਤਾ, ਉਹ ਨਾ ਲਾਉਣੇ ਰੱਟੇ, ਕਿਰਪਾ ਕਰ ਕੇ ਸਾਨੂੰ ਨਾ ਵਰਜੋ। ਛੈਣੀਆਂ ਹਥੌੜੀਆਂ ਨਾਲ ਦਰਿਆਵਾਂ ਵਿਚਲੇ ਪੱਥਰ ਗੋਲ ਨਹੀਂ ਹੋਏ, ਪਾਣੀ ਦੀਆਂ ਛੱਲਾਂ ਨਾਲ ਮੁਲਾਇਮ ਹੋਏ ਹਨ।

ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ ਆਪਣੇ ਵਿਦਿਆਰਥੀਆਂ ਨੂੰ ਕਿਹਾ ਕਰਦੇ, "ਰਿਆਜ਼ ਕਰੀ ਜਾਉ। ਰਿਆਜ਼ ਦੀ ਥਾਂ ਕੋਈ ਹੋਰ ਵਿਧੀ ਵਿਧਾਨ ਸੰਗੀਤ ਵਿਚ ਮੌਜੂਦ ਨਹੀਂ। ਰਿਆਜ਼ ਕਰਦੇ ਕਰਦੇ ਜਦੋਂ ਤੁਸੀਂ ਸੁਰਮੇ ਜਿੰਨੇ ਬਰੀਕ ਹੋ ਗਏ, ਉਦੋਂ ਕਿਸੇ ਸੁਹਣੀ ਅੱਖ ਦਾ ਸ਼ਿੰਗਾਰ ਬਣੋਗੇ। ਰਿਆਜ਼ ਕਰੀ ਚੱਲੋ।"

# ਇਕ ਤੇ ਇਕ ਦਾ ਕਾਫਲਾ...

**ਮੂੰਹ ਆਈ ਬਾਤ**



**ਮੇਜਰ ਕੁਲਾਰ ਬੋਪਾਰਾਏਕਲਾਂ**
ਫੋਨ:916-273-2856
www.boparaisudhar.com

ਪੰਜਾਬੀ ਅਖਬਾਰਾਂ ਤੇ ਰੇਡੀਓ ਅਕਸਰ ਇਹੀ ਸੁਣਾਉਂਦੇ ਨੇ ਕਿ ਪੰਜਾਬ ਵਿਚ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ। ਨੌਜਵਾਨ ਜਾਣੇ-ਅਨਜਾਣੇ ਇਸ ਦਰਿਆ ਵਿਚ ਛਾਲਾਂ ਮਾਰ ਰਹੇ ਹਨ ਤੇ ਕਿਨਾਰਾ ਮਿਲਣਾ ਔਖਾ ਹੈ। ਅਮੀਰ ਘਰ ਦੇ ਕਾਕੇ ਤੇ ਗਰੀਬ ਘਰਾਂ ਦੇ ਬੇਰੁਜ਼ਗਾਰ ਨੌਜਵਾਨ ਇਸ ਦਰਿਆ ਵਿਚ ਡਿੱਗ ਰਹੇ ਹਨ। ਨਸ਼ਿਆਂ ਦੀ ਮਾਰ ਜਿਥੇ ਮਾਪਿਆਂ ਲਈ ਉਮਰਾਂ ਭਰ ਦਾ ਤਸੀਹਾ ਬਣ ਰਹੀ ਹੈ, ਉਥੇ ਕੌਮ ਦੀਆਂ ਜੜ੍ਹਾਂ 'ਤੇ ਦਾਤੀ ਫਿਰ ਰਹੀ ਹੈ। ਇਹ ਕੋਈ ਮਿਲੀਭੁਗਤ ਹੈ ਜਾਂ ਹਵਾ ਹੀ ਇਸ ਤਰ੍ਹਾਂ ਦੀ ਵਗ ਗਈ ਹੈ? ਜਦੋਂ ਬਾਗ ਦਾ ਮਾਲੀ ਹੀ ਬੇਈਮਾਨ ਹੋ ਜਾਵੇ, ਫਿਰ ਉਸ ਬਾਗ ਦੇ ਫਲ ਹੀ ਨਹੀਂ, ਪੱਤੇ ਵੀ ਨਹੀਂ ਬਚਦੇ। ਖੈਰ! ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ ਹਨ। ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢਣ ਲਈ ਡਟਣ ਵਾਲਾ ਇਕ ਨੌਜਵਾਨ ਹੈ ਇੰਦਰਪ੍ਰੀਤ ਸਿੰਘ ਜੋ ਵਕਾਲਤ ਦੀ ਪੜ੍ਹਾਈ ਕਰ ਰਿਹਾ ਹੈ।

ਇੰਦਰ ਤਿੰਨ ਭੈਣਾਂ ਦਾ ਇਕਲੌਤਾ ਭਰਾ ਹੈ। ਚਾਚੇ-ਤਾਇਆਂ ਦਾ ਸਾਂਝਾ ਪਰਿਵਾਰ ਹੈ। ਇੰਦਰ ਬਚਪਨ ਤੋਂ ਹੀ ਸਿੱਖੀ ਤੋਂ ਪ੍ਰਭਾਵਿਤ ਸੀ। ਛੋਟਾ ਹੁੰਦਾ ਹੀ ਦਾਦੀ ਨਾਲ ਗੁਰਦੁਆਰੇ ਜਾਣ ਲੱਗ ਪਿਆ ਸੀ। ਪਹਿਲਾਂ ਤਾਂ ਸ਼ਾਇਦ ਉਸ ਨੂੰ ਗੁਰੂ ਘਰ ਦਾ ਪ੍ਰਸ਼ਾਦ ਖਿੱਚ ਲਿਜਾਂਦਾ ਹੋਵੇਗਾ, ਪਰ ਜਦੋਂ ਜਵਾਨ ਹੋਇਆ ਤਾਂ ਉਸ ਨੂੰ ਨਾਮ ਦੀ ਖਿੱਚ ਗੁਰੂ ਘਰ ਲਿਜਾਣ ਲੱਗੀ। ਉਹਨੇ ਕਦੀ ਕੋਈ ਨਸ਼ਾ ਮੂੰਹ 'ਤੇ ਨਹੀਂ ਰੱਖਿਆ। ਜਦੋਂ ਉਹ ਦਸਵੀਂ ਵਿਚ ਸੀ ਤਾਂ ਉਸ ਨੂੰ ਤਾਏ ਦੀ ਡੋਡੇ ਅਤੇ ਚਾਚੇ ਦੀ ਘਰ ਦੀ ਕੱਢੀ ਦਾਰੂ ਪੀਣ ਦੀ ਆਦਤ ਨੇ ਝੰਜੋੜਿਆ। ਉਹਨੇ ਨਸ਼ਿਆਂ ਦਾ ਖਾਤਮਾ ਆਪਣੇ ਘਰ ਤੋਂ ਸ਼ੁਰੂ ਕਰਨ ਦਾ ਮਨ ਬਣਾ ਲਿਆ। ਆਪਣੇ ਨਾਲ ਚਾਰ ਮੁੰਡੇ ਹੋਰ ਲਏ, ਤੇ ਚਾਚੇ ਨੂੰ ਮੋਟਰ ਉਤੇ ਹੀ ਘੇਰ ਲਿਆ। ਬੜੇ ਪਿਆਰ ਨਾਲ ਸਮਝਾਇਆ ਕਿ ਇਹ ਆਦਤ ਛੱਡ ਦੇ, ਪਰ ਉਸ ਦੇ ਕੰਨ 'ਤੇ ਜੂੰ ਨਾ ਸਰਕੀ। ਫਿਰ ਇੰਦਰ ਹੋਰੀਂ ਟਰਾਲੀ ਵਿਚ ਦਾਰੂ ਕੱਢਣ ਦਾ ਸਾਮਾਨ ਰੱਖ ਕੇ ਥਾਣੇ ਲੈ ਗਏ, ਤੇ ਚਾਚੇ ਖਿਲਾਫ ਰਿਪੋਰਟ ਲਿਖਵਾ ਦਿੱਤੀ।

ਇੰਦਰ ਦੇ ਇਸ ਕਦਮ ਨੇ ਘਰ ਵਿਚ ਭੂਚਾਲ ਲੈ ਆਂਦਾ। ਸਾਰਾ ਪਰਿਵਾਰ ਇਕ ਪਾਸੇ ਤੇ ਇੰਦਰ ਇਕੱਲਾ ਇਕ ਪਾਸੇ। ਇੰਦਰ ਦੇ ਕਦਮ ਨਾਲ ਹੋਰ ਕਦਮ ਰਲਣ ਲੱਗੇ ਤਾਂ ਚਾਚਾ ਇਕੱਲਾ ਰਹਿ ਗਿਆ। ਐਸ.ਐਸ.ਪੀ. ਦੇ ਪੇਸ਼ ਹੋ ਕੇ ਮੁਆਫੀ ਮੰਗੀ, ਦਾਰੂ ਨਾ ਕੱਢੂੰ ਤੇ ਨਾ ਪੀਊਂ। ਇੰਦਰ ਦੀ ਇਹ ਪਹਿਲੀ ਜਿੱਤ ਸੀ। ਫਿਰ ਉਹਨੇ ਤਾਏ ਨੂੰ ਸਮਝਾਇਆ। ਉਹ ਆਖੇ, ਪੁੱਤ ਇਹ ਡੋਡੇ ਤਾਂ ਮਰਨ ਤੋਂ ਬਾਅਦ ਹੀ ਖਹਿੜਾ ਛੱਡਣਗੇ। ਇੰਦਰ ਨੇ ਤਾਏ ਨੂੰ ਵਧੀਆ ਅਫ਼ੀਮ ਮੰਗਵਾ ਕੇ ਆਪਣੇ ਹੱਥੀਂ ਦੇਣੀ ਸ਼ੁਰੂ ਕਰ ਦਿੱਤੀ। ਤਾਇਆ, ਡੋਡਿਆਂ ਤੋਂ ਅਫੀਮ ਉਤੇ ਆ ਗਿਆ, ਤੇ ਅਫ਼ੀਮ ਤੋਂ ਘਟਦਾ ਘਟਦਾ ਇਹ ਵੀ ਛੱਡ ਗਿਆ। ਇੰਦਰ ਦੇ ਇਨ੍ਹਾਂ ਕਦਮਾਂ ਦੀ ਪੈੜਚਾਲ ਪਿੰਡ ਨੂੰ ਵੀ ਸੁਣਾਈ ਦੇਣ ਲੱਗੀ।

ਦਸਵੀਂ ਤੋਂ ਬਾਅਦ ਉਹਨੇ ਕਾਲਜ ਦਾਖਲਾ ਲੈ ਲਿਆ। ਉਥੇ ਵੀ ਉਸ ਦੀ ਮੁਲਾਕਾਤ ਉਨ੍ਹਾਂ ਮੁੰਡਿਆਂ ਨਾਲ ਹੋਈ ਜੋ ਨਸ਼ਿਆਂ ਖਿਲਾਫ ਆਪਾ ਵਾਰਨ ਨੂੰ ਤਿਆਰ ਸਨ। ਹੌਲੀ ਹੌਲੀ ਇਨ੍ਹਾਂ ਦੀ ਗਿਣਤੀ ਪੰਦਰਾਂ ਹੋ ਗਈ। ਇੰਦਰ ਨੇ ਇਕ ਦਿਨ ਆਪਣੇ ਪਿੰਡ ਦੀਆਂ ਸਾਰੀਆਂ ਹੱਟੀਆਂ 'ਤੇ ਜਾ ਕੇ ਬੜੀ ਨਿਮਰਤਾ ਨਾਲ ਕਿਹਾ ਕਿ ਅੱਜ ਤੋਂ ਬਾਅਦ ਹੱਟੀ ਵਿਚ ਜਰਦਾ, ਬੀੜੀ ਤੇ ਸਿਗਰੇਟ ਨਹੀਂ ਹੋਣੀ ਚਾਹੀਦੀ। ਇਕ ਦੋ ਤਾਂ ਮੰਨ ਗਏ, ਜਿਹੜੇ ਨਾ ਮੰਨੇ, ਉਨ੍ਹਾਂ ਨੂੰ ਸੋਧਾ ਲਾ ਦਿੱਤਾ। ਤਿੰਨ ਮਹੀਨਿਆਂ ਵਿਚ ਸਾਰੀਆਂ ਹੱਟੀਆਂ ਤੋਂ ਕੋਈ ਨਸ਼ਾ ਪੱਤਾ ਨਾ ਲੱਭਿਆ। ਫਿਰ ਇੰਦਰ ਹੋਰਾਂ ਨੇ ਪਿੰਡ ਦੇ ਉਨ੍ਹਾਂ ਚਾਰ ਬੰਦਿਆਂ ਨੂੰ ਸਮਝਾਇਆ ਜਿਹੜੇ ਪਿੰਡ ਨਸ਼ਾ ਲਿਆ ਕੇ ਵੇਚਦੇ ਸਨ। ਉਨ੍ਹਾਂ ਵਿਚੋਂ ਤਿੰਨ ਤਾਂ ਮੰਨ ਗਏ ਪਰ ਇਕ 'ਚ ਇਲਾਕੇ ਦਾ ਐਮ. ਐਲ. ਏ. ਬੋਲਦਾ ਸੀ। ਜਦੋਂ ਉਸ ਨੂੰ ਰਤਾ ਕੁ ਹਲੂਣਾ ਮਾਰਿਆ, ਉਹ ਐਮ. ਐਲ. ਏ. ਦੇ ਪੈਰੀਂ ਡਿੱਗ ਪਿਆ। ਐਮ. ਐਲ. ਏ. ਨੇ ਇੰਦਰ ਹੋਰੀਂ ਪੁਲਿਸ ਨੂੰ ਚੁਕਾ ਦਿੱਤੇ। ਕਾਲਜ ਦੇ ਮੁੰਡਿਆਂ ਨੇ ਕਾਲਜ ਬੰਦ ਕਰਵਾ ਕੇ ਥਾਣੇ ਦਾ ਘਿਰਾਓ ਕਰ ਦਿੱਤਾ। ਐਮ. ਐਲ. ਏ. ਦੀਆਂ ਅੱਖਾਂ ਖੁੱਲ੍ਹ ਗਈਆਂ। ਉਸ ਨੇ ਖੁਦ ਇੰਦਰ ਨੂੰ ਛੁਡਾ ਕੇ ਆਪਣੀ ਕੋਠੀ ਸੱਦ ਲਿਆ।

ਪਹਿਲਾਂ ਤਾਂ ਇੰਦਰ ਨੂੰ ਡਰਾਇਆ-ਧਮਕਾਇਆ, ਜਦੋਂ ਦੇਖਿਆ ਕਿ ਇੰਦਰ ਤਾਂ ਅਡੋਲ ਖੜ੍ਹਾ ਹੈ, ਫਿਰ ਪਿਆਰ ਦਾ ਚੋਗਾ ਪਾਉਣ ਲੱਗਿਆ, ਪਰ ਬਾਜ਼ ਤਲੀਆਂ ਤੋਂ ਦਾਣੇ ਨਹੀਂ ਚੁਗਦੇ, ਉਹ ਤਾਂ ਸ਼ਿਕਾਰ ਦੀ ਖੁਦ ਭਾਲ ਕਰਦੇ ਨੇ। ਇੰਦਰ ਮਗਰ ਨੌਜਵਾਨਾਂ ਦਾ ਇਕੱਠ ਦੇਖ ਕੇ ਐਮ. ਐਲ. ਏ. ਇੰਦਰ ਹੋਰਾਂ ਵੱਲ ਹੋ ਗਿਆ ਤੇ ਉਹ ਬੰਦਾ ਵੀ ਨਸ਼ਾ ਵੇਚਣੋਂ ਹਟ ਗਿਆ। ਪਿੰਡ ਵਿਚ ਇਕ-ਦੋ ਅਜਿਹੇ ਬੰਦੇ ਹੁੰਦੇ ਹੀ ਹਨ ਜਿਨ੍ਹਾਂ ਨੇ ਚੰਗੇ ਕੰਮਾਂ ਵਿਚ ਵੀ ਲੱਤ ਅੜਾਉਣੀ ਹੁੰਦੀ ਹੈ। ਇੰਦਰ ਦਾ ਵੀ ਇਨ੍ਹਾਂ ਬੰਦਿਆਂ ਨਾਲ ਵਾਹ ਪਿਆ। ਇੰਦਰ ਨੇ ਪਿਆਰ ਦਾ ਟੀਕਾ ਲਾਇਆ ਤਾਂ ਇਨ੍ਹਾਂ ਬੰਦਿਆਂ ਦੇ ਫੁਕਰਪੁਣੇ ਦਾ ਬੁਖਾਰ ਨਾ ਉਤਰਿਆ; ਫਿਰ ਸੋਧਾ ਲਾਇਆ ਤਾਂ ਝੱਟ ਹਾਂ ਵਿਚ ਹਾਂ ਰਲਾ ਗਏ।

ਨਸ਼ਿਆਂ ਤੋਂ ਬਾਅਦ ਹੁਣ ਵਾਰੀ ਆ ਗਈ ਟਰੈਕਟਰਾਂ ਉਤੇ ਵੱਜਦੀਆਂ ਟੇਪਾਂ ਤੇ ਡੈੱਕਾਂ ਦੀ। ਜਿਹੜੇ ਮੱਸ-ਫੁੱਟ ਗੱਭਰੂਆਂ ਨੂੰ ਜ਼ਿਆਦਾ ਸ਼ੌਕ ਸੀ, ਉਚੀ ਟੇਪ ਲਾਉਣ ਦਾ, ਉਨ੍ਹਾਂ ਨੂੰ ਪਿਆਰ ਨਾਲ ਸਮਝਾਇਆ। ਕਈ ਤਾਂ ਮੰਨ ਗਏ, ਦੋ-ਤਿੰਨਾਂ ਨੂੰ ਡਾਂਗਾਂ ਨਾਲ ਸੋਧਾ ਲਾਇਆ, ਤੇ ਇਕ ਦਾ ਨਵਾਂ ਟਰੈਕਟਰ ਭੰਨ ਦਿੱਤਾ। ਗੱਲ ਫਿਰ ਥਾਣੇ ਪਹੁੰਚ ਗਈ। ਇੰਦਰ ਦੀ ਪਿੱਠ 'ਤੇ ਐਮ. ਐਲ਼. ਏ. ਦਾ ਹੱਥ ਆ ਗਿਆ ਸੀ। ਇੰਦਰ ਹੋਰੀਂ ਫਿਰ ਬਾਹਰ ਆ ਗਏ। ਇੰਦਰ ਦੀ ਜਾਣ-ਪਛਾਣ ਵੱਡੇ ਘਰਾਂ ਦੇ ਕਾਕਿਆਂ ਨਾਲ ਹੋ ਗਈ ਜੋ ਲਗਜ਼ਰੀ ਕਾਰਾਂ ਵਿਚ ਕਾਲਜ ਆਉਂਦੇ ਸਨ। ਇੰਦਰ ਨੇ ਉਨ੍ਹਾਂ ਦੇ ਮਾਪਿਆਂ ਨੂੰ ਕੁਝ ਦਾਨ ਲੋੜਵੰਦਾਂ ਲਈ ਕੱਢਣ ਲਈ ਪ੍ਰੇਰਿਆ। ਆਪਣੇ ਪਿੰਡ ਦੇ ਉਨ੍ਹਾਂ ਲੋੜਵੰਦਾਂ ਦੇ ਘਰ ਛੱਤ ਪੁਆ ਕੇ ਦਿੱਤੀ ਜਿਨ੍ਹਾਂ ਦੇ ਕਾਨਿਆਂ ਦੀ ਛੱਤ ਸੀ। ਲੋੜਵੰਦਾਂ ਦਾ ਮਸੀਹਾ ਬਣੇ ਇੰਦਰ ਨੂੰ ਚਾਰੇ ਪਾਸਿਓਂ ਲੋਕਾਂ ਦਾ ਸਤਿਕਾਰ ਮਿਲਣ ਲੱਗਾ। ਇਲਾਕੇ ਦੇ ਰਾਜਨੀਤਕ ਬੰਦਿਆਂ ਦੀ ਮਹਿਫਿਲ ਵਿਚ ਇੰਦਰ ਦਾ ਨਾਂ ਗੂੰਜਣ ਲੱਗਾ।

ਫਿਰ ਇੰਦਰ ਨੇ ਅਗਲਾ ਕਦਮ, ਪਿੰਡ ਦੀ ਮੁੰਡੀਰ ਜੋ ਮੋੜਾਂ ਉਤੇ ਖੜ੍ਹਦੀ ਸੀ ਅਤੇ ਔਰਤਾਂ, ਕੁੜੀਆਂ ਨੂੰ ਗੁਰਦੁਆਰੇ ਜਾਂਦਿਆਂ ਮਾੜੀ ਨਿਗ੍ਹਾ ਨਾਲ ਤੱਕਦੀ ਸੀ, ਨੂੰ ਹਟਾਇਆ। ਗੁਰਦੁਆਰਿਆਂ ਵਿਚ ਮੱਸਿਆ, ਪੁੰਨਿਆ ਤੇ ਸੰਗਰਾਂਦ ਨੂੰ ਹੁੰਦੇ ਇਕੱਠ ਵਿਚ ਮੁੰਡੀਰ ਨੂੰ ਸੇਵਾ ਵਾਲੇ ਪਾਸੇ ਲਾਇਆ। ਚਾਰ ਸਾਲ ਦੀ ਘਾਲਣਾ ਨੇ ਪਿੰਡ ਦੇ ਅੱਧੇ ਮੁੰਡੇ ਸਿੰਘ ਸਜਾ ਦਿੱਤੇ। ਇੰਦਰ ਦਾ ਮਕਸਦ ਪਹਿਲਾਂ ਘਰ-ਮੁਹੱਲਾ ਤੇ ਫਿਰ ਪਿੰਡ ਦੀ ਸਮਾਜਕ ਕੁਰੀਤੀਆਂ ਤੋਂ ਮੁਕਤੀ ਬਣ ਗਿਆ। ਪਿੰਡ ਦੇ ਜਿਹੜੇ ਨੌਜਵਾਨ ਚਿੱਟੇ ਦਾ ਨਸ਼ਾ ਕਰਨ ਲੱਗ ਪਏ ਸਨ, ਉਨ੍ਹਾਂ ਨੂੰ ਆਪਣੇ ਕੋਲ ਰੱਖ ਕੇ ਉਨ੍ਹਾਂ ਦਾ ਨਸ਼ਾ ਛੁਡਾਇਆ। ਕਿਸੇ ਨੌਜਵਾਨ ਦਾ ਨਸ਼ੇ ਕਰਨ ਬਾਰੇ ਪਤਾ ਲੱਗਦਾ ਤਾਂ ਇੰਦਰ ਉਹਦੇ ਮਾਪਿਆਂ ਨੂੰ ਘਰ ਜਾ ਕੇ ਦੱਸਦਾ। ਹਰ ਕੋਈ ਇਹੀ ਕਹਿੰਦਾ ਹੈ ਕਿ ਇੰਦਰ ਨੂੰ ਪਿੰਡ ਦਾ ਸਰਪੰਚ ਹੋਣਾ ਚਾਹੀਦਾ ਹੈ। ਚੌਵੀ ਸਾਲ ਦਾ ਇੰਦਰ ਹਰ ਇਕ ਦੀ ਅੱਖ ਦਾ ਤਾਰਾ ਬਣ ਗਿਆ।

ਪੰਜਾਬ ਵਿਚ ਨਸ਼ਿਆਂ ਖਿਲਾਫ ਚੱਲੀ ਹਰ ਮੁਹਿੰਮ ਵਿਚ ਇੰਦਰ ਅੱਗੇ ਰਿਹਾ। ਫਰੀਦਕੋਟ ਹੋਸਟਲ ਵਿਚ ਰਹਿੰਦੇ ਨਸ਼ਾ ਤਸਕਰ, ਇੰਦਰ ਦੇ ਇਕ ਮਿੱਤਰ ਨੂੰ ਚੁੱਕ ਕੇ ਲੈ ਗਏ। ਇੰਦਰ ਹੋਰਾਂ ਨੇ ਚੌਵੀ ਘੰਟਿਆਂ ਵਿਚ ਉਸ ਨੂੰ ਛੁਡਾ ਲਿਆ ਤੇ ਸਾਹਮਣੇ ਆ ਕੇ ਦੇਖਣ ਲਈ ਕਿਹਾ। ਤਸਕਰਾਂ ਨੇ ਇੰਦਰ ਹੋਰਾਂ ਨਾਲ ਟਾਈਮ ਬੰਨ੍ਹ ਲਿਆ। ਪੁਲਿਸ ਦੀ ਹਾਜ਼ਰੀ ਤੋਂ ਮੁਕਤ, ਅਣਖ ਪਰਖਣ ਦਾ ਸਮਾਂ ਤੈਅ ਹੋ ਗਿਆ। ਵੀਹ ਤਸਕਰ ਲਗਜ਼ਰੀ ਗੱਡੀਆਂ ਵਿਚ ਆਏ। ਇੰਦਰ ਇਕੱਲਾ ਹੀ ਗਿਆ। ਇੰਦਰ ਦੀ ਦਲੇਰੀ ਦੇਖ ਕੇ ਉਹ ਡਰ ਗਏ ਤੇ ਉਸ ਨੂੰ ਇਕੱਲੇ ਹੋਣ ਦਾ ਮਿਹਣਾ ਮਾਰਿਆ। ਇੰਦਰ ਦੀ ਇਕ ਫੋਨ ਕਾਲ ਨਾਲ ਦੋ ਸੌ ਮੁੰਡੇ ਜੀਪਾਂ-ਕਾਰਾਂ ਤੇ ਮੋਟਰਸਾਈਕਲ ਉਤੇ ਆ ਗਏ। ਤਸਕਰ ਵਾੜ ਵਿਚ ਬਿੱਲੇ ਵਾਂਗ ਘਿਰ ਗਏ। ਇੰਦਰ ਨੇ ਉਨ੍ਹਾਂ ਨੂੰ ਮਾੜੇ ਕੰਮਾਂ ਦਾ ਮਾੜਾ ਨਤੀਜਾ ਕੱਢ ਕੇ ਦਿਖਾਇਆ। ਤਸਕਰਾਂ ਨਾਲ ਹੁੰਦੀ 'ਕੁੱਤੇ ਖਾਣੀ' ਦੀਆਂ ਤਸਵੀਰਾਂ ਤੇ ਖ਼ਬਰਾਂ ਪੜ੍ਹਾਈਆਂ। ਤਸਕਰਾਂ ਨੇ ਆਪਣੀ ਗਲਤੀ ਮੰਨੀ ਤੇ ਅਗਾਂਹ ਤੋਂ ਇਸ ਧੰਦੇ ਤੋਂ ਤੋਬਾ ਕੀਤੀ। ਸਾਦਾ ਲਿਬਾਸ ਪਹਿਨਣ ਵਾਲਾ ਇੰਦਰ ਸਾਰਿਆਂ 'ਤੇ ਭਾਰੂ ਹੋ ਗਿਆ। ਗੁਰਬਾਣੀ ਦਾ ਜਾਪ ਉਸ ਦੇ ਮੁੱਖ 'ਤੇ ਹਮੇਸ਼ਾ ਨੂਰ ਲਿਆਉਂਦਾ ਹੈ। ਉਸ ਦੀਆਂ ਅੱਖਾਂ 'ਚ ਨਿਮਰਤਾ ਤੇ ਸਹਿਜ ਹਮੇਸ਼ਾ ਝਲਕਦਾ ਰਹਿੰਦਾ ਹੈ।

ਵਿਧਾਨ ਸਭਾ ਦੀਆਂ ਚੋਣਾਂ ਵਿਚ ਮੌਜੂਦਾ ਐਮ. ਐਲ. ਏ. ਹਾਰ ਗਿਆ। ਉਸ ਨੇ ਇੰਦਰ ਨੂੰ ਉਲਾਂਭਾ ਦਿੱਤਾ, "ਤੇਰੇ ਪਿੰਡ ਤੋਂ ਸਾਡੀ ਪਾਰਟੀ ਨੂੰ ਦੋ ਸੌ ਵੋਟ ਪਈ ਹੈ।" ਇੰਦਰ ਨੇ ਸਹਿਜ ਨਾਲ ਉਤਰ ਦਿੱਤਾ, "ਬਾਈ ਜੀ! ਹੁਣ ਲੋਕ ਸਿਆਣੇ ਹੋ ਗਏ ਹਨ। ਵੋਟਾਂ ਬੰਗਲਿਆਂ ਵਿਚ ਰਹਿ ਕੇ ਨਹੀਂ ਮਿਲਦੀਆਂ, ਲੋਕਾਂ ਵਿਚ ਜਾ ਕੇ ਖੜ੍ਹਨਾ ਨਹੀਂ, ਸਗੋਂ ਬਹਿਣਾ ਪੈਂਦਾ ਹੈ। ਪਿੰਡ ਵਿਚ ਤੁਹਾਡੇ ਦੋ-ਤਿੰਨ ਚਮਚੇ ਹੀ ਮੰਤਰੀ ਬਣੇ ਫਿਰਦੇ ਨੇ, ਉਨ੍ਹਾਂ ਨੂੰ ਨੱਥ ਪਾਓ। ਲੋਕਾਂ ਦੀਆਂ ਮੁਸ਼ਕਿਲਾਂ ਸੁਣੋ, ਫਿਰ ਸ਼ਾਇਦ ਅਗਲੀ ਵਾਰੀ ਲਾਲ ਬੱਤੀ ਵਾਲੀ ਕਾਰ ਮਿਲ ਜਾਵੇ।" ਇੰਦਰ ਦੀਆਂ ਗੱਲਾਂ ਸੁਣ ਕੇ ਐਮ. ਐਲ. ਏ. ਸੋਚੀਂ ਪੈ ਗਿਆ। ਉਸ ਨੂੰ ਲੱਗਾ, ਜਿਵੇਂ ਖੁਦ ਹੀ ਪੈਰ ਕੁਹਾੜਾ ਮਾਰ ਲਿਆ ਹੋਵੇ।

ਇੰਦਰ ਹੋਰਾਂ ਦਾ ਅਗਲਾ ਕਦਮ ਸੀ, ਪਿੰਡ ਵਿਚ ਕੇਸ ਕੱਟਣ ਵਾਲੀਆਂ ਦੁਕਾਨਾਂ ਬੰਦ ਕਰਵਾਉਣਾ। ਇੰਦਰ ਨੇ ਇਕੱਲਿਆਂ ਜਾ ਕੇ ਇਕ ਨੂੰ ਦੁਕਾਨ ਬੰਦ ਕਰਨ ਲਈ ਕਿਹਾ। ਉਹ ਕਹਿੰਦਾ, ਮੈਂ ਬੱਚੇ ਕਿੰਜ ਪਾਲੂੰਗਾ। ਇੰਦਰ ਹੋਰਾਂ ਨੇ ਇਕ ਲੱਖ ਰੁਪਏ ਇਕੱਠਾ ਕਰ ਕੇ ਉਸ ਨੂੰ ਉਸੇ ਥਾਂ ਉਤੇ ਕਰਿਆਨੇ ਦੀ ਦੁਕਾਨ ਖੋਲ੍ਹ ਦਿੱਤੀ ਜਿਹੜੀ ਥੋੜ੍ਹੇ ਸਮੇਂ ਵਿਚ ਹੀ ਵਧੀਆ ਚੱਲਣ ਲੱਗ ਪਈ ਤੇ ਉਹ ਬੰਦਾ ਵੀ ਬਾਗੋ-ਬਾਗ ਹੋ ਗਿਆ। ਫਿਰ ਦੂਜੇ ਨੂੰ ਵੀ ਇਸੇ ਤਰ੍ਹਾਂ ਪੁੱਛਿਆ, ਪਰ ਉਹ ਨਾ ਮੰਨਿਆ। ਫਿਰ ਦੁਕਾਨ ਦੇ ਮਾਲਕ ਨੂੰ ਕਹਿ ਕੇ ਉਸ ਦਾ ਕੰਘਾ-ਉਸਤਰਾ ਚੁੱਕਾ ਦਿੱਤਾ ਤੇ ਉਸ ਨੇ ਕਿਸੇ ਹੋਰ ਪਿੰਡ ਜਾ ਕੇ ਸ਼ੀਸ਼ੇ ਚੜ੍ਹਾ ਲਏ। ਜਿਸ ਦਿਨ ਤੋਂ ਇੰਦਰ ਨੇ ਸਮਾਜ ਸੁਧਾਰ ਲਹਿਰ ਨੂੰ ਤੋਰਿਆ ਹੈ, ਸਾਰਾ ਪਿੰਡ ਖੁਸ਼ ਹੈ। ਇੰਦਰ ਆਪਣੀ ਪੜ੍ਹਾਈ ਵੀ ਪੂਰੀ ਲਗਨ ਨਾਲ ਕਰ ਰਿਹਾ ਹੈ। ਅਮਰੀਕਾ, ਕੈਨੇਡਾ ਤੋਂ ਉਸ ਲਈ ਕਈ ਰਿਸ਼ਤੇ ਆਏ, ਪਰ ਉਹ ਕਹਿੰਦਾ ਹੈ ਕਿ ਗੁਰੂਆਂ ਪੀਰਾਂ ਦੀ ਪਵਿੱਤਰ ਧਰਤੀ ਛੱਡ ਕੇ ਉਹਨੇ ਕਿਤੇ ਨਹੀਂ ਜਾਣਾ। ਇਥੇ ਰਹਿ ਕੇ ਲੋਕਾਂ ਦੀ ਸੇਵਾ ਕਰਨੀ ਹੈ।

ਨੇਪਾਲ ਵਿਚ ਆਈ ਕੁਦਰਤੀ ਕਰੋਪੀ ਨੂੰ ਜਿਥੇ ਲੋਕਾਂ ਨੇ ਆਪਣੇ ਘਰਾਂ ਵਿਚ ਟੀ.ਵੀ. ਉਤੇ ਦੇਖਿਆ, ਉਥੇ ਇੰਦਰ ਹੋਰੀਂ ਵੀਹ ਜਣੇ ਨੇਪਾਲ ਪਹੁੰਚ ਗਏ। ਲੋਕਾਂ ਨੂੰ ਮਲਬੇ ਵਿਚੋਂ ਕੱਢਿਆ। ਜ਼ਖਮੀਆਂ ਨੂੰ ਹਸਪਤਾਲ ਵਿਚ ਪਹੁੰਚਾਉਣ ਵਿਚ ਮਦਦ ਕੀਤੀ। ਰੋਂਦੇ-ਕਰਲਾਉਂਦੇ ਲੋਕਾਂ ਨੂੰ ਹਿੱਕ ਨਾਲ ਲਾਇਆ। ਪੰਦਰਾਂ ਦਿਨ ਨਿਸ਼ਕਾਮ ਸੇਵਾ ਕੀਤੀ। ਇੰਦਰ ਹੋਰਾਂ ਨਾਲ ਇਕ ਐਸ. ਐਸ. ਪੀ. ਦਾ ਮੁੰਡਾ ਵੀ ਸੀ ਜੋ ਉਥੇ ਬਿਮਾਰ ਹੋ ਗਿਆ। ਵਾਪਸ ਆ ਕੇ ਉਸ ਦਾ ਇਲਾਜ ਕਰਵਾਇਆ। ਧੰਨ ਉਹ ਐਸ. ਐਸ. ਪੀ. ਜਿਹੜਾ ਗੁੱਸੇ ਹੋਣ ਦੀ ਬਜਾਏ ਇੰਦਰ ਹੋਰਾਂ ਨੂੰ ਸਲੂਟ ਮਾਰ ਗਿਆ ਤੇ ਆਪਣੇ ਪੁੱਤ 'ਤੇ ਮਾਣ ਮਹਿਸੂਸ ਕੀਤਾ।

ਇੰਦਰ ਹੋਰਾਂ ਦਾ ਅਗਲਾ ਕਦਮ ਹੈ ਕਿ ਵਿਆਹਾਂ ਵਿਚ ਲੋੜੋਂ ਵੱਧ ਖਰਚਾ ਬੰਦ ਕਰਨਾ, ਪਿੰਡ ਦੇ ਰਾਹ ਉਤੇ ਖੁੱਲ੍ਹਿਆ ਸ਼ਰਾਬ ਦਾ ਠੇਕਾ ਬੰਦ ਕਰਵਾਉਣ। ਇਹ ਕਦਮ ਪੁੱਟਣ ਲਈ ਉਸ ਨੂੰ ਹੋਰ ਕਦਮ ਨਾਲ ਰਲਾਉਣੇ ਪੈਣਗੇ। ਜੋ ਲੋਕ ਵੀ ਖੁਦਕੁਸ਼ੀਆਂ ਤੋਂ ਬਚਣਾ ਚਾਹੁੰਦੇ ਨੇ, ਇੰਦਰ ਨਾਲ ਜ਼ਰੂਰ ਤੁਰਨਗੇ। ਇਕ ਨਾਲ ਇਕ ਰਲਣ ਨਾਲ ਕਾਫਲਾ ਬਣਦਾ ਹੈ। ਇੰਦਰ ਵਰਗੇ ਨੌਜਵਾਨਾਂ ਦੀ ਜ਼ਰੂਰਤ ਹੁਣ ਹਰ ਪਿੰਡ ਨੂੰ ਹੈ। ਇੰਦਰ ਨੂੰ ਜਨਮ ਦੇਣ ਲਈ ਮਾਂ ਨੂੰ ਸਲਾਮ!

# ਕੀ ਹਾਲ ਹੈ?

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਇਕ ਦੂਜੇ ਨੂੰ ਅਚਾਨਕ ਮਿਲਦੇ ਸਮੇਂ ਅਸੀਂ ਅਕਸਰ ਇਕੋ ਸਵਾਲ ਪੁਛਦੇ ਹਾਂ, “ਕਿੰਦਾਂ, ਕੀ ਹਾਲ ਹੈ?” ਫੋਨ ਕਰਦਿਆਂ ਵੀ ਹੈਲੋ ਤੋਂ ਪਿਛੋਂ ਹਾਲ ਹੀ ਪੁਛਿਆ ਜਾਂਦਾ ਹੈ। ਅਗਲਾ ਵੀ ਹਾਲ ਠੀਕ ਦੱਸ ਕੇ ਇਹੀ ਸਵਾਲ ਦੁਹਰਾਉਂਦਾ ਹੈ, ਭਾਵੇਂ ਹਾਲ ਠੀਕ ਨਾ ਵੀ ਹੋਵੇ। ਅਸਲੀ ਹਾਲ ਕੁਝ ਸਮੇਂ ਬਾਅਦ ਹੀ ਦੱਸਿਆ ਜਾਂਦਾ ਹੈ। ਪਰ ਦਿਲਚਸਪ ਗੱਲ ਹੈ ਕਿ ਥੋੜ੍ਹੀ ਥੋੜ੍ਹੀ ਦੇਰ ਬਾਅਦ ਇਹੀ ਸਵਾਲ ਕੁਝ ਇਸ ਤਰ੍ਹਾਂ ਫਿਰ ਦੁਹਰਾਇਆ ਜਾਂਦਾ ਹੈ, “ਹੋਰ ਕੀ ਹਾਲ ਹੈ?” ਜਾਂ “ਹੋਰ ਫਿਰ?” ਕਈ ਵਾਰੀ ਤਾਂ ਪਹਿਲਾਂ “ਹੋਰ ਹਾਲ” ਹੀ ਪੁਛਿਆ ਜਾਂਦਾ ਹੈ। ਪੰਜਾਬੀ ਵਿਅੰਗਕਾਰ ਸਵਰਗੀ ਭੂਸ਼ਨ ਅਜਿਹੀ ਸਥਿਤੀ ਵਿਚ ਫੱਟ ਕਿਹਾ ਕਰਦਾ ਸੀ, “ਹੋਰ ਵੀ ਠੀਕ ਹੈ।”

ਹਾਲ ਦੇ ਪਿਛੇ ਚਾਲ ਲਾ ਕੇ ਹਾਲ ਦੀ ਸ਼ਾਨ ਵਧਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਿਆਣੇ ਆਖਦੇ ਹਨ ਕਿ ਸ਼ਿਸ਼ਟਾਚਾਰ ਇਹੋ ਹੈ ਕਿ ‘ਕੀ ਹਾਲ ਹੈ?’ ਪੁਛ ਦਾ ਜਵਾਬ, ‘ਤੁਹਾਡਾ, ਕੀ ਹਾਲ ਹੈ?’ ਹੀ ਦਿੱਤਾ ਜਾਵੇ, ਇਸ ਫਿਕਰੇ ਵਿਚ ‘ਤੁਹਾਡਾ’ ’ਤੇ ਜ਼ੋਰ ਹੋਣਾ ਚਾਹੀਦਾ ਹੈ। ਖੈਰ, ਇਹ ਉਕਤੀ ਅੰਗਰੇਜ਼ੀ ਦੇ ‘ਥੈਂਕ ਯੂ’ ਦੀ ਤਰ੍ਹਾਂ ਰਸਮੀ ਜਿਹੀ ਹੀ ਹੈ, ਹਾਲਾਂ ਕਿ ਰਸਮੀ ਗੱਲਬਾਤ ਦੀ ਵੀ ਜ਼ਿੰਦਗੀ ਵਿਚ ਬੜੀ ਅਹਿਮੀਅਤ ਹੁੰਦੀ ਹੈ। ਤੁਸੀਂ ਕਿਸੇ ਵਾਕਿਫ ਨੂੰ ਅਚਾਨਕ ਮਿਲਦੇ ਹੋ ਤਾਂ ਠਾਹ-ਸੋਟਾ ਤਾਂ ਨਹੀਂ ਮਾਰ ਸਕਦੇ, ‘ਚੱਲ ਪਿਕਚਰ ਦੇਖਣ ਚੱਲੀਏ।’

ਹਾਲ ਸ਼ਬਦ ਵਿਚ ਸਥਿਤੀ ਜਾਂ ਦਸ਼ਾ ਦੇ ਭਾਵ ਹਨ ਜਿਵੇਂ ਮਨੁਖ ਦੀ ਸਰੀਰਕ/ਮਾਨਸਿਕ/ਆਤਮਿਕ ਤੰਦਰੁਸਤੀ, “ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ॥” (ਗੁਰੂ ਅਰਜਨ ਦੇਵ)। ਪ੍ਰੇਮ ਦੀ ਖੁਮਾਰੀ ਦੌਰਾਨ ਬੇਸੁਧੀ ਜਾਂ ਆਵੇਸ਼ ਨੂੰ ਵੀ ਹਾਲ ਆਖਦੇ ਹਨ, ਮਾਨੋ ਇਹ ਹਾਲ ਨਾ ਹੋ ਕੇ ਬੇਹਾਲੀ ਹੈ, “ਖੇਲਤ ਖੇਲਤ ਹਾਲ ਕਰਿ” (ਭਗਤ ਕਬੀਰ)। ਘਟਨਾਵਾਂ ਦਾ ਵੇਰਵਾ ਜਾਂ ਸਮਾਚਾਰ ਵੀ ਹਾਲ ਹੁੰਦਾ ਹੈ, “ਬਨਾਵੈ ਗ੍ਰੰਥ ਹਾਲ ਹੈ” (ਕ੍ਰਿਸ਼ਨਾਵ)। ਕਿਸੇ ਘਟਨਾ ਜਾਂ ਸਥਿਤੀ ਦਾ ਵਰਣਨ ਜਾਂ ਵੇਰਵਾ ਵੀ ਹਾਲ ਹੈ, ਜਿਵੇਂ “ਉਸ ਨੇ ਹੋਈ-ਬੀਤੀ ਦਾ ਪੂਰਾ ਹਾਲ ਕਹਿ ਸੁਣਾਇਆ।” ਹਾਲ ਸ਼ਬਦ ਦੇ ਅੱਗੜ-ਪਿੱਛੜ ਹੋਰ ਅਗੇਤਰ, ਪਿਛੇਤਰ ਜਾਂ ਸ਼ਬਦ ਲਾ ਕੇ ਕਈ ਸ਼ਬਦ ਬਣਾ ਲਏ ਜਾਂਦੇ ਹਨ ਜਿਵੇਂ ਖੁਸ਼ਹਾਲ, ਸੂਰਤੇਹਾਲ, ਫਿਲਹਾਲ (ਅਰਬੀ ਫੀ'ਲਹਾਲ), ਬਹਰਹਾਲ (ਬ-ਹਰ-ਹਾਲ), ਹਰ ਹਾਲ, ਬੇਹਾਲ, ਬੁਰੇਹਾਲ, ਫਟੇਹਾਲ, ਖਸਤਾ ਹਾਲ, ਪਤਲਾ ਹਾਲ ਆਦਿ। ਕਿਸੇ ਮਸਲੇ ਜਾਂ ਤਕਲੀਫ ਨੂੰ ਜਨਤਕ ਬਣਾਉਣ ਲਈ ਹਾਲ-ਪਾਰਿਆ ਕੀਤੀ ਜਾਂਦੀ ਹੈ, ਵਧੇਰੇ ਹੀ ਔਖ ਵੇਲੇ ਹਾਲ ਦੁਹਾਈ ਮਚਾਈ ਜਾਂਦੀ ਹੈ। ਪਰ ‘ਬੁਰਾ ਹਾਲ ਤੇ ਬੌਂਕੇ ਦਿਹਾੜੇ’ ਕਹਾਵਤ ਤਾਂ ਬਾਹਲੀ ਹੀ ਤਕਲੀਫਦੇਹ ਸਥਿਤੀ ਵੱਲ ਇਸ਼ਾਰਾ ਕਰਦੀ ਹੈ। ਅਸਲ ਵਿਚ ਤਾਂ ਕਈ ਪ੍ਰਸੰਗਾਂ ਵਿਚ ਹਾਲ ਸ਼ਬਦ ਦਾ ਅਰਥ ਹੀ ਬੇਹਾਲ ਵੀ ਹੋ ਜਾਂਦਾ ਹੈ ਜਿਵੇਂ, “ਹਾਲ ਵੇ ਰੱਬਾ, ਲੁੱਟੀ ਹੀਰ...“; “ਹਾਲ ਵੇ ਰੱਬਾ ਵੇ ਭੰਨ ਤੋੜ ਗਈਆਂ’ ਬਹਾਲ (ਬਾ-ਹਾਲ) ਕਰਨਾ ਦਾ ਅੱਖਰੀ ਮਤਲਬ ਪਹਿਲੀ ਹਾਲਤ ਵਿਚ ਲਿਆਉਣਾ ਹੁੰਦਾ ਹੈ।



ਹਾਲ ਸ਼ਬਦ ਮੁਢਲੇ ਤੌਰ ’ਤੇ ਅਰਬੀ ਦਾ ਹੈ ਤੇ ਇਥੋਂ ਇਹ ਫਾਰਸੀ ਵਿਚ ਗਿਆ। ਫਿਰ ਬਰਾਸਤਾ ਫਾਰਸੀ, ਉਰਦੂ ਇਹ ਪੰਜਾਬੀ ਵਿਚ ਵੜ ਗਿਆ। ਅਰਬੀ ਵਿਚ ਵੀ ਇਸ ਦੇ ਲਗਭਗ ਇਹੋ ਅਰਥ ਹਨ। ਇਹ ਸ਼ਬਦ ਸੈਮਿਟਿਕ ਧਾਤੂ ਹੱਲ ਤੋਂ ਬਣਿਆ ਹੈ ਜਿਸ ਵਿਚ ਬਦਲੀ, ਤਬਦੀਲੀ, ਪਰਿਵਰਤਨ ਆਦਿ ਦੇ ਭਾਵ ਹਨ। ਸਪਸ਼ਟ ਹੈ, ਅਸੀਂ ਹਾਲ ਦਾ ਜੋ ਭਾਵ ਲੈਂਦੇ, ਉਹ ਕਾਸੇ ਵਿਚ ਆਈ ਤਬਦੀਲੀ, ਅਦਲਾ-ਬਦਲੀ ਦੀ ਦਸ਼ਾ ਹੀ ਹੈ ਅਰਥਾਤ ਪਹਿਲਾਂ ਨਾਲੋਂ ਕੀ ਬਦਲਾਓ ਆਇਆ ਹੈ। ਜ਼ਰਾ ਧਿਆਨ ਦਿਓ, ਜੇ ਇਹ ਕਿਹਾ ਜਾਵੇ ਕਿ ‘ਬੀਮਾਰ ਦਾ ਹੁਣ ਕੀ ਹਾਲ ਹੈ’ ਤਾਂ ਇਸ ਦਾ ਭਾਵ ਹੈ ਉਸ ਦੀ ਬੀਮਾਰੀ ਵਿਚ ਕੀ ਤਬਦੀਲੀ ਆਈ ਹੈ। ਨੋਟ ਕਰੋ, ਅਵਸਥਾ ਵਿਚ ਵੀ ਪਹਿਲਾਂ ਨਾਲੋਂ ਬਦਲੀ ਸਥਿਤੀ ਦੇ ਭਾਵ ਹਨ। ਇਸ ਤਰ੍ਹਾਂ ਹਾਲ ਵਿਚ ਵਰਤਮਾਨ ਦਾ ਭਾਵ ਨਿਹਿਤ ਹੈ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ‘ਹਾਲ’ ਕਿਸੇ ਪ੍ਰਕਿਰਿਆ ਦੇ ਵਰਤਮਾਨ ਦਾ ਬੋਧਕ ਹੈ। ਇਸ ਸ਼ਬਦ ਦਾ ਵਿਸਤ੍ਰਿਤ ਅਰਥ ਹੈ ਹੀ ਵਰਤਮਾਨ ਕਾਲ, ਹੁਣ, ਅੱਜ। ਪੰਜਾਬੀ ਵਿਚ ਇਹ ਵਧੇਰੇ ਕਰਕੇ ‘ਹਾਲ ਹੀ ਵਿਚ’, ‘ਹਾਲੇ ਤੱਕ’, ‘ਹਾਲੇ ਵੀ’, ‘ਹਾਲੇ ਨਹੀਂ’ ਆਦਿ ਉਕਤੀਆਂ ਵਿਚ ਵਰਤਿਆ ਜਾਂਦਾ ਹੈ। ਇਸ ਰੋਸ਼ਨੀ ਵਿਚ ‘ਹਾਲਾਂ ਕਿ’ (ਮਤਲਬ ਭਾਵੇਂ ਕਿ) ਦਾ ਸ਼ਾਬਦਿਕ ਅਰਥ ਬਣਦਾ ਹੈ, ਇਸ ਸਥਿਤੀ ਦੇ ਹੁੰਦਿਆਂ। ‘ਹਾਲੇ ਦਾ’ ਉਕਤੀ ਵਿਚ ਚੰਗੀ ਹਾਲਤ ਵਾਲਾ, ਵਧੀਆ ਦੇ ਭਾਵ ਹਨ, ਜਿਵੇਂ ‘ਕੋਈ ਹਾਲੇ ਦੀ ਕੁੜੀ ਹੀ ਨਹੀਂ ਮਿਲਦੀ, ਵਿਆਹ ਕਿਵੇਂ ਕਰਾਵਾਂ!

ਹਾਲ ਤੋਂ ਫਾਰਸੀ ਸ਼ਬਦ ਹਾਲਤ ਬਣਿਆ ਜਿਸ ਦਾ ਅਰਥ ਵੀ ਦਸ਼ਾ, ਅਵਸਥਾ ਆਦਿ ਹੁੰਦਾ ਹੈ। ਇਨ੍ਹਾਂ ਹੀ ਅਰਥਾਂ ਵਿਚ ਇਹ ਸ਼ਬਦ ਪੰਜਾਬੀ ਵਿਚ ਆ ਗਿਆ। ਫਾਰਸੀ ਵਿਚ ਹਾਲਤ ਦਾ ਬਹੁਵਚਨ ਹਾਲਾਤ ਹੁੰਦਾ ਹੈ ਪਰ ਪੰਜਾਬੀ ਵਾਲਿਆਂ ਨੇ ਇਸ ਨੂੰ ਇਕ ਵਚਨ ਸਮਝਦਿਆਂ ਇਸ ਦਾ ਦੂਹਰਾ ਬਹੁਵਚਨ ਬਣਾ ਦਿੱਤਾ, ਹਾਲਾਤਾਂ। ਇਥੇ ਸਬੰਧਤ ਹਵਾਲ ਦਾ ਅਰਥ ਵੀ ਦਸ਼ਾ ਆਦਿ ਹੀ ਹੁੰਦਾ ਹੈ ਜਿਵੇਂ, “ਦਫਤਰ ਦਈ ਜਬ ਕਾਢਿ ਹੈ ਹੋਇਗਾ ਕਉਨ ਹਵਾਲੁ॥” (ਭਗਤ ਕਬੀਰ); “ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ॥” (ਗੁਰੂ ਅਰਜਨ ਦੇਵ)

ਹਾਲ ਦਾ ਅਰਬੀ ਵਿਚ ਬਹੁਵਚਨ ਹੈ, ‘ਅਹਿਵਾਲ’ ਪਰ ਇਹ ਇਕਵਚਨ ਦੀ ਤਰ੍ਹਾਂ ਹੀ ਵਰਤਿਆ ਜਾਂਦਾ ਹੈ। ਅਰਬੀ ਫਾਰਸੀ ਵਿਚ ਇਸ ਦਾ ਅਰਥ ਵੀ ਹਾਲਾਤ, ਮਸਲੇ, ਮਾਜਰਾ, ਘਟਨਾਵਾਂ ਆਦਿ ਹੁੰਦਾ ਹੈ ਜਿਵੇਂ ‘ਅਪਨਾ ਅਹਿਵਾਲ ਸੁਨਾਨਾ’ ਦਾ ਮਤਲਬ ਆਪਣੀ ਵਿਥਿਆ ਸੁਣਾਉਣੀ। ਪੰਜਾਬੀ ਵਿਚ ਇਹ ਸ਼ਬਦ ਬਹੁਤਾ ਸਮਾਚਾਰ, ਸੁਧ, ਖਬਰ ਆਦਿ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ, “ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਿਨੀ ਅਹਵਾਲ॥” (ਗੁਰੂ ਨਾਨਕ ਦੇਵ)

ਪੰਜਾਬੀ ਦੇ ਕਿੱਸਿਆਂ ਵਿਚ ਇਸ ਸ਼ਬਦ ਦੀ ਖੂਬ ਵਰਤੋਂ ਹੋਈ ਹੈ, “ਕੀ ਹੋਗੁ ਅਹਿਵਾਲ ਗੁਨਾਹੀ ਦਾ, ਮੈਂ ਅਮਲ ਬੁਰੇ ਨਿਤ ਕਰਦਾ ਹਾਂ। ਫੜ ਬਾਂਹ ਬਚਾਓ ਹਾਸ਼ਮ ਨੂੰ, ਯਾ ਪੀਰ! ਮੇਰੇ, ਮੈਂ ਡਰਦਾ ਹਾਂ।” (ਹਾਸ਼ਿਮ ਸ਼ਾਹ)। ਕਾਦਰ ਯਾਰ ਰਚਿਤ ਪੂਰਨ ਭਗਤ ਦੇ ਕਿੱਸੇ ਵਿਚੋਂ ਲਈ ਗਈ ਹੇਠ ਲਿਖੀ ਟੂਕ ਵਿਚ ਹਾਲ, ਹਵਾਲ ਅਤੇ ਅਹਿਵਾਲ-ਤਿੰਨੋਂ ਸ਼ਬਦ ਮਿਲਦੇ ਹਨ,

ਵਾਊ ਵਾਸਤਾ ਪਾਇ ਕੇ ਕਹੇ ਪੂਰਨ,
ਮੰਨੋ ਰਬ ਦੇ ਨਾਉਂ ਸਵਾਲ ਮੇਰਾ।
ਜਿਹੜੀ ਬਣੀ ਸੀ ਆਖਿ ਸੁਣਾਵਸਾਂ ਮੈਂ,
ਜਿਸ ਕਾਰਨ ਹੋਇਆ ਇਹ ਹਾਲ ਮੇਰਾ।
ਅਹਿਲ ਤਰਸ ਹੋ ਸਾਈਂ ਦੇ ਰੂਪ ਤੁਸੀਂ,
ਬਾਹਰ ਕੱਢ ਕੇ ਪੁਛੋ ਹਵਾਲ ਮੇਰਾ।
ਕਾਦਰਯਾਰ ਤੁਸੀਂ ਕੱਢੋ ਬਾਹਰ ਮੈਨੂੰ,
ਫੇਰ ਪੁਛਣਾ ਹਾਲ ਅਹਿਵਾਲ ਮੇਰਾ।

‘ਹਵਲ’ ਧਾਤੂ ਤੋਂ ਇਕ ਬਹੁਤ ਅਹਿਮ ਸ਼ਬਦ ਬਣਿਆ ਹੈ ‘ਹਵਾਲਾ’ ਜਿਸ ਦਾ ਆਮ ਅਰਥ ਸਪੁਰਦਗੀ ਹੈ। ਸਪੁਰਦਗੀ ਵਿਚ ਬਦਲੀ ਦੇ ਭਾਵ ਸਮਝੇ ਜਾ ਸਕਦੇ ਹਨ। ਕਿਸੇ ਦੇ ਅੱਗੇ ਕੋਈ ਚੀਜ਼ ਸਪੁਰਦ ਕਰਨ ਦਾ ਮਤਲਬ ਹੈ, ਉਸ ਚੀਜ਼ ਨੂੰ ਆਪਣੇ ਸਥਾਨ ਤੋਂ ਬਦਲਿਆ ਗਿਆ ਹੈ। ਗੁਰਬਾਣੀ ’ਚੋਂ ਮਿਸਾਲ ਲੈਂਦੇ ਹਾਂ, “ਹਰਿ ਭਗਤਾ ਹਵਾਲੈ ਹੋਤਾ॥” (ਗੁਰੂ ਅਰਜਨ ਦੇਵ) ਅਰਥਾਤ ਉਹ ਖਜ਼ਾਨਾ ਭਗਤਾਂ ਦੇ ਸਪੁਰਦ ਹੋਇਆ ਹੈ। ਜਦੋਂ ਅਸੀਂ ਕਿਸੇ ਕਥਨ ਦੀ ਪੁਸ਼ਟੀ ਲਈ ਕਿਸੇ ਲਿਖਤ ਦਾ ਹਵਾਲਾ ਦਿੰਦੇ ਹਾਂ ਤਾਂ ਇਸ ਦਾ ਭਾਵ ਹੁੰਦਾ ਹੈ ਕਿ ਉਸ ਕਥਨ ਨੂੰ ਕਿਸੇ ਲਿਖਤ ਦੇ ਸਪੁਰਦ ਕੀਤਾ ਜਾ ਰਿਹਾ ਹੈ।

ਗੈਰ-ਕਾਨੂੰਨੀ ਢੰਗ ਨਾਲ ਦੂਜੇ ਨੂੰ ਧਨ ਭੇਜਣ ਦੇ ਅਰਥਾਂ ਵਿਚ ਵੀ ਹਵਾਲਾ ਸ਼ਬਦ ਦੀ ਵਰਤੋਂ ਹੁੰਦੀ ਹੈ। ਧਨ ਲੈਣ-ਦੇਣ ਦੇ ਧੰਦੇ ਵਿਚ ਦਲਾਲਾਂ ਦਾ ਇਕ ਪੂਰਾ ਜਾਲ ਹੁੰਦਾ ਹੈ। ਇਨ੍ਹਾਂ ਨੂੰ ਹਵਾਲਦਾਰ ਵੀ ਕਹਿੰਦੇ ਹਨ। ਬੋਲਚਾਲ ਵਿਚ ਅਸੀਂ ਇਨ੍ਹਾਂ ਨੂੰ ਬਲੈਕੀਏ ਆਖਦੇ ਹਾਂ। 1991 ਵਿਚ ਭਾਰਤ ਵਿਚ ਕੋਈ ਦੋ ਕਰੋੜ ਡਾਲਰ ਦਾ ਬਹੁਤ ਵੱਡਾ ਹਵਾਲਾ ਸਕੈਂਡਲ ਹੋਇਆ ਸੀ। ਅਡਵਾਨੀ, ਵੀ.ਸੀ. ਸ਼ੁਕਲਾ, ਸ਼ਿਵ ਸ਼ੰਕਰ, ਸ਼ਰਦ ਯਾਦਵ, ਬਲਰਾਮ ਜਾਖੜ, ਮਦਨ ਲਾਲ ਖੁਰਾਣਾ ਸਮੇਤ ਕਈ ਵੱਡੇ ਸਿਆਸਤਦਾਨਾਂ ’ਤੇ ਦੋਸ਼ ਲੱਗਾ ਸੀ ਕਿ ਉਨ੍ਹਾਂ ਨੇ ਹਵਾਲਾ ਦਲਾਲਾਂ ਰਾਹੀਂ ਬਹੁਤ ਸਾਰਾ ਧਨ ਹਥਿਆਇਆ ਸੀ। ਹਵਾਲੇ ਦਾ ਇਹ ਧੰਦਾ ਬੈਂਕਾਂ ਦੇ ਸਮਾਨੰਤਰ ਅਤੇ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਵਿਤੀ ਪ੍ਰਨਾਲੀ ਤੋਂ ਲਾਂਭੇ ਹੋ ਕੇ ਚਲਦਾ ਹੈ ਤੇ ਪੂਰੀ ਤਰ੍ਹਾਂ ਵਿਚੋਲਿਆਂ ਦੇ ਵਿਸ਼ਵਾਸ ਅਤੇ ਕਾਰਜ-ਕੁਸ਼ਲਤਾ ’ਤੇ ਆਧਾਰਤ ਹੈ। ਅਸਲ ਵਿਚ ਇਸ ਤਰ੍ਹਾਂ ਦੇ ਹਵਾਲਾ ਕਾਰੋਬਾਰ ਦਾ ਇਤਿਹਾਸ ਬਹੁਤ ਪੁਰਾਣਾ ਹੈ। ਭਾਰਤ ਵਿਚ ਇਹ ਪ੍ਰਨਾਲੀ ਮੁਸਲਮਾਨੀ ਦੌਰ ਵਿਚ ਪ੍ਰਚਲਿਤ ਹੋਈ। ਫਰਾਂਸ ਅਤੇ ਇਟਲੀ ਦੇ ਕਾਨੂੰਨਾਂ ਵਿਚ ਕ੍ਰਮਵਾਰ aval ਅਤੇ avallo ਪਦ ਆਉਂਦੇ ਹਨ ਜੋ ਕਰਜ਼ੇ ਦੇ ਤਬਾਦਲੇ ਦੇ ਸੰਕੇਤਕ ਹਨ। ਕੁਝ ਭਾਸ਼ਾ-ਵਿਗਿਆਨੀਆਂ ਅਨੁਸਾਰ ਇਹ ਸ਼ਬਦ ਅਰਬੀ ਹਵਾਲਾ ਤੋਂ ਬਣੇ ਹਨ।

ਪੁਰਾਣੇ ਜ਼ਮਾਨੇ ਵਿਚ ਹਕੂਮਤ ਦੀ ਤਰਫੋਂ ਟੈਕਸ ਵਸੂਲਣ ਲਈ ਜੋ ਅਫਸਰ ਨਿਯੁਕਤ ਕੀਤੇ ਜਾਂਦੇ ਸਨ, ਉਨ੍ਹਾਂ ਨੂੰ ਹਵਾਲਦਾਰ ਕਿਹਾ ਜਾਂਦਾ ਸੀ, ਜਾਣੋਂ ਟੈਕਸ ਉਨ੍ਹਾਂ ਦੇ ਹਵਾਲੇ ਕੀਤੇ ਜਾਂਦੇ ਸਨ। ਅੱਜ ਕਲ੍ਹ ਪੁਲਿਸ ਵਿਚ ਵੀ ਹਵਾਲਦਾਰ ਹੁੰਦੇ ਹਨ, ਮੁਜਰਮ ਜਿਨ੍ਹਾਂ ਦੇ ਹਵਾਲੇ ਕੀਤੇ ਜਾਂਦੇ ਹਨ। ਫੌਜ ਦੇ ਹੌਲਦਾਰ ਦੇ ਸਪੁਰਦ ਵੀ ਇਕ ਸੈਨਾ ਟੁਕੜੀ ਹੁੰਦੀ ਹੈ। ਹੌਲਦਾਰ ਸ਼ਬਦ ਹਵਾਲਦਾਰ ਦਾ ਹੀ ਵਿਗੜਿਆ ਰੂਪ ਹੈ। ਹਵਲ ਦੇ ਅੱਗੇ ਅਰਬੀ ਧਾਤੂ ‘ਮ’ ਲੱਗ ਕੇ ਮਾਹੌਲ ਸ਼ਬਦ ਬਣ ਗਿਆ ਜਿਸ ਦਾ ਅਰਥ ਹੈ, ਚੁਗਿਰਦਾ, ਪਰਿਵੇਸ਼, ਆਲ-ਦੁਆਲਾ। ਦਰਅਸਲ ਇਥੇ ਆਲੇ-ਦੁਆਲੇ ਦੀ ਦਸ਼ਾ ਦਾ ਹੀ ਭਾਵ ਹੈ।

# ਆਬਾਦੀ ਪੱਖੋਂ 2050 ’ਚ ਭਾਰਤ ਹੋਵੇਗਾ ਪਹਿਲੇ ਨੰਬਰ ‘ਤੇ

ਅਕੇਸ਼ ਕੁਮਾਰ
ਫੋਨ: 91-98880-31426

ਦੁਨੀਆਂ ਦੀ ਆਬਾਦੀ 7 ਬਿਲੀਅਨ ਤੋਂ ਵੀ ਵੱਧ ਹੋ ਚੁੱਕੀ ਹੈ ਤੇ ਹਰ ਪਲ ਇਹ ਹੋਰ ਵਧ ਰਹੀ ਹੈ। ਆਬਾਦੀ ਕਈ ਦੇਸ਼ਾਂ ਲਈ ਇੱਕ ਵੱਡੀ ਮੁਸੀਬਤ ਬਣ ਚੁੱਕੀ ਹੈ ਜਿਸ ਨਾਲ ਉਨ੍ਹਾਂ ਨੂੰ ਬੇਰੁਜ਼ਗਾਰੀ, ਭੁੱਖਮਰੀ ਅਤੇ ਹੋਰ ਕਈ ਸਮੱਸਿਆਵਾਂ ਨੇ ਜਕੜ ਲਿਆ ਹੈ। ਖੇਤਰਫਲ ਤਾਂ ਉਹੀ ਹੈ ਪਰ ਪਿਛਲੇ ਕੁਝ ਦਹਾਕਿਆਂ ਤੋਂ ਆਬਾਦੀ ਵਿਚ ਕਾਫੀ ਵਾਧਾ ਹੋਇਆ ਹੈ। ਦੁਨੀਆਂ ਵਿਚ ਵੱਡੀ ਆਬਾਦੀ ਵਾਲੇ ਤਿੰਨ ਦੇਸ਼ ਹਨ-ਚੀਨ 1.34 ਬਿਲੀਅਨ, ਭਾਰਤ 1.21 ਬਿਲੀਅਨ ਤੇ ਅਮਰੀਕਾ 308.7 ਮਿਲੀਅਨ। ਇਹ ਤਿੰਨ ਦੇਸ਼ ਹੀ ਰਲ ਕੇ ਦੁਨੀਆਂ ਦੀ ਆਬਾਦੀ ਦਾ 40% ਹਿੱਸਾ ਸਮੇਟੀ ਬੈਠੇ ਹਨ। ਭਾਰਤ ਪਾਸ ਕੁੱਲ ਦੁਨੀਆਂ ਦਾ ਖੇਤਰਫਲ ਤਾਂ ਹੈ 2.4% ਜਦਕਿ ਆਬਾਦੀ 17.5% ਹੈ। ਕਈ ਦੇਸ਼ਾਂ ਦਾ ਹਾਲ ਤਾਂ ਇਹ ਹੈ ਕਿ ਖੇਤਰਫਲ ਦੇ ਹਿਸਾਬ ਨਾਲ ਉਨ੍ਹਾਂ ਦੀ ਆਬਾਦੀ ਕਈ ਗੁਣਾ ਹੈ।

ਭਾਰਤ ਦੀ ਆਬਾਦੀ 1901 ਵਿਚ ਕਰੀਬ 24 ਕਰੋੜ ਸੀ ਜੋ 110 ਸਾਲਾਂ ਵਿਚ ਚਾਰ ਗੁਣਾ ਵਧ ਕੇ 121 ਕਰੋੜ ਤੋਂ ਵੀ ਵੱਧ ਹੋ ਗਈ ਹੈ। 2011 ਦੀ ਮਰਦਮਸ਼ੁਮਾਰੀ ਮੁਤਾਬਕ ਭਾਰਤ ਵਿਚ ਸਭ ਤੋਂ ਵੱਧ ਆਬਾਦੀ ਉਤਰ ਪ੍ਰਦੇਸ਼ ਕਰੀਬ 20 ਕਰੋੜ ਸੀ ਤੇ ਜੇਕਰ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਛੱਡ ਦਿੱਤਾ ਜਾਵੇ ਤਾਂ ਸਭ ਤੋਂ ਘੱਟ ਆਬਾਦੀ ਵਾਲਾ ਰਾਜ ਹੈ, ਸਿੱਕਮ। ਭਾਰਤ ਦੇ ਕੁਝ ਰਾਜਾਂ ਦੀ ਆਬਾਦੀ ਵਿਸ਼ਵ ਦੇ ਕੁਝ ਛੋਟੇ ਦੇਸ਼ਾਂ ਦੀ ਆਬਾਦੀ ਤੋਂ ਵੀ ਜ਼ਿਆਦਾ ਹੈ ਜਿਵੇਂ ਉਤਰ ਪ੍ਰਦੇਸ਼ ਦੀ ਆਬਾਦੀ ਬ੍ਰਾਜ਼ੀਲ ਤੋਂ ਜ਼ਿਆਦਾ ਹੈ।

ਪਿਛਲੇ ਇਕ ਦਹਾਕੇ ਵਿਚ ਆਬਾਦੀ ਵਧਣ ਦੀ ਦਰ 17.64% ਹੈ ਜੋ ਸ਼ਹਿਰਾਂ ਵਿਚ 12.18% ਤੇ ਪਿੰਡਾਂ ਵਿਚ 31.80% ਹੈ। ਬਿਹਾਰ ਵਿਚ ਇਹ ਦਰ ਸਭ ਤੋਂ ਵੱਧ 23.90% ਰਹੀ ਹੈ ਜਦਕਿ ਸਭ ਤੋਂ ਘੱਟ ਦਰ ਨਾਗਾਲੈਂਡ ਵਿਚ 0.47% ਹੈ ਤੇ 4.86% ਨਾਲ ਕੇਰਲ ਦੂਜੇ ਨੰਬਰ ’ਤੇ ਆਉਂਦਾ ਹੈ। ਖੇਤਰਫਲ ਦੇ ਹਿਸਾਬ ਨਾਲ ਸਭ ਤੋਂ ਵੱਧ ਸੰਘਣੀ ਆਬਾਦੀ ਵਾਲਾ ਸੂਬਾ ਹੈ ਦਿੱਲੀ, ਜਿੱਥੇ ਪ੍ਰਤੀ ਵਰਗ ਕਿਲੋਮੀਟਰ 11,297 ਵਿਅਕਤੀ ਰਹਿੰਦੇ ਹਨ ਜਦਕਿ ਪ੍ਰਤੀ ਵਰਗ ਕਿਲੋਮੀਟਰ 17 ਵਿਅਕਤੀਆਂ ਨਾਲ ਅਰੁਣਾਚਲ ਪ੍ਰਦੇਸ਼ ਸਭ ਤੋਂ ਘੱਟ ਘਣਤਾ ਵਾਲਾ ਪ੍ਰਾਂਤ ਹੈ।

ਪਿਛਲੇ ਕੁਝ ਸਮੇਂ ਤੋਂ ਦੁਨੀਆਂ ਦੀ ਆਬਾਦੀ ਵਿਚ ਖਾਸਾ ਵਾਧਾ ਹੋਇਆ ਹੈ, ਖਾਸ ਕਰ ਤੀਜੇ ਵਿਸ਼ਵ ਦੇ ਦੇਸ਼ਾਂ ਵਿਚ ਜੋ ਸਭ ਲਈ ਚਿੰਤਾ ਦਾ ਵਿਸ਼ਾ ਹੈ। ਇਸ ਨਾਲ ਦੁਨੀਆਂ ਦੇ ਕੁਦਰਤੀ ਸਾਧਨਾਂ ’ਤੇ ਭਾਰ ਵੱਧ ਰਿਹਾ ਹੈ। ਕੀੜੇ ਮਕੌੜਿਆਂ ਤੋਂ ਲੈ ਕੇ ਧਰਤੀ ’ਤੇ ਰਹਿੰਦੇ ਤੇ ਸਮੁੰਦਰੀ ਜੀਵ ਅਤੇ ਮਨੁੱਖ, ਸਭ ਰਲ ਕੇ ਭੋਜਨ ਦੀ ਇੱਕ ਕੜੀ ਦਾ ਹਿੱਸਾ ਹਨ। ਸਾਡੇ ਕੁਦਰਤੀ ਸਾਧਨ ਤਾਂ ਨਿਸ਼ਚਿਤ ਹਨ ਪਰ ਆਬਾਦੀ ਦੇ ਵੱਧਣ ਨਾਲ ਹਰ ਜੀਵ ਦੇ ਹਿੱਸੇ ਆਉਣ ਵਾਲੇ ਸਾਧਨ ਘੱਟਦੇ ਜਾਂਦੇ ਹਨ।

ਵੱਧਦੀ ਆਬਾਦੀ ਵਾਤਾਵਰਣ ’ਤੇ ਵੀ ਮਾੜਾ ਅਸਰ ਪਾਉਂਦੀ ਹੈ। ਦੁਨੀਆਂ ਦੀ ਆਬਾਦੀ ਸਿਰਫ ਜ਼ਿਆਦਾ ਹੀ ਨਹੀਂ ਹੈ, ਇਸ ਦੀ ਵੰਡ ਵੀ ਬੇਤਰਤੀਬ ਹੈ। ਕਿਸੇ ਦੇਸ਼ ਦੀ ਆਬਾਦੀ ਤਾਂ ਉਸ ਦੇ ਖੇਤਰਫਲ ਤੇ ਵਸੀਲਿਆਂ ਦੇ ਅਨੁਪਾਤ ਵਿਚ ਬਹੁਤ ਜ਼ਿਆਦਾ ਹੈ ਤੇ ਕਿਸੇ ਦੇਸ਼ ਵਿਚ ਇਹ ਅਨੁਪਾਤ ਬਹੁਤ ਹੀ ਘੱਟ ਹੈ ਜਿਵੇਂ ਕਿ ਅਮਰੀਕਾ ਵਿਚ ਪ੍ਰਤੀ ਵਿਅਕਤੀ ਭੂਮੀ 30 ਏਕੜ ਆਉਂਦੀ ਹੈ ਜਦਕਿ ਮੈਕਸੀਕੋ ਵਿਚ 6.6 ਏਕੜ ਆਉਂਦੀ ਹੈ। ਅਮੀਰ ਤੇ ਗਰੀਬ ਦੇਸ਼ਾਂ ਵਿਚ ਇਸ ਅਨੁਪਾਤ ਵਿਚ ਬਹੁਤ ਅੰਤਰ ਹੈ। ਜਦੋਂ ਕਿਸੇ ਇਲਾਕੇ ਦੀ ਆਬਾਦੀ ਉਥੋਂ ਦੇ ਇਲਾਕੇ ਜਾਂ ਵਾਤਾਵਰਣ ਨੂੰ ਸੰਭਾਲਣ ਦੀ ਤਾਕਤ ਤੋਂ ਵੀ ਵੱਧ ਜਾਂਦੀ ਹੈ ਤਾਂ ਉਸ ਨੂੰ ਆਬਾਦੀ ਦਾ ਜ਼ਿਆਦਾ ਹੋਣਾ ਕਿਹਾ ਜਾਂਦਾ ਹੈ। ਇਹ ਸਥਿਤੀ ਜਾਂ ਤਾਂ ਆਬਾਦੀ ਦੇ ਵਧਣ ਨਾਲ ਤੇ ਜਾਂ ਫਿਰ ਵਸੀਲਿਆਂ ਦੇ ਘੱਟਣ ਨਾਲ ਪੈਦਾ ਹੋ ਸਕਦੀ ਹੈ।

ਮਨੁੱਖੀ ਆਬਾਦੀ ਵਿਚ ਬੇਹਿਸਾਬ ਵਾਧਾ ਪ੍ਰਦੂਸ਼ਣ ਤੇ ਆਵਾਜਾਈ ਦੇ ਸਾਧਨਾਂ ਦੀ ਭੀੜ ਦਾ ਕਾਰਨ ਬਣਦਾ ਹੈ। ਤਕਨੀਕੀ ਤੇ ਆਰਥਿਕ ਤਬਦੀਲੀ ਇਸ ਸਥਿਤੀ ਨੂੰ ਵਿਗਾੜ ਵੀ ਸਕਦੀ ਹੈ ਤੇ ਸੁਧਾਰ ਵੀ। ਵੈਸੇ ਦੇਖਿਆ ਜਾਵੇ ਤਾਂ ਵਿਸ਼ਵ ਪੱਧਰ ’ਤੇ ਮਨੁੱਖੀ ਆਬਾਦੀ ਦੇ ਵਧਣ ਦੀ ਦਰ ਵਿਚ ਕਮੀ ਆਈ ਹੈ। 1962-63 ਵਿਚ ਇਹ ਦਰ ਸਾਲਾਨਾ 2.20% ਸੀ ਜੋ ਘਟ ਕੇ 1.1% ਰਹਿ ਗਈ ਹੈ। ਸੀ ਆਈ ਏ ਵਰਲਡ ਫੈਕਟਬੁਕ ਮੁਤਾਬਕ ਦੁਨੀਆਂ ਦੀ ਜਨਮ ਦਰ 1.91% ਹੈ ਤੇ ਮੌਤ ਦਰ 0.81% ਹੈ ਜਿਸ ਨਾਲ ਆਬਾਦੀ ਵਧਣ ਦੀ ਦਰ 1.1% ਬਣਦੀ ਹੈ, ਜਦਕਿ ਭਾਰਤ ਵਿਚ ਇਹ ਦਰ 1.58% ਹੈ। ਪਿਛਲੀ ਇੱਕ ਸਦੀ ਵਿਚ ਦੁਨੀਆਂ ਦੀ ਆਬਾਦੀ ਵਿਚ ਖਾਸਾ ਵਾਧਾ ਹੋਇਆ ਹੈ ਤੇ ਇਸ ਦਾ ਮੁੱਖ ਕਾਰਣ ਡਾਕਟਰੀ ਸਹੂਲਤਾਂ ਵਿਚ ਵਾਧਾ ਤੇ ਖੇਤੀ ਉਪਜ ’ਚ ਵਾਧਾ ਹੈ। ਆਬਾਦੀ ਵਧਣ ਦੇ ਨਾਲ ਨਾਲ ਲੋਕਾਂ ਦੀ ਔਸਤ ਉਮਰ ਵੀ ਵਧੀ ਹੈ। 1960 ਵਿਚ ਔਸਤ ਉਮਰ 53 ਸਾਲ ਸੀ ਜੋ ਵਧ ਕੇ 2010 ਵਿਚ 69 ਸਾਲ ਹੋ ਚੁਕੀ ਸੀ। ਭਾਰਤ ਵਿਚ ਔਰਤਾਂ ਦੀ ਔਸਤ ਉਮਰ 66 ਸਾਲ ਤੇ ਮਰਦਾਂ ਦੀ 64 ਸਾਲ ਹੈ।



ਜਿੱਥੇ ਕਈ ਦੇਸ਼ ਵਧਦੀ ਆਬਾਦੀ ਤੋਂ ਪ੍ਰੇਸ਼ਾਨ ਹਨ, ਉਥੇ ਕਈ ਅਜਿਹੇ ਵੀ ਹਨ ਜਿੱਥੇ ਆਬਾਦੀ ਦੀ ਦਰ ਘਟ ਰਹੀ ਹੈ, ਖਾਸ ਕਰ ਪੂਰਬੀ ਯੂਰਪ ਵਿਚ ਜਿੱਥੇ ਜਨਮ ਦਰ ਮੌਤ ਦਰ ਤੋਂ ਘੱਟ ਹੈ। ਇਸੇ ਤਰ੍ਹਾਂ ਦੱਖਣੀ ਅਫਰੀਕਾ ਵਿਚ ਬਿਮਾਰੀਆਂ ਕਾਰਨ ਮੌਤ ਦਰ ਜ਼ਿਆਦਾ ਹੈ ਅਤੇ ਆਬਾਦੀ ਦੀ ਵਾਧਾ ਦਰ ਕਾਫੀ ਘੱਟ ਹੈ। 2005 ਤੋਂ ਜਪਾਨ ਦੀ ਆਬਾਦੀ ਵੀ ਘੱਟ ਰਹੀ ਹੈ।

ਆਬਾਦੀ ਦੇ ਵੱਧਣ ਨਾਲ ਇੱਕ ਜਿਹੜੀ ਮੁੱਖ ਸਮੱਸਿਆ ਸਾਹਮਣੇ ਆ ਰਹੀ ਹੈ, ਉਹ ਹੈ ਸ਼ਹਿਰੀਕਰਣ ਦੀ। ਪਿੰਡਾਂ ਤੋਂ ਲੋਕ ਸ਼ਹਿਰਾਂ ਵੱਲ ਨੂੰ ਵੱਧ ਰਹੇ ਹਨ ਜਿਸ ਨਾਲ ਸ਼ਹਿਰਾਂ ’ਤੇ ਆਬਾਦੀ ਦਾ ਦਬਾਅ ਵੱਧ ਰਿਹਾ ਹੈ। 2008 ਵਿਚ ਮਨੁੱਖੀ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਜਦੋਂ ਸ਼ਹਿਰਾਂ ਵਿਚ ਪਿੰਡਾਂ ਤੋਂ ਵੱਧ ਆਬਾਦੀ ਸੀ। ਇੱਕ ਅਨੁਮਾਨ ਮੁਤਾਬਕ 2050 ਵਿਚ ਦੁਨੀਆਂ ਦੀ 70% ਆਬਾਦੀ ਸ਼ਹਿਰਾਂ ਵਿਚ ਹੋਵੇਗੀ ਤੇ ਭਾਰਤ ਚੀਨ ਨੂੰ ਪਛਾੜਦਿਆਂ ਆਬਾਦੀ ਦੇ ਮਾਮਲੇ ਵਿਚ ਦੁਨੀਆਂ ਵਿਚ ਪਹਿਲੇ ਨੰਬਰ ’ਤੇ ਆ ਜਾਵੇਗਾ। ਸਮੱਸਿਆ ਸਿਰਫ ਆਬਾਦੀ ਦੀ ਨਹੀਂ, ਇਸ ਦੇ ਸੰਤੁਲਨ ਦੀ ਵੀ ਹੈ। ਨੈਸ਼ਨਲ ਜਿਓਗ੍ਰਾਫਿਕ ਰਿਪੋਰਟ ਮੁਤਾਬਕ ਕੁੱਲ ਆਬਾਦੀ ਦਾ 5% ਹਿੱਸਾ ਕੁੱਲ ਊਰਜਾ ਦੀ 23% ਵਰਤੋਂ ਕਰਦਾ ਹੈ। 13% ਲੋਕਾਂ ਨੂੰ ਪੀਣ ਦਾ ਸਾਫ ਪਾਣੀ ਨਹੀਂ ਮਿਲਦਾ ਤੇ 38% ਲਈ ਜੰਗਲ-ਪਾਣੀ ਦੇ ਵੀ ਸਹੀ ਪ੍ਰਬੰਧ ਨਹੀਂ ਹਨ। ਵੱਧਦੀ ਆਬਾਦੀ ਗਲੋਬਲ ਵਾਰਮਿੰਗ ਦਾ ਵੱਡਾ ਕਾਰਨ ਹੈ। ਪਾਣੀ ਘੱਟ ਰਿਹਾ ਹੈ, ਮਿੱਟੀ ਦਾ ਖੋਰਾ ਵਧਿਆ ਹੈ, ਗਲੇਸ਼ੀਅਰ ਪਿਘਲ ਰਹੇ ਹਨ, ਕਈ ਜੀਵ ਜਾਤੀਆਂ ਲੋਪ ਹੋ ਰਹੀਆਂ ਹਨ। ਆਉਂਦੇ ਦਹਾਕਿਆਂ ਵਿਚ 2 ਬਿਲੀਅਨ ਆਬਾਦੀ ਹੋਰ ਵੱਧ ਜਾਵੇਗੀ ਜਿਸ ਵਿਚ ਜ਼ਿਆਦਾ ਆਬਾਦੀ ਗਰੀਬ ਦੇਸ਼ਾਂ ਵਿਚ ਹੋਵੇਗੀ ਤੇ ਜੇ ਉਨ੍ਹਾਂ ਨੇ ਵੀ ਅਮੀਰ ਦੇਸ਼ਾਂ ਵਾਂਗ ਜੰਗਲ ਕਟਣੇ, ਕੋਲਾ ਤੇ ਤੇਲ ਬਾਲਣੇ ਅਤੇ ਖਾਦਾਂ ਤੇ ਰਸਾਇਣਾਂ ਦਾ ਬੇਬਹਾ ਇਸਤੇਮਾਲ ਸ਼ੁਰੂ ਕਰ ਦਿੱਤਾ ਤਾਂ ਕੁਦਰਤੀ ਸਾਧਨਾਂ ਦੀ ਸਥਿਤੀ ਹੋਰ ਵੀ ਖਰਾਬ ਹੋ ਜਾਵੇਗੀ।

ਆਬਾਦੀ ਵਧਣ ਦੀ ਪਹਿਲੀ ਸਮੱਸਿਆ ਸਿਰ ਢਕਣ ਲਈ ਛੱਤ ਦੀ ਹੈ ਤੇ ਦੂਜੀ ਖਾਣ ਤੇ ਪੀਣ ਦੇ ਸਾਫ ਪਾਣੀ ਦੀ। ਵਧਦੀ ਆਬਾਦੀ ਦੀ ਰਿਹਾਇਸ਼ ਲਈ ਅਤੇ ਵਿਕਾਸ ਦੇ ਨਾਂ ’ਤੇ ਜੰਗਲ ਕੱਟੇ ਜਾ ਰਹੇ ਹਨ ਤੇ ਖੇਤੀ ਬਾੜੀ ਦੀ ਜ਼ਮੀਨ ’ਤੇ ਵੀ ਮਕਾਨ ਤੇ ਸਨਅਤੀ ਇਮਾਰਤਾਂ ਉਸਾਰੀਆਂ ਜਾ ਰਹੀਆਂ ਹਨ। ਖਾਣ ਵਾਲੇ ਇਨਸਾਨ ਤਾਂ ਵੱਧ ਰਹੇ ਹਨ ਪਰ ਖਾਣਾ ਪੈਦਾ ਕਰਨ ਵਾਲੀ ਜ਼ਮੀਨ ਦਿਨ ਪਰ ਦਿਨ ਘੱਟ ਰਹੀ ਹੈ। ਵੱਧ ਰਹੀ ਆਬਾਦੀ ਨਾਲ ਤੇਜੀ ਨਾਲ ਕੂੜਾ-ਕਰਕਟ ਵੀ ਵਧ ਰਿਹਾ ਹੈ। ਇਸ ਕੂੜੇ ਨਾਲ ਨਿਬੜਨ ਲਈ ਅਜਿਹੇ ਤਰੀਕੇ ਚਾਹੀਦੇ ਹਨ ਜਿਸ ਨਾਲ ਵਾਤਾਵਰਣ ’ਤੇ ਘੱਟੋ ਘੱਟ ਮਾੜਾ ਅਸਰ ਪਵੇ ਤੇ ਮਨੁੱਖ ਦੀ ਸਿਹਤ ਵੀ ਬੁਰੇ ਅਸਰ ਤੋਂ ਬਚੀ ਰਹੇ।

ਸਮੱਸਿਆ ਸਿਰਫ ਆਬਾਦੀ ਵਧਣ ਦੀ ਹੀ ਨਹੀਂ, ਕੁਦਰਤੀ ਸਾਧਨਾਂ ਦੀ ਯੋਗ ਵਰਤੋਂ ਨਾ ਹੋਣਾ ਵੀ ਹੈ। ਕਈ ਦੇਸ਼ਾਂ ਨੇ ਇਸ ਨਾਲ ਨਜਿਠਣ ਲਈ ਤਕਨੀਕਾਂ ਵਿਕਸਿਤ ਕਰ ਲਈਆਂ ਹਨ ਪਰ ਕਈ ਦੇਸ਼ ਅਜੇ ਵੀ ਪੈਸੇ ਤੇ ਵਸੀਲਿਆਂ ਦੀ ਕਮੀ ਕਾਰਨ ਬਹੁਤ ਪਿਛੜੇ ਹੋਏ ਹਨ। ਵਿਸ਼ਵ ਦੇ ਸਭ ਦੇਸ਼ਾਂ ਨੂੰ ਵੱਧ ਰਹੀ ਆਬਾਦੀ ’ਤੇ ਕੰਟਰੋਲ ਕਰਨ ਲਈ ਸਾਂਝੇ ਉਪਰਾਲੇ ਕਰਨੇ ਪੈਣਗੇ ਤਾਂ ਹੀ ਇਸ ਸਮੱਸਿਆ ਦਾ ਕੋਈ ਹੱਲ ਨਿਕਲ ਸਕੇਗਾ।

# ਬਜਰੰਗੀ ਦੇ ਬਹਾਨੇ...



## ਸਰਹੱਦ ਦੇ ਆਰ-ਪਾਰ ਸਾਂਝ ਦੀਆਂ ਸੁਰਾਂ

ਆਮਨਾ ਸਿੰਘ

ਹਾਲ ਹੀ ਵਿਚ ਰਿਲੀਜ਼ ਹੋਈ ਸਲਮਾਨ ਖਾਨ ਤੇ ਕਰੀਨਾ ਕਪੂਰ ਦੀ ਫਿਲਮ 'ਬਜਰੰਗੀ ਭਾਈਜਾਨ' ਵਿਚ ਪੇਸ਼ ਸੱਚ ਦਾ ਸੁਨੇਹਾ ਹਰ ਹੱਦ-ਸਰਹੱਦ ਪਾਰ ਕਰ ਗਿਆ ਹੈ। ਇਸ ਫਿਲਮ ਅਤੇ ਇਸ ਦੇ ਸੱਚੇ ਸੁਨੇਹੇ ਨੇ ਭਾਰਤ ਤੇ ਪਾਕਿਸਤਾਨ, ਦੋਹਾਂ ਹੀ ਮੁਲਕਾਂ ਵਿਚ 'ਬਹਿ ਜਾ ਬਹਿ ਜਾ' ਕਰਵਾ ਦਿੱਤੀ ਹੈ। ਇਹ ਫਿਲਮ ਬਾਕਸ ਆਫਿਸ ਉਤੇ ਤਾਂ ਰਿਕਾਰਡ ਬਣਾ ਹੀ ਰਹੀ ਹੈ, ਇਸ ਨੇ ਦੋਹਾਂ ਮੁਲਕਾਂ ਦੇ ਬਾਸ਼ਿੰਦਿਆਂ ਦੇ ਪਿਆਰ ਦਾ ਸੁਨੇਹਾ ਵੀ ਸੰਸਾਰ ਭਰ ਵਿਚ ਪਹੁੰਚਾ ਦਿੱਤਾ ਹੈ। ਫਿਲਮ ਦਾ ਮੁੱਖ ਕਿਰਦਾਰ ਸਲਮਾਨ ਖਾਨ ਨੇ ਨਿਭਾਇਆ ਹੈ, ਪਰ ਫਿਲਮ ਵਿਚ ਅਸਲ ਜਾਨ ਦੋ ਹੋਰ ਕਿਰਦਾਰਾਂ ਨੇ ਪਾਈ ਹੈ। ਇਹ ਕਿਰਦਾਰ ਹਨ, ਬਾਲ ਕਲਾਕਾਰ ਹਰਸ਼ਾਲੀ ਮਲਹੋਤਰਾ ਅਤੇ ਨਵਾਜ਼-ਉਦ-ਦੀਨ। ਦੋਹਾਂ ਦੀ ਅਦਾਕਾਰੀ ਦੰਗ ਕਰਨ ਵਾਲੀ ਹੈ। ਨਵਾਜ਼-ਉਦ-ਦੀਨ ਤਾਂ ਭਾਵੇਂ ਕਈ ਫਿਲਮਾਂ ਵਿਚ ਆਪਣੀ ਵਿਲੱਖਣ ਕਲਾਕਾਰੀ ਦੇ ਜਲਵੇ ਦਿਖਾ ਚੁੱਕਾ ਹੈ, ਪਰ ਹਰਸ਼ਾਲੀ ਮਲਹੋਤਰਾ ਨੂੰ ਪਹਿਲੀ ਵਾਰ ਦਰਸ਼ਕਾਂ ਨੇ ਦੇਖਿਆ ਹੈ। ਫਿਲਮ ਦੇ ਅਖੀਰ ਵਿਚ ਜਾ ਕੇ ਤਾਂ ਇਹ ਦੋਵੇਂ ਕਲਾਕਾਰ ਛਾ ਹੀ ਜਾਦੇ ਹਨ। ਦਰਸ਼ਕ ਇਨ੍ਹਾਂ ਦੋਹਾਂ ਕਲਾਕਾਰਾਂ ਦੀ ਸਹਿਜ ਅਦਾਕਾਰੀ 'ਤੇ ਅਸ਼ ਅਸ਼ ਕਰ ਉਠਦੇ ਹਨ। ਆਖਰੀ ਦ੍ਰਿਸ਼ਾਂ ਵਿਚ ਤਾਂ ਹਰਸ਼ਾਲੀ ਮਲਹੋਤਰਾ ਲੋਕਾਂ ਦੇ ਦਿਲ ਹੀ ਲੁੱਟ ਕੇ ਲੈ ਜਾਂਦੀ ਹੈ। ਇਸ ਫਿਲਮ ਨੂੰ ਦੇਖਣ ਵਾਲਿਆਂ ਅਤੇ ਸਾਰੇ ਫਿਲਮ ਆਲੋਚਕਾ ਦਾ ਆਖਣਾ ਹੈ ਕਿ ਚਿਰਾਂ ਬਾਅਦ ਅਜਿਹੀ ਹਿੰਦੀ ਫਿਲਮ ਆਈ ਹੈ ਜਿਸ ਵਿਚ ਭਾਰਤ ਤੇ ਪਾਕਿਸਤਾਨ ਵਿਚਕਾਰ ਸਾਂਝ ਦੀ ਬਾਤ ਤੁਰਦੀ ਹੈ। ਹੁਣ ਤੱਕ ਪਾਕਿਸਤਾਨ ਤੇ ਭਾਰਤ ਬਾਰੇ ਬਣੀਆਂ ਬਹੁਤੀਆਂ ਫਿਲਮਾਂ ਵਿਚ ਜੰਗ ਦਾ ਜ਼ੋਰ ਭਾਰੂ ਦਿਸਦਾ ਰਿਹਾ ਹੈ। ਅੱਜ ਭਾਵੇਂ ਕੁਝ ਕਾਰਨਾਂ ਕਰ ਕੇ ਦੋਹਾਂ ਮੁਲਕਾਂ ਦੀ ਸਰਹੱਦ ਉਤੇ ਤਣਾਅ ਚੱਲ ਰਿਹਾ ਹੈ, ਪਰ ਇਸ ਫਿਲਮ ਦੇ ਸਾਂਝ ਦੇ ਸੁਨੇਹੇ ਨੂੰ ਸਭ ਨੇ ਸਵੀਕਾਰ ਕੀਤਾ ਹੈ। ਫਿਲਮ ਵਿਚ ਸਾਂਝ ਦਾ ਇਹ ਸੁਨੇਹਾ ਇੰਨਾ ਜ਼ੋਰਦਾਰ ਹੈ ਕਿ ਮਜ਼ਹਬੀ ਕੱਟੜਤਾ ਤਾਰ ਤਾਰ ਹੋ ਜਾਂਦੀ ਹੈ। ਫਿਲਮ ਵਿਚ ਅਜਿਹਾ ਇਕ ਵਾਰ ਨਹੀਂ, ਅਨੇਕ ਵਾਰ ਵਾਪਰਦਾ ਹੈ। ਆਖਰਕਾਰ ਸਾਂਝ ਦਾ ਇਹ ਸੁਨੇਹਾ ਲੋਕ ਸ਼ਕਤੀ ਵਿਚ ਵਟ ਜਾਂਦਾ ਹੈ। ਜਿਸ ਤਰ੍ਹਾਂ ਸੱਚੇ ਪਿਆਰ ਅੱਗੇ ਮਜ਼ਹਬਾਂ ਦੀ ਨਫਰਤ ਪਿਛਾਂਹ ਰਹਿ ਜਾਂਦੀ ਹੈ, ਐਨ ਉਸੇ ਤਰ੍ਹਾਂ ਲੋਕ ਸ਼ਕਤੀ ਅੱਗੇ ਰਾਜਤੰਤਰ ਦੀਆਂ ਲੋਹੇ ਦੀਆਂ ਕੰਧਾਂ ਵੀ ਪਿਘਲ ਜਾਂਦੀਆਂ ਹਨ। ਸੱਚੇ ਸੁਨੇਹੇ ਅਤੇ ਲੋਕ ਸ਼ਕਤੀ ਦੀ ਇਹ ਇਹ ਜਿੱਤ ਅਸਲ ਵਿਚ ਮਨੁੱਖੀ ਸਰੋਕਾਰਾਂ ਦੀ ਜਿੱਤ ਹੈ। ਇਸ ਫਿਲਮ ਨੂੰ ਪਾਕਿਸਤਾਨ ਵਿਚ ਮਿਲੇ ਹੁੰਗਾਰੇ ਤੋਂ ਸਭ ਹਲਕੇ ਹੈਰਾਨ ਹਨ। ਅਸਲ ਵਿਚ ਪਾਕਿਸਤਾਨੀ ਬਾਸ਼ਿੰਦਿਆਂ ਦਾ ਕਹਿਣਾ ਹੈ ਕਿ ਬਹੁਤ ਚਿਰਾਂ ਬਾਅਦ ਭਾਰਤ ਵੱਲੋਂ ਅਜਿਹੀ ਫਿਲਮ ਆਈ ਹੈ ਜਿਸ ਨੂੰ ਇਕ ਲਿਹਾਜ ਨਾਲ ਪਾਕਿਸਤਾਨ-ਪੱਖੀ ਫਿਲਮ ਕਿਹਾ ਜਾ ਸਕਦਾ ਹੈ। ਇਸੇ ਕਰ ਕੇ ਲੋਕਲ ਫਿਲਮਾਂ ਨਾਲ ਮੁਕਾਬਲੇ ਦੇ ਬਾਵਜੂਦ ਇਹ ਫਿਲਮ ਪਾਕਿਸਤਾਨ ਵਿਚ ਵੀ ਚੋਖੀ ਕਮਾਈ ਕਰ ਰਹੀ ਹੈ। ਇਸ ਫਿਲਮ ਦੀਆਂ ਲੋਕੇਸ਼ਨਾਂ, ਗੀਤਾਂ ਅਤੇ ਸੰਗੀਤ ਦੀ ਵੀ ਖੂਬ ਤਾਰੀਫ ਹੋਈ ਹੈ। ਸਲਮਾਨ ਖਾਨ ਦੀ ਤਾਰੀਫ ਇਸ ਕਰ ਕੇ ਹੋਈ ਹੈ ਕਿਉਂਕਿ ਉਸ ਨੇ ਆਪਣੀਆਂ ਪਹਿਲੀਆਂ ਫਿਲਮਾਂ ਨਾਲੋਂ ਹਟ ਕੇ ਇਹ ਫਿਲਮ ਬਣਾਈ ਹੈ। ਯਾਦ ਰਹੇ ਕਿ ਪਿਛਲੇ ਕੁਝ ਸਮੇਂ ਤੋਂ ਸਲਮਾਨ ਖਾਨ ਭਾਰਤੀ ਮੀਡੀਆ ਅਤੇ ਸੰਜੀਦਾ ਸ਼ਖਸਾਂ ਦੀ ਮਾਰ ਹੇਠ ਹੈ। ਸੜਕ ਹਾਦਸੇ ਵਾਲੇ ਕੇਸ ਕਰ ਕੇ ਉਸ ਦੀ ਨੁਕਤਾਚੀਨੀ ਵੀ ਖੂਬ ਹੁੰਦੀ ਰਹੀ ਹੈ ਕਿਉਂਕਿ ਇਸ ਹਾਦਸੇ ਤੋਂ ਬਆਦ ਸੱਚਮੁੱਚ ਉਸ ਦਾ ਰੋਲ ਖਲਨਾਇਕਾਂ ਵਾਲਾ ਰਿਹਾ ਹੈ, ਪਰ ਇਸ ਫਿਲਮ ਨਾਲ ਲੋਕ ਇਕ ਵਾਰ ਫਿਰ ਉਸ ਲਈ ਦੁਆਵਾਂ ਕਰ ਰਹੇ ਹਨ।


ਹਰਸ਼ਾਲੀ ਮਲਹੋਤਰਾ


ਕਰੀਨਾ ਕਪੂਰ


ਨਵਾਜ਼-ਉਦ-ਦੀਨ ਸਿੱਦੀਕੀ

# ਆਦਰਸ਼ ਤੇ ਅਸਲੀਅਤ

## ਬੀ.ਆਰ. ਚੋਪੜਾ ਤੇ ਮਹਿਬੂਬ ਖਾਨ ਦੀਆਂ ਫਿਲਮਾਂ

ਆਵਾਜ਼ ਦੇ ਕਹਾਂ ਹੈ... -11-



ਕੁਲਦੀਪ ਕੌਰ
ਫੋਨ: +91-98554-04330

ਬੀ.ਆਰ. ਚੋਪੜਾ ਦੀਆਂ ਫਿਲਮਾਂ ਵਿਚੋਂ 'ਗੁਮਰਾਹ', 'ਹਮਰਾਜ਼' ਤੇ 'ਧੁੰਦ' ਦਾ ਜ਼ਿਕਰ ਜ਼ਰੂਰੀ ਹੈ। 'ਗੁਮਰਾਹ' ਫਿਲਮ ਦੀ ਪਟਕਥਾ ਹੋਵੇ ਜਾਂ 'ਹਮਰਾਜ਼' ਫਿਲਮ ਦਾ ਪਲਾਟ, ਬੀ.ਆਰ. ਚੋਪੜਾ ਦੀਆਂ ਫਿਲਮਾਂ ਵਿਚ ਉਚ-ਵਰਗ ਦੀਆਂ ਪ੍ਰੇਮ ਕਹਾਣੀਆਂ ਨੂੰ ਰਹੱਸ ਅਤੇ ਦੁਵਿਧਾ ਦੀ ਚਾਸ਼ਣੀ ਵਿਚ ਲਪੇਟ ਕੇ ਪੇਸ਼ ਕੀਤਾ ਜਾਂਦਾ ਰਿਹਾ। ਇਨ੍ਹਾਂ ਵਿਚੋਂ ਜ਼ਿਆਦਾਤਰ, ਹਾਲਾਤ ਦੀ ਕਸ਼ਮਕਸ਼ ਵਿਚ ਫ਼ਸੇ ਨੌਜਵਾਨ ਮੁੰਡੇ-ਕੁੜੀਆਂ ਦੀ ਭਾਵੁਕਤਾ ਅਤੇ ਬੇਵਸੀ ਦੀਆਂ ਕਹਾਣੀਆਂ ਸਨ। ਕਹਾਣੀ ਵਿਚ ਕਿਰਦਾਰਾਂ ਦਾ ਜਿਉਣ-ਢੰਗ ਆਦਰਸ਼ਵਾਦੀ ਹੁੰਦਾ ਸੀ ਤੇ ਆਮ ਤੌਰ 'ਤੇ ਫ਼ਰਜ਼, ਕੁਰਬਾਨੀ, ਆਪਸੀ ਪ੍ਰੇਮ ਨੂੰ ਲੋੜੋਂ ਵੱਧ ਮਹੱਤਤਾ ਦਿੱਤੀ ਜਾਂਦੀ ਸੀ। 'ਹਮਰਾਜ਼' ਜਿਸ ਨੂੰ ਬੀ.ਆਰ. ਚੋਪੜਾ ਦੀ ਸ਼ਾਹਕਾਰ ਫਿਲਮ ਮੰਨਿਆ ਜਾਂਦਾ ਹੈ, ਵਿਚ ਇਨ੍ਹਾਂ ਤੱਤਾਂ ਨੂੰ ਵਾਚਿਆ ਜਾ ਸਕਦਾ ਹੈ। ਫਿਲਮ ਦਾ ਸਭ ਤੋਂ ਖ਼ੂਬਸੂਰਤ ਪੱਖ ਇਸ ਦੇ ਗੀਤ ਸਨ ਜਿਨ੍ਹਾਂ ਨੂੰ ਸਾਹਿਰ ਲੁਧਿਆਣਵੀ ਨੇ ਲਿਖਿਆ ਤੇ ਮਹਿੰਦਰ ਕਪੂਰ ਨੇ ਗਾਇਆ ਸੀ। ਫਿਲਮ ਦੇ ਗੀਤ 'ਨੀਲੇ ਗਗਨ ਕੇ ਤਲੇ, ਧਰਤੀ ਦਾ ਪਿਆਰ ਪਲੇ', 'ਨਾ ਮੂੰਹ ਛੁਪਾ ਕੇ ਜੀਉ, ਔਰ ਨਾ ਸਿਰ ਝੁਕਾ ਕੇ ਜੀਉ' ਅਤੇ 'ਤੁਮ ਅਗਰ ਸਾਥ ਦੇਨੇ ਕਾ ਵਾਅਦਾ ਕਰੋ' ਆਦਿ ਨੌਜਵਾਨ ਦਿਲਾਂ ਦੀ ਧੜਕਣ ਬਣ ਗਏ।

ਵੀ. ਸ਼ਾਤਾਰਾਮ, ਗੁਰੂ ਦੱਤ, ਬਿਮਲ ਰਾਏ, ਬੀ.ਆਰ. ਚੋਪੜਾ ਤੋਂ ਬਿਨਾਂ ਅਜਿਹੇ ਨਿਰਦੇਸ਼ਕ ਦਾ ਜ਼ਿਕਰ ਸਿਨੇਮਾ ਵਿਚ ਬਹੁਤ ਮਾਣ ਨਾਲ ਕੀਤਾ ਜਾਂਦਾ ਹੈ ਜਿਨ੍ਹਾਂ ਦੀਆਂ ਬਣਾਈਆਂ ਫਿਲਮਾਂ ਨੇ ਵੱਖਰੀ ਕਿਸਮ ਦਾ ਤਲਿੱਸਮ ਅਤੇ ਆਦਰਸ਼ਵਾਦ ਪਰਦੇ 'ਤੇ ਸਾਕਾਰ ਕੀਤਾ। ਇਹ ਨਾਂ ਹੈ ਮਹਿਬੂਬ ਖਾਨ। ਮਹਿਬੂਬ ਖਾਨ ਦੁਆਰਾ 1940 ਵਿਚ ਬਣਾਈ ਫਿਲਮ 'ਔਰਤ' ਕਈ ਪੱਖਾਂ ਤੋਂ ਜ਼ਿਕਰਯੋਗ ਹੈ। ਸ਼ਾਇਦ ਇਹ ਭਾਰਤੀ ਔਰਤ ਨੂੰ ਸਿਨੇਮਾ ਵੱਲੋਂ ਭੇਟ ਕੀਤਾ ਭਾਵੁਕ ਸਤਿਕਾਰ ਸੀ। ਇਸੇ ਫਿਲਮ ਨੂੰ ਮਹਿਬੂਬ ਖਾਨ ਨੇ ਜਦੋਂ 'ਮਦਰ ਇੰਡੀਆ' ਦੇ ਨਾਮ ਨਾਲ ਦੁਬਾਰਾ ਬਣਾਇਆ ਤਾਂ ਫਿਲਮ ਦੇ 'ਮਾਂ' ਦੇ ਕਿਰਦਾਰ ਨੇ ਸਿਨੇਮਾ ਵਿਚ ਔਰਤ ਨੂੰ ਨਵੇਂ ਸਿਰਿਉਂ ਪਰਿਭਾਸ਼ਿਤ ਕਰ ਦਿੱਤਾ। ਫਿਲਮ ਵਿਚ ਨਰਗਿਸ ਦੁਬਾਰਾ ਨਿਭਾਇਆ 'ਮਾਂ' ਦਾ ਕਿਰਦਾਰ ਨੈਤਿਕ ਸੁੱਚਤਾ ਅਤੇ ਆਦਰਸ਼ਵਾਦੀ ਔਰਤ ਲਈ ਅਜਿਹਾ ਪੈਮਾਨਾ ਬਣ ਗਿਆ ਜਿਸ ਨੇ ਮਾਂ ਤੇ ਰਾਸ਼ਟਰ, ਮਾਂ ਤੇ ਆਦਰਸ਼, ਮਾਂ ਤੇ ਕੁਰਬਾਨੀ ਵਰਗੀਆਂ ਧਾਰਨਾਵਾਂ ਨੂੰ ਇੱਕਮਿੱਕ ਕਰ ਦਿੱਤਾ। ਇਹ ਫਿਲਮ ਇਸ ਲਈ ਵੀ ਮਹੱਤਵਪੂਰਨ ਹੈ ਕਿ ਫਿਲਮ ਵਿਚ ਪਹਿਲੀ ਵਾਰ ਮਾਂ-ਪੁੱਤ ਦੇ ਰਿਸ਼ਤੇ ਵਿਚਲੇ 'ਉਡੀਪਸ ਕੈਂਪਲੈਕਸ' ਵੱਲ ਇਸ਼ਾਰਾ ਕੀਤਾ ਗਿਆ। ਦਿਲਚਸਪ ਤੱਥ ਇਹ ਹੈ ਕਿ ਇਸ ਫਿਲਮ ਦੇ ਕਿਰਦਾਰ ਰਾਹੀਂ ਰਾਮਾਇਣ ਵਾਲੀ ਸੀਤਾ, ਰਾਧਾ-ਕ੍ਰਿਸ਼ਨ ਪ੍ਰੇਮ ਕਥਾ ਵਾਲੀ ਰਾਧਾ, ਸਵਿੱਤਰੀ, ਦਰੋਪਤੀ, ਧਰਤੀ ਮਾਤਾ, ਲਕਸ਼ਮੀ ਅਤੇ ਭਾਰਤ ਮਾਤਾ ਦੇ ਅਲੱਗ ਅਲੱਗ ਰੰਗ ਲੱਭੇ ਜਾ ਸਕਦੇ ਹਨ। ਕਈ ਫਿਲਮ ਆਲੋਚਕ ਇਸ ਫਿਲਮ ਨੂੰ ਇਸ ਪੱਖੋਂ ਵੀ ਮਹੱਤਵਪੂਰਨ ਮੰਨਦੇ ਹਨ ਕਿ ਫਿਲਮ ਵਿਚ ਰਾਧਾ ਦਾ ਕਿਰਦਾਰ ਜਿਵੇਂ ਦੱਬੀ-ਕੁਚਲੀ ਪਤਨੀ ਤੋਂ ਆਜ਼ਾਦ ਖ਼ਿਆਲ ਮਾਂ ਵਿਚ ਢਲਦਾ ਹੈ, ਇਸ ਨੇ ਕੁਝ ਹੱਦ ਤੱਕ ਭਾਰਤੀ ਸਿਨੇਮਾ ਵਿਚ ਔਰਤ ਦੇ ਕਿਰਦਾਰ ਨਾਲ ਜੁੜੀਆਂ ਧਾਰਨਾਵਾਂ ਨੂੰ ਤੋੜਨ ਵਿਚ ਹਿੱਸਾ ਪਾਇਆ ਹੈ।

ਮਹਿਬੂਬ ਖ਼ਾਨ ਅਤੇ ਬਿਮਲ ਰਾਏ ਦੀਆਂ ਫਿਲਮਾਂ ਨੂੰ ਸਮਾਜਕ-ਯਥਾਰਥਕ ਸਿਨੇਮਾ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਦੂਜੇ ਪਾਸੇ ਗੁਰੂ ਦੱਤ ਅਤੇ ਵੀ. ਸ਼ਾਂਤਾਰਾਮ ਦਾ ਸਿਨੇਮਾ ਭਾਵਨਾ, ਤਰਕ ਅਤੇ ਯਥਾਰਥਵਾਦੀ ਆਦਰਸ਼ਾਂ ਦੇ ਗੁਣਗਾਣ ਦਾ ਵਾਲਾ ਹੈ। ਇਨ੍ਹਾਂ ਨਿਰਦੇਸ਼ਕਾਂ ਦੀਆਂ ਫਿਲਮਾਂ ਦੇ ਵਿਸ਼ੇ-ਵਸਤੂ, ਸੰਗੀਤ ਅਤੇ ਫਿਲਮਾਂਕਣ ਦਾ ਢੰਗ ਇਨ੍ਹਾਂ ਨੂੰ ਇੱਕ ਦੂਜੇ ਨਾਲੋਂ ਵੱਖਰਾ ਕਰਦਾ ਹੈ। ਇਹ ਸਾਰੇ ਫਿਲਮਸਾਜ਼ ਬਿਹਤਰ ਸਮਾਜ ਸਿਰਜਣ ਦਾ ਸੁਪਨਾ ਦੇਖਦੇ ਹਨ, ਬੇਵਸੀ ਤੇ ਬੇਕਸੀ ਤੋਂ ਹਤਾਸ਼ ਕਿਰਦਾਰਾਂ ਨੂੰ ਚੰਗਿਆਈ ਵੱਲ ਜਾਂਦਿਆਂ ਦਿਖਾਉਂਦੇ ਹਨ। ਇਨ੍ਹਾਂ ਤੋਂ ਥੋੜ੍ਹੀ ਵਿੱਥ 'ਤੇ ਖੜ੍ਹ ਕੇ ਰਾਜ ਕਪੂਰ ਤੇ ਏ.ਕੇ. ਅੱਬਾਸ 'ਜਾਗਤੇ ਰਹੋ' ਦਾ ਹੋਕਾ ਦਿੰਦੇ ਹਨ। ਇਨ੍ਹਾਂ ਦਾ ਸਿਨੇਮਾ ਰੁਮਾਂਟਿਕ ਲੀਹਾਂ ਦੇ ਸਫੇ ਅੱਗੇ ਪਲਟਦਿਆਂ ਸਮਾਜਕ ਮੁੱਦਿਆਂ ਦੀਆਂ ਇਧਰ-ਉਧਰ ਬਿਖਰੀਆਂ ਤੰਦਾਂ ਨੂੰ ਸਮੇਟਦਾ ਹੈ।

(ਚਲਦਾ)


ਮਹਿਬੂਬ ਖਾਨ


ਬੀ.ਆਰ. ਚੋਪੜਾ



'ਮਦਰ ਇੰਡੀਆ' ਦਾ ਪੋਸਟਰ।



'ਹਮਰਾਜ਼' ਦਾ ਪੋਸਟਰ।


"Healthy Body & Healthy Mind"
Sikh Sports Association of USA proud to announce
9th Annual Games
Grand Sponsors
Harbans Ahluwalia
Inder Dosanjh
Jag Kapoor
Raj Bhanot
Rajinderpal Dhillon
Charnjeet Bath
Ravinder Singh
Alok Bhatia
Dr.Jasvir Gill
Jasbir Thandi
SIKH SPORTS ASSOCIATION OF U.S.A.
July 25-26, 2015 • Saturday & Sunday
James Logan High School, Union City
(1800 H St, Union City, CA 94587)
• FREE ENTRANCE • FREE PARKING
Diamond Sponsors
Billy Bath
Dr.Charanjeet Uppal
Amolak Gakhal
Harry Sidhu
Sardool Samra
Joe Johal
Darshan Mundy
Daljeet Sagoo
Navdeep Grewal
Dalwinder Dhoot
Narinder Sahota
Sukhjit Nahal
Paul Sihota
Harmit Toor
Bhagwant Mangat
Raj Mangat
Bhagdeep Dhaliwal
Dr. J.S.Natt
Jaswinder Gill
Manraj Natt
Platinum Sponsors
Avtar Gill,
Nijar Bros,
Jaswant Sra
Balwinder Brar,
Lakhwinder Brar
Dr Hardev Mangat
Att. Jaspreet Singh
Pritam Grewal
Sam Chatha
Captain Aulakh
Gary Singh
Davinder Chana
Avtar Dhami
Gursharan Sekhon
Avtar Tari
Kashmir Dhugga
Iqbal Hundal
Surjit Hothi
Lakhbir Singh
Amarjit Sidhu
Sudesh Atwal
Sukhdev Bainiwal
Harjinder Johal
Dr.SS Gill
Manjit Sandhu
Inderjit Thind
Darshan Kahlon
Mehnga Singh
Darshan Aujla
Bikramjit Kahlon
Jang Badesha
Kirpal Khanna
Iqbal Gakhal
Shamsher Baraich
Kashmir Shai
Raj Chahal
Jagmohan Kailey
Avtar Heerey
Amritpal Tiwana
Late Swinder S.Kahlon
Hardeep Aulakh
Jagraj Sahota
Basketball
Rana Kahlon
510.378.8560
Kabaddi
Kulwant Nijjar
510.299.0224
Kabaddi
Gurdawar Mann
510.468.9381
Track N Field
Puran Singh
510.731.8531
Flag Football
Raaj Raman
209.679.8326
Tennis
Gurdarshan Chakkal
408.750.7191
Field Hockey
Bhupinder Parmar
510.305.8351
Soccer
Davinder Singh
510.552.1572
Volleyball
Kuldeep Sidhu
925.890.4750
Register your team at www.sikhsports.com | Catering : Moonlight Indian Cuisine , Hayward
Sikh Sports Association is 501 3(c) non profit Organization | General Information 1.866.499.0032

# ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀਆਂ 30 ਅਗਸਤ ਨੂੰ ਹੋ ਰਹੀਆਂ ਚੋਣਾਂ ਲਈ ਮੌਜੂਦਾ ਪ੍ਰਬੰਧਕ ਕਮੇਟੀ ਦੇ ਉਮੀਦਵਾਰ



*ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਖੂਬਸੂਰਤ ਇਮਾਰਤ*


ਹਰਦੇਵ ਸਿੰਘ ਤੱਖਰ


ਭੁਪਿੰਦਰ (ਬਾਬ) ਸਿੰਘ ਢਿੱਲੋਂ


ਪ੍ਰੀਤਮ ਸਿੰਘ ਗਰੇਵਾਲ


ਸੁਖਦੇਵ ਸਿੰਘ ਬੈਣੀਵਾਲ


ਰਾਜਿੰਦਰ ਸਿੰਘ ਮੰਗਰ


ਡਾ. ਗੁਰਿੰਦਰਪਾਲ ਸਿੰਘ


ਸੁਰਜੀਤ ਸਿੰਘ ਬੈਂਸ


ਸਰਬਜੋਤ ਸਿੰਘ ਸਵੱਦੀ


ਕਿਰਪਾਲ ਸਿੰਘ ਅਟਵਾਲ


ਭਾਈ ਧਰਮ ਸਿੰਘ


ਬਲਬੀਰ ਸਿੰਘ ਜੌਹਲ


ਗੁਰਬਖਸ਼ ਸਿੰਘ ਢਿੱਲੋਂ


ਨਰਿੰਦਰਪਾਲ ਸਿੰਘ


ਸੋਹਣ ਸਿੰਘ ਧਨੋਤਾ


ਨੀਟੂ ਸਿੰਘ ਕਾਹਲੋਂ


ਨਰਿੰਦਰ ਕੌਰ ਮਹੇੜੂ


ਪ੍ਰਿਤਪਾਲ ਕੌਰ


ਡਾ. ਬਲਬੀਰ ਸਿੰਘ ਬੈਂਸ


ਬਲਜੀਤ ਕੌਰ ਹੰਸਰਾ


ਗੁਰਪ੍ਰੀਤ ਸਿੰਘ ਸੇਠੀ


ਬਹਾਦਰ ਸਿੰਘ ਦਿਉਲ